# ਸਪਲਾਈ ਕੋਡ

2014
(1.1.2015 ਤੋਂ ਲਾਗੂ)

## ਬਿਜਲੀ ਸਪਲਾਈ ਕੋਡ ਅਤੇ ਸਬੰਧਤ ਮਾਮਲੇ ਵਿਨਿਯਮ 2007

(ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ ਦੁਆਰਾ ਅਧਿਸੂਚਨਾ ਨੰ: ਪੰ. ਰਾ. ਬਿ. ਰੈ. ਕ./ ਸਕੱਤਰ / ਰੈਗੂ. 97 ਮਿਤੀ 5 ਨਵੰਬਰ, 2014 ਰਾਹੀਂ ਅਧਿਸੂਚਿਤ ਕੀਤੇ ਗਏ ਅਤੇ ਪੰਜਾਬ ਸਰਕਾਰ ਗਜ਼ਟ (ਵਾਧੂ) ਮਿਤੀ 5 ਨਵੰਬਰ, 2014 ਵਿੱਚ ਪ੍ਰਕਾਸ਼ਿਤ ਕੀਤੇ ਗਏ ਅਨੁਸਾਰ)

**ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ,**
**ਹੈੱਡ ਆਫਿਸ, ਪਟਿਆਲਾ**

(ਅਨੁਵਾਦਕ : ਸ਼ਰਨ ਪਾਲ ਕੌਰ)

ਨੋਟ:- ਜੇਕਰ ਸਪਲਾਈ ਕੋਡ–2014 ਦੇ ਅੰਗਰੇਜੀ ਅਤੇ ਪੰਜਾਬੀ ਅਨੁਵਾਦ ਵਿਚ ਕਿਸੇ ਤਰ੍ਹਾਂ ਦੀ ਵਿਆਖਿਆਂ (**interpretation)** ਵਿਚ ਅਸਮਾਨਤਾ ਪਾਈ ਜਾਂਦੀ ਹੈ ਤਾਂ ਮਾਨਯੋਗ ਪੀ.ਐਸ.ਈ.ਆਰ.ਸੀ. ਵੱਲੋਂ ਜਾਰੀ ਸਪਲਾਈ ਕੋਡ–2014 ਦੇ ਅੰਗਰੇਜੀ ਅਨੁਵਾਦ ਨੂੰ ਪਹਿਲਤਾ ਦਿੱਤੀ ਜਾਵੇ।

# ਵਿਸ਼ਾ ਸੂਚੀ
# ਸਪਲਾਈ ਕੋਡ


| ਵਿਨਿ. ਨੰ: | ਸਿਰਲੇਖ | ਪੰਨਾ ਨੰ: |
|---|---|---|
| | **ਅਧਿਆਇ – 1** | |
| 1 | ਆਰੰਭਕ | 1 |
| 2 | ਪਰਿਭਾਸ਼ਾਵਾਂ | 1 |
| 3 | ਪੜਚੋਲ ਪੈਨਲ ਅਤੇ ਸਪਲਾਈ ਕੋਡ ਵਿੱਚ ਸੋਧ | 7 |
| | **ਅਧਿਆਇ II**<br>ਸਪਲਾਈ ਦਾ ਸਿਸਟਸ, ਖਪਤਕਾਰਾਂ ਦਾ ਵਰਗੀਕਰਣ ਅਤੇ ਕੁਨੈਕਟਿਡ ਲੋਡ | |
| 4 | ਸਪਲਾਈ ਦਾ ਸਿਸਟਸ ਅਤੇ ਸਪਲਾਈ ਵੋਲਟੇਜ਼ | 10 |
| | **ਅਧਿਆਇ – III**<br>ਬਿਜਲੀ ਸਪਲਾਈ ਨਾਲ ਸਬੰਧਤ ਮਾਮਲੇ | |
| 5 | ਬੇਨਤੀ ਉਤੇ ਸਪਲਾਈ ਕਰਨ ਲਈ ਵੰਡ ਲਾਇਸੈਂਸੀ ਦੇ ਕਰਤਵ | 17 |
| 6 | ਨਵਾਂ ਕੁਨੈਕਸ਼ਨ/ ਅਤਿਰਿਕਤ ਲੋਡ/ ਮੰਗ ਦੇ ਜਾਰੀ ਕਰਨ ਲਈ ਕਾਰਜਵਿਧੀ | 17 |
| 7 | ਸਪਲਾਈ ਦੇ ਪੁਆਇੰਟ / ਵੰਡ ਲਾਇਸੈਂਸੀ ਦੇ ਮੇਨ ਅਤੇ ਯੰਤਰ | 34 |
| 8 | ਨਵੇਂ ਕੁਨੈਕਸ਼ਨ/ ਅਤਿਰਿਕਤ ਲੋਡ/ ਮੰਗ ਦੇ ਜਾਰੀ ਕਰਨ ਲਈ ਸਮਾਂ ਸੀਮਾਂ | 35 |
| | **ਅਧਿਆਇ – IV**<br>ਬਿਜਲੀ ਦੀ ਸਪਲਾਈ ਲਈ ਖਰਚੇ ਦੀ ਵਸੂਲੀ ਅਤੇ ਹੋਰ ਦੂਜੇ ਫੁਟਕਲ ਖਰਚੇ | |
| 9 | ਖਰਚੇ/ ਸਰਵਿਸ ਕੁਨੈਕਸ਼ਨ ਖਰਚੇ (ਚਾਰਜਿਜ਼) ਵਸੂਲ ਕਰਨ ਲਈ ਅਖਤਿਆਰ | 43 |
| 10 | ਮਿਆਰੀ (ਸਟੈਂਡਰਡ) ਲਾਗਤ ਡੈਟਾ | 54 |
| 11 | ਕੁਨੈਕਸ਼ਨ ਦੀ ਮਾਲਕੀ ਦੀ ਬਦਲੀ ਅਤੇ ਹੋਰ ਦੂਜੀਆਂ ਸੇਵਾਵਾਂ ਦਾ ਉਪਬੰਧ | 55 |
| 12 | ਅਣਅਧਿਕਾਰਿਤ ਲੋਡ ਲਈ ਲੋਡ ਸਰਚਾਰਜ | 58 |
| 13 | ਸਿਕਿਉਰਟੀ ਮੰਗਣ ਲਈ ਸ਼ਕਤੀ | 59 |
| 14 | ਸਿਕਿਉਰਟੀ (ਖਪਤ) | 59 |
| 15 | ਸਿਕਿਉਰਟੀ (ਮੀਟਰ) | 60 |
| 16 | ਸਿਕਿਉਰਟੀ (ਖਪਤ) ਦੀ ਪੜਚੋਲ ਅਤੇ ਅਤਿਰਿਕਤ ਸਿਕਿਉਰਟੀ (ਖਪਤ) ਦੀ ਅਦਾਇਗੀ | 60 |
| 17 | ਸਿਕਿਉਰਟੀ (ਖਪਤ) ਦੀ ਪੜਚੋਲ ਅਤੇ ਅਤਿਰਿਕਤ ਸਿਕਿਉਰਟੀ (ਖਪਤ) ਦੀ ਅਦਾਇਗੀ | 62 |
| 18 | ਸਿਕਿਉਰਟੀ (ਖਪਤ) ਦੀ ਵਾਪਸੀ | 62 |
| 19 | ਸਰਵਿਸ ਕੁਨੈਕਸ਼ਨ ਚਾਰਜਿਜ਼/ ਸਿਕਿਉਰਟੀ (ਕਾਰਜ) ਨੂੰ ਵਾਪਸ ਕਰਨਾ | 63 |
| 20 | ਸਿਕਿਉਰਟੀ (ਮੀਟਰ) ਦੀ ਵਾਪਸੀ | 64 |
| | **ਅਧਿਆਇ – V**<br>ਮੀਟਰਾਂ ਦੀ ਸਪਲਾਈ, ਸੰਸਥਾਪਣ, ਟੈੱਸਟਿੰਗ ਅਤੇ ਪ੍ਰਤਿਸਥਾਪਨ – ਲੇਖਿਆਂ ਦੀ ਓਵਰਹਾਲਿੰਗ | |
| 21 | ਮੀਟਰਾਂ ਦੀ ਵਰਤੋਂ, ਆਦਿ | 65 |
| | **ਅਧਿਆਇ – VI**<br>ਕਾਰਜਕੁਸ਼ਲਤਾ ਦੇ ਮਿਆਰ | |
| 22 | ਆਮ (ਜਨਰਲ) | 72 |
| 23 | ਸੁਰੱਖਿਆ | 72 |
| 24 | ਹਾਰਮੋਨਿਕ (Harmonics) | 73 |
| 25 | ਸ਼ਿਕਾਇਤ ਨਿਵਾਰਨਾ (Complaint Handling) | 74 |
| 26 | ਮੁਆਵਜ਼ੇ ਦੀ ਅਦਾਇਗੀ | 76 |
| 27 | ਕਾਰਜਕੁਸ਼ਲਤਾ ਦੇ ਮਿਆਰਾਂ ਉਤੇ ਜਾਣਕਾਰੀ | 77 |
| 28 | ਛੋਟਾਂ (Exceptions) | 77 |
| | **ਅਧਿਆਇ – VII**<br>ਮੀਟਰ ਰੀਡਿੰਗ, ਬਿਲ ਬਣਾਉਣੇ, ਬਿਲਾਂ ਦੀ ਅਦਾਇਗੀ ਅਤੇ ਝਗੜੇ ਵਾਲੇ ਬਿਲਾਂ ਦਾ ਨਿਪਟਾਰਾ | |
| 29 | ਖਪਤਕਾਰਾਂ ਤੋਂ ਬਿਜਲੀ ਚਾਰਜਿਜ਼ ਦੀ ਵਸੂਲੀ | 79 |
| 30 | ਬਿਜਲੀ ਦੇ ਬਿਲ | 79 |

| | | |
|---|---|---|
| 31 | ਬਿਜਲੀ ਦੇ ਬਿਲਾਂ ਦੀ ਅਦਾਇਗੀ | 83 |
| 32 | ਸਪਲਾਈ ਦਾ ਕਟਿਆ ਜਾਣਾ | 85 |
| 33 | ਇਕਰਾਰਨਾਮੇ ਦੀ ਸਮਾਪਤੀ | 86 |
| 34 | ਬਿਜਲੀ ਦੀ ਸਪਲਾਈ ਦੀ ਬਹਾਲੀ | 86 |
| 35 | ਵਾਦ-ਵਿਵਾਦ ਵਾਲੇ ਬਿਜਲੀ ਦੇ ਬਿਲ | 88 |
| | **ਅਧਿਆਇ – VIII**<br>ਬਿਜਲੀ ਦੀ ਅਣਅਧਿਕਾਰਿਤ ਵਰਤੋਂ ਅਤੇ ਬਿਜਲੀ ਦੀ ਚੋਰੀ | |
| 36 | ਬਿਜਲੀ ਦੀ ਅਣਅਧਿਕਾਰਿਤ ਵਰਤੋਂ | 90 |
| 37 | ਬਿਜਲੀ ਦੀ ਚੋਰੀ | 93 |
| 38 | ਬਿਜਲਈ ਪਲਾਂਟ ਅਤੇ ਲਾਈਨਾਂ ਨੂੰ ਨੁਕਸਾਨ | 98 |
| 39 | ਕਿਸੇ ਅਹਾਤੇ ਵਿੱਚ ਪ੍ਰਵੇਸ਼ ਕਰਨ ਲਈ ਲਾਇੰਸੈਂਸੀ ਦੇ ਅਖਤਿਆਰ | 99 |
| 40 | ਬਿਜਲੀ ਦਾ ਵਿਚਲਣ (diversion), ਬਿਜਲੀ ਦੀ ਚੋਰੀ ਜਾਂ ਅਣਅਧਿਕਾਰਿਤ ਵਰਤੋਂ ਜਾਂ ਬਿਜਲਈ ਪਲਾਂਟ, ਬਿਜਲੀ ਦੀਆਂ ਲਾਈਨਾਂ ਜਾਂ ਮੀਟਰ ਦੀ ਬਦਹਾਲੀ (distress) ਜਾਂ ਨੁਕਸਾਨ ਪਹੁੰਚਾਉਣ ਤੋਂ ਰੋਕਣ ਲਈ ਉਪਾਅ | 100 |
| 41 | ਊਰਜਾ ਪ੍ਰਤਿਪਾਲਣ | 101 |
| | **ਅਧਿਆਇ – IX**<br>ਫੁਟਕਲ | |
| 42 | ਨੋਟਿਸ ਦੇਣਾ | 102 |
| 43 | ਸਟੇਟ ਟ੍ਰਾਂਸਮੀਸ਼ਨ ਯੂਟੀਲਿਟੀ/ ਸੰਚਾਰਨ ਲਾਇਸੈਂਸੀ (ਆਂ) ਦੀ ਜਿੰਮੇਵਾਰੀ | 102 |
| 44 | ਵਿਆਖਿਆ | 102 |
| 45 | ਆਦੇਸ਼ਾਂ ਦਾ ਜਾਰੀਕਰਨ ਅਤੇ ਹਦਾਇਤਾਂ ਦਾ ਅਮਲ | 103 |
| 46 | ਮੁਸ਼ਕਲਾਂ ਨੂੰ ਦੂਰ ਕਰਨ ਲਈ ਅਖਤਿਆਰ | 103 |
| 47 | ਸੋਧਣ ਦੇ ਅਖਤਿਆਰ | 103 |
| 48 | ਮਨਸੂਖੀ ਅਤੇ ਬਚਾਓ | 103 |

| | ਅਨੁਲਗ | |
|---|---|---|
| **ਅਨੁਲਗ –1** | ਕਾਰਜਕੁਸ਼ਲਤਾ ਦੇ ਨਿਊਨਤਮ ਮਿਆਰ | 105 |
| **ਅਨੁਲਗ –2** | ਕਾਰਜਕੁਸ਼ਲਤਾ ਦੇ ਸਮੁੱਚੇ ਮਿਆਰ | 109 |
| **ਅਨੁਲਗ –3 ੳ** | ਸਪਲਾਈ ਦੀ ਬਹਾਲੀ ਸਬੰਧੀ ਸ਼ਿਕਾਇਤ ਕੇਂਦਰਾਂ ’ਤੇ ਸਿਕਾਇਤਾਂ ਨੂੰ ਰਜਿਸਟਰ ਕਰਨ ਲਈ ਫਾਰਮੇਟ | 111 |
| **ਅਨੁਲਗ –3 ਅ** | ਲਾਇਸੈਂਸੀ ਦੇ ਅਧਿਸੂਚਿਤ ਕੀਤੇ ਦਫਤਰਾਂ ’ਤੇ ਸ਼ਿਕਾਇਤਾਂ ਦੀ ਰਜਿਸਟ੍ਰੇਸ਼ਨ ਲਈ ਫਾਰਮੇਟ | 112 |
| **ਅਨੁਲਗ – 4** | ਵਰਗੀਕਰਣ ਵਾਰ ਸ਼ਿਕਾਇਤਾਂ ਦੇ ਸੰਕਲਨ ਲਈ ਰਜਿਸਟਰ | 113 |
| **ਅਨੁਲਗ – 5** | ਕਾਰਜਕੁਸ਼ਲਤਾ ਦੇ ਘੱਟੋ ਘੱਟ ਮਿਆਰਾਂ ਦੀ ਉਲੰਘਣਾ ਦੇ ਕੇਸ ਵਿੱਚ ਖਪਤਕਾਰਾਂ ਨੂੰ ਅਦਾਇਗੀਯੋਗ ਮੁਆਵਜ਼ਾ | 114 |
| **ਅਨੁਲਗ – 6 ੳ** | ਵੰਡ ਲਾਇਸੈਂਸੀ ਦੁਆਰਾ ਪ੍ਰਾਪਤ ਕੀਤੇ ਗਏ ਘੱਟ ਤੋਂ ਘੱਟ ਮਿਆਰਾਂ ਦੀ ਕਾਰਜਕੁਸ਼ਲਤਾ ਦੇ ਪੱਧਰਾਂ ਉਤੇ ਸਥਿਤੀ ਰਿਪੋਰਟ | 117 |
| **ਅਨੁਲਗ – 6 ਅ** | ਕਾਰਜਕੁਸ਼ਲਤਾ ਦੇ ਮਿਆਰਾਂ ਨੂੰ ਪੂਰਾ ਕਰਨ ਵਿੱਚ ਅਸਫਲ ਵੰਡ ਲਾਇਸੈਂਸੀ ਉਤੇ ਖਪਤਕਾਰਾਂ ਦੁਆਰਾ ਤਰਜੀਹ ਕੀਤੇ ਕਲੇਮਾਂ ਉਤੇ ਸਥਿਤੀ ਦੀ ਰਿਪੋਰਟ ਅਤੇ ਸਬੰਧਤ ਸੂਚਨਾ | 118 |
| **ਅਨੁਲਗ – 7** | ਬਿਲਾਂ ਵਿੱਚ ਸ਼ਾਮਲ ਕੀਤੇ ਜਾਣ ਵਾਲੇ ਵੇਰਵੇ | 119 |
| **ਅਨੁਲਗ – 8** | ਅਣਅਧਿਕਾਰਿਤ ਵਰਤੋਂ/ ਚੋਰੀ ਦੇ ਕੇਸ ਵਿੱਚ ਬਿਜਲੀ ਚਾਰਜਿਜ਼ ਦਾ ਨਿਰਧਾਰਨ | 121 |
| **ਅਨੁਲਗ – 9** | ਪੰਜਾਬ ਸਰਕਾਰ ਦੁਆਰਾ ਐਕਟ ਦੀ ਧਾਰਾ 126 ਅਤੇ 127 ਅਧੀਨ ਉਪਾਥਿਤ ਕੀਤੇ ਗਏ ਨਿਰਧਾਰਣ ਅਫਸਰ/ ਅਪੀਲੀ ਅਥਾਰਟੀ | 124 |
| **ਅਨੁਲਗ – 10** | ਅਪੀਲ ਦਾ ਫਾਰਮ | 125 |
| **ਅਨੁਲਗ – 11** | ਐਕਟ ਦੀ ਧਾਰਾ 135 ਅਤੇ 152 ਅਧੀਨ ਚੈੱਕਿੰਗ/ ਨਿਰੀਖਣ ਕਰਨ ਲਈ ਖਪਤਕਾਰ ਦੇ ਅਹਾਤੇ ਵਿੱਚ ਪ੍ਰਵੇਸ਼ ਕਰਨ ਲਈ, ਰਾਜ਼ੀਨਾਮਾ ਫੀਸ ਪ੍ਰਵਾਨ ਕਰਨ ਵਾਸਤੇ, ਕੁਨੈਕਸ਼ਨ ਕੱਟਣ ਦਾ ਆਦੇਸ਼ ਦੇਣ ਵਾਸਤੇ ਅਧਿਕਾਰਿਤ ਅਫਸਰ ਅਤੇ ਰਾਜ਼ੀਨਾਮਾ ਚਾਰਜਿਜ਼ ਦੇ ਦਰ | 127 |

# ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ

## ਅਧਿਸੂਚਨਾ

## 5 ਨਵੰਬਰ, 2014

**ਨੰ: ਪੰ. ਸ. ਬਿ. ਰੈ. ਕ./ ਸਕੱਤਰ/ ਰੈਗੂ.- 97** -- ਬਿਜਲੀ ਐਕਟ, 2003 ( ਕੇਂਦਰੀ ਐਕਟ 36 ਦਾ 2003 ), ਜਿਸ ਨੂੰ ਬਿਜਲੀ ( ਸੋਧ ) ਐਕਟ 2007, ( 2007 ਦਾ 26) ਵੀ ਪੜ੍ਹਿਆ ਜਾਵੇ, ਦੀ ਧਾਰਾ 181 ਜਿਸ ਨੂੰ ਧਾਰਾ 43, 44, 45, 46, 47, 48, 50, 55, 56, 57, 58, 59, 126, 127, 135, 152, 154 ਅਤੇ 163 ਨਾਲ ਵੀ ਪੜ੍ਹਿਆ ਜਾਵੇ, ਅਧੀਨ ਸੌਂਪੇ ਗਏ ਅਖਤਿਆਰਾਂ ਅਤੇ ਹੋਰ ਸਾਰੇ ਅਖਤਿਆਰਾਂ, ਜੋ ਇਸ ਦੀ ਤਰਫੋਂ ਇਸ ਨੂੰ ਯੋਗ ਬਣਾਉਂਦੇ ਹਨ, ਦੀ ਵਰਤੋਂ ਕਰਦਿਆਂ ਅਤੇ ਪਾਵਰ ਮੰਤਰਾਲਾ, ਭਾਰਤ ਸਰਕਾਰ ਦੁਆਰਾ ਜਾਰੀ ਕੀਤੇ ਗਏ ਬਿਜਲੀ ( ਸਮੱਸਿਆਵਾਂ ਦੂਰ ਕਰਨ ) ਆਦੇਸ਼, 2005 ਨੰ: ਐਸ. ਓ. 790 ( ਈ ) ਮਿਤੀ 8 ਜੂਨ, 2005 ਦੀ ਪਾਲਣਾ ਵਿੱਚ, ਪੰਜਾਬ ਸਟੇਟ ਬਿਜਲੀ ਰੈਗੂਰੇਟਰੀ ਕਮਿਸ਼ਨ ਇਸ ਨਾਲ ਬਿਜਲੀ ਸਪਲਾਈ ਕੋਡ ਅਤੇ ਸਬੰਧਤ ਮਾਮਲਿਆਂ ਉਤੇ ਨਿਮਨ ਦਰਜ ਵਿਨਿਯਮ ਬਣਾਉਂਦਾ ਹੈ : -

## ਅਧਿਆਇ - I – ਆਰੰਭਕ

1. **ਸੰਖੇਪ ਸਿਰਲੇਖ, ਆਰੰਭ ਅਤੇ ਵਿਆਖਿਆ**

1.1 ਇਹਨਾਂ ਵਿਨਿਯਮਾਂ ਨੂੰ ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ ( ਬਿਜਲੀ ਸਪਲਾਈ ਅਤੇ ਸਬੰਧਤ ਮਾਮਲੇ ) ਵਿਨਿਯਮ, 2014, ਸੰਖੇਪ ਵਿੱਚ ਸਪਲਾਈ ਕੋਡ 2014 ਕਿਹਾ ਜਾਵੇਗਾ।

1.2 ਇਹ ਵਿਨਿਯਮ ਪੰਜਾਬ ਵਿਚਲੇ ਸਾਰੇ ਲਾਇਸੈਂਸੀਆਂ ( ਇਸ ਵਿੱਚ ਐਕਟ ਦੀ ਧਾਰਾ 13 ਅਧੀਨ ਮੁਕਤ ਕੀਤੀਆਂ ਗਈਆਂ ਹਸਤੀਆਂ ( entities ) ਵੀ ਸ਼ਾਮਲ ਹਨ ) ਉਤੇ ਉਹਨਾਂ ਦੇ ਸਬੰਧਤ ਲਾਇਸੈਂਸ-ਸ਼ੁਦਾ / ਸਪਲਾਈ ਖੇਤਰਾਂ ਵਿੱਚ ਅਤੇ ਸਾਰੇ ਖਪਤਕਾਰਾਂ/ ਵਿਅਕਤੀਆਂ ਉਤੇ ਲਾਗੂ ਹੋਣ ਯੋਗ ਹੋਣਗੇ।

1.3 ਇਹ ਵਿਨਿਯਮ 1 ਜਨਵਰੀ, 2015 ਤੋਂ ਲਾਗੂ ਹੋਣਗੇ।

2. **ਪਰਿਭਾਸ਼ਾਵਾਂ :**

ਇਹਨਾਂ ਵਿਨਿਯਮਾਂ ਵਿੱਚ, ਜਦੋਂ ਤੱਕ ਪ੍ਰਸੰਗ ਹੋਰਵੇਂ ਜ਼ਰੂਰੀ ਨਾ ਹੋਵੇ : -

(ੳ) "**ਐਕਟ**" ਦਾ ਭਾਵ ਬਿਜਲੀ ਐਕਟ, 2003 ਜਿਵੇਂ ਕਿ ਸਮੇਂ ਸਮੇਂ 'ਤੇ ਸੋਧੇ ਗਏ ਅਨੁਸਾਰ ਹੈ;

(ਅ) **"ਇਕਰਾਰਨਾਮਾ"** ਤੋਂ ਭਾਵ ਨਵੇਂ ਕੁਨੈਕਸ਼ਨ ਲੈਣ, ਲੋਡ / ਮੰਗ ਵਧਾਉਣ ਜਾਂ ਘਟਾਉਣ ਦੇ ਸਮੇਂ 'ਤੇ ਵੰਡ ਲਾਇਸੈਂਸੀ ਨਾਲ ਬਿਨੈਕਾਰ / ਖਪਤਕਾਰ ਦੁਆਰਾ ਤਾਮੀਲ ਕੀਤਾ ਗਿਆ ਇੱਕ ਇਕਰਾਰਨਾਮਾ ਹੈ;

(ੲ) **"ਬਿਨੈਕਾਰ"** ਦਾ ਭਾਵ ਹੈ ਕਿਸੇ ਅਹਾਤੇ ਦਾ ਮਾਲਕ ਜਾਂ ਕਾਬਜ਼ ਜੋ ਐਕਟ ਦੇ ਉਪਬੰਧਾਂ ਅਤੇ ਉਸ ਅਧੀਨ ਬਣਾਏ ਗਏ ਨਿਯਮਾਂ ਤੇ ਵਿਨਿਯਮਾਂ ਅਨੁਸਾਰ ਬਿਜਲੀ ਦੀ ਸਪਲਾਈ, ਮੰਨਜੂਸ਼ੁਦਾ ਲੋਡ / ਮੁਆਇਦਾ ਮੰਗ ਵਿੱਚ ਵਾਧੇ ਜਾਂ ਕਟੌਤੀ, ਮਾਲਕੀ ਦੀ ਤਬਦੀਲੀ, ਮੀਟਰ /

ਕੁਨੈਕਸ਼ਨ / ਲਾਈਨ / ਵੰਡ ਟ੍ਰਾਂਸਫਾਰਮਰ ਆਦਿ ਬਦਲਣ, ਸਪਲਾਈ ਕੱਟਣ ਜਾਂ ਬਹਾਲ ਕਰਵਾਉਣ ਜਾਂ ਇਕਰਾਰਨਾਮੇ ਦੀ ਸਮਾਪਤੀ, ਜਿਵੇਂ ਵੀ ਕੇਸ ਹੋਵੇ, ਲਈ ਬਿਨੈ-ਪੱਤਰ ਦਿੰਦਾ ਹੈ;

(ਸ) **"ਏ ਅਤੇ ਏ ਫਾਰਮ"** ਤੋਂ ਭਾਵ ਸਪਲਾਈ ਕੋਡ ਦੇ ਵਿਨਿਯਮ 5 ਅਧੀਨ ਵੰਡ ਲਾਇਸੈਂਸੀ ਦੁਆਰਾ ਨਿਰਧਾਰਿਤ ਕੀਤਾ ਗਿਆ ਬਿਨੈਪੱਤਰ ਅਤੇ ਇਕਰਾਰਨਾਮਾ ਫਾਰਮ ਹੈ ;

(ਹ) **"ਉਚਿਤ ਸਰਕਾਰ"** ਦਾ ਭਾਵ ਹੈ : -

(ੳ) ਕੇਂਦਰੀ ਸਰਕਾਰ :-

(i) ਇਸ ਦੁਆਰਾ ਪੂਰਣ ਜਾਂ ਅੰਸ਼ਿਕ ਮਲਕੀਅਤੀ ਵਾਲੀ ਉਤਪਾਦਨ ਕੰਪਨੀ ਦੇ ਸਬੰਧ ਵਿੱਚ ;

(ii) ਕਿਸੇ ਵੀ ਅੰਤਰ-ਰਾਜੀ ਉਤਪਾਦਨ, ਸੰਚਾਰਣ, ਵਪਾਰ ਕਰਨ ਜਾਂ ਬਿਜਲੀ ਸਪਲਾਈ ਦੇ ਸਬੰਧ ਵਿੱਚ ਅਤੇ ਕਿਸੇ ਵੀ ਖਾਣ ਦੇ ਸਬੰਧ ਵਿੱਚ, ਤੇਲ ਖੇਤਰ, ਰੇਲਵੇ, ਰਾਸ਼ਟਰੀ ਹਾਈਵੇਅਜ਼, ਹਵਾਈ ਅੱਡੇ, ਟੈਲੀਗ੍ਰਾਫਸ, ਪ੍ਰਸਾਰਣ (ਬ੍ਰਾਡਕਾਸਟਿੰਗ) ਸਟੇਸ਼ਨਾਂ ਅਤੇ ਸੁਰੱਖਿਆ ਦਾ ਕੋਈ ਵੀ ਕਾਰਜ, ਡੌਕਯਾਰਡ, ਪ੍ਰਮਾਣੂ ਪਾਵਰ ਸੰਸਥਾਪਣਾਵਾਂ ਦੇ ਸਬੰਧ ਵਿੱਚ;

(iii) ਰਾਸ਼ਟਰੀ ਲੋਡ ਡਿਸਪੈਚ ਕੇਂਦਰ ਅਤੇ ਰੀਜ਼ਨਲ ਲੋਡ ਡਿਸਪੈਚ ਕੇਂਦਰ ਦੇ ਸਬੰਧ ਵਿੱਚ;

(iv) ਇਸ ਨਾਲ ਸਬੰਧਿਤ ਜਾਂ ਇਸ ਦੇ ਕੰਟਰੋਲ ਅਧੀਨ ਸਾਰੇ ਕਾਰਜਾਂ ਜਾਂ ਬਿਜਲਈ ਸੰਸਥਾਪਨ ਦੇ ਸਬੰਧ ਵਿੱਚ ;

(ਅ) ਕਿਸੇ ਵੀ ਹੋਰ ਕੇਸ ਵਿੱਚ, ਐਕਟ ਅਧੀਨ ਅਧਿਕਾਰ ਖੇਤਰ ਵਾਲੀ ਰਾਜ ਸਰਕਾਰ ;

(ਕ) **"ਸਪਲਾਈ ਦਾ ਖੇਤਰ"** ਦਾ ਭਾਵ ਉਹ ਖੇਤਰ ਹੈ ਜਿਸ ਦੇ ਅੰਦਰ ਅੰਦਰ ਵੰਡ ਲਾਇਸੈਂਸੀ ਨੂੰ ਬਿਜਲੀ ਸਪਲਾਈ ਕਰਨ ਲਈ ਉਸ ਦੇ ਲਾਇਸੈਂਸ ਦੁਆਰਾ ਅਧਿਕਾਰਿਤ ਕੀਤਾ ਜਾਂਦਾ ਹੈ ;

(ਖ) **"ਨਿਰਧਾਰਣ ਅਧਿਕਾਰੀ"** ਦਾ ਭਾਵ ਹੈ ਰਾਜ ਸਰਕਾਰ ਦਾ ਅਧਿਕਾਰੀ ਜਾਂ ਲਾਇਸੈਂਸੀ, ਜੋ ਰਾਜ ਸਰਕਾਰ ਦੁਆਰਾ ਐਕਟ ਦੀ ਧਾਰਾ 126 ਅਧੀਨ ਇਸ ਤਰ੍ਹਾਂ ਪਦਨਿਯੁਕਤ ਕੀਤਾ ਗਿਆ ਹੋਵੇ;

(ਗ) **"ਅਧਿਕਾਰਿਤ ਅਫਸਰ"** ਦਾ ਭਾਵ ਐਕਟ ਦੀ ਧਾਰਾ 135 ਜਾਂ 152 ਅਧੀਨ ਰਾਜ ਸਰਕਾਰ ਦੁਆਰਾ ਜਾਂ ਕਮਿਸ਼ਨ ਦੁਆਰਾ ਅਧਿਕਾਰਿਤ ਕੀਤਾ ਗਿਆ ਲਾਇਸੈਂਸੀ ਜਾਂ ਸਪਲਾਈਕਰਤਾ, ਜਿਵੇਂ ਵੀ ਕੇਸ ਹੋਵੇ, ਦਾ ਅਫਸਰ/ ਅਧਿਕਾਰੀ ਹੈ;

(ਘ) **"ਬਿਲਿੰਗ ਚੱਕਰ ਜਾਂ ਬਿਲਿੰਗ ਸਮਾਂ"** ਦਾ ਭਾਵ ਉਹ ਸਮਾਂ ਹੈ ਜਿਸ ਲਈ ਬਿਜਲੀ ਬਿਲ ਖਪਤਕਾਰਾਂ ਦੀਆਂ ਵੱਖ ਵੱਖ ਸ਼੍ਰੇਣੀਆਂ ( ਕੈਟਾਗਰੀਆਂ ) ਨੂੰ ਵੰਡ ਲਾਇਸੈਂਸੀ ਦੁਆਰਾ ਜਾਰੀ ਕੀਤੇ ਜਾਂਦੇ ਹਨ ;

(ਙ) **"ਸਰਕਟ ਬਰੇਕਰ"** ਦਾ ਭਾਵ ਉਹ ਯੰਤਰ ਜੋ ਸਾਰੀਆਂ ਪਰਿਸਥਿਤੀਆਂ ਅਧੀਨ ਬਿਜਲਈ ਸਰਕਟ ਨੂੰ ਬਣਾਉਣ ਅਤੇ ਤੋੜਨ ਯੋਗ ਹੈ ਅਤੇ ਜਦੋਂ ਤੱਕ ਹੋਰ ਕਿਸੇ ਤਰ੍ਹਾਂ ਸੁਨਿਸ਼ਚਿਤ ਨਾ ਕੀਤਾ ਹੋਵੇ, ਇਸ ਤਰ੍ਹਾਂ ਡੀਜ਼ਾਈਨ ਕੀਤਾ ਕਿ ਅਸਾਧਾਰਣ ਪਰਿਸਥਿਤੀਆਂ ਅਧੀਨ ਆਪਣੇ ਆਪ ਕਰੰਟ ਨੂੰ ਤੋੜ ਸਕੇ;

(ਚ) **"ਕਮਿਸ਼ਨ"** ਦਾ ਭਾਵ ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ ਹੈ ;

(ਛ) **"ਕੰਡਕਟਰ"** ਦਾ ਭਾਵ ਬਿਜਲਈ ਊਰਜਾ ਨੂੰ ਸੰਚਾਲਨ ਕਰਨ ਲਈ ਵਰਤੀ ਗਈ ਤਾਰ, ਕੇਬਲ, ਬਾਰ, ਟਿਊਬ, ਰੇਲ ਜਾਂ ਪਲੇਟ ਤੋਂ ਹੈ ਅਤੇ ਇਸ ਤਰ੍ਹਾਂ ਪ੍ਰਬੰਧ ਕੀਤੀ ਗਈ ਹੋਵੇ ਕਿ ਬਿਜਲਈ ਤੌਰ ਤੇ ( ਇਲੈਕਟ੍ਰੀਕਲੀ ) ਸਿਸਟਮ ਨੂੰ ਜੋੜੀ ਗਈ ਹੋਵੇ ;

(ਜ) **"ਕੁਨੈਕਟਿਡ ਲੋਡ"** ਦਾ ਭਾਵ ਵੰਡ ਲਾਇਸੈਂਸੀਆਂ ਦੀ ਸਰਵਿਸ ਲਾਈਨ ਨਾਲ ਜੋੜੇ ਗਏ ਖਪਤਕਾਰ ਦੇ ਸੰਸਥਾਪਣ ਵਿੱਚ ਸਾਰੀ ਊਰਜਾ ਖਪਤ ਯੰਤਰਾਂ ਦੀ ਨਿਰਮਾਣਕਰਤਾ ਦੀ ਅਤੇ ਇਹਨਾਂ ਵਿਨਿਯਮਾਂ ਵਿੱਚ ਦਿੱਤੀ ਗਈ ਕਾਰਜਵਿਧੀ ਅਨੁਸਾਰ ਨਿਰਧਾਰਿਤ ਕੀਤੀ ਗਈ ਦਰਤਾ ਸਮਰੱਥਾਵਾਂ ( rated capacities ) ਦਾ ਜੋੜ ਹੈ। ਇਸ ਵਿੱਚ ਚੇਂਜ-ਓਵਰ ਸਵਿੱਚ ਰਾਹੀਂ ਸੰਸਥਾਪਿਤ ਕੀਤੇ ਗਏ ਤਿਆਰ-ਬਰ-ਤਿਆਰ ( stand by ) ਜਾਂ ਫਾਲਤੂ ਊਰਜਾ ਖਪਤੀ ਯੰਤਰ ਸ਼ਾਮਲ ਨਹੀਂ ਹਨ।

(ਝ) **"ਕੁਨੈਕਸ਼ਨ"** ਦਾ ਭਾਵ ਬਿਨੈਕਾਰ ਨੂੰ ਬਿਜਲੀ ਦੀ ਸਪਲਾਈ ਲਈ ਵਿਵਸਥਾ ਤੋਂ ਹੈ ;

(ਞ) **"ਖਪਤਕਾਰ"** ਦਾ ਭਾਵ ਕੋਈ ਵੀ ਵਿਅਕਤੀ ਜਿਸ ਨੂੰ ਉਸ ਦੇ ਆਪਣੀ ਵਰਤੋਂ ਲਈ ਐਕਟ ਜਾਂ ਉਸ ਸਮੇਂ 'ਤੇ ਲਾਗੂ ਕਿਸੇ ਹੋਰ ਕਾਨੂੰਨ ਅਧੀਨ ਵੰਡ ਲਾਇਸੈਂਸੀ ਜਾਂ ਸਰਕਾਰ ਦੁਆਰਾ ਜਾਂ ਜਨਤਾ ਨੂੰ ਬਿਜਲੀ ਸਪਲਾਈ ਕਰਨ ਦੇ ਵਪਾਰ ਵਿੱਚ ਲਾਏ ਗਏ ਕਿਸੇ ਹੋਰ ਦੂਜੇ ਵਿਅਕਤੀ ਦਆਰਾ ਬਿਜਲੀ ਦੀ ਸਪਲਾਈ ਦਿੱਤੀ ਜਾਂਦੀ ਹੈ ਅਤੇ ਇਸ ਵਿੱਚ ਕੋਈ ਵਿਅਕਤੀ ਜਿਸ ਦਾ ਅਹਾਤਾ ਲਾਇਸੈਂਸੀ, ਸਰਕਾਰ ਜਾਂ ਅਜਿਹੇ ਕਿਸੇ ਹੋਰ ਦੂਜੇ ਵਿਅਕਤੀ, ਜਿਵੇਂ ਵੀ ਕੇਸ ਹੋਵੇ, ਦੇ ਕਾਰਜਾਂ ਨਾਲ ਬਿਜਲੀ ਪ੍ਰਾਪਤ ਕਰਨ ਦੇ ਮੰਤਵ ਲਈ ਜੋੜਿਆ ਜਾ ਰਿਹਾ ਹੈ, ਸ਼ਾਮਲ ਹੈ।

(ਟ) **"ਖਪਤ"** ਦਾ ਭਾਵ ਕਿਲੋਵਾਟ ਘੰਟਿਆਂ ( ਯੂਨਿਟਾਂ ) ਜਾਂ ਕਿਲੋ ਵਾਟ ਐਮਪੀਅਰ ਘੰਟਿਆਂ ਵਿੱਚ ਬਿਜਲੀ ਦੀ ਉਪਯੋਗਤਾ ਤੋਂ ਹੈ ;

(ਠ) **"ਮੁਆਇਦਾ ਮੰਗ"** ਤੋਂ ਭਾਵ ਖਪਤਕਾਰ ਨੂੰ ਮੰਨਜ਼ੂਰ ਕੀਤੀ ਗਈ ਕੇ. ਵੀ. ਏ. ਵਿੱਚ ਅਤੇ ਇਸ ਢੰਗ ਨਾਲ, ਜਿਵੇਂ ਕਿ ਕਮਿਸ਼ਨ ਦੁਆਰਾ ਪ੍ਰਵਾਨ ਕੀਤਾ ਗਿਆ ਹੋਵੇ, ਗਿਣੀ ਗਈ ਅਧਿਕਤਮ ਮੰਗ ਹੈ ;

(ਡ) **"ਕੁਤਾਹੀ"** ਤੋਂ ਭਾਵ ਸਪਲਾਈ ਕੋਡ ਅਤੇ / ਜਾਂ ਖਪਤਕਾਰ ਅਤੇ ਵੰਡ ਲਾਇਸੈਂਸੀ ਵਿਚਕਾਰ ਹੋਏ ਇਕਰਾਰਨਾਮੇ ਦੀ ਪਾਲਣਾ ਨਾ ਕਰਨਾ / ਉਲੰਘਣਾ ਹੈ ;

(ਢ) **"ਵੰਡ ਲਾਇਸੈਂਸੀ"** ਤੋਂ ਭਾਵ ਇੱਕ ਲਾਇਸੈਂਸੀ ਜਿਸ ਨੂੰ ਸਪਲਾਈ ਦੇ ਉਸ ਦੇ ਆਪਣੇ ਖੇਤਰ ਵਿੱਚ ਖਪਤਕਾਰਾਂ ਨੂੰ ਬਿਜਲੀ ਸਪਲਾਈ ਕਰਨ ਵਾਸਤੇ ਵੰਡ ਸਿਸਟਮ ਦਾ ਸੰਚਾਲਣ ਅਤੇ ਸਾਂਭ-ਸੰਭਾਲ ਕਰਨ ( ਮੇਨਟੇਨ ) ਲਈ ਅਧਿਕਾਰਿਤ ਕੀਤਾ ਗਿਆ ਹੈ ;

(ਣ) **"ਵੰਡ ਮੇਨ"** ਤੋਂ ਭਾਵ ਕਿਸੇ ਮੇਨ ਦਾ ਉਹ ਭਾਗ ਹੈ ਜਿਸ ਨਾਲ ਸਰਵਿਸ ਲਾਈਨ ਤੁਰੰਤ ਜੋੜੀ ਜਾਂਦੀ ਹੈ ਜਾਂ ਜੋੜਨ ਦੀ ਮਨਸ਼ਾ ਹੈ ;

(ਤ) **"ਵੰਡ ਸਿਸਟਮ"** ਤੋਂ ਭਾਵ ਸੰਚਾਰਣ ਲਾਈਨਾਂ ਉਤੇ ਡਲਿਵਰੀ ਪੁਆਇੰਟ ਜਾਂ ਉਤਪਾਦਨ ਸਟੇਸ਼ਨ ਕੁਨੈਕਸ਼ਨ ਅਤੇ ਖਪਤਕਾਰਾਂ ਦੇ ਸੰਸਥਾਪਨ ਦੇ ਕੁਨੈਕਸ਼ਨ ਦੇ ਪੁਆਇੰਟ ਵਿਚਕਾਰ ਤਾਰਾਂ ਦਾ ਸਿਸਟਮ ਅਤੇ ਸਬੰਧਤ ਸਹੂਲਤਾਂ ਤੋਂ ਹੈ ;

(ਥ) **"ਅਰਥਿੰਗ ਸਿਸਟਮ"** ਦਾ ਭਾਵ ਉਹ ਬਿਜਲਈ ਸਿਸਟਮ ਹੈ ਜਿਸ ਵਿੱਚ ਸਾਰੇ ਕੰਡਕਟਰ ਅਤੇ ਯੰਤਰ ਅਰਥ ਕੀਤੇ ਜਾਂਦੇ ਹਨ ;

(ਦ) **"ਬਿਜਲਈ ਠੇਕੇਦਾਰ"** ਦਾ ਭਾਵ ਉਹ ਵਿਅਕਤੀ ਹੈ ਜਿਸ ਨੂੰ ਅਹਾਤਿਆਂ ਵਿੱਚ ਬਿਜਲਈ ਸੰਸਥਾਪਣ ਕਾਰਜ ਕਰਨ ਲਈ ਭਾਰਤੀ ਬਿਜਲੀ ਨਿਯਮ, 1956 ਦੇ ਨਿਯਮ 45 ਅਧੀਨ ਜਾਂ ਐਕਟ ਦੀ ਧਾਰਾ 53 ਅਧੀਨ ਕੇਂਦਰੀ ਬਿਜਲੀ ਅਥਾਰਟੀ ਦੁਆਰਾ ਅਧਿਸੂਚਿਤ ਕੀਤੇ ਅਨੁਸਾਰ ਵਿਨਿਯਮਾਂ ਅਧੀਨ ਰਾਜ ਸਰਕਾਰ ਦੁਆਰਾ ਲਾਇਸੈਂਸ ਦਿੱਤਾ ਗਿਆ ਹੈ ;

(ਧ) **"ਬਿਜਲੀ ਲਾਈਨ"** ਦਾ ਭਾਵ ਕਿਸੇ ਵੀ ਲਾਈਨ ਤੋਂ ਹੈ ਜਿਹੜੀ ਕਿ ਕਿਸੇ ਵੀ ਮੰਤਵ ਲਈ ਬਿਜਲੀ ਲਿਜਾਣ ਲਈ ਵਰਤੀ ਜਾਂਦੀ ਹੈ ਅਤੇ ਇਸ ਵਿੱਚ ਨਿਮਨ ਵੀ ਸ਼ਾਮਲ ਹਨ : –

(i) ਕਿਸੇ ਅਜਿਹੀ ਲਾਈਨ ਲਈ ਕੋਈ ਵੀ ਟੇਕ ( support ), ਇਹ ਕਹਿ ਸਕਦੇ ਹਾਂ ਕੋਈ ਵੀ ਢਾਂਚਾ, ਟਾਵਰ, ਖੰਬਾ ਜਾਂ ਕੋਈ ਹੋਰ ਚੀਜ਼ ਜਿਸ ਵਿੱਚ, ਉਤੇ, ਦੁਆਰਾ ਜਾਂ ਤੋਂ ਕੋਈ ਅਜਿਹੀ ਲਾਈਨ ਨੂੰ ਸਹਾਰਾ ਦਿੱਤਾ, ਲਿਜਾਇਆ ਜਾਂ ਰੋਕਿਆ ਜਾਂਦਾ ਹੈ ਜਾਂ ਜਾ ਸਕਦਾ ਹੈ ;

(ii) ਬਿਜਲੀ ਲਿਜਾਣ ਦੇ ਮੰਤਵ ਲਈ ਕਿਸੇ ਅਜਿਹੀ ਲਾਈਨ ਨੂੰ ਜੋੜਿਆ ਗਿਆ ਕੋਈ ਯੰਤਰ;

(ਨ) **"ਨਿਯੋਜਕ"** ਤੋਂ ਭਾਵ ਉਹ ਵਿਅਕਤੀ ਹੈ ਜਿਸ ਕੋਲ ਵਿਅਕਤੀ ਦੇ ਰੋਜ਼ਗਾਰ ਉਪਰ ਅਤੇ ਉਹਨਾਂ ਦੀਆਂ ਉਜਰਤਾਂ ਦੀ ਅਦਾਇਗੀ ਉਪਰ ਕੰਟਰੋਲ ਹੈ ;

(ਪ) **"ਊਰਜਾ ਖਰਚੇ"** ਦਾ ਭਾਵ ਕਿਸੇ ਵੀ ਬਿਲਿੰਗ ਸਮੇਂ ਵਿੱਚ ਕਿ.ਵਾ. ਘੰ./ ਕੇ. ਵੀ. ਏ. ਘੰ. ਅਨੁਸਾਰ ਅਸਲ ਵਿੱਚ ਲਈ ਗਈ ਬਿਜਲੀ ਲਈ ਖਰਚਿਆਂ ਤੋਂ ਹੈ ;

(ਫ) **"ਜ਼ਰੂਰੀ ਸੇਵਾਵਾਂ"** ਦਾ ਭਾਵ ਉਹ ਸੇਵਾਵਾਂ ਹਨ ਜਿਹੜੀਆਂ ਕਿ ਬਹੁਤ ਜ਼ਿਆਦਾ ਆਮ ਜਨਤਾ ਨੂੰ ਪ੍ਰਭਾਵਤ ਕਰਨ ਅਤੇ ਹੋਰਨਾਂ ਗੱਲਾਂ ਦੇ ਨਾਲ ਨਾਲ ਇਸ ਵਿੱਚ ਹਸਪਤਾਲ, ਰੇਲਵੇ ਸਟੇਸ਼ਨ / ਸੰਸਥਾਪਨਾਵਾਂ, ਰੇਲਵੇ ਟਰੈਕਸ਼ਨ, ਸੁਰਖਿਆ (ਡਿਫੈਂਸ) ਅਤੇ ਮਿਲਟਰੀ ਸੰਸਥਾਪਨਾਵਾਂ, ਰੇਡੀਓ / ਟੀ. ਵੀ / ਖਬਰਾਂ ਸੇਵਾਵਾਂ ਸੰਸਥਾਪਨਾਵਾਂ, ਜਲ ਸਪਲਾਈ ਅਤੇ ਸੀਵਰੇਜ਼ ਸੰਸਥਾਪਨਾਵਾਂ, ਡਾਕ ਅਤੇ ਤਾਰ / ਟੈਲੀਕਾਮ ਸੰਸਥਾਪਨ, ਟੈਲੀਫੋਨ ਐਕਸਚੇਂਜ / ਸੰਸਥਾਪਨ, ਸ਼ਾਮਲ ਹਨ।

(ਬ) **"ਵਧੀਕ ਉੱਚ ਟੈਨਸ਼ਨ ( ਈ.ਐਚ.ਟੀ ) ਖਪਤਕਾਰ"** ਦਾ ਭਾਵ ਉਹ ਖਪਤਕਾਰ ਹੈ ਜਿਸ ਨੂੰ 33000 ਵੋਲਟ ਤੋਂ ਵੱਧ ਵੋਲਟਤਾ 'ਤੇ ਬਿਜਲੀ ਸਪਲਾਈ ਕੀਤੀ ਜਾਂਦੀ ਹੈ।

(ਭ) **"ਫੀਡਰ"** ਤੋਂ ਭਾਵ ਐਲ. ਟੀ., ਐਚ. ਟੀ ਜਾਂ ਈ. ਐਚ. ਟੀ. ਵੰਡਕ, ਜੋ ਸਬ-ਸਟੇਸ਼ਨ ਤੋਂ ਨਿਕਾਸੀ ਕਰ ਰਿਹਾ ਹੈ, ਜਿਸ ਨਾਲ ਵੰਡ ਸਬ-ਸਟੇਸ਼ਨ ਜਾਂ ਐਲ. ਟੀ. ਜਾਂ ਐਚ. ਟੀ. ਜਾਂ ਈ. ਐਚ. ਟੀ. ਖਪਰਤਕਾਰ ਜੋੜੇ ਜਾਂਦੇ ਹਨ ;

(ਮ) **"ਫੋਰਮ"** ਤੋਂ ਭਾਵ ਐਕਟ ਦੀ ਧਾਰਾ 42 ਦੀ ਉਪ ਧਾਰਾ (5), ਜਿਸ ਨੂੰ ਪੰ. ਰਾ. ਬਿ. ਰੈ. ਕ. (ਫੋਰਮ ਅਤੇ ਲੋਕਪਾਲ ) ਵਿਨਿਯਮ, 2005 ਦੇ ਵਿਨਿਯਮ 3 ਨਾਲ ਪੜਿਆ ਜਾਵੇ, ਅਧੀਨ ਖਪਤਕਾਰਾਂ ਦੇ ਗਿਲੇ-ਸ਼ਿਕਵੇ ਨਿਵਾਰਨ ਲਈ ਵੰਡ ਲਾਇਸੈਂਸੀ ਦੁਆਰਾ ਨਿਯੁਕਤ ਕੀਤਾ ਗਿਆ ਫੋਰਮ ਹੈ।

(ਯ) **"ਵਿਸ਼ੇਸ਼ ਅਧਿਕ੍ਰਿਤ ( Franchisee )"** ਦਾ ਭਾਵ ਵੰਡ ਲਾਇਸੈਂਸੀ ਦੁਆਰਾ ਸਪਲਾਈ ਦੇ ਆਪਣੇ ਖੇਤਰ ਦੇ ਅੰਦਰ ਅੰਦਰ ਵਿਸ਼ੇਸ਼ ਖੇਤਰ ਵਿੱਚ ਆਪਣੀ ਤਰਫੋਂ ਬਿਜਲੀ ਵੰਡਣ ਲਈ ਅਧਿਕਾਰਿਤ ਕੀਤਾ ਗਿਆ ਇੱਕ ਵਿਅਕਤੀ ਹੈ।

(ਰ) **"ਟੈਰਿਫ ਦੀਆਂ ਆਮ ਸ਼ਰਤਾਂ"** ਅਤੇ **"ਟੈਰਿਫ ਦੀਆਂ ਅਨੁਸੂਚੀਆਂ"** ਦਾ ਭਾਵ ਕਮਿਸ਼ਨ ਦੁਆਰਾ ਪ੍ਰਵਾਨ ਕੀਤੀਆਂ ਗਈਆਂ ਟੈਰਿਫ ਦੀਆਂ ਆਮ ਸ਼ਰਤਾਂ ਅਤੇ ਟੈਰਿਫ ਦੀਆਂ ਅਨੁਸੂਚੀਆਂ ਹੈ ;

(ਲ) **"ਸਮਸੁਰ ( ਹਾਰਮੋਨਿਕ )"** ਦਾ ਭਾਵ ਆਵ੍ਰਿਤੀ ਵਾਲੀ ਨਿਯਤਕਾਲੀ ਤਰੰਗ ਦਾ ਇਕ ਅੰਗ ਹੈ, ਉਹ 50 Hz ਦੀ ਬੁਨਿਆਦੀ ਪਾਵਰ ਸਿਸਟਮ ਆਵ੍ਰਿਤੀ ਦਾ ਇਕ ਅਨਿਖੜ ਗੁਣਜ ਹੈ ;

(ਵ) **"ਹਾਊਸਿੰਗ ਸੁਸਾਇਟੀ"** ਦਾ ਭਾਵ ਰਜਿਸਟਰਾਰ ਸਹਿਕਾਰੀ ਸੁਸਾਇਟੀਆਂ ਪੰਜਾਬ ਨਾਲ ਰਜਿਸਟਰਡ ਇਕ ਸਹਿਕਾਰੀ ਗਰੁਪ ਹਾਊਸਿੰਗ ਸੁਸਾਇਟੀ ਹੈ ;

(ੜ) **"ਉੱਚ ਟੈਨਸ਼ਨ ( ਐਚ ਟੀ ) ਖਪਤਕਾਰ"** ਤੋਂ ਭਾਵ ਉਹ ਖਪਤਕਾਰ ਹੈ ਜਿਸਨੂੰ 650 ਵੋਲਟ ਤੋਂ ਉਚੇਰੀ ਵੋਲਟਤਾ, ਪਰੰਤੂ ਜੋ 33000 ਵੋਲਟ ਤੋਂ ਵੱਧ ਨਾ ਹੋਵੇ, 'ਤੇ ਬਿਜਲੀ ਸਪਲਾਈ ਕੀਤੀ ਜਾਂਦੀ ਹੈ ;

(ੜਓ) **"ਸਵਤੰਤਰ ਫੀਡਰ"** ਦਾ ਭਾਵ ਖਪਤਕਾਰ ਜਾਂ ਖਪਤਕਾਰਾਂ ਦੇ ਇਸੀ ਪ੍ਰਕਾਰ ਦੇ ਇਕ ਸਮੂਹ ਦੀ ਲਾਗਤ 'ਤੇ ਕੇਵਲ ਉਸੇ ਖਪਤਕਾਰ ਜਾਂ ਖਪਤਕਾਰਾਂ ਦੇ ਸਮੂਹ ਨੂੰ ਬਿਜਲੀ ਦੀ ਸਪਲਾਈ ਦੇਣ ਲਈ ਉਸਾਰਿਆ ਗਿਆ 11 ਕੇ. ਵੀ. ਫੀਡਰ ਹੈ ;

(ੜਅ) **"ਉਦਯੋਗਿਕ ਸਪਲਾਈ"** ਦਾ ਭਾਵ ਉਦਯੋਗਿਕ ਅਤੇ ਪੰਪਿੰਗ ਮੰਤਵਾਂ ( ਖੇਤੀਬਾੜੀ ਪੰਪਸੈੱਟਾਂ ਤੋਂ ਬਿਨਾਂ ) ਲਈ ਬਿਜਲੀ ਦੀ ਸਪਲਾਈ ਹੈ ;

(ੜਏ) **"ਸੰਸਥਾਪਨ"** ਦਾ ਭਾਵ ਬਿਜਲੀ ਦਾ ਉਤਪਾਦਨ, ਰੂਪਾਂਤਰਣ ( ਟ੍ਰਾਂਸਫਾਰਮਿੰਗ ), ਸੰਚਾਰਿਤ, ਪਰਿਵਰਤਨ, ਵੰਡ ਜਾਂ ਉਪਯੋਗ ਦੇ ਮੰਤਵ ਲਈ ਵਰਤਿਆ ਗਿਆ ਇਕ ਸੰਘਟਿਤ ਬਿਜਲੀ ਦਾ ਯੂਨਿਟ ਹੈ ;

(ੜਸ) **"ਘੱਟ ਪੁਟੰਸ਼ਲ ( LT ) ਖਪਤਕਾਰ"** ਦਾ ਭਾਵ ਉਹ ਖਪਤਕਾਰ ਹੈ ਜਿਸ ਨੂੰ ਵੋਲਟਤਾ ਜੋ 650 ਵੋਲਟ ਤੋਂ ਵੱਧ ਨਹੀਂ ਹੋਵੇਗੀ, 'ਤੇ ਬਿਜਲੀ ਦੀ ਸਪਲਾਈ ਦਿੱਤੀ ਜਾਂਦੀ ਹੈ ;

(ੜਹ) **"ਮੇਨ"** ਦਾ ਭਾਵ ਕੋਈ ਵੀ ਬਿਜਲੀ ਦੀ ਸਪਲਾਈ ਲਾਈਨ ਤੋਂ ਹੈ ਜਿਸ ਰਾਹੀਂ ਬਿਜਲੀ ਸਪਲਾਈ ਕੀਤੀ ਜਾਂਦੀ ਹੈ ਜਾਂ ਸਪਲਾਈ ਕੀਤੇ ਜਾਣ ਦੀ ਮਨਸ਼ਾ ਹੈ ;

(ੜਕ) **"ਮੀਟਰ"** ਤੋਂ ਭਾਵ ਬਿਜਲੀ ਦੀ ਖਪਤ ਜਾਂ ਬਿਜਲਈ ਸਿਸਟਮ ਨਾਲ ਸਬੰਧਤ ਕਿਸੇ ਹੋਰ ਮਿਕਦਾਰ ਨੂੰ ਮਾਪਣ, ਦਰਸਾਉਣ ਜਾਂ ਰਿਕਾਰਡ ਕਰਨ ਲਈ ਉਚਿਤ ਯੰਤਰ ਹੈ ਅਤੇ ਇਸ ਵਿੱਚ ਹੋਰ ਉਪਕਰਨ ਜਿਵੇਂ ਕਰੰਟ ਟ੍ਰਾਂਸਫਾਰਮਰ, ਜ਼ਰੂਰੀ ਤਾਰਾਂ ਅਤੇ ਸਹਾਇਕ ਸਾਮਾਨ ਸਮੇਤ ਵੋਲਟੇਜ਼ ਟ੍ਰਾਂਸਫਾਰਮਰ, ਜਾਂ ਅਜਿਹੇ ਮੰਤਵ ਲਈ ਜ਼ਰੂਰੀ ਕੈਪੈਸੀਟਰ ਵੋਲਟੇਜ਼ ਟ੍ਰਾਂਸਫਾਰਮਰ, ਜਿਥੇ ਕਿਤੇ ਲਾਗੂ ਹੋਣ ਯੋਗ ਹਨ, ਸ਼ਾਮਲ ਹੋਣਗੇ ;

(ੜਖ) **"ਮਾਸਿਕ ਔਸਤ ਪਾਵਰ ਫੈਕਟਰ"** ਦਾ ਭਾਵ ਬਿਲਿੰਗ ਦੇ ਇਕ ਮਹੀਨੇ ਦੌਰਾਨ ਲਏ ਗਏ ਵੋਲਟ ਐਮਪੀਅਰ ਘੰਟੇ ਦੇ ਵਾਟ ਘੰਟਿਆਂ ਦਾ ਅਨੁਪਾਤ ਹੈ ;

(ੜਗ) **"ਅਧਿਸੂਚਿਤ ਦਫਤਰ"** ਦਾ ਭਾਵ ਬਿਜਲੀ ਦੀ ਸਪਲਾਈ ਦੇਣ ਨਾਲ ਸਬੰਧਤ ਖਪਤਕਾਰਾਂ ਨੂੰ ਵੱਖ ਵੱਖ ਸੇਵਾਵਾਂ ਮੁਹੱਈਆ ਕਰਨ ਵਾਸਤੇ ਵੰਡ ਲਾਇਸੈਂਸੀ ਦੁਆਰਾ ਅਧਿਸੂਚਤ ਕੀਤੇ ਗਏ ਦਫਤਰ ਤੋਂ ਹੈ ;

(ੜਘ) **"ਕਾਬਜ਼"** ਦਾ ਭਾਵ ਹੈ ਉਸ ਅਹਾਤੇ ਦਾ ਕਾਨੂੰਨਨ ਕਾਬਜ਼ਦਾਰ ਮਾਲਕ ਜਾਂ ਵਿਅਕਤੀ, ਜਿਥੇ ਊਰਜਾ ਵਰਤੀ ਜਾਂਦੀ ਹੈ ਜਾਂ ਵਰਤੇ ਜਾਣ ਦੀ ਤਜਵੀਜ਼ ਹੈ ;

(ੜਙ) **"ਲੋਕਪਾਲ"** ਤੋਂ ਭਾਵ ਹੈ ਐਕਟ ਦੀ ਧਾਰਾ 42 ਦੀ ਉਪ ਧਾਰਾ (6), ਜਿਸ ਨੂੰ ਪੰ. ਰਾ. ਬਿ. ਰੈ. ਕ. ( ਫੋਰਮ ਅਤੇ ਲੋਕਪਾਲ ) ਵਿਨਿਯਮ 2005 ਦੇ ਵਿਨਿਯਮ 12 ਨਾਲ ਪੜਿਆ ਜਾਵੇ, ਅਧੀਨ ਕਮਿਸ਼ਨ ਦੁਆਰਾ ਨਿਯੁਕਤ ਕੀਤਾ / ਪਦਨਿਯੁਕਤ ਕੀਤਾ ਗਿਆ ਅਧਿਕਾਰੀ ;

(ੜਚ) **"ਵਿਅਕਤੀ"** ਤੋਂ ਭਾਵ ਹੈ ਅਹਾਤੇ ਜਾਂ ਸਥਾਨ ਦਾ ਕੋਈ ਵੀ ਵਿਅਕਤੀ/ ਵਿਅਕਤੀਆਂ ਜਾਂ ਕਾਬਜ਼ ਜਾਂ ਕਬਜ਼ੇਦਾਰ ਜੋ ਖਪਤਕਾਰ ਹੋਵੇ ਜਾਂ ਨਾ ਹੋਵੇ ਅਤੇ ਇਸ ਵਿੱਚ ਕੋਈ ਵੀ ਕੰਪਨੀ ਜਾਂ ਨਿਗਮਤ ਸੰਸਥਾ ਜਾਂ ਐਸੋਸੀਏਸ਼ਨ ਜਾਂ ਵਿਅਕਤੀਗਤਾਂ ਦੀ ਸੰਸਥਾ, ਚਾਹੇ ਉਹ ਨਿਗਮਤ ਹੋਵੇ ਜਾਂ ਨਾ, ਜਾਂ ਮਸਨੂਈ ਕਾਨੂੰਨੀ ਵਿਅਕਤੀ ਹੋਵੇ ਸ਼ਾਮਲ ਹਨ ;

(ੜਛ) **"ਪਾਵਰ ਫੈਕਟਰ"** ਤੋਂ ਭਾਵ ਹੈ ਇਕ ਏ. ਸੀ. ਬਿਜਲਈ ਸਰਕਟ ਵਿੱਚ ਵੋਲਟੇਜ ਅਤੇ ਕੰਰਟ ਵੈਕਟਰ ( vector ) ਵਿਚਕਾਰ ਬਿਜਲਈ ਕੋਣ ( angle ) ਦਾ ਕੋਸਾਇਨ ( cosine );

(ੜਜ) **"ਅਹਾਤਾ"** ਵਿੱਚ ਕੋਈ ਵੀ ਭੂਮੀ, ਇਮਾਰਤ, ਜਾਂ ਸੰਰਚਨਾ ਸ਼ਾਮਲ ਹੈ ;

(ੜਝ) **"ਅਧਿਗ੍ਰਹਿਣ (ਮੰਗ) ਫਾਰਮ"** ਦਾ ਭਾਵ ਸੰਭਵਤਾ ਮੰਨਜ਼ੂਰੀ (clearance) ਪ੍ਰਾਪਤ ਕਰਨ ਲਈ ਵੰਡ ਲਾਇਸੈਂਸੀ ਦੁਆਰਾ ਨਿਰਧਾਰਿਤ ਕੀਤਾ ਗਿਆ ਫਾਰਮ ਹੈ ;

(ੜਞ) **"ਸਰਵਿਸ ਲਾਈਨ"** ਦਾ ਭਾਵ ਕਿਸੇ ਵੀ ਬਿਜਲੀ ਦੀ ਸਪਲਾਈ ਲਾਈਨ ਤੋਂ ਹੈ, ਜਿਸ ਰਾਹੀਂ ਬਿਜਲੀ ਦੀ ਸਪਲਾਈ ਨਿਮਨ ਤੋਂ ਕੀਤੀ ਜਾਂਦੀ ਹੈ ਜਾਂ ਸਪਲਾਈ ਕੀਤੇ ਜਾਣ ਦਾ ਮਨਸ਼ਾ ਹੈ:-

(i) ਇਕੱਲੇ ਖਪਤਕਾਰ ਨੂੰ ਜਾਂ ਤਾਂ ਵੰਡ ਮੇਨ ਤੋਂ ਜਾਂ ਵੰਡ ਲਾਇਸੈਂਸੀ ਤੇ ਅਹਾਤੇ ਤੋਂ ; ਜਾਂ

(ii) ਉਸੇ ਅਹਾਤੇ ਉਤੇ ਖਪਤਕਾਰਾਂ ਦੇ ਸਮੂਹ ਨੂੰ ਵੰਡ ਮੇਨ ਤੋਂ ਜਾਂ ਨਾਲ ਲਗਦੇ ਅਹਾਤਿਆਂ 'ਤੇ; ਵੰਡ ਮੇਨ ਦੇ ਉਸੇ ਪੁਆਇੰਟ ਤੋਂ ਸਪਲਾਈ ਦਿੱਤੀ ਗਈ ਹੋਵੇ;

(ੜਟ) **"ਸਰਵਿਸ ਕੁਨੈਕਸ਼ਨ ਖਰਚੇ"** ਦਾ ਭਾਵ ਕਮਿਸ਼ਨ ਦੁਆਰਾ ਪ੍ਰਵਾਨਤ ਮਿਆਰੀ ਲਾਗਤ ਡੈਟੇ ਅਨੁਸਾਰ ਪ੍ਰਤਿ ਕਿ. ਵਾ. / ਕੇ. ਵੀ. ਏ. / ਬੀ. ਐਚ. ਪੀ. ਖਰਚੇ ਅਤੇ ਪਰਿਵਰਤਨਸ਼ੀਲ ਖਰਚੇ;

(ੜਠ) **"ਰਾਜ"** ਦਾ ਭਾਵ ਪੰਜਾਬ ਰਾਜ ਤੋਂ ਹੈ ;

(ੜਡ) **"ਰਾਜ ਸਰਕਾਰ"** ਦਾ ਭਾਵ ਪੰਜਾਬ ਸਰਕਾਰ ਤੋਂ ਹੈ ;

(ੜਢ) ਬਿਜਲੀ ਦੇ ਸਬੰਧ ਵਿੱਚ**"ਸਪਲਾਈ"**ਦਾ ਭਾਵ ਲਾਇਸੈਂਸੀ ਜਾਂ ਖਪਤਕਾਰ ਨੂੰ ਬਿਜਲੀ ਦੀ ਵਿਕਰੀ ਹੈ ;

(ੜਣ) **"ਅਸਥਾਈ ਕੁਨੈਕਸ਼ਨ"** ਦਾ ਭਾਵ ਹੈ ਇਕ ਵਿਅਕਤੀ ਦੁਆਰਾ ਉਸ ਦੀਆਂ ਆਪਣੀਆਂ ਅਸਥਾਈ ਲੋੜਾਂ ਨੂੰ ਪੂਰਾ ਕਰਨ ਲਈ ਲੋੜੀਂਦਾ ਬਿਜਲੀ ਕੁਨੈਕਸ਼ਨ ਜਿਵੇਂ ਕਿ : –

(i) ਰਿਹਾਇਸ਼ੀ, ਵਪਾਰਕ ਅਤੇ ਉਦਯੋਗਿਕ ਕੰਪਲੈਕਸਾਂ ( complexes ) ਦੀ ਉਸਾਰੀ ਲਈ, ਇਸ ਵਿੱਚ ਪਾਣੀ ਕੱਢਣ ਲਈ ਪੰਪ ਵੀ ਸ਼ਾਮਲ ਹਨ ;

(ii) ਤਿਉਹਾਰਾਂ / ਪਰਿਵਾਰਿਕ ਸਮਾਰੋਹਾਂ ( functios ) ਦੌਰਾਨ ਰੌਸ਼ਨੀ ਲਈ ;

(iii) ਖੇਤੀਬਾੜੀ ਪੰਪਸੈੱਟਾਂ ਤੋਂ ਬਿਨਾਂ ਥਰੈਸ਼ਰਾਂ ਜਾਂ ਹੋਰ ਦੂਜੀ ਮਸ਼ੀਨਰੀ ਲਈ ;

(iv) ਟੂਰਿੰਗ ( touring ) ਸਿਨੇਮਾ / ਥੀਏਟਰ / ਸਰਕਸਾਂ / ਨੁਮਾਇਸ਼ਾਂ / ਪ੍ਰਦਰਸ਼ਨੀਆਂ / ਮੇਲਿਆਂ / ਸਮਾਰੋਹਾਂ ਲਈ ;

(ੜਪ) **"ਬਿਜਲੀ ਦੀ ਚੋਰੀ"** ਦਾ ਉਹੀ ਭਾਵ ਹੈ ਜੋ ਐਕਟ ਦੀ ਧਾਰਾ 135 ਅਧੀਨ ਇਸ ਨੂੰ ਦਿੱਤਾ ਗਿਆ ਹੈ ;

(ੜਫ) **"ਬਿਜਲੀ ਦੀ ਅਣਅਧਿਕਾਰਿਤ ਵਰਤੋਂ"** ਦਾ ਉਹੀ ਭਾਵ ਹੈ ਜੋ ਐਕਟ ਦੀ ਧਾਰਾ 126 ਅਧੀਨ ਇਸ ਨੂੰ ਦਿੱਤਾ ਗਿਆ ਹੈ ;

(ਙਬ) ਇਥੇ ਵਰਤੇ ਗਏ ਸ਼ਬਦ ਅਤੇ ਵਿਆਖਿਆਵਾਂ ਅਤੇ ਜੋ ਵਿਸ਼ੇਸ਼ ਰੂਪ ਵਿੱਚ ਪ੍ਰਭਾਸ਼ਿਤ ਨਹੀਂ ਕੀਤੇ ਗਏ ਉਹਨਾਂ ਦੇ ਉਹੀ ਅਰਥ ਹਨ ਜੋ ਐਕਟ ਵਿੱਚ ਦਿੱਤੇ ਗਏ ਹਨ।

## 3. ਪੜਚੋਲ ਪੈਨਲ ਅਤੇ ਸਪਲਾਈ ਕੋਡ ਵਿੱਚ ਸੋਧ

### 3.1 ਪੜਚੋਲ ਪੈਨਲ ਦੀ ਸਥਾਪਨਾ :

ਕਮਿਸ਼ਨ ਸਪਲਾਈ ਕੋਡ ਪੜਚੋਲ ਪੈਨਲ ( ਜਿਸ ਨੂੰ ਇਸ ਤੋਂ ਮਗਰੋਂ ਪੈਨਲ ਕਿਹਾ ਜਾਵੇਗਾ ) ਨੂੰ ਸਥਾਪਿਤ ਕਰੇਗਾ, ਜਿਸ ਵਿੱਚ ਹੇਠ ਲਿਖੇ ਮੈਂਬਰ ਸ਼ਾਮਲ ਹੋਣਗੇ : –

(ੳ) ਇਸ ਦੇ ਚੇਅਰਪਰਸਨ ਦੁਆਰਾ ਨਾਮਜ਼ਦ ਕੀਤਾ ਗਿਆ ਕਮਿਸ਼ਨ ਦਾ ਮੈਂਬਰ ਪੈਨਲ ਦਾ ਪਦਵੀ ਕਾਰਣ (Ex-officio) ਚੇਅਰਪਰਸਨ ਹੋਵੇਗਾ।

(ਅ) ਰਾਜ ਸਰਕਾਰ ਦਾ ਇਕ ਪ੍ਰਤਿਨਿਧ

(ੲ) ਇਕ ਮੁੱਖ ਇੰਜੀਨੀਅਰ / ਜਨਰਲ ਮੈਨੇਜਰ ਜਾਂ ਰਾਜ ਵਿੱਚ ਸੰਚਾਲਨ ਕਰ ਰਹੇ ਹਰੇਕ ਵੰਡ ਲਾਇਸੈਂਸੀ ਦੇ ਸਮਾਨ ਪੱਧਰ ਦਾ ਪ੍ਰਤਿਨਿਧ।

(ਸ) ਇਕ ਮੁੱਖ ਇੰਜੀਨੀਅਰ / ਜਨਰਲ ਮੈਨੇਜਰ ਜਾਂ ਰਾਜ ਸੰਚਾਰਣ ਜਨ-ਉਪਯੋਗੀ ਸੇਵਾਵਾਂ (STU) ਅਤੇ ਰਾਜ ਵਿੱਚ ਸੰਚਾਲਨ ਕਰ ਰਹੇ ਹਰ ਇਕ ਸੰਚਾਰਣ ਲਾਇਸੈਂਸੀ ਦੇ ਸਮਾਨ ਪੱਧਰ ਦਾ ਪ੍ਰਤਿਨਿਧ।

(ਹ) ਰਾਜ ਲੋਡ ਡਿਸਪੈਚ ਸੈਂਟਰ ( SLDC ) ਦਾ ਇਕ ਪ੍ਰਤਿਨਿਧ, ਜੇਕਰ ਰਾਜ ਲੋਡ ਡਿਸਪੈਚ ਸੈਂਟਰ ( ਐਸ. ਐਲ. ਡੀ. ਸੀ. ) ਐਕਟ ਦੀ ਧਾਰਾ 31 (2) ਵਿੱਚ ਚਿੰਤਨ ਕੀਤੇ ਗਏ ਅਨੁਸਾਰ ਇਕ ਵੱਖਰੀ ਕੰਪਨੀ ਹੈ ਜਾਂ ਇਕ ਅਥਾਰਟੀ ਜਾਂ ਕਾਰਪੋਰੇਸ਼ਨ ਹੈ ।

(ਕ) ਖਪਤਕਾਰਾਂ ਦੀਆਂ ਵੱਖ ਵੱਖ ਕੈਟਾਗਰੀਆਂ ਦੀ, ਜਿਥੋਂ ਤੱਕ ਸੰਭਵ ਹੋਵੇ, ਨੁਮਾਇੰਦਗੀ ਕਰ ਰਹੇ, ਕਮਿਸ਼ਨ ਦੁਆਰਾ ਨਾਮਜ਼ਦ ਕੀਤੇ ਜਾਣ ਵਾਲੇ ਖਪਤਕਾਰਾਂ ਦੇ ਪ੍ਰਤਿਨਿਧ ਜੋ ਸਤ (7) ਤੋਂ ਵੱਧ ਨਹੀਂ ਹੋਣਗੇ।

(ਖ) ਕਮਿਸ਼ਨ ਦਾ ਸਕੱਤਰ ਪਦਵੀ ਕਾਰਨ ਮੈਂਬਰ ਹੋਵੇਗਾ।

(ਗ) ਪੈਨਲ ਦਾ ਸਕੱਤਰ ਕਮਿਸ਼ਨ ਦੇ ਚੇਅਰਪਰਸਨ ਦੁਆਰਾ ਨਾਮਜ਼ਦ ਕੀਤਾ ਗਿਆ ਕਮਿਸ਼ਨ ਦਾ ਇਕ ਅਫਸਰ ਹੋਵੇਗਾ।

## 3.2 ਪੈਨਲ ਦੇ ਕਾਰਜ ( ਫੰਕਸ਼ਨ ) :

ਪੈਨਲ 6 ਮਹੀਨਿਆਂ ਵਿੱਚ ਘੱਟੋ ਘੱਟ ਇਕ ਵਾਰ ਮਿਲਿਆ ਕਰੇਗਾ ਅਤੇ ਨਿਮਨ ਦਰਜ ਕਾਰਜ ਨਿਭਾਏਗਾ :

(ੳ) ਸਪਲਾਈ ਕੋਡ ਦੀ ਪਾਲਣ ਕਰਨ ਸਬੰਧੀ ਲਾਇਸੈਂਸੀ, ਖਪਤਕਾਰਾਂ ਅਤੇ ਹੋਰ ਦੂਜੇ ਸਟੇਕਹੋਲਡਰਾਂ ( stakeholders ) ਦੇ ਵਿਚਾਰਾਂ ਨੂੰ ਵਿਚਾਰਨ ਲਈ ;

(ਅ) ਲਾਇਸੈਂਸੀਆਂ ਦੁਆਰਾ ਸਪਲਾਈ ਕੋਡ ਦੀ ਪਾਲਣਾ ਦਾ ਮੁਲਾਂਕਣ ਕਰਨ ਲਈ ;

(ੲ) ਖਪਤਕਾਰਾਂ ਦੇ ਹਿੱਤਾਂ ਦੀ ਸੁਰੱਖਿਆ ਕਰਨ ਲਈ ਅਤੇ ਜਨ-ਉਪਯੋਗੀ ਸੇਵਾਵਾਂ ਦੀ ਸਮੁੱਚੀ ਕਾਰਜ-ਕੁਸ਼ਲਤਾ ਨੂੰ ਮੋਨੀਟਰ ਕਰਨ ਲਈ ; ਅਤੇ

(ਸ) ਸਪਲਾਈ ਕੋਡ ਵਿੱਚ, ਜਿਥੇ ਕਿਤੇ ਲੋੜੀਂਦੀਆਂ ਹੋਣ, ਸੋਧਾਂ ਦੀ ਸਿਫਾਰਸ਼ ਕਰਨ ਲਈ।

## 3.3 ਸਪਲਾਈ ਕੋਡ ਦੀ ਪੜਚੋਲ ਕਰਨ ਦਾ ਢੰਗ :

3.3.1 ਸਪਲਾਈ ਕੋਡ ਵਿੱਚ ਸੋਧ ਦੀ ਮੰਗ ਕਰਨ ਵਾਲਾ ਲਾਇਸੈਂਸੀ, ਖਪਤਕਾਰ ਜਾਂ ਕੋਈ ਹੋਰ ਦੂਜਾ ਸਟੇਕਹੋਲਡਰ ਅਜਿਹੀ ਤਬਦੀਲੀ ਵਾਸਤੇ ਕਾਰਨਾਂ ਦਾ ਵਿਸ਼ੇਸ਼ ਤੌਰ ਤੇ ਜ਼ਿਕਰ ਕਰਦਿਆਂ ਪੈਨਲ ਦੇ ਸਕੱਤਰ ਨੂੰ ਲਿਖਤੀ ਰੂਪ ਵਿੱਚ ਤਜਵੀਜ਼ ਭੇਜੇਗਾ।

3.3.2 ਪੈਨਲ ਤਜਵੀਜ਼ ਕੀਤੀਆਂ ਗਈਆਂ ਸੋਧਾਂ ਉਤੇ ਆਪਣੇ ਵਿਚਾਰਾਂ ਨੂੰ ਅੰਤਮੀਕ੍ਰਿਤ ਕਰਨ ਮਗਰੋਂ, ਕਮਿਸ਼ਨ ਨੂੰ ਉਚਿਤ ਸਿਫਾਰਸ਼ਾਂ ਕਰੇਗਾ।

3.3.3 ਕਮਿਸ਼ਨ ਵਿਨਿਯਮ 3.5 ਵਿੱਚ ਉਲੇਖ ਕੀਤੀ ਗਈ ਕਾਰਜਵਿਧੀ ਨੂੰ ਅਪਣਾਉਣ ਮਗਰੋਂ ਸੰਸ਼ੋਧਨ ਸਹਿਤ ਜਾਂ ਰਹਿਤ ਸੋਧਾਂ ਨੂੰ ਪ੍ਰਵਾਨ ਕਰ ਸਕਦਾ ਹੈ।

## 3.4 ਪੈਨਲ ਦੇ ਗੈਰ ਸਰਕਾਰੀ ਮੈਂਬਰਾਂ ਨੂੰ ਮਿਹਨਤਾਨਾ ਅਤੇ ਸਫਰੀ ਭੱਤਾ :

ਖਪਤਕਾਰਾਂ ਦੇ ਪ੍ਰਤਿਨਿਧ ਮਿਹਨਤਾਨੇ ( ਸਫਰੀ ਭੱਤਾ ਅਤੇ / ਜਾਂ ਬੈਠਣ ਫੀਸ ) ਦੇ ਹੱਕਦਾਰ ਹੋਣਗੇ ਜਿਵੇਂ ਕਿ ਕਮਿਸ਼ਨ ਦੁਆਰਾ ਪ੍ਰਵਾਨ ਕੀਤੇ ਜਾਣ।

## 3.5 ਸਪਲਾਈ ਕੋਡ ਵਿੱਚ ਸੋਧ :

3.5.1 ਕਮਿਸ਼ਨ ਆਪਣੇ ਤੌਰ ਤੇ ਜਾਂ ਪਟੀਸ਼ਨ ਰਾਹੀਂ ਜਾਂ ਪੈਨਲ ਦੀਆਂ ਸਿਫਾਰਸ਼ਾਂ ਉਤੇ ਸਪਲਾਈ ਕੋਡ ਵਿੱਚ ਸੋਧ ਕਰ ਸਕਦਾ ਹੈ। ਪਰੰਤੂ ਕੋਈ ਵੀ ਸੋਧ ਕਰਨ ਤੋਂ ਪਹਿਲਾਂ ਜਨਤਾ, ਖਪਤਕਾਰਾਂ, ਰਾਜ ਸਰਕਾਰ ਅਤੇ ਹੋਰ ਦੂਜੇ ਸਟੇਕ ਹੋਲਡਰਾਂ ਦੇ ਵਿਚਾਰ ਮੰਗੇ ਜਾਣਗੇ।

3.5.2 ਸਪਲਾਈ ਕੋਡ ਵਿੱਚ ਸੋਧਾਂ ਨੂੰ ਰਾਜ ਦੇ ਸਰਕਾਰੀ ਗਜ਼ਟ ਵਿੱਚ ਅਧਿਸੂਚਿਤ ਕੀਤਾ ਜਾਵੇਗਾ ਅਤੇ ਕਮਿਸ਼ਨ ਦੀ ਵੈਬਸਾਈਟ ਉਤੇ ਵੀ ਪਾਇਆ ਜਾਵੇਗਾ।

3.5.3 ਵੰਡ ਲਾਇਸੈਂਸੀ ਆਪਣੀ ਵੈਬਸਾਈਟ ਉਤੇ ਦਫਤਰੀ ਗਜ਼ਟ ਵਿੱਚ ਸੋਧਾਂ ਨੂੰ ਅਧਿਸੂਚਿਤ ਕਰੇਗਾ ਅਤੇ ਅਧਿਸੂਚਿਤ ਕੀਤੇ ਦਫਤਰਾਂ ਵਿੱਚ ਸੋਧਾਂ ਨੂੰ ਪ੍ਰਦਰਸ਼ਿਤ ਕਰਨ ਤੋਂ ਇਲਾਵਾ, ਸਪਲਾਈ ਦੇ ਆਪਣੇ ਖੇਤਰ ਵਿੱਚ ਵਿਆਪਕ ਸਰਕੂਲੇਸ਼ਨ ਵਾਲੀਆਂ ਘੱਟ ਤੋਂ ਘੱਟ ਦੋ ਅਖਬਾਰਾਂ ਵਿੱਚ ਪ੍ਰਚਾਰ ਦਾ ਪ੍ਰਬੰਧ ਵੀ ਕਰੇਗਾ।

# ਅਧਿਆਇ II

## ਸਪਲਾਈ ਦਾ ਸਿਸਟਸ, ਖਪਤਕਾਰਾਂ ਦਾ ਵਰਗੀਕਰਣ ਅਤੇ ਕੁਨੈਕਟਿਡ ਲੋਡ

### 4. ਸਪਲਾਈ ਦਾ ਸਿਸਟਸ ਅਤੇ ਸਪਲਾਈ ਵੋਲਟੇਜ਼

4.1 ਪਰਤਵੀਂ ( alternating ) ਕਰੰਟ ਸਪਲਾਈ ਦੀ ਆਵ੍ਰਿਤੀ ( frequency ) 50 ਚੱਕਰ (cycle ) ਪ੍ਰਤੀ ਸਕਿੰਟ ਹੋਵੇਗੀ। ਵੋਲਟਤਾ ਅਤੇ ਆਵ੍ਰਿਤੀ ਨੂੰ ਸਮੇਂ ਸਮੇਂ ’ਤੇ ਕੇਂਦਰੀ ਸਰਕਾਰ ਜਾਂ ਕੇਂਦਰੀ ਬਿਜਲੀ ਅਥਾਰਟੀ ਦੁਆਰਾ ਬਣਾਏ ਗਏ ਸਬੰਧਤ ਨਿਯਮਾਂ / ਵਿਨਿਯਮਾਂ ਵਿੱਚ ਨਿਰਧਾਰਿਤ ਕੀਤੀ ਗਈ ਰੇਂਜ ਦੇ ਅੰਦਰ ਅੰਦਰ ਰੱਖਿਆ ਜਾਵੇਗਾ।

**4.2 ਸਪਲਾਈ ਵੋਲਟਤਾ :**

ਵੱਖ ਵੱਖ ਲੋਡਾਂ / ਮੁਆਇਦਾ ਮੰਗ ਲਈ ਸਪਲਾਈ ਦੀ ਵੋਲਟਤਾ ਨਿਮਨ ਅਨੁਸਾਰ ਹੋਵੇਗੀ : –

| ਲੜੀ ਨੰ: | ਸਪਲਾਈ ਵੋਲਟਤਾ | ਲੋਡ / ਖਪਤਕਾਰਾਂ ਦੀ ਸ਼੍ਰੇਣੀ |
|---|---|---|
| (i) | ਸਿੰਗਲ ਫੇਜ਼ 230 ਵੋ. ( ਫੇਜ਼ ਅਤੇ ਨਿਊਟ੍ਰਲ ਵਿਚਕਾਰ ) | • ਘ.ਸ./ ਗੈ. ਰਿ. ਸ. ਲੋਡ 7 ਕਿ. ਵਾ. ਤੋਂ ਵਧੀਕ ਨਹੀਂ ( ਸਮੇਤ ਮੋਟਿਵ ਲੋਡ ਜੋ 2 ਬੀ ਐਚ ਪੀ ਤੋਂ ਵਧੀਕ ਨਹੀਂ ਹੋਵੇਗਾ )<br>• ਜਨਰਲ ਲੋਡ ਸਮੇਤ ਉਦਯੋਗਿਕ ਲੋਡ ਖਪਤਕਾਰ ਦੀ ਚੋਣ ’ਤੇ ਜੋ 7 ਕਿ. ਵਾ. ਤੋਂ ਵਧੀਕ ਨਹੀਂ ਹੋਵੇਗਾ।<br>• ਖੇ. ਬਾ. ਲੋਡ ਜੋ 2 ਬੀ. ਐਚ. ਪੀ. ਤੋਂ ਵਧੀਕ ਨਹੀਂ ਹੋਵੇਗਾ।<br>• ਗਲੀ ਪ੍ਰਕਾਸ਼ ਲੋਡ ਜੋ 7 ਕਿ. ਵਾ. ਤੋਂ ਵਧੀਕ ਨਹੀਂ ਹੋਵੇਗਾ। |
| (ii) | ਤਿੰਨ ਫੇਜ਼ 400 ਵੋ. ( ਫੇਜਾਂ ਵਿਚਕਾਰ ) | • 7 ਕਿ. ਵਾ. ਤੋਂ ਵਧੀਕ ਘ.ਸ. / ਗੈ. ਰਿ. ਸ. ਲੋਡ ਜਾਂ 2 ਬੀ. ਐਚ. ਪੀ. ਤੋਂ ਵਧੀਕ ਮੋਟਿਵ ਲੋਡ ਪਰੰਤੂ ਜੋ 100 ਕਿ. ਵਾ. ਤੋਂ ਵਧੀਕ ਨਹੀਂ ਹੋਵੇਗਾ।<br>• ਜਨਰਲ ਲੋਡ / ਮੰਗ ਸਮੇਤ ਉਦਯੋਗਿਕ ਲੋਡ (ਉਪਰੋਕਤ (i) ਦੇ ਅੰਤਰਗਤ ਆਉਂਦੇ ਤੋਂ ਹੋਰਵੇਂ ) ਜੋ 100 ਕਿ. ਵਾ./ 100 ਕੇ. ਵੀ. ਏ. ਤੋਂ ਵਧੀਕ ਨਹੀਂ ਹੋਵੇਗਾ।<br>• ਮੁਆਇਦਾ ਮੰਗ ਸਮੇਤ ਬਲਕ ਸਪਲਾਈ ਲੋਡ ਜੋ 100 ਕੇ. ਵੀ. ਏ. ਤੋਂ ਵਧੀਕ ਨਹੀਂ ਹੋਵੇਗਾ।<br>• 2 ਬੀ. ਐਚ. ਪੀ. ਤੋਂ ਵਧੀਕ ਏ. ਪੀ. ਲੋਡ / ਏ. ਪੀ. ਉਚ ਤਕਨਾਲੋਜੀ ਲੋਡ ਜੋ 100 ਕਿ. ਵਾ. ਤੋਂ ਵਧੀਕ ਨਹੀਂ ਹੋਵੇਗਾ।<br>• ਗਲੀ ਪ੍ਰਕਾਸ਼ ਲੋਡ ਜੋ 7 ਕਿ. ਵਾ. ਤੋਂ ਵੱਧ ਪਰੰਤੂ 100 ਕਿ. ਵਾ. ਤੋਂ ਵਧੀਕ ਨਹੀਂ ਹੋਵੇਗਾ।<br>**ਨੋਟ** : – 10 ਕਿ. ਵਾ. ਤੱਕ ਲੋਡ ਵਾਲੇ 1.8.2012 ਅਨੁਸਾਰ ਮੌਜੂਦਾ ਘਰੇਲੂ ਖਪਤਕਾਰਾਂ ਨੂੰ ਜੇਕਰ ਉਹਨਾਂ ਦਾ ਲੋਡ ਵਿਨਿਯਮ 4.5 ਅਨੁਸਾਰ ਗਣਨ ਮਗਰੋਂ 7 ਕਿ. ਵਾ. ਤੋਂ ਵੱਧ ਕੱਢਿਆ ਗਿਆ ਹੈ ਤਾਂ |

| | | |
|---|---|---|
| | | ਉਹਨਾਂ ਨੂੰ ਸਿੰਗਲ ਫੇਜ਼ ਸਪਲਾਈ ਜਾਂ ਤਿੰਨ ਫੇਜ਼ ਸਪਲਾਈ ਰੱਖਣ ਦੀ ਚੋਣ ਹੋਵੇਗੀ। |
| (iii) | ਤਿੰਨ ਫੇਜ਼ 11 ਕੇ. ਵੀ.<br>( ਫੇਜ਼ਾਂ ਵਿਚਕਾਰ ) | • ਮੁਆਇਦਾ ਮੰਗ ਸਹਿਤ ਵਿਨਿਯਮ 6.6.2 ਅਧੀਨ ਕਰੰਟ ਦੇ ਵੇਗ ਨੂੰ ਦਬਾਉਣ ਲਈ ਵਿਸ਼ਿਸ਼ਟ ਸੁਰੱਖਿਆ ਸਿਸਟਮ ਰੱਖਣ ਵਾਲੇ ਆਰਕ ਫਰਨੈੱਸ ਲੋਡ ਅਤੇ ਹੋਰ ਦੂਜੇ ਲਾਰਜ ਸਪਲਾਈ ਖਪਤਕਾਰ (ਜਨਰਲ ਅਤੇ ਪਾਵਰ ਤੀਖਣ ਉਦਯੋਗ ) ਅਤੇ ਉਦਯੋਗਿਕ ਮਿਲਖਾਂ ਨੂੰ ਇਕਹਿਰਾ ਪੁਆਇੰਟ ਸਪਲਾਈ ਜੋ 2500 ਕੇ. ਵੀ. ਏ. ਤੋਂ ਵਧੀਕ ਨਹੀਂ ਹੋਵੇਗੀ।<br>• 100 ਕਿ. ਵਾ. / ਕੇ. ਵੀ. ਏ. ਤੋਂ ਵਧੀਕ ਵਾਲੇ ਘ.ਸ. / ਗੈ. ਰਿ. ਸ. / ਬਲਕ ਸਪਲਾਈ ਲੋਡ ਪਰੰਤੂ ਮੁਆਇਦਾ ਮੰਗ ਸਹਿਤ ਜੋ 4000 ਕੇ. ਵੀ. ਏ. ਤੋਂ ਵਧੀਕ ਨਾ ਹੋਵੇਗੀ।<br>• ਵਿਨਿਯਮ 6.6.1 ਅਤੇ 6.6.2 ਅਧੀਨ ਇਕਹਿਰਾ ਪੁਆਇੰਟ ਸਪਲਾਈ ਤਹਿਤ ਰਿਹਾਇਸ਼ੀ / ਹਾਊਸਿੰਗ / ਕਲੋਨੀਆਂ ਦੇ ਨਿਯੋਜਕਾਂ / ਵਪਾਰਕ ਕੰਪਲੈਕਸਾਂ ਨੂੰ ਮੁਆਇਦਾ ਮੰਗ ਸਹਿਤ ਜੋ 4000 ਕੇ. ਵੀ. ਏ. ਤੋਂ ਵਧੀਕ ਨਹੀਂ ਹੋਵੇਗੀ।<br>• 100 ਕਿ. ਵਾ. ਤੋ ਵਧੀਕ ਲੋਡ ਸਹਿਤ ਖੇ. ਬਾ. ਪੰ. ਉਚ ਤਕਨਾਲੋਜੀ ਸਪਲਾਈ |
| (iv) | ਨੇੜਲੇ ਫੀਡਿੰਗ ਸਬ/ਸਟੇਸ਼ਨ ’ਤੇ ਵੋਲਟੇਜ਼ ਦੀ ਉਪਲਬਧਤਾ ਅਨੁਸਾਰ ਤਿੰਨ ਫੇਜ਼ 33/66 ਕੇ. ਵੀ.<br>( ਫੇਜ਼ਾਂ ਵਿਚਕਾਰ ) | • ਆਰਕ ਫਰਨੈੱਸ ਲੋਡ ( ਉਪਰੋਕਤ (iii) ਦੇ ਅੰਤਰਗਤ ਆਉਂਦੇ ਤੋਂ ਹੋਰਵੇਂ ) ਜੋ 20 ਐਮ. ਵੀ. ਏ ਤੋਂ ਵਧੀਕ ਨਹੀਂ ਹੋਵੇਗੀ।<br>• ਵਿਨਿਯਮ 6.6.2 ਅਧੀਨ ਲਾਰਜ ਸਪਲਾਈ ਖਪਤਕਾਰਾਂ ਅਤੇ ਉਦਯੋਗਿਕ ਅਸਟੇਟਸ ਨੂੰ ਇਕਹਿਰਾ ਪੁਆਇੰਟ ਸਪਲਾਈ ’ਤੇ ਮੁਆਇਦਾ ਮੰਗ ਸਹਿਤ ਜੋ 2500 ਕੇ. ਵੀ. ਏ. ਤੋਂ ਵਧੀਕ ਪਰੰਤੂ 20 ਐਮ. ਵੀ. ਏ. ਤੋਂ ਵਧੀਕ ਨਹੀਂ।<br>• ਵਿਨਿਯਮ 6.6.1 ਅਤੇ 6.6.2 ਅਧੀਨ ਰਿਹਾਇਸ਼ੀ / ਹਾਊਸਿੰਗ / ਕਲੋਨੀਆਂ ਦੇ ਨਿਯੋਜਕਾਂ / ਵਪਾਰਕ ਕੰਪਲੈਕਸਾਂ ਨੂੰ ਇਕਹਿਰਾ ਫੇਜ਼ ਸਪਲਾਈ ਸਹਿਤ ਘ.ਸ. / ਗੈ. ਰਿ. ਸ. / ਬਲਕ ਸਪਲਾਈ ਲੋਡ ਪਰੰਤੂ ਮੁਆਇਦਾ ਮੰਗ ਸਮੇਤ 4000 ਕੇ. ਵੀ. ਏ. ਤੋਂ ਵੱਧ ਪਰੰਤੂ 20 ਐਮ. ਵੀ. ਏ. ਤੋਂ ਵਧੀਕ ਨਹੀਂ। |
| (v) | ਨੇੜਲੇ ਫੀਡਿੰਗ ਸਬ/ਸਟੇਸ਼ਨ ’ਤੇ ਵੋਲਟੇਜ਼ ਦੀ ਉਪਲਬਧਤਾ ਅਨੁਸਾਰ ਤਿੰਨ ਫੇਜ਼ 66/132 ਕੇ. ਵੀ.<br>( ਫੇਜ਼ਾਂ ਵਿਚਕਾਰ ) | • ਸਾਰੇ ਖਪਤਕਾਰ ( ਰੇਲਵੇ ਟ੍ਰੈਕਸ਼ਨ ਤੋਂ ਛੁੱਟ ) ਮੁਆਇਦਾ ਮੰਗ ਸਹਿਤ 20 ਐਮ. ਵੀ. ਏ ਤੋਂ ਵਧੀਕ ਪਰੰਤੂ 35 ਐਮ. ਵੀ. ਏ. ਤੋਂ ਵਧੀਕ ਨਹੀਂ। |
| (vi) | ਨੇੜਲੇ ਫੀਡਿੰਗ ਸਬ/ਸਟੇਸ਼ਨ ’ਤੇ ਵੋਲਟੇਜ਼ ਦੀ ਉਪਲਬਧਤਾ ਅਨੁਸਾਰ ਤਿੰਨ ਫੇਜ਼ | • ਸਾਰੇ ਖਪਤਕਾਰ ( ਰੇਲਵੇ ਟ੍ਰੈਕਸ਼ਨ ਤੋਂ ਛੁੱਟ ) 35 ਐਮ. ਵੀ. ਏ. ਤੋਂ ਵਧੀਕ ਮੁਆਇਦਾ ਮੰਗ ਸਹਿਤ। |

| | | |
|---|---|---|
| | 132/220 ਕੇ. ਵੀ.<br>( ਫੇਜ਼ਾਂ ਵਿਚਕਾਰ ) | |
| (vii) | ਨੇੜਲੇ ਫੀਡਿੰਗ ਸਬ /ਸਟੇਸ਼ਨ 'ਤੇ ਵੋਲਟੇਜ਼ ਦੀ ਉਪਲਬਧਤਾ ਅਨੁਸਾਰ ਇਕਹਿਰਾ / ਦੋ / ਤਿੰਨ ਫੇਜ਼ 132/220 ਕੇ. ਵੀ.<br>( ਫੇਜ਼ਾਂ ਵਿਚਕਾਰ ) | • ਰੇਲਵੇ ਟ੍ਰੈਕਬਨ ਸਪਲਾਈ ਖਪਤਕਾਰ |

4.2.1 ਵੰਡ ਲਾਇਸੈਂਸੀ ਸੁਨਿਸ਼ਚਿਤ ਕੀਤੀ ਗਈ ਵੋਲਟਤਾ 'ਤੇ ਹੀ ਕੇਵਲ ਨਵੇਂ ਕੁਨੈਕਸ਼ਨ ਜਾਂ ਅਤਿਰਿਕਤ ਲੋਡ / ਮੰਗ ਜਾਰੀ ਕਰੇਗਾ। ਜੇਕਰ ਨਿਰਧਾਰਿਤ ਵੋਲਟਤਾ 'ਤੇ ਨਵੇਂ ਕੁਨੈਕਸ਼ਨ ਜਾਂ ਅਤਿਰਿਕਤ ਲੋਡ / ਮੰਗ ਜਾਰੀ ਕਰਨ ਵਿੱਚ ਜਾਂ ਮੌਜੂਦਾ ਕਿਸੇ ਖਪਤਕਾਰ ਦੀ ਵੋਲਟਤਾ ਸਪਲਾਈ ਨੂੰ ਪਰਿਵਰਤਿਤ ਕਰਨ ਵਿੱਚ ਬੰਧਸ਼ (ਸ਼ਾਂ) ਆਉਂਦੀਆਂ ਹਨ ਤਾਂ ਸਮੇਂ ਸਮੇਂ 'ਤੇ ਸੋਧੇ ਗਏ ਅਨੁਸਾਰ ਟੈਰਿਫ ਦੀਆਂ ਆਮ ਸ਼ਰਤਾਂ ਵਿੱਚ ਨਿਸ਼ਚਿਤ ਕੀਤੇ ਗਏ ਅਨੁਸਾਰ ਸਰਚਾਰਜ ਦੀ ਅਦਾਇਗੀ ਦੀ ਸ਼ਰਤ ਅਧੀਨ ਘੱਟ ਵੋਲਟਤਾ 'ਤੇ ਸਪਲਾਈ ਦਿੱਤੀ ਜਾ ਸਕਦੀ ਹੈ / ਦਿੱਤੀ ਜਾਣੀ ਜਾਰੀ ਰੱਖੀ ਜਾ ਸਕਦੀ ਹੈ। ਪਰੰਤੂ ਸਰਚਾਰਜ ਲਾਉਣ ਤੋਂ ਛੋਟਾਂ ਨੂੰ ਟੈਰਿਫ ਦੀਆਂ ਆਮ ਸ਼ਰਤਾਂ ਵਿੱਚ ਉਪਬੰਧ ਕੀਤੇ ਗਏ ਅਨੁਸਾਰ ਜਾਰੀ ਰੱਖਿਆ ਜਾਵੇਗਾ।

## 4.3 ਸਮੂਹ ਸਬ-ਸਟੇਸ਼ਨ :

ਨਵੇਂ ਮੌਜੂਦਾ ਐਚ. ਟੀ. / ਈ. ਐਚ. ਟੀ ਖਪਤਕਾਰ ਜਿਹਨਾਂ ਦੀ ਕੁਲ ਮੁਆਇਦਾ ਮੰਗ 2500 ਕੇ. ਵੀ. ਏ. ਤੋਂ ਉਪਰ ਹੈ, ਉਹ ਉਹਨਾਂ ਦੁਆਰਾ ਮਲਕੀਅਤੀ ਅਤੇ ਸਾਂਭ-ਸੰਭਾਲ ਕੀਤੇ ਜਾਣ ਲਈ ਸੰਯੁਕਤ ਰੂਪ ਵਿੱਚ ਇੱਕ 33 ਕੇ. ਵੀ. ਜਾਂ ਉਚ ਵੋਲਟਤਾ ਦਾ ਸਮੂਹ ਸਬ-ਸਟੇਸ਼ਨ ਸੰਸਥਾਪਤ ਕਰ ਸਕਦੇ ਹਨ। ਬਿਜਲੀ ਦੀ ਸਪਲਾਈ ਉਪਰੋਕਤ ਵਿਨਿਯਮ 4.2 ਵਿੱਚ ਨਿਸ਼ਚਿਤ ਕੀਤੇ ਗਏ ਅਨੁਸਾਰ ਵੋਲਟਤਾ ਸਮੂਹ ਸਬ-ਸਟੇਸ਼ਨ ਨੂੰ ਵੰਡ ਲਾਇਸੈਂਸੀ ਦੁਆਰਾ ਮੁਹੱਈਆ ਕੀਤੀ ਜਾਵੇਗੀ, ਜੋ ਕਿ ਗਰੁਪ ਦੇ ਲੀਡਰ ਦੇ ਅਹਾਤੇ ਵਿੱਚ ਸਮੂਹ ਸਬ-ਸਟੇਸ਼ਨ ਦੀ ਮੰਨਜ਼ੂਰਸ਼ੁਦਾ ਮੁਆਇਦਾ ਮੰਗ ਉਤੇ ਆਧਾਰਤ ਹੋਵੇਗੀ ਅਤੇ ਫੀਡਿੰਗ ਗਰਿਡ ਸਬ-ਸਟੇਸ਼ਨ ਤੋਂ ਬੇਅ ਦੇ ਨਾਲ ਸਮੂਹ ਸਬ-ਸਟੇਸ਼ਨ ਤੱਕ ਐਚ. ਟੀ / ਈ. ਐਚ. ਟੀ. ਲਾਈਨ ਦੀ ਵਾਸਤਵਿਕ ਲਾਗਤ ਗਰੁਪ ਦਾ ਸੰਘਟਕ ਮੈਂਬਰ ( constituent member ) ਦੁਆਰਾ ਅਦਾ ਕੀਤੀ ਜਾਵੇਗੀ।

4.3.2 ਲਾਇਸੈਂਸੀ ਸਮੂਹ ਸਬ-ਸਟੇਸ਼ਨ ਦੀ ਅਤੇ ਸਮੂਹ ਸਬ-ਸਟੇਸ਼ਨ ਨਾਲ ਜੋੜੇ ਗਏ ਵਿਅਕਤੀਗਤ ਖਪਤਕਾਰਾਂ ਦੀ ਮੁਆਇਦਾ ਮੰਗ ਮੰਨਜ਼ੂਰ ਕਰੇਗਾ ਬਸ਼ਰਤੇ ਸਮੂਹ ਦੀ ਮੁਆਇਦਾ ਮੰਗ ਗਰੁਪ ਦੇ ਸੰਘਟਕ ਮੈਂਬਰਾਂ ਦੀ ਮੰਨਜ਼ੂਰਸ਼ੁਦਾ ਮੰਗ ਦੇ ਕੁਲ ਜੋੜ ਤੋਂ ਘੱਟ ਨਹੀਂ ਹੋਵੇਗੀ। ਬਿਲਾਂ ਲਈ ਸਮੂਹ ਸਬ-ਸਟੇਸ਼ਨ ਦੀ ਕੇਵਲ ਮੁਆਇਦਾ ਮੰਗ ਨੂੰ ਗਿਣਿਆ ਜਾਵੇਗਾ।

4.3.3 33 ਕੇ. ਵੀ. ਜਾਂ ਉਚੇਰੀ ਵੋਲਟਤਾ 'ਤੇ ਰਿਕਾਰਡ ਕੀਤੀ ਗਈ ਖਪਤ ਦੇ ਆਧਾਰ ਉਤੇ ਸਪਲਾਈ ਦਾ ਬਿਜਲੀ ਖਰਚਿਆਂ ਲਈ ਬਿੱਲ ਬਣਾਇਆ ਜਾਵੇਗਾ ਜਿਸ ਵਿੱਚ ਐਮ. ਐਮ. ਸੀ. ਦੇ ਨਾਲ ਨਾਲ ਬਿਜਲੀ ਕਰ, ਚੂੰਗੀ, ਈਂਧਣ ਸਰਚਾਰਜ ਸ਼ਾਮਲ ਹੋਣਗੇ ਅਤੇ ਸਮੂਹ ਸਬ-ਸਟੇਸ਼ਨ 'ਤੇ ਹਰ ਇਕ ਖਪਤਕਾਰ ਦੇ 11 ਕੇ. ਵੀ. ਫੀਡਰ ਉਤੇ ਸੰਸਥਾਪਿਤ ਮੀਟਰ ਦੁਆਰਾ ਰਿਕਾਰਡ ਕੀਤੀ ਗਈ ਖਪਤ ਦੇ ਅਨੁਪਾਤ ਵਿੱਚ ਵਿਅਕਤੀਗਤ ਖਪਤਕਾਰ ਨੂੰ ਵੰਡਿਆ ਜਾਵੇਗਾ। ਲਾਇਸੈਂਸੀ ਸਪਲਾਈ ਕੋਡ ਦੇ ਵਿਨਿਯਮ 21 ਅਨੁਸਾਰ 11 ਕੇ. ਵੀ. ਮੀਟਰਾਂ ਸਮੇਤ ਸਾਰੇ ਮੀਟਰਾਂ ਨੂੰ ਸੰਸਥਾਪਿਤ, ਸੀਲ ਲਗਾਏਗਾ ਅਤੇ ਉਨ੍ਹਾਂ ਦੀ ਸਾਂਭ-ਸੰਭਾਲ ਕਰੇਗਾ।

4.3.4 ਸਿਖਰ ਲੋਡ / ਹਫਤਾਵਾਰੀ ਬੰਦ ਵਾਲੇ ਦਿਨ ( off day ) ਦੀ ਉਲੰਘਣਾ ਦੰਡ, ਜੇਕਰ ਕੋਈ ਹੋਵੇ, ਹਰ ਇਕ ਖਪਤਕਾਰ ਦੇ 11 ਕੇ. ਵੀ. ਫੀਡਰ ਉਤੇ ਰਿਕਾਰਡ ਕੀਤੀ ਗਈ ਪੜਤ (ਰੀਡਿੰਗ) ਦੇ ਆਧਾਰ ਉਤੇ ਵਿਅਕਤੀਗਤ ਖਪਤਕਾਰ ਨੂੰ ਲਾਇਆ ਜਾਵੇਗਾ।

4.3.5 ਜੇਕਰ ਸਮੂਹ ਸਬ-ਸਟੇਸ਼ਨ ਦੀ ਅਧਿਕਤਮ ਮੰਗ ਇਸ ਦੀ ਮੰਨਜ਼ੂਰਸ਼ੁਦਾ ਮੁਆਇਦਾ ਮੰਗ ਤੋਂ ਵੱਧ ਜਾਂਦੀ ਹੈ ਤਦ ਮੰਗ ਸਰਚਾਰਜ ਟੈਰਿਫ ਦੀਆਂ ਆਮ ਸ਼ਰਤਾਂ ਅਨੁਸਾਰ ਲਾਇਆ ਜਾਵੇਗਾ ਅਤੇ ਮਹੀਨੇ ਦੌਰਾਨ ਮੰਨਜ਼ੂਰਸ਼ੁਦਾ ਮੁਆਇਦਾ ਮੰਗ ਤੋਂ ਉਪਰ ਰਿਕਾਰਡ ਕੀਤੀ ਗਈ ਅਧਿਕਤਮ ਮੰਗ ਦੇ ਅਨੁਸਾਰ ਵਧੀਕ ਉਹਨਾਂ ਦੀ ਮੰਨਜ਼ੂਰਸ਼ੁਦਾ ਮੁਆਇਦਾ ਮੰਗ ਨੂੰ ਸੰਘਟਕ ਖਪਤਕਾਰਾਂ ਵਿੱਚ ਵੰਡ ਦਿੱਤਾ ਜਾਵੇਗਾ।

4.3.6 ਗਰੁਪ ਦੇ ਸਾਰੇ ਖਪਤਕਾਰ ਸਮੂਹ ਸਬ-ਸਟੇਸ਼ਨ ਤੋਂ ਸਪਲਾਈ ਲੈ ਰਹੇ ਖਪਤਕਾਰਾਂ ਨੂੰ ਲਾਗੂ ਹੋਣ ਯੋਗ ਸ਼ਰਤਾਂ ਦਾ ਪਾਲਣ ਕਰਨ ਲਈ ਵੰਡ ਲਾਇਸੈਂਸੀ ਦੁਆਰਾ ਨਿਰਧਾਰਿਤ ਪ੍ਰਫਾਰਮੇ ਉਤੇ ਸੰਯੁਕਤ ਰੂਪ ਵਿੱਚ ਇਕ ਇਕਰਾਰਨਾਮਾ ਤਾਮੀਲ ਕਰਨਗੇ।

4.3.7 ਹਰੇਕ ਖਪਤਕਾਰ ਨੂੰ ਉਸ ਵੋਲਟਤਾ ਤੇ ਜੋੜਿਆ ( connected ) ਜਾਣਾ ਸਮਝਿਆ ਜਾਵੇਗਾ ਜਿਸ 'ਤੇ ਸਪਲਾਈ ਸਮੂਹ ਸਬ-ਸਟੇਸ਼ਨ ਨੂੰ ਮੁਹੱਈਆ ਕੀਤੀ ਜਾਂਦੀ ਹੈ ਅਤੇ ਸਮੂਹ ਸਬ-ਸਟੇਸ਼ਨ ਦੇ ਹਰ ਇਕ ਸੰਘਟਕ ਮੈਂਬਰ ਨੂੰ ਵੱਖਰਾ ਬਿਲ ਜਾਰੀ ਕੀਤਾ ਜਾਵੇਗਾ।

4.3.8 ਸਮੂਹ ਸਬ-ਸਟੇਸ਼ਨ ਤੋਂ ਵਿਅਕਤੀਗਤ ਸੰਘਟਕ ਖਪਤਕਾਰ ਤੱਕ ਸਾਰੇ 11 ਕੇ. ਵੀ. ਫੀਡਰਾਂ ਦੀ ਉਸਾਰੀ ( erection ) ਦੀ ਜ਼ਿੰਮੇਵਾਰੀ ਸਬੰਧਤ ਖਪਤਕਾਰ ਦੀ ਹੋਵੇਗੀ । ਪਰੰਤੂ ਕਾਰਜ ਲਾਇਸੈਂਸੀ ਦੁਆਰਾ ਕੀਤਾ ਜਾ ਸਕਦਾ ਹੈ ਜੇਕਰ ਸੰਘਟਕ ਮੈਂਬਰਾਂ ਦੁਆਰਾ ਜਮ੍ਹਾਂ ( deposit ) ਕਾਰਜ ਵਜੋਂ ਆਪਣੀ ਲਾਗਤ 'ਤੇ ਇਸ ਤਰ੍ਹਾਂ ਬੇਨਤੀ ਕੀਤੀ ਗਈ ਹੋਵੇ। ਇਹਨਾਂ ਫੀਡਰਾਂ ਦੇ ਸੰਚਾਲਣ ਅਤੇ ਸਾਂਭ-ਸੰਭਾਲ ਦੀ ਜ਼ਿੰਮੇਵਾਰੀ ਸੰਘਟਕ ਮੈਂਬਰਾਂ ਦੀ ਹੋਵੇਗੀ।

ਬਸ਼ਰਤੇ ਕਿ ਜਿਥੇ ਵਿਅਕਤੀਗਤ ਸਮੂਹ ਸੰਘਟਕ ਮੈਂਬਰ (ਰਾਂ) ਲਈ 11 ਕੇ. ਵੀ. ਫੀਡਰ (ਰਾਂ) ਨੂੰ ਜਨਤਾ ਦੀ ਭੂਮੀ ਉਤੇ ਉਸਾਰੇ / ਲਾਏ ਜਾਣਾ ਲੋੜੀਂਦਾ ਹੈ / ਹਨ ਤਾਂ ਇਹ ਉਸ ਸੰਘਟਕ ਮੈਂਬਰ (ਰਾਂ) ਦੀ ਲਾਗਤ 'ਤੇ ਲਾਇਸੈਂਸੀ ਦੁਆਰਾ ਉਸਾਰੇ/ ਲਾਏ ਜਾਣਗੇ।

4.3.9 <u>ਸਮੂਹ ਸਬ-ਸਟੇਸ਼ਨ ਦੇ ਕੇਸ ਵਿੱਚ ਸਰਵਿਸ ਕੁਨੈਕਸ਼ਨ ਖਰਚੇ</u> :

ੳ) ਸਮੂਹ ਸਬ-ਸਟੇਸ਼ਨ ਦੇ ਸੰਘਟਕ ਮੈਂਬਰ ਫੀਡਿੰਗ ਸਬ ਸਟੇਸ਼ਨ 'ਤੇ ਬੇਅ ਸਹਿਤ ਐਚ. ਟੀ. / ਈ. ਐਚ. ਟੀ. ਲਾਈਨ ਦੀ ਲਾਗਤ ਦੀ ਅਦਾਇਗੀ ਸੰਯੁਕਤ ਰੂਪ ਵਿੱਚ ਕਰਨਗੇ ਅਤੇ ਸਮੂਹ ਦਾ ਲੀਡਰ ਸੰਘਟਕ ਮੈਂਬਰਾਂ ਦੀ ਤਰਫੋਂ ਪੂਰੀ ਰਕਮ ਜਮ੍ਹਾਂ ਕਰਵਾਉਣ ਵਾਸਤੇ ਜ਼ਿੰਮੇਵਾਰ ਹੋਵੇਗਾ।

(ਅ) ਜੇਕਰ ਕੋਈ ਸੰਘਟਕ ਮੈਂਬਰ ਮੁਆਇਦਾ ਮੰਗ ਵਿੱਚ ਵਿਸਤਾਰ ਦੀ ਮੰਗ ਕਰਦਾ ਹੈ ਅਤੇ ਅਜਿਹੀ ਮੰਗ ਐਚ. ਟੀ. / ਈ. ਐਚ. ਟੀ. ਲਾਈਨ ਦੀ ਬਿਨਾਂ ਕਿਸੇ ਵ੍ਰਿਧੀ (augmentation ) ਦੇ ਜਾਰੀ ਕੀਤੀ ਜਾ ਸਕਦੀ ਹੈ ਤਾਂ ਸਾਰੇ ਹੋਰ ਦੂਜੇ ਸੰਘਟਕ ਖਪਤਕਾਰਾਂ ਦੀ ਸਹਿਮਤੀ ਦੀ ਸ਼ਰਤ ਅਧੀਨ ਖਪਤਕਾਰ ਦੁਆਰਾ ਕੋਈ ਖਰਚੇ ਅਦਾਇਗੀ ਯੋਗ ਨਹੀਂ ਹੋਣਗੇ ਜਿਸ ਦੀ ਅਸਫਲਤਾ ਦੀ ਸੂਰਤ ਵਿੱਚ ਮੁਆਇਦਾ ਮੰਗ ਵਿੱਚ ਵਿਸਤਾਰ ਦੀ ਮੰਗ ਕਰ ਰਿਹਾ ਖਪਤਕਾਰ ਕੇਵਲ ਅਤਿਰਿਕਤ ਮੰਗ ਵਾਸਤੇ ਕਮਿਸ਼ਨ ਦੁਆਰਾ ਪ੍ਰਵਾਨ ਕੀਤੇ ਗਏ ਲਾਗਤ ਡੈਟੇ ਦੇ ਅਨੁਸਾਰ ਬੇਅ ਸਹਿਤ ਐਚ. ਟੀ. / ਈ. ਐਚ. ਟੀ. ਲਾਈਨ ਦੀ ਅਨੁਪਾਤਕ ਲਾਗਤ ਅਦਾ ਕਰੇਗਾ। 11 ਕੇ. ਵੀ.

ਲਾਈਨ ਵਿੱਚ ਕੋਈ ਵੀ ਵ੍ਰਿਧੀ ਖਪਤਕਾਰ ਦੀ ਲਾਗਤ 'ਤੇ ਕੀਤੀ ਜਾਵੇਗੀ ਅਤੇ ਸਪਲਾਈ ਕੋਡ ਦੇ ਵਿਨਿਯਮ 4.3.8 ਦੁਆਰਾ ਸ਼ਾਸ਼ਤ ਕੀਤੀ ਜਾਵੇਗੀ।

(ੲ) ਜੇਕਰ ਸੰਘਟਕ ਮੈਂਬਰ ਸਮੂਹ ਸਬ-ਸਟੇਸ਼ਨ ਤੋਂ ਨਵੇਂ ਕੁਨੈਕਸ਼ਨ ਦੀ ਮੰਗ ਕਰਦਾ ਹੈ ਤਾਂ ਅਜਿਹਾ ਕੁਨੈਕਸ਼ਨ ਸਾਰੇ ਮੌਜੂਦਾ ਸੰਘਟਕ ਖਪਤਕਾਰਾਂ ਦੀ ਸਹਿਮਤੀ ਨਾਲ ਸਮੂਹ ਸਬ-ਸਟੇਸ਼ਨ ਤੋਂ ਕੇਵਲ ਜਾਰੀ ਕੀਤਾ ਜਾਵੇਗਾ। ਜੇਕਰ ਅਜਿਹੀ ਮੰਗ ਐਚ. ਟੀ. / ਈ. ਐਚ. ਟੀ. ਲਾਈਨ ਦੀ ਬਿਨਾਂ ਕਿਸੇ ਵ੍ਰਿਧੀ ( augmentation ) ਦੇ ਜਾਰੀ ਕੀਤੀ ਜਾ ਸਕਦੀ ਹੈ ਤਾਂ ਨਵੇਂ ਕੁਨੈਕਸ਼ਨ ਦੀ ਮੰਗ ਕਰ ਰਹੇ ਖਪਤਕਾਰ ਦੁਆਰਾ ਕਮਿਸ਼ਨ ਦੁਆਰਾ ਪ੍ਰਵਾਨ ਕੀਤੇ ਗਏ ਲਾਗਤ ਡੈਟੇ ਦੇ ਅਨੁਸਾਰ ਬੇਅ ਸਹਿਤ ਐਚ. ਟੀ. / ਈ. ਐਚ. ਟੀ. ਲਾਈਨ ਦੀ ਅਨੁਪਾਤਕ ਲਾਗਤ ਲਾਇਸੈਂਸੀ ਨੂੰ ਅਦਾ ਜਾਣੀ ਲੋੜੀਂਦੀ ਹੋਵੇਗੀ ਅਤੇ 11 ਕੇ. ਵੀ. ਲਾਈਨ ਦੀ ਉਸਾਰੀ ਵਿਨਿਯਮ 4.3.8 ਵਿੱਚ ਉਪਬੰਧ ਕੀਤੇ ਅਨੁਸਾਰ ਕਰੇਗਾ। ਇਸ ਤਰ੍ਹਾਂ ਵਸੂਲ ਕੀਤੀ ਗਈ ਅਨੁਪਾਤਕ ਲਾਗਤ ਦੇ ਨਾਲ ਸਟੇਟ ਬੈਂਕ ਆਫ ਇੰਡੀਆ ਦੇ ਆਧਾਰ ਦਰ ( ਸਾਲਾਨਾ ਤੌਰ ਤੇ ਮਿਸ਼੍ਰਿਤ ) 'ਤੇ ਵਿਆਜ ਨੂੰ ਵੀ ਫੀਡਿੰਗ ਈ. ਐਚ. ਟੀ. ਲਾਈਨ, ਜਿਹੜੀ ਕਿ ਜੇਕਰ ਮੌਜੂਦਾ ਸੰਘਟਕ ਖਪਤਕਾਰ ਲੋਡ ਵਧਾਉਣ ਲਈ ਬੇਨਤੀ ਕਰਦਾ ਹੈ ਤਾਂ ਜ਼ਰੂਰਤ ਪੈ ਸਕਦੀ ਹੈ, ਦੀ ਵ੍ਰਿਧੀ ਵਾਸਤੇ ਕੀਤੇ ਗਏ ਕਿਸੇ ਵੀ ਖਰਚ ਵਿਰੁੱਧ ਸਮਾਧਾਨ ਕੀਤਾ ਜਾਵੇਗਾ। ਪਰੰਤੂ ਜੇਕਰ ਸਮੂਹ ਸਬ-ਸਟੇਸ਼ਨ ਦੀ ਵ੍ਰਿਧੀ ਲੋੜੀਂਦੀ ਹੈ ਤਦ ਨਵੇਂ ਖਪਤਕਾਰ ਸਮੇਤ ਸੰਘਟਕ ਮੈਂਬਰ ਉਹਨਾਂ ਦੀ ਆਪਣੀ ਲਾਗਤ 'ਤੇ ਸਮਰੱਥਾ ਦੀ ਵ੍ਰਿਧੀ ਕਰਵਾਉਣਗੇ ਕਿਉਂਕਿ ਸਮੂਹ ਸਬ-ਸਟੇਸ਼ਨ ਨੂੰ ਸੰਘਟਕ ਖਪਤਕਾਰਾਂ ਦੁਆਰਾ ਸੰਯੁਕਤ ਰੂਪ ਵਿੱਚ ਸੰਸਥਾਪਿਤ ਕੀਤਾ ਗਿਆ ਹੈ।

(ਸ) ਜੇਕਰ ਈ. ਐਚ. ਟੀ. ਲਾਈਨ ਦਾ ਵਰਧਨ ਉਪਰੋਕਤ (ਅ) ਅਨੁਸਾਰ ਅਤਿਰਿਕਤ ਮੰਗ ਦੇ ਜਾਰੀ ਕਰਨ ਲਈ ਜਾਂ ਉਪਰੋਕਤ ਵਿਨਿਯਮ (ੲ) ਅਨੁਸਾਰ ਨਵੇਂ ਕੁਨੈਕਸ਼ਨ ਦੇ ਜਾਰੀ ਕਰਨ ਵਾਸਤੇ ਲੋੜੀਂਦਾ ਹੈ ਤਾਂ ਸਮੁੱਚੀ ਲਾਗਤ ਸਮੂਹ ਦੇ ਸਬੰਧਤ ਖਪਤਕਾਰ ਦੁਆਰਾ ਬਰਦਾਸ਼ਤ ਕੀਤੀ ਜਾਵੇਗੀ ਅਤੇ ਗਰੁਪ ਦਾ ਲੀਡਰ ਸਾਰੇ ਖਰਚਿਆਂ ਨੂੰ ਜਮ੍ਹਾਂ ਕਰਾਉਣ ਨੂੰ ਯਕੀਨੀ ਬਣਾਉਣ ਵਾਸਤੇ ਜਿੰਮੇਵਾਰ ਹੋਵੇਗਾ।

4.3.10 ਕਿਸੇ ਵੀ ਸੰਘਟਕ ਖਪਤਕਾਰ ਦੀ ਤਰਫੋਂ ਕੋਈ ਕੁਤਾਹੀ (ਆਂ) ਹੋ ਜਾਣ ਦੀ ਸੂਰਤ ਵਿੱਚ, ਜਿਹੜੀ ਕਿ ਉਸਦੇ ਅਹਾਤੇ ਦੀ ਸਪਲਾਈ ਕੱਟਣ ( disconnection ) ਨੂੰ ਉਚਿਤ ਸਿਧ ਕਰਦੀ (ਆਂ) ਹੈ / ਹਨ, ਤਾਂ ਅਜਿਹੇ ਖਪਤਕਾਰ ਦੀ ਸਪਲਾਈ ਨੂੰ ਵਿਅਕਤੀਗਤ 11 ਕੇ. ਵੀ. ਫੀਡਰ ਅੱਡਰਾ ਕਰਦਿਆਂ ਕੁਨੈਕਸ਼ਨ ਕੱਟ ਦਿੱਤਾ ਜਾਵੇਗਾ।

4.3.11 ਜੇਕਰ ਕੋਈ ਸੰਘਟਕ ਖਪਤਕਾਰ (ਰਾਂ) ਨੂੰ ਬਿਜਲੀ ਦੀ ਅਣਅਧਿਕਾਰਿਤ ਵਰਤੋਂ ਜਾਂ ਬਿਜਲੀ ਦੀ ਚੋਰੀ ਕਰਦੇ ਪਾਇਆ ਗਿਆ ਤਾਂ ਅਜਿਹੇ ਸੰਘਟਕ ਖਪਤਕਾਰ (ਰਾਂ) ਨਾਲ ਸਪਲਾਈ ਕੋਡ ਦੇ ਵਿਨਿਯਮ 36 ਅਤੇ 37 ਅਨੁਸਾਰ ਨਜਿਠਿਆ ਜਾਵੇਗਾ।

4.3.12 ਜੇਕਰ ਕਿਸੇ ਵੀ ਸਮੇਂ, ਸਮੂਹ ਸਬ-ਸਟੇਸ਼ਨ ਦਾ ਸੰਘਟਕ ਖਪਤਕਾਰ ਉਸਦਾ ਆਪਣਾ 33 ਕੇ. ਵੀ. ਜਾਂ ਉਚ ਵੋਲਟਤਾ ਦਾ ਸਬ-ਸਟੇਸ਼ਨ ਉਸਾਰਨ ਵਾਸਤੇ ਚੋਣ ਕਰਦਾ ਹੈ ਤਾਂ ਇਸ ਦੀ ਤਕਨੀਕੀ ਸੰਭਵਤਾ ਦੀ ਸ਼ਰਤ ਅਧੀਨ ਇਜਾਜ਼ਤ ਦਿੱਤੀ ਜਾ ਸਕਦੀ ਹੈ।

### 4.4 ਖਪਤਕਾਰਾਂ ਦਾ ਵਰਗੀਕਰਣ :

ਵੰਡ ਲਾਇਸੈਂਸੀ ਕਮਿਸ਼ਨ ਦੁਆਰਾ ਪ੍ਰਵਾਨ ਕੀਤੇ ਗਏ ਅਨੁਸਾਰ ਸਮੇਂ ਸਮੇਂ 'ਤੇ ਵੱਖ ਵੱਖ ਟੈਰਿਫ ਕੈਟਾਗਰੀਆਂ ਵਿੱਚ ਖਪਤਕਾਰਾਂ ਨੂੰ ਵਰਗੀਕ੍ਰਿਤ ਅਤੇ ਪੁਨਰ ਵਰਗੀਕ੍ਰਿਤ ਕਰੇਗਾ। ਕਮਿਸ਼ਨ

ਦੁਆਰਾ ਪ੍ਰਵਾਨ ਕੀਤੇ ਗਏ ਅਨੁਸਾਰ ਤੋਂ ਹੋਰਵੇਂ ਕੋਈ ਅਤਿਰਿਕਤ ਕੈਟਾਗਰੀ ਦੀ ਵੰਡ ਲਾਇਸੈਂਸੀ ਦੁਆਰਾ ਰਚਨਾ ਨਹੀਂ ਕੀਤੀ ਜਾਵੇਗੀ।

## 4.5 ਕੁਨੈਕਟਿਡ ਲੋਡ :

4.5.1 ਕੁੱਲ ਕੁਨੈਕਟਿਡ ਲੋਡ ਨੂੰ ਗਣਨ ਦੇ ਮੰਤਵ ਲਈ, ਤਾਰਾਂ ਨਾਲ ਜੋੜੇ ਗਏ ਯੰਤਰ/ ਔਜ਼ਾਰ ਦੀ ਵਾਸਤਵਿਕ ਨਿਰੰਤਰ ਵਾਟੇਜ ਦਰਤਾ ( rated ) ਨੂੰ ਧਿਆਨ ਵਿੱਚ ਰੱਖਿਆ ਜਾਵੇਗਾ। ਪਰੰਤੂ ਜੇਕਰ ਯੰਤਰਾਂ ਦੀ ਵਾਸਤਵਿਕ ਦਰਤਾ ਖਪਤਕਾਰ ਦੁਆਰਾ ਉਪਲਬਧ ਨਹੀਂ ਕਰਵਾਈ ਜਾਂਦੀ ਤਦ ਘ.ਸ. / ਗੈ. ਰਿ. ਸ. ਖਪਤਕਾਰ ਅਤੇ ਖਪਤਕਾਰਾਂ ਦੀਆਂ ਹੋਰ ਦੂਜੀਆਂ ਕੈਟਾਗਰੀਆਂ ਦੇ ਜਨਰਲ ਲੋਡਾਂ ਲਈ ਨਿਮਨ ਦਰਜ ਅੰਕੜਾ ਸਾਰਨੀ ਵਿੱਚ ਦਿੱਤੇ ਗਏ ਅਨੁਸਾਰ ਮਿਆਰੀ ਵਾਟੇਜ ਦਰਤਾ ਨੂੰ ਕੁਨੈਕਟਿਡ ਲੋਡ ਦਾ ਨਿਰਧਾਰਣ ਕਰਨ ਵਾਸਤੇ ਅਪਣਾਇਆ ਜਾਵੇਗਾ। ਕੁਨੈਕਟਿਡ ਲੋਡ ਦੀ ਗਣਨਾ ਨਿਮਨ ਅਨੁਸਾਰ ਕੀਤੀ ਜਾਵੇਗੀ : –

| ਕੈਟਾਗਰੀ | ਲਾਈਟ ਪੁਆਇੰਟ | ਪੱਖੇ ਦਾ ਪੁਆਇੰਟ | ਦੀਵਾਰ ਸਾਕੇਟ | ਪਾਵਰ ਸਾਕੇਟ ( ਇਕਹਿਰਾ ਫੇਜ਼ ) | ਏਅਰ ਕੰਡੀਸ਼ਨਰ |
|---|---|---|---|---|---|
| ਘ.ਸ./ ਬ.ਸ. (ਘ. ਸ. ਮੰਤਵ) | ਵਾਸਤਵਿਕ ਜਾਂ 40 ਵਾਟ (ਅੱਧਾ ਗਿਣਿਆ ਜਾਣਾ ਹੈ ) | ਵਾਸਤਵਿਕ ਜਾਂ 60 ਵਾਟਾਂ (ਇਕ ਤਿਹਾਈ ਗਿਣਿਆ ਜਾਣਾ ਹੈ ) | ਵਾਸਤਵਿਕ ਜਾਂ 60 ਵਾਟ ( ਇਕ ਚੌਥਾਈ ਗਿਣਿਆ ਜਾਣਾ ਹੈ ) | ਵਾਸਤਵਿਕ ਜਾਂ 1000 ਵਾਟ ( ਇਕ ਚੌਥਾਈ ਗਿਣਿਆ ਜਾਣਾ ਹੈ ) | ਵਾਸਤਵਿਕ ਜਾਂ 2500 ਵਾਟ ਲਈ (ਅੱਧਾ ਗਿਣਿਆ ਜਾਣਾ ਹੈ) |
| ਗੈ. ਰਿ. ਸ. / ਉਦਯੋਗਿਕ / ਬ.ਸ. ( ਗੈ. ਰਿ. ਸ. / ਉਦਯੋਗਿਕ ਮੰਤਵਾਂ ) / ਏ. ਪੀ. ਉਚ ਤਕਨੀਕ | ਵਾਸਤਵਿਕ ਜਾਂ 40 ਵਾਟ ( ਸਾਰਾ ਗਿਣਿਆ ਜਾਣਾ ਹੈ ) | ਵਾਸਤਵਿਕ ਜਾਂ 60 ਵਾਟਾਂ (ਸਾਰਾ ਗਿਣਿਆ ਜਾਣਾ ਹੈ) | ਵਾਸਤਵਿਕ ਜਾਂ 60 ਵਾਟਾਂ (ਇਕ ਤਿਹਾਈ ਗਿਣਿਆ ਜਾਣਾ ਹੈ ) | ਵਾਸਤਵਿਕ ਜਾਂ 1000 ਵਾਟ (ਅੱਧਾ ਗਿਣਿਆ ਜਾਣਾ ਹੈ ) | ਨਾਂ ਦੀ ਪਲੇਟ ਅਨੁਸਾਰ (ਸਾਰਾ ਗਿਣਿਆ ਜਾਣਾ ਹੈ ) |

**ਨੋਟ :**

(ੳ) ਗੈ. ਰਿ. ਸ. / ਉਦਯੋਗਿਕ ਮੰਤਵਾਂ ਲਈ ਤਿੰਨ ਫੇਜ਼ ਪਾਵਰ ਸਾਕੇਟਾਂ ਨੂੰ 6 ਕਿ. ਵਾ. ਹਰੇਕ ਅਤੇ ਸਾਕੇਟ ਦੀ ਅੱਧੀ ਸੰਖਿਆ ਨੂੰ ਗਿਣਿਆ ਜਾਵੇਗਾ।

ਅ) ਲੈਂਪ / ਪੱਖਾ / ਸਾਕੇਟ / ਏ. ਸੀ. ਦੇ ਕਿਸੇ ਵੀ ਬਟੇ ਨੂੰ ਇਕ ਵਜੋਂ ਗਿਣਿਆ ਜਾਵੇਗਾ।

ੲ) ਚਾਹੇ ਬਿਜਲੀ ਦੇ ਸਵਿੱਚ / ਪਲੱਗ / ਪਾਵਰ ਪਲੱਗ ਦੇ ਮਿਆਰੀ ਵਾਟੇਜ ਜਾਂ ਲੋਡ ਨੂੰ ਅਜਿਹੇ ਬਿਜਲੀ ਦੇ ਸਵਿੱਚ / ਪਲੱਗ/ ਪਾਵਰ ਪਲੱਗ ਨਾਲ ਵਾਸਤਵਿਕ ਰੂਪ ਵਿੱਚ ਜੋੜਿਆ ਗਿਆ ਹੋਵੇ, ਕੁਨੈਕਟਿਡ ਲੋਡ ਦੀ ਗਣਨਾ ਕਰਨ ਲਈ ਵਿਚਾਰਿਆ ਜਾਵੇਗਾ।

ਸ) ਜੇਕਰ ਇਕਹਿਰੇ ਸਵਿੱਚ ਨੂੰ ਇਕ ਤੋਂ ਵੱਧ ਲੈਂਪ / ਯੰਤਰ ਕੰਟਰੋਲ ਕਰਨ ਵਾਸਤੇ ਵਰਤਿਆ ਜਾਂਦਾ ਹੈ ਤਾਂ ਸਾਰੇ ਲੈਂਪਾਂ / ਯੰਤਰਾਂ ਦੀ ਕੁਲ ਸਮਰੱਥਾ ਦੇ ਜੋੜ ਨੂੰ ਕੁਨੈਕਟਿਡ ਲੋਡ ਦੀ ਗਣਨਾ ਵਿੱਚ ਲਿਆ ਜਾਵੇਗਾ।

ਹ) ਆਈ. ਐਸ. ਆਈ ਮਾਰਕੇ / ਸਟਾਰ ਲੇਬਲ ਵਾਲੇ ਏਅਰ ਕੰਡੀਸ਼ਨਰ/ ਏ. ਸੀ. ਪੈਕੇਜਾਂ / ਕੇਂਦਰੀਕ੍ਰਿਤ ਏ. ਸੀ. ਸਿਸਟਮ ਦਾ ਲੋਡ ਉਹਨਾਂ ਦੀ ਨੇਮਪਲੇਟ ਅਨੁਸਾਰ ਲਿਆ ਜਾਵੇਗਾ।

ਅਣ-ਮਿਆਰੀ 1.5 ਟਨ ਵਿਨਡੋ/ ਵਿਭਾਜਿਤ (split) ਏਅਰ ਕੰਡੀਸ਼ਨਰ ਵਾਸਤੇ ਹਰ ਇਕ ਦਾ ਲੋਡ 2.5 ਕਿ. ਵਾ. ਵਜੋਂ ਲਿਆ ਜਾਵੇਗਾ।

ਕ) ਖੇਤੀਬਾੜੀ ਪੰਪਸੈੱਟ ਉਚ ਤਕਨਾਲੋਜੀ ਅਧੀਨ ਗਰੀਨ ਹਾਊਸ ਦੀ ਸਾਂਭ-ਸੰਭਾਲ ਅਤੇ ਸੰਚਾਲਣ ਲਈ ਆਰਜ਼ੀ ਤੌਰ 'ਤੇ ਜੋੜੇ ਗਏ ਉਪਕਰਣਾਂ ਵਾਸਤੇ ਵਰਤੇ ਗਏ ਤਿੰਨ ਫੇਜ਼ੀ ਪਾਵਰ ਪਲੱਗ ਦੇ ਲੋਡ ਨੂੰ 6 ਕਿ. ਵਾ. ਪ੍ਰਤਿ ਪਾਵਰ ਪਲੱਗ ਵਜੋਂ ਵਿਚਾਰਿਆ ਜਾਵੇਗਾ।

4.5.2 ਜਿਥੇ ਖਪਤਕਾਰ ਦੇ ਸੰਸਥਾਪਣ ਵਿੱਚ ਦੋ ਮੋਟਰਾਂ ਦੇ ਸੁਮੇਲ ਵਿਚਕਾਰ ਇਕ ਪਰਿਵਰਤਨਸ਼ੀਲ (changeover) ਸਵਿੱਚ ਅਤੇ ਇਕ ਸਕੰਡਰੀ ਉਪਕਰਣ/ ਕਲ-ਪਰਜੇ (gadget) ਨਾਲ, ਲਗੀਆਂ ਹੋਈਆਂ ਹਨ, ਉਚੇਰੀ ਦਰਤਾ ਵਾਲੀ ਮੋਟਰ ਨੂੰ ਕੁਲ ਕੁਨੈਕਟਿਡ ਲੋਡ ਕੱਢਣ ਲਈ ਧਿਆਨ ਵਿੱਚ ਰੱਖਿਆ ਜਾਵੇਗਾ ਬਸ਼ਰਤੇ ਕਿ ਅਜਿਹਾ ਪ੍ਰਬੰਧ ਵੰਡ ਲਾਇਸੈਂਸੀ ਦੁਆਰਾ ਅਧਿਕਾਰਿਤ ਕੀਤੇ ਗਏ ਅਧਿਕਾਰੀ ਦੁਆਰਾ ਸੀਲ ਕਰ ਦਿੱਤੀਆਂ ਗਈਆਂ ਹੋਣ।

4.5.3 ੳ) ਜਿਥੇ ਕੋਈ ਵੀ ਊਰਜਾ ਖਪਤ ਕਰਨ ਵਾਲੇ ਯੰਤਰ ਦੀ ਦਰਤਾ ਕੇ. ਵੀ. ਏ. ਵਿੱਚ ਦਸੀ ਗਈ ਹੋਵੇ, ਤਾਂ ਕਿ. ਵਾ. ਵਿੱਚ ਇਸ ਦੀ ਅਨੁਰੂਪ ਦਰਤਾ ਨੂੰ 0.90 ਦੇ ਪਾਵਰ ਫੈਕਟਰ ਨਾਲ ਇਸ ਨੂੰ ਗੁਣਾਂ ਕਰਦਿਆਂ ਕੱਢਿਆ ਜਾਵੇਗਾ।

ਅ) ਵੈਲਡਿੰਗ ਸੈੱਟਾਂ ਦੇ ਕੇਸ ਵਿੱਚ, ਸਟੈਂਡਰਡ ਨਿਰਮਾਣਕਰਤਾਵਾਂ ਦੁਆਰਾ ਨੇਮ ਪਲੇਟ ਉਤੇ ਦਰਸਾਈ ਗਈ ਕੇ. ਵੀ. ਏ. ਦਰਤਾ ਨੂੰ ਕੁਨੈਕਟਿਡ ਲੋਡ ਗਿਣਨ ਵਾਸਤੇ 0.40 ਦੇ ਪਾਵਰ ਫੈਕਟਰ ਦੁਆਰਾ ਗੁਣਾ ਕੀਤਾ ਜਾਵੇਗਾ। ਸਬ-ਸਟੈਂਡਰਡ ਮਾਰਕਿਆਂ ਦੇ ਕੇਸ ਵਿੱਚ, ਵੈਲਡਿੰਗ ਸੈੱਟਾਂ ਦੀ ਕੇ. ਵੀ. ਏ. ਦਰਤਾ ਖੁਲ੍ਹੇ ਸਰਕਟ ਵੋਲਟੇਜ ਦੇ ਉਤਪਾਦ ਦਾ ਅਤੇ ਅਧਿਕਤਮ ਨਿਰੰਤਰ ਹੈਂਡ ਵੈਲਡਿੰਗ ਕਰੰਟ ਦੇ ਗੁਣਾਕ ਦਾ 75% ਹੋਵੇਗੀ ਅਤੇ 0.40 ਦੇ ਪਾਵਰ ਫੈਕਟਰ ਨੂੰ ਕਿ. ਵਾ. ਵਿੱਚ ਕੁਨੈਕਟਿਡ ਲੋਡ ਗਿਣਨ ਲਈ ਮੰਨ ਲਿਆ ਜਾਵੇਗਾ।

ੲ) ਕੇ. ਵੀ. ਏ. ਵਿੱਚ ਦਰਸਾਈ ਗਈ ਯੂ. ਪੀ. ਐਸ. ਦਾ ਕੁਨੈਕਟਿਡ ਲੋਡ 0.90 ਦੇ ਪਾਵਰ ਫੈਕਟਰ ਨਾਲ ਗੁਣਾ ਕਰਦਿਆਂ ਕਿ. ਵਾ. ਵਿੱਚ ਬਦਲਿਆ ਜਾਵੇਗਾ। ਪਰੰਤੂ ਯੂ. ਪੀ. ਐਸ. ਦੇ ਆਊਟਪੁਟ ਸਾਈਡ ਉਤੇ ਸੰਸਥਾਪਤ ਸਾਕਟਾਂ ਨੂੰ ਹਿਸਾਬ ਵਿੱਚ ਨਹੀਂ ਗਿਣਿਆ ਜਾਵੇਗਾ।

4.5.4 ਸਾਰੇ ਤਿੰਨ ਫੇਜ਼ੀ ਖਪਤਕਾਰ ਅਜਿਹੇ ਤਰੀਕੇ ਨਾਲ ਆਪਣਾ ਲੋਡ ਸੰਤੁਲਨ ਕਰਨਗੇ ਕਿ ਹਰ ਇਕ ਫੇਜ਼ ਵਿਚਕਾਰ ਲੋਡਿੰਗ ਵਿੱਚ ਅੰਤਰ ਫੇਜਾਂ ਵਿਚਕਾਰ ਔਸਤ ਲੋਡਿੰਗ ਦੇ 50% ਤੋਂ ਵਧੀਕ ਨਾ ਵੱਧੇ।

# ਅਧਿਆਇ – III

## ਬਿਜਲੀ ਸਪਲਾਈ ਨਾਲ ਸਬੰਧਤ ਮਾਮਲੇ

## 5. ਬੇਨਤੀ ਉਤੇ ਸਪਲਾਈ ਕਰਨ ਲਈ ਵੰਡ ਲਾਇਸੈਂਸੀ ਦੇ ਕਰਤਵ :

5.1 ਹਰ ਇਕ ਵੰਡ ਲਾਇਸੈਂਸੀ ਸਪਲਾਈ ਦੇ ਇਸ ਦੇ ਖੇਤਰ ਦੇ ਅੰਦਰ ਅੰਦਰ ਸਥਿਤ ਕਿਸੇ ਅਹਾਤੇ ਦੇ ਮਾਲਕ ਜਾਂ ਕਾਬਜ਼ ਤੋਂ ਬਿਨੈ-ਪੱਤਰ ਦੇ ਪ੍ਰਾਪਤ ਹੋਣ ਉਤੇ ਸਪਲਾਈ ਕੋਡ ਦੇ ਵਿਨਿਯਮ 8 ਵਿੱਚ ਨਿਰਧਾਰਿਤ ਸਮੇਂ ਦੇ ਅੰਦਰ ਅੰਦਰ ਉਸ ਅਹਾਤੇ ਨੂੰ ਬਿਜਲੀ ਮੁਹਈਆ ਕਰੇਗਾ ਬਸ਼ਰਤੇ ਕਿ ਬਿਨੈਕਾਰ ਸਪਲਾਈ ਕੋਡ ਵਿੱਚ ਵਿਸ਼ਿਸ਼ਟ ਕੀਤੇ ਗਏ ਵੱਖ ਵੱਖ ਖਰਚਿਆਂ ਦੀ ਅਦਾਇਗੀ ਸਮੇਤ ਕਾਰਜਵਿਧੀ ਦੀ ਪਾਲਣਾ ਕਰਦਾ ਹੈ। ਬਿਨੈ-ਪੱਤਰਾਂ ਨੂੰ ਇਸ ਮੰਤਵ ਲਈ ਵੰਡ ਲਾਇਸੈਂਸੀ ਦੁਆਰਾ ਨਿਰਧਾਰਿਤ ਕੀਤੇ ਗਏ ਬਿਨੈ-ਪੱਤਰ ਅਤੇ ਇਕਰਾਰਨਾਮੇ (ਏ. ਤੇ ਏ.) ਫਾਰਮ ਵਿੱਚ ਪੇਸ਼ ਕੀਤਾ ਜਾਵੇਗਾ। ਅਜਿਹੇ ਫਾਰਮਾਂ ਨੂੰ ਕਮਿਸ਼ਨ ਦੀ ਪ੍ਰਵਾਨਗੀ ਨਾਲ ਖਪਤਕਾਰਾਂ ਦੀਆਂ ਵੱਖ ਵੱਖ ਕੈਟਾਗਰੀਆਂ ਲਈ ਵੰਡ ਲਾਇਸੈਂਸੀ ਦੁਆਰਾ ਮਿਆਰੀਕ੍ਰਿਤ ਕੀਤਾ ਜਾਵੇਗਾ ਅਤੇ ਇਹਨਾਂ ਨੂੰ ਵੰਡ ਲਾਇਸੈਂਸੀ ਦੇ ਅਧਿਸੂਚਿਤ ਕੀਤੇ ਗਏ ਦਫਤਰ 'ਤੇ ਮੁਫਤ ਉਪਲਬਧ ਕਰਵਾਏਗਾ। ਏ. ਤੇ ਏ. ਫਾਰਮ ਵੰਡ ਲਾਇਸੈਂਸੀ ਦੀ ਵੈਬਸਾਈਟ ਉਤੇ ਵੀ ਉਪਲਬਧ ਹੋਣਗੇ ਅਤੇ ਉਸ ਤੋਂ ਵੀ ਡਾਊਨਲੋਡ ਕੀਤੇ ਜਾ ਸਕਦੇ ਹਨ।

5.2 ਜਿਥੇ ਬਿਜਲੀ ਦੀ ਸਪਲਾਈ ਲਈ ਬਿਨੈ-ਪੱਤਰ ਕਿਸੇ ਉਸ ਪਿੰਡ, ਢਾਣੀ ਜਾਂ ਖੇਤਰ ਨਾਲ ਸਬੰਧਤ ਹੈ ਜੋ ਬਿਜਲੀਕ੍ਰਿਤ ਨਹੀਂ ਕੀਤਾ ਗਿਆ ਹੈ ਤਾਂ ਅਜਿਹੇ ਕੇਸ ਵਿੱਚ ਬਿਜਲੀ ਦੀ ਸਪਲਾਈ ਲਈ ਵਿਨਿਯਮ 6 ਅਤੇ 8 ਦੇ ਉਪਬੰਧ ਕਮਿਸ਼ਨ ਦੁਆਰਾ ਪ੍ਰਵਾਨ ਕੀਤੇ ਗਏ ਵੰਡ ਲਾਇਸੈਂਸੀ ਦੀ ਨਿਵੇਸ਼ ਯੋਜਨਾ ਜਾਂ ਰਾਜ / ਕੇਂਦਰੀ ਸਰਕਾਰ ਦੀ ਅਧਿਕਾਰਿਤ ਏਜੰਸੀ ਦੁਆਰਾ ਪ੍ਰਵਾਨ ਕੀਤੀ ਗਈ ਸਕੀਮ ਅਨੁਸਾਰ ਉਸ ਪਿੰਡ, ਢਾਣੀ ਜਾਂ ਖੇਤਰ ਦੇ ਬਿਜਲੀਕਰਣ ਮਗਰੋਂ ਹੀ ਕੇਵਲ ਲਾਗੂ ਹੋਣ ਯੋਗ ਹੋਣਗੇ।

### 5.3 ਖੇਤੀਬਾੜੀ ਸਪਲਾਈ :

5.3.1 ਰਾਜ ਸਰਕਾਰ ਪਰਿਸਥਿਤੀ ਵਿਗਿਆਨ, ਨਾਕਾਫੀ ਧਰਤੀ ਹੇਠਲੇ ਪਾਣੀ ਦਾ ਪੁਟੰਸ਼ਲ, ਘੱਟਦੇ ਪਾਣੀ ਦੇ ਤਲ ਜਾਂ ਕਿਸੇ ਹੋਰ ਦੂਜੇ ਕਾਰਨ ਕਰਕੇ ਖੇਤੀਬਾੜੀ ਪੰਪ ਸੈੱਟ (ਏ. ਪੀ.) ਕੁਨੈਕਸ਼ਨਾਂ ਦੀ ਸੰਖਿਆ ਦਾ ਅਤੇ ਢੰਗ ਦਾ ਜਿਸ ਵਿੱਚ ਇਹ ਰਾਜ ਜਾਂ ਉਸ ਦੇ ਕਿਸੇ ਹਿੱਸੇ ਵਿੱਚ ਹਰੇਕ ਸਾਲ ਜਾਰੀ ਕੀਤੇ ਜਾਣੇ ਹਨ, ਦਾ ਫੈਸਲਾ ਕਰ ਸਕਦਾ ਹੈ । ਰਾਜ ਸਰਕਾਰ ਇਸ ਮੰਤਵ ਲਈ ਅਜਿਹੇ ਕੁਨੈਕਸ਼ਨਾਂ ਦੇ ਜਾਰੀ ਕਰਨ ਵਿੱਚ ਦਿੱਤੀਆਂ ਜਾਣ ਵਾਲੀਆਂ ਪਹਿਲਤਾਵਾਂ ਮੁਹੱਈਆ ਕਰਨ ਵਾਸਤੇ ਸੇਧਾਂ ਤਿਆਰ ਕਰ ਸਕਦੀ ਹੈ।

5.3.2 ਰਾਜ ਸਰਕਾਰ ਦੀਆਂ ਸੇਧਾਂ ਅਨੁਸਾਰ ਏ. ਪੀ. ਕੁਨੈਕਸ਼ਨਾਂ ਦੇ ਜਾਰੀ ਕਰਨ ਲਈ ਯੋਗ ਬਣ ਰਹੇ ਬਿਨੈਕਾਰਾਂ ਨੂੰ ਉਸ ਢੰਗ ਨਾਲ ਜਿਵੇਂ ਕਿ ਵਿਨਿਯਮ 6 ਅਤੇ 8 ਵਿੱਚ ਨਿਰਧਾਰਿਤ ਕੀਤਾ ਗਿਆ ਹੈ, ਵਿੱਚ ਬਿਜਲੀ ਸਪਲਾਈ ਮੁਹੱਈਆ ਕੀਤੀ ਜਾਵੇਗੀ।

## 6. ਨਵਾਂ ਕੁਨੈਕਸ਼ਨ / ਅਤਿਰਿਕਤ ਲੋਡ / ਮੰਗ ਦੇ ਜਾਰੀ ਕਰਨ ਲਈ ਕਾਰਜਵਿਧੀ :

6.1 ਵੰਡ ਲਾਇਸੈਂਸੀ ਏ. ਤੇ ਏ. ਫਾਰਮ ਉਤੇ ਬਿਨੈਕਾਰ ਦੁਆਰਾ ਪੇਸ਼ ਕੀਤੇ ਜਾਣ ਵਾਲੇ ਦਸਤਾਵੇਜ਼ਾਂ ਨੂੰ ਸੁਨਿਸ਼ਚਿਤ ਕਰੇਗਾ। ਇਹਨਾਂ ਸੁਨਿਸ਼ਚਿਤ ਕੀਤੇ ਗਏ ਦਸਤਾਵੇਜ਼ਾਂ ਦੇ ਵੇਰਵੇ ਵੀ ਵੰਡ ਲਾਇਸੈਂਸੀ ਦੇ ਅਧਿਸੂਚਿਤ ਕੀਤੇ ਗਏ ਦਫਤਰਾਂ ਵਿੱਚ ਅਤੇ ਇਸ ਦੇ ਨਾਲ ਨਾਲ ਇਸ ਦੀ ਵੈਬਸਾਈਟ 'ਤੇ ਵੀ ਉਪਲਬਧ ਹੋਣਗੇ।

## 6.2 ਲੋਡ / ਮੰਗ, ਜੋ 500 ਕਿ. ਵਾ. / ਕੇ. ਵੀ. ਏ. ਤੋਂ ਵੱਧ ਨਹੀ ਹੋਵੇਗੀ, ਲਈ ਬਿਨੈਪੱਤਰ :

ਨਵੇਂ ਕੁਨੈਕਸ਼ਨ ਜਾਂ ਅਤਿਰਿਕਤ ਲੋਡ / ਮੰਗ ( 500 ਕੇ. ਵੀ. ਏ. ਤੋਂ ਵੱਧ ਦੀ ਮੰਗ ਤੋਂ ਛੁੱਟ ) ਦੀ ਮੰਗ ਕਰ ਰਹੇ ਅਹਾਤਿਆਂ ਦਾ ਮਾਲਕ ਜਾਂ ਕਾਬਜ਼ ਵੰਡ ਲਾਇਸੈਂਸੀ ਦੇ ਅਧਿਸੂਚਿਤ ਕੀਤੇ ਗਏ ਦਫਤਰ ਵਿੱਚ ਜਨਰਲ ਖਰਚਿਆਂ ਦੀ ਅਨੁਸੂਚੀ ਵਿੱਚ ਸੁਨਿਸ਼ਚਿਤ ਕੀਤੇ ਗਏ ਅਨੁਸਾਰ ਲੋੜੀਂਦੇ ਦਸਤਾਵੇਜ਼ਾਂ, ਕਾਰਵਾਈ ਫੀਸ, ਸਿਕਿਉਰਟੀ ( ਖਪਤ ), ਸਿਕਿਉਰਟੀ ( ਮੀਟਰ ) ਸਹਿਤ ਨਿਰਧਾਰਿਤ ਫਾਰਮ ਏ ਤੇ ਏ ਉਤੇ ਇਕ ਬਿਨੈ-ਪੱਤਰ ਪੇਸ਼ ਕਰੇਗਾ। ਵਿਧੀ ਪੂਰਵਕ ਭਰਿਆ ਗਿਆ ਏ. ਤੇ ਏ. ਫਾਰਮ ਬਿਨੈਕਾਰ / ਖਪਤਕਾਰ ਜਾਂ ਉਸ ਦੇ ਅਧਿਕਾਰਿਤ ਪ੍ਰਤਿਨਿਧ ਦੁਆਰਾ ਹਸਤਾਖਰਿਤ ਹੋਵੇਗਾ। ਵੰਡ ਲਾਇਸੈਂਸੀ ਇਹ ਯਕੀਨੀ ਬਣਾਏਗਾ ਕਿ ਏ. ਤੇ ਏ. ਫਾਰਮ ਨੂੰ ਭਰਨ ਵਿੱਚ ਲੋੜੀਂਦੀ ਕੋਈ ਵੀ ਸਹਾਇਤਾ ਜਾਂ ਜਾਣਕਾਰੀ ਅਧਿਸੂਚਿਤ ਕੀਤੇ ਗਏ ਦਫਤਰ ’ਤੇ ਬਿਨੈਕਾਰ ਨੂੰ ਉਪਲਬਧ ਹੋਵੇ।

## 6.3 500 ਕਿ. ਵਾ. / ਕੇ. ਵੀ. ਏ. ਤੋਂ ਵਧੀਕ ਮੰਗ ਲਈ ਬਿਨੈ-ਪੱਤਰ :

6.3.1 <u>ਸੰਭਵਤਾ ਕਲੀਅਰੈਂਸ ( clearance )</u> :

ਜਿਥੇ ਅਤਿਰਿਕਤ ਮੰਗ ਸਹਿਤ ਨਵੀਂ ਜਾਂ ਕੁਲ ਮੰਗ 500 ਕਿ. ਵਾ. / ਕੇ. ਵੀ. ਏ. ਤੋਂ ਵੱਧ ਜਾਂਦੀ ਹੈ ਤਾਂ ਬਿਨੈਕਾਰ ਨੂੰ ਜਨਰਲ ਖਰਚਿਆਂ ਦੀ ਅਨੁਸੂਚੀ ਵਿੱਚ ਸੁਨਿਸ਼ਚਿਤ ਕੀਤੇ ਗਏ ਅਨੁਸਾਰ ਸਿਕਿਉਰਟੀ ( ਖਪਤ ) ਦੇ 5% ਦੀ ਦਰ ’ਤੇ ਬਿਆਨਾ ਰਕਮ ਜਮ੍ਹਾਂ (EMD) ਦੀ ਅਦਾਇਗੀ ਕਰਨ ਮਗਰੋਂ ਨਿਰਧਾਰਿਤ ਕੀਤੇ ਗਏ ਮੰਗ ਫਾਰਮ ਵਿੱਚ ਪਹਿਲਾਂ ਸੰਭਵਤਾ ਮੰਨਜ਼ੂਰੀ ( ਕਲੀਅਰੈਂਸ ) ਲੈਣੀ ਪਵੇਗੀ। ਕਮਿਸ਼ਨ ਮੁੱਖ ਦਫਤਰ ਪੱਧਰ ’ਤੇ ਸੰਭਵਤਾ ਕਲੀਅਰੈਂਸ ਵਾਸਤੇ ਕਮੇਟੀ ਨੂੰ ਉਦਯੋਗ ਦਾ ਇਕ ਪ੍ਰਤਿਨਿਧ ਨਾਮਜ਼ਦ ਕਰੇਗਾ। ਬਿਨੈਕਾਰ ਮੰਗ ਫਾਰਮ ਨਾਲ ਲੈ ਰਹੇ ਲੋਡ / ਮੰਗ ਵਾਸਤੇ ਤਜਵੀਜ਼ਤ ਅਨੁਸੂਚੀ ( ਸ਼ਡਿਊਲ ) ਵੀ ਸੂਚਿਤ ਕਰੇਗਾ। ਮੰਗ ਫਾਰਮ ਵੰਡ ਲਾਇਸੈਂਸੀ ਦੇ ਅਧਿਸੂਚਿਤ ਕੀਤੇ ਗਏ ਦਫਤਰਾਂ ਵਿੱਚ ਅਤੇ ਇਸ ਦੀ ਵੈਬਸਾਈਟ ’ਤੇ ਵੀ ਮੁਫਤ ਵਿੱਚ ਉਪਲਬਧ ਹੋਣਗੇ।

6.3.2 ਬਿਨੈਕਾਰ / ਖਪਤਕਾਰ ਨੂੰ ਸੰਭਵਤਾ ਕਲੀਅਰੈਂਸ ਵੰਡ ਲਾਇਸੈਂਸੀ ਦੁਆਰਾ ਅਜਿਹੀ ਬੇਨਤੀ ਦੀ ਪ੍ਰਾਪਤੀ ਤੋਂ 60 ਦਿਨਾਂ ਦੇ ਅੰਦਰ ਅੰਦਰ ਦਿੱਤੀ ਜਾਵੇਗੀ। ਜਿਥੇ ਅਜਿਹੀ ਕਲੀਅਰੈਂਸ ਨੂੰ 60 ਦਿਨਾਂ ਤੋਂ ਵੱਧ ਸਮਾਂ ਲਗਣ ਦੀ ਸੰਭਾਵਨਾ ਹੈ ਤਾਂ ਵੰਡ ਲਾਇਸੈਂਸੀ ਬਿਨੈ-ਪਤਰ ਦੀ ਪ੍ਰਾਪਤੀ ਤੋਂ 30 ਦਿਨਾਂ ਦੇ ਅੰਦਰ ਅੰਦਰ ਉਹ ਸਮਾਂ ਵਧਾਉਣ ਲਈ ਕਮਿਸ਼ਨ ਦੀ ਪ੍ਰਵਾਨਗੀ ਮੰਗੇਗਾ ਜਿਸ ਵਿੱਚ ਸੰਭਵਤਾ ਕਲੀਅਰੈਂਸ ਮਿਲ ਜਾਵੇਗੀ।

6.3.3 ਸੰਭਵਤਾ ਕਲੀਅਰੈਂਸ ਦੇ ਪ੍ਰਾਪਤ ਹੋ ਜਾਣ ਉਤੇ, ਬਿਨੈਕਾਰ/ ਖਪਤਕਾਰ ਸੰਭਵਤਾ ਕਲੀਅਰੈਂਸ ਸਬੰਧੀ ਸੂਚਨਾ ਦੀ ਪ੍ਰਾਪਤੀ ਤੋਂ 30 ਦਿਨਾਂ ਦੇ ਅੰਦਰ ਅੰਦਰ ਵੰਡ ਲਾਇਸੈਂਸੀ ਦੇ ਅਧਿਸੂਚਿਤ ਕੀਤੇ ਗਏ ਦਫਤਰ ਵਿੱਚ ਜਨਰਲ ਖਰਚਿਆਂ ਦੀ ਅਨੁਸੂਚੀ ਵਿੱਚ ਸੁਨਿਸ਼ਚਿਤ ਕੀਤੇ ਗਏ ਅਨੁਸਾਰ ਬਿਆਨਾ ਰਕਮ, ਸਿਕਿਉਰਟੀ ( ਮੀਟਰ ) ਸਮਾਧਾਨ ਕਰਨ ਮਗਰੋਂ ਏ. ਤੇ ਏ. ਫਾਰਮ ਉਤੇ ਬਿਨੈ-ਪੱਤਰ ਦੇ ਨਾਲ ਲੋੜੀਂਦੇ ਦਸਤਾਵੇਜ਼, ਕਾਰਵਾਈ ਫੀਸ, ਸਿਕਿਉਰਟੀ ( ਖਪਤ ), ਪੇਸ਼ ਕਰੇਗਾ। ਖਪਤਾਕਰ ਦੀ ਬੇਨਤੀ ਉਤੇ ਇਹ ਸਮਾਂ ਵੰਡ ਲਾਇਸੈਂਸੀ ਦੁਆਰਾ 60 ਦਿਨਾਂ ਤੱਕ ( ਇਸ ਵਿੱਚ ਸਭ ਤੋਂ ਪਹਿਲਾਂ ਇਜਾਜ਼ਤ ਦਿੱਤੇ ਗਏ 30 ਦਿਨ ਸ਼ਾਮਲ ਹਨ) ਅੱਗੇ ਹੋਰ ਵਧਾ ਦਿੱਤਾ ਜਾਵੇਗਾ ਪਰੰਤੂ ਅੱਗੇ ਕਿਸੇ ਹੋਰ ਵਾਧੇ ਦੀ ਇਜਾਜ਼ਤ ਅਨੁਮਤੀ ਯੋਗ ਨਹੀਂ ਹੋਵੇਗੀ। ਵੰਡ ਲਾਇਸੈਂਸੀ ਸੰਭਵਤਾ ਕਲੀਅਰੈਂਸ ਪੱਤਰ ਵਿੱਚ ਇਹ ਸਮਸ਼ਟ ਜ਼ਿਕਰ ਕਰੇਗਾ ਕਿ ਜੇਕਰ ਖਪਤਕਾਰ / ਬਿਨੈਕਾਰ ਨਿਰਧਾਰਿਤ ਸਮੇਂ ਦੇ ਅੰਦਰ ਅੰਦਰ ਅਰਥਾਤ ਸੂਚਨਾ ਪੱਤਰ ਵਿੱਚ ਸੁਨਿਸ਼ਚਿਤ ਕੀਤੀ

ਗਈ ਮਿਤੀ ਤੱਕ ਏ. ਤੇ ਏ. ਫਾਰਮ ਰਜਿਸਟਰ ਕਰਵਾਉਣ ਵਿੱਚ ਅਸਫਲ ਹੋ ਜਾਂਦਾ ਹੈ ਤਾਂ ਬਿਆਨਾ ਰਕਮ ਜਮ੍ਹਾਂ (ਈ. ਐਮ. ਡੀ.) ਪੂਰੀ ਜ਼ਬਤ ਕਰ ਲਈ ਜਾਵੇਗੀ ਅਤੇ ਨਵੇਂ ਜਾਂ ਅਤਿਰਿਕਤ ਮੰਗ ਲਈ ਮੁਤਾਲਬਾ / ਮੰਗ ( requisition ) ਰੱਦ ਕਰ ਦਿੱਤੀ ਗਈ ਸਮਝੀ ਜਾਵੇਗੀ।

ਬਸ਼ਰਤੇ ਕਿ ਜੇਕਰ ਬਿਨੈਕਾਰ ਏ. ਤੇ ਏ. ਫਾਰਮ ਦੇ ਪੇਸ਼ ਕਰਨ ਦੇ ਸਮੇਂ ਦੌਰਾਨ ਮੰਗ ਘਟਾਉਣ/ ਅਤਿਰਿਕਤ ਮੰਗ ਵਾਸਤੇ ਮੰਗ ਮੁਤਾਲਬਾ ਪੇਸ਼ ਕਰਦਾ ਹੈ ਤਾਂ ਇਸ (ਮੰਗ) ਦੀ ਅਤਿਰਿਕਤ ਈ. ਐਮ. ਡੀ., ਜੇਕਰ ਕੋਈ ਹੋਵੇ, (ਮੂਲ ਜਮ੍ਹਾ ਕਰਵਾਈ ਗਈ ਈ. ਐਮ. ਡੀ. ਸਮਾਧਾਨ ਕਰਨ ਮਗਰੋਂ) ਪ੍ਰਵਾਨ ਕਰਨ ਮਗਰੋਂ ਇਜਾਜ਼ਤ ਦਿੱਤੀ ਜਾ ਸਕਦੀ ਹੈ ਪਰੰਤੂ ਇਸ ਨੂੰ ਨਵੀਂ ਮੰਗ (ਮੁਤਾਲਬੇ) ਵਜੋਂ ਵਿਚਾਰਿਆ ਜਾਵੇਗਾ। ਬਿਨੈਕਾਰ ਇਸ ਅਵਸਰ ਦਾ ਕੇਵਲ ਇਕ ਵਾਰ ਲਾਭ ਲੈ ਸਕਦਾ ਹੈ।

6.3.4 ਜੇਕਰ ਕੁਨੈਕਸ਼ਨ / ਅਤਿਰਿਕਤ ਮੰਗ ਜਾਰੀ ਕਰਨਾ ਤਕਨੀਕੀ ਤੌਰ ਤੇ ਸੰਭਵ ਨਹੀਂ ਹੈ ਤਦ ਬਿਨੈਕਾਰ ਨੂੰ ਇਸ ਅਨੁਸਾਰ ਸੂਚਿਤ ਕੀਤਾ ਜਾਵੇਗਾ ਅਤੇ ਬਿਆਨਾ ਰਕਮ ਬਿਨਾਂ ਕਿਸੇ ਵਿਆਜ ਦੇ ਪੂਰੀ ਵਾਪਸ ਕੀਤੀ ਜਾਵੇਗੀ। ਜਿਥੇ ਮੰਗ/ ਅਤਿਰਿਕਤ ਮੰਗ ਨੂੰ ਵਿਨਿਯਮ 8 ਵਿੱਚ ਨਿਰਧਾਰਿਤ ਕੀਤੇ ਗਏ ਸਮੇਂ ਦੇ ਅੰਦਰ ਅੰਦਰ ਜਾਰੀ ਨਹੀਂ ਕੀਤੀ ਜਾ ਸਕਦੀ ਜਾਂ ਇਸ ਦੇ ਜਾਰੀ ਕਰਨ ਲਈ ਸਮਾਂ ਫਰੇਮ ਵਿਨਿਯਮ 6.3.1 ਅਨੁਸਾਰ ਬਿਨੈਕਾਰ ਦੁਆਰਾ ਦਿੱਤੇ ਗਏ ਸ਼ਡਿਊਲ ਨਾਲ ਮੇਲ ਨਹੀਂ ਖਾਂਦਾ ਤਾਂ ਬਿਨੈਕਾਰ ਸੰਭਵਤਾ ਕਲੀਅਰੈਂਸ ਲਈ ਬੇਨਤੀ ਵਾਪਸ ਲੈ ਸਕਦਾ ਹੈ ਅਤੇ ਬਿਆਨਾ ਰਕਮ ਦੀ ਵਾਪਸੀ ਦੀ ਮੰਗ ਕਰ ਸਕਦਾ ਹੈ। ਬਿਆਨਾ ਰਕਮ 30 (ਤੀਹ) ਦਿਨਾਂ ਦੇ ਅੰਦਰ ਅੰਦਰ ਵਾਪਸ ਕੀਤੀ ਜਾਵੇਗੀ ਅਜਿਹਾ ਨਾ ਕਰਨ ’ਤੇ ਦੇਰੀ ਦੇ ਸਮੇਂ ਲਈ ਵਿਆਜ ਦੀ ਅਦਾਇਗੀ ਸਬੰਧਤ ਸਾਲ ਦੀ ਪਹਿਲੀ ਅਪ੍ਰੈਲ ਨੂੰ ਪ੍ਰਚਲਿਤ ਐਸ. ਬੀ. ਆਈ ਆਧਾਰ ਦਰ ਤੇ ਜਮ੍ਹਾਂ (plus) 2% ’ਤੇ ਕੀਤੀ ਜਾਵੇਗੀ।

## 6.4 ਏ. ਤੇ ਏ. ਫਾਰਮ ਦੀ ਰਜਿਸਟ੍ਰੇਸ਼ਨ :

6.4.1 ਏ. ਤੇ ਏ. ਫਾਰਮ ਦੀ ਪ੍ਰਾਪਤੀ ਉਤੇ, ਅਧਿਸੂਚਿਤ ਦਫਤਰ ਇਕ ਪੱਕਾ ਬਿਨੈ-ਪੱਤਰ ਨੰਬਰ ਅਲਾਟ ਕਰੇਗਾ ਅਤੇ ਇਹ ਬਿਨੈਕਾਰ ਨੂੰ ਸੂਚਿਤ ਕੀਤਾ ਜਾਵੇਗਾ। ਬਿਨੈ-ਪੱਤਰ ਨੰਬਰ ਏ. ਤੇ ਏ. ਫਾਰਮ ਉਤੇ ਵੀ ਦਰਸਾਇਆ ਜਾਵੇਗਾ।

6.4.2 ਭਾਈਵਾਲ ਫਰਮਾਂ / ਕੰਪਨੀਆਂ ਜਾਂ ਟਰੱਸਟਾਂ / ਸੁਸਾਇਟੀਆਂ :
ਭਾਈਵਾਲ ਫਰਮਾਂ, ਕੰਪਨੀਆਂ ਜਾਂ ਟਰੱਸਟਾਂ / ਸੁਸਾਇਟੀਆਂ ਦੁਆਰਾ ਬਿਨੈ-ਪੱਤਰ ਨਾਲ ਨਿਮਨ ਦਰਜ ਦਸਤਾਵੇਜ਼ ਵੀ ਲਾਏ ਜਾਣਗੇ :

(ੳ) ਸਾਰੇ ਭਾਈਵਾਲਾਂ ਦੁਆਰਾ ਹਸਤਾਖਰਿਤ ਕੀਤੀ ਗਈ ਜਾਂ ਵਿਧੀ ਪੂਰਵਕ ਨੋਟਰੀਕ੍ਰਿਤ (notarized) ਵਿਸ਼ੇਸ਼ ਮੁਖਤਿਆਰਨਾਮੇ ਰਾਹੀਂ ਹੋਰ ਦੂਜੇ ਭਾਈਵਾਲਾਂ ਦੁਆਰਾ ਹਸਤਾਖਰ ਕਰਨ ਵਾਸਤੇ ਅਧਿਕਾਰਿਤ ਕੀਤੇ ਗਏ ਭਾਈਵਾਲ ਦੁਆਰਾ ਭਾਈਵਾਲੀ ਨਾਮੇ (deed) ਦੀ ਇਕ ਤਸਦੀਕਸ਼ੁਦਾ ਕਾਪੀ ।

(ਅ) ਇਕ ਨਿਜੀ (ਪ੍ਰਾਈਵੇਟ) ਜਾਂ ਪਬਲਿਕ ਲਿਮਟਿਡ ਕੰਪਨੀ, ਬਿਨੈ-ਪੱਤਰ ਪੇਸ਼ ਕਰਦੇ ਸਮੇਂ ਇਸ ਦੇ ਐਸੋਸੀਏਸ਼ਨ ਦੇ ਮੈਮੋਰੈਂਡਮ / ਐਸੋਸੀਏਸ਼ਨ ਦੇ ਅਨੁਛੇਦ, ਨਿਗਮੀਕਰਨ ਸਰਟੀਫਿਕੇਟ ਅਤੇ ਏ. ਤੇ ਏ. ਫਾਰਮ ਹਸਤਾਖਰ ਕਰਨ ਲਈ ਅਧਿਕਾਰਿਤ ਕੀਤੇ ਗਏ ਵਿਅਕਤੀ ਦੇ ਹਿੱਤ ਵਿੱਚ ਡਾਇਰੈਕਟਰਾਂ ਦੇ ਬੋਰਡ ਦਾ ਮਤਾ ਅਤੇ ਹੋਰ ਦੂਜੇ ਦਸਤਾਵੇਜ਼ਾਂ ਦੀਆਂ ਤਸਦੀਕ ਕੀਤਆਂ ਗਈਆਂ ( ਕੰਪਨੀ ਦੇ ਚਾਰਟਰਡ ਅਕਾਉਂਟੈਂਟ ਦੁਆਰਾ ) ਕਾਪੀਆਂ ਵੀ ਦੇਵੇਗਾ।ਅਧਿਕਾਰਿਤ ਕੀਤੇ ਗਏ ਹਸਤਾਖਰ-ਕਰਤਾ ਦੇ ਹਸਤਾਖਰ ਦੇ ਨਾਲ ਕੰਪਨੀ ਦੀ ਸਾਂਝੀ ਸੀਲ ਵੀ ਲੱਗੀ ਹੋਵੇਗੀ। ਡਾਇਰੈਕਟਰਾਂ ਦੇ ਬੋਰਡ ਦੇ ਮੈਂਬਰਾਂ ਦੇ ਨਾਂ ਅਤੇ ਉਹਨਾਂ ਦੇ ਰਿਹਾਇਸ਼ ਦੇ ਪਤੇ ਵੀ ਦਿੱਤੇ ਜਾਣਗੇ। ਖਪਤਕਾਰ ਵੰਡ ਲਾਇਸੈਂਸੀ

ਨੂੰ ਇਕ ਮਹੀਨੇ ਦੇ ਅੰਦਰ ਅੰਦਰ ਡਾਇਰੈਕਟਰਾਂ ਦੇ ਬੋਰਡ ਵਿੱਚ ਹੋਈ ਹਰ ਇਕ ਤਬਦੀਲੀ ਸੂਚਿਤ ਕਰੇਗਾ।

(ੲ) ਕਿਸੇ ਟਰੱਸਟ ਜਾਂ ਇਕ ਸੁਸਾਇਟੀ ਦੁਆਰਾ ਬਿਨੈ-ਪੱਤਰ ਦੇ ਨਾਲ ਇਸ ਦੇ ਸੰਵਿਧਾਨ, ਇਸ ਦੇ ਉਪਨਿਯਮ ਦੇ ਨਾਲ ਨਾਲ ਏ ਤੇ ਏ ਫਾਰਮ ਨੂੰ ਹਸਤਾਖਰ ਕਰਨ ਲਈ ਅਧਿਕਾਰਿਤ ਕੀਤੇ ਗਏ ਹਸਤਾਖਰ-ਕਰਤਾ ਦੇ ਹਿੱਤ ਵਿੱਚ ਮਤਾ ਅਤੇ ਹੋਰ ਦੂਜੇ ਦਸਤਾਵੇਜ਼ਾਂ ਦੀਆਂ ਤਸਦੀਕਸ਼ੁਦਾ ਕਾਪੀਆਂ ਵੀ ਲਾਈਆਂ ਜਾਣਗੀਆਂ। ਟਰੱਸਟ ਜਾਂ ਸੁਸਾਇਟੀ ਦੀ ਮੈਨੇਜਿੰਗ ਬਾਡੀ ਦੇ ਨਾਂ ਅਤੇ ਉਹਨਾਂ ਦੇ ਰਿਹਾਇਸ਼ ਦੇ ਪਤੇ ਵੀ ਭੇਜੇ ਜਾਣਗੇ। ਖਪਤਕਾਰ ਵੰਡ ਲਾਇਸੈਂਸੀ ਨੂੰ ਇਕ ਮਹੀਨੇ ਦੇ ਅੰਦਰ ਅੰਦਰ ਟਰੱਸਟ ਜਾਂ ਸੁਸਾਇਟੀ ਦੀ ਮੈਨੈਜਿੰਗ ਬਾਡੀ ਵਿੱਚ ਹੋਈ ਹਰ ਇਕ ਤਬਦੀਲੀ ਸੂਚਿਤ ਕਰੇਗਾ।

6.4.3 ਏ. ਤੇ ਏ. ਫਾਰਮ ਦੇ ਰਜਿਸਟ੍ਰੇਸ਼ਨ ਲਈ ਸ਼ਰਤਾਂ ਨਿਮਨ ਅਨੁਸਾਰ ਹੋਣਗੀਆਂ : –

(ੳ) <u>ਸ਼ਨਾਖਤ ਦਾ ਸਬੂਤ</u> :

ਨਵੇਂ ਕੁਨੈਕਸ਼ਨ ਲਈ ਬਿਨੈ-ਪੱਤਰ (ਏ. ਤੇ ਏ. ਫਾਰਮ) ਦੇ ਨਾਲ ਬਿਨੈਕਾਰ ਦੀ ਫੋਟੋ ਅਤੇ ਸ਼ਨਾਖਤੀ ਦਾ ਸਬੂਤ ਵੀ ਹੋਣਾ ਚਾਹੀਦਾ ਹੈ। ਨਿਮਨ ਦਰਜ ਵਿਚੋਂ ਕੋਈ ਵੀ ਦਸਤਾਵੇਜ਼ ਸ਼ਨਾਖਤ ਦੇ ਪ੍ਰਵਾਨ ਕਰਨ ਯੋਗ ਸਬੂਤ ਵਜੋਂ ਸਮਝੇ ਜਾਣਗੇ ਜੇਕਰ ਬਿਨੈਕਾਰ ਇਕ ਵਿਅਕਤੀਗਤ ਹੈ : –

(i) ਵੋਟਰ ਸ਼ਨਾਖਤੀ ਕਾਰਡ ;
(ii) ਪਾਸਪੋਰਟ ;
(iii) ਡਰਾਇਵਿੰਗ ਲਾਇਸੈਂਸ ;
(iv) ਰਾਸ਼ਨ ਕਾਰਡ ;
(v) ਸਰਕਾਰੀ ਏਜੰਸੀ/ ਪੀ. ਐਸ. ਯੂ. ਦੁਆਰਾ ਜਾਰੀ ਕੀਤਾ ਗਿਆ ਫੋਟੋ ਸ਼ਨਾਖਤੀ ਕਾਰਡ ;
(vi) ਲੈਟਰਪੈਡ 'ਤੇ ਗਜ਼ਟੀ ਅਧਿਕਾਰੀ/ ਤਹਿਸੀਲਦਾਰ ਦੁਆਰਾ ਜਾਰੀ ਕੀਤਾ ਗਿਆ ਫੋਟੋ ਵਾਲਾ ਸ਼ਨਾਖਤ ਦਾ ਸਰਟੀਫਿਕੇਟ ;
(vii) ਪੈਨ (PAN) ਕਾਰਡ ; ਅਤੇ
(viii) ਆਧਾਰ ਕਾਰਡ ;

(ਅ) <u>ਅਹਾਤੇ ਦੀ ਮਾਲਕੀ / ਕਬਜ਼ੇ ਦਾ ਸਬੂਤ</u> :

ਬਿਨੈਕਾਰ ਜਿਸ ਅਹਾਤੇ ਲਈ ਕੁਨੈਕਸ਼ਨ ਅਪਲਾਈ ਕੀਤਾ ਜਾਂਦਾ ਹੈ, ਦੀ ਮਾਲਕੀ/ ਕਬਜ਼ੇ ਦਾ ਸਬੂਤ ਪੇਸ਼ ਕਰੇਗਾ। ਨਿਮਨ ਦਰਜ ਵਿਚੋਂ ਕੋਈ ਵੀ ਦਸਤਾਵੇਜ਼ ਅਹਾਤੇ ਦੀ ਮਾਲਕੀ ਜਾਂ ਕਬਜ਼ੇ ਦੇ ਸਬੂਤ ਵਜੋਂ ਪ੍ਰਵਾਨ ਕਰਨ ਯੋਗ ਹੋਵੇਗਾ : –

(i) ਵਿਕਰੀ ਨਾਮੇ ਜਾਂ ਰਹਿਣ ਨਾਮੇ ਜਾਂ ਕਿਰਾਏ ਨਾਮੇ ਦੀ ਕਾਪੀ ਅਤੇ ਖੇਤੀ ਬਾੜੀ ਕੁਨੈਕਸ਼ਨਾਂ ਦੇ ਕੇਸ ਵਿੱਚ ਜਮੀਨ ਦੇ ਖਸਰ / ਗਿਰਦਾਵਰੀ / ਜਮਾਂਬੰਦੀ / ਫਰਦ ਦੀ ਕਾਪੀ ;

(ii) ਘ. ਸ. / ਗੈ. ਰਿ. ਸ. ਕੁਨੈਕਸ਼ਨਾਂ ਲਈ ਪਿੰਡ ਦੀ ਫਿਰਨੀ / ਲਾਲ ਲਕੀਰ ਦੇ ਅੰਦਰ ਅੰਦਰ ਅਹਾਤੇ ਦੀ ਮਾਲਕੀ ਦਰਸਾਂਦਾ ਪੰਚਾਇਤ ਤੋਂ ਸਰਟੀਫਿਕੇਟ ;

(iii) ਰਜਿਸਟਰਡ ਜਨਰਲ ਮੁਖਤਿਆਰ ਨਾਮਾ ;

(iv) ਨਗਰਪਾਲਿਕਾ ਟੈਕਸ ਰਸੀਦ ਜਾਂ ਡੀਮਾਂਡ ਨੋਟਿਸ ਜਾਂ ਕੋਈ ਹੋਰ ਸਬੰਧਤ ਦਸਤਾਵੇਜ਼;

(v) ਅਲਾਟਮੈਂਟ ਪੱਤਰ ਦੇ ਨਾਲ ਕਬਜ਼ੇ ਦਾ ਪੱਤਰ ।

ਬਸ਼ਰਤੇ ਕਿ ਜਿਥੇ ਬਿਨੈਕਾਰ, ਜੋ ਕਾਨੂੰਨੀ ਤੌਰ ਤੇ ਅਹਾਤੇ ਦਾ ਕਾਬਜ਼ ਹੈ, ਇਕ ਮੁਜ਼ਾਰਾ ਹੈ ਜਾਂ ਇਕ ਪੱਟਾਧਾਰੀ ਹੈ ਅਤੇ ਕੁਨੈਕਸ਼ਨ ਲੈਣ ਲਈ ਮਾਲਕ/ ਜਿੰਮੀਦਾਰ ਦੀ ਸਹਿਮਤੀ ਪੇਸ਼ ਕਰਨ ਦੇ ਅਯੋਗ ਹੈ ਤਾਂ ਨਿਰਧਾਰਿਤ ਫਾਰਮ ਵਿੱਚ ਵੰਡ ਲਾਇਸੈਂਸੀ ਦੇ ਹਿੱਤ ਵਿੱਚ ਇਕ ਵੱਖਰਾ ਹਾਨ-ਪੂਰਤੀ ਬਾਂਡ ਤਾਮੀਲ ਕੀਤਾ ਜਾਵੇਗਾ।

(ਏ) <u>ਇਤਰਾਜ਼ਹੀਣਤਾ ਸਰਟੀਫਿਕੇਟ ਪ੍ਰਸਤੁਤ ਕਰਨਾ</u> :

ਨਵੇਂ ਕੁਨੈਕਸ਼ਨ / ਅਤਿਰਿਕਤ ਲੋਡ / ਮੰਗ ਦੇ ਜਾਰੀ ਕਰਨ ਲਈ ਇਕ ਬਿਨੈਕਾਰ ਨੂੰ ਨਿਮਨ ਦਰਜ ਕੇਸਾਂ ਵਿੱਚ ਸਮਰੱਥ ਅਧਿਕਾਰੀ ਤੋਂ ਇਰਾਜ਼ਹੀਣਤਾ ਸਰਟੀਫਿਕੇਟ ਪੇਸ਼ ਕਰੇਗਾ : -

(i) ਜੇਕਰ ਕੁਨੈਕਸ਼ਨ ਦਾ ਸਥੱਲ ( ਸਾਈਟ ) ਰਾਜ ਸਰਕਾਰ ਦੁਆਰਾ ਅਧਿਸੂਚਿਤ ਕੀਤੇ ਗਏ ਕਿਸੇ ਅਨੁਸੂਚਿਤ ਕੀਤੇ ( ਸ਼ਡਿਊਲਡ ) ਸੜਕ ਦੇ ਨਿਯੰਤਰਿਤ ਖੇਤਰ ਦੇ ਅੰਦਰ ਅੰਦਰ ਪੈਂਦਾ ਹੈ ;

(ii) ਰਿਹਾਇਸ਼ੀ ਖੇਤਰਾਂ ਵਿੱਚ ਉਦਯੋਗਿਕ ਕੁਨੈਕਸ਼ਨ ;

(iii) ਜੇਕਰ ਅਹਾਤਾ ਚੰਡੀਗੜ੍ਹ ਦੀ ਫਿਰਨੀ ਖੇਤਰ ਵਿੱਚ ਸਥਿਤ ਹੈ ;

(iv) ਉਹਨਾਂ ਖੇਤਰਾਂ ਵਿੱਚ ਕੁਨੈਕਸ਼ਨ ਲਈ, ਜਿਥੇ ਯੋਜਨਾ ਸਕੀਮ ਨੂੰ ਪੁਡਾ/ ਸਥਾਨਕ ਸ਼ਹਿਰੀ ਵਿਕਾਸ ਅਥਾਰਟੀ ਦੁਆਰਾ ਅਧਿਸੂਚਿਤ ਕੀਤਾ ਗਿਆ ਹੈ ;

(v) ਜੇਕਰ ਕੁਨੈਕਸ਼ਨ ਅਸਥਾਈ ਸਰੰਚਨਾ ਜਿਵੇਂ ਲਕੜੀ ਦੇ ਸਟਾਲ, ਖੋਖਿਆਂ / ਬੂਥਾਂ ਆਦਿ ਲਈ ਲੋੜੀਂਦਾ ਹੈ ;

(vi) ਕਿਸੇ ਹੋਰ ਕੇਸਾਂ ਜਿਥੇ ਰਾਜ / ਕੇਂਦਰੀ ਸਰਕਾਰੀ ਨੀਤੀ ਅਨੁਸਾਰ ਸਮਰੱਥ ਅਧਿਕਾਰੀ ਦੀ ਕਲੀਅਰੈਂਸ ਲੋੜੀਂਦੀ ਹੈ।

6.4.4 <u>ਗਲੀ ਬੱਤੀ ਪ੍ਰਕਾਸ਼ ( street light ) ਸਪਲਾਈ</u> :-

ਗਲੀ ਬੱਤੀ ਪ੍ਰਕਾਸ਼ ਸਪਲਾਈ ਲਈ ਇਕ ਬਿਨੈ-ਪੱਤਰ ਸਥਾਨਕ ਸੰਸਥਾ ਦੇ ਕਾਰਜਕਾਰੀ ਅਫਸਰ/ ਅਸਟੇਟ ਅਫਸਰ, ਇਮਪਰੂਵਮੈਂਟ ਟਰੱਸਟ ਜਾਂ ਸ਼ਹਿਰੀ ਵਿਕਾਸ ਅਥਾਰਟੀ ਜਾਂ ਕਿਸੇ ਵੀ ਅਜਿਹੀ ਅਥਾਰਟੀ ਦੁਆਰਾ ਅਧਿਕਾਰਰਿਤ ਕੀਤਾ ਗਿਆ ਕੋਈ ਵੀ ਵਿਅਕਤੀ ਨਿਰਧਾਰਿਤ ਕੀਤੇ ਗਏ ਏ. ਤੇ ਏ. ਫਾਰਮ ਉਤੇ ਪੇਸ਼ ਕੀਤਾ ਜਾਵੇਗਾ।

## 6.5 ਇਕ ਅਹਾਤੇ ਵਿੱਚ ਇਕ ਕੁਨੈਕਸ਼ਨ :

6.5.1 ਖਪਤਕਾਰ ਨੂੰ ਇਕ ਵੱਖਰੀ ਹਸਤੀ ਵਜੋਂ ਅਤੇ ਇਕ ਸਵਤੰਤਰ ਸੰਗਠਨ ਹੋਣਾ ਸਮਝਿਆ ਜਾਵੇਗਾ, ਜੇਕਰ : -

(ੳ) ਇਹ ਵਿਧੀ ਪੂਰਵਕ ਵੰਡੇ ਗਏ ਮਲਕੀਤੀ ਜਾਂ ਪੱਟੇ/ ਕਿਰਾਏ ਉਤੇ ਲਏ ਗਏ ਅਹਾਤੇ ਵਿੱਚ ਇਕ ਵੱਖਰਾ ਯੂਨਿਟ ਹੈ ;

(ਅ) ਇਹ ਸਬੰਧਤ ਕਾਨੂੰਨ ਅਧੀਨ ਇਕ ਵੱਖਰੀ ਹਸਤੀ/ ਫਰਮ ਵਜੋਂ ਰਜਿਸਟਰਡ ਹੈ ;

(ੲ) ਇਸ ਦਾ ਇਕ ਵੱਖਰਾ ਵਿਕਰੀ ਟੈਕਸ/ ਵੈਟ ਨੰਬਰ ਹੈ ਅਤੇ ਸਵਤੰਤਰ ਰੂਪ ਵਿੱਚ ਆਮਦਨ ਕਰ ਲਈ ਨਿਰਧਾਰਣ ਕਰਦਾ ਹੈ।

6.5.2 ਬਿਨੈਕਾਰ ਇਕ ਇਕਰਾਰਨਾਮਾ ਦੇਵੇਗਾ ਕਿ ਅਹਾਤੇ, ਜਿਸ ਲਈ ਕੁਨੈਕਸ਼ਨ ਅਪਲਾਈ ਕੀਤਾ ਗਿਆ ਹੈ, ਵਿੱਚ ਕੋਈ ਕੁਨੈਕਸ਼ਨ ਮੌਜੂਦ ਨਹੀਂ ਹੈ। ਪਰੰਤੂ ਘਰੇਲੂ ਸਪਲਾਈ ਖਪਤਕਾਰ ਉਸੇ ਅਹਾਤੇ ਵਿੱਚ ਇਕ ਤੋਂ ਜ਼ਿਆਦਾ ਘਰੇਲੂ ਸਪਲਾਈ ਕੁਨੈਕਸ਼ਨ ਲੈ ਸਕਦੇ ਹਨ ਜਿਥੇ ਘਰ ਵਿੱਚ ਰਹਿ ਰਹੇ ਪਰਿਵਾਰਕ ਮੈਂਬਰ / ਕਾਬਜ਼ ਦੇ ਵੱਖਰੇ ਖਾਣਾ ਬਣਾਉਣ (ਕੁਕਿੰਗ ) ਦੇ ਪ੍ਰਬੰਧ ਹਨ। ਜੇਕਰ ਇਕ ਕਿਰਾਏਦਾਰ ਉਸੇ ਅਹਾਤੇ ਵਿੱਚ ਵੱਖਰੇ ਕੁਨੈਕਸ਼ਨ ਦੀ ਮੰਗ ਕਰਦਾ ਹੈ ਤਾਂ ਉਹ ਨੋਟਰੀ ਪਬਲਿਕ ਦੁਆਰਾ ਵਿੱਧੀ ਪੂਰਵਕ ਤਸਦੀਕ ਕੀਤਾ ਇਕ ਹਲਫੀਆ ਬਿਆਨ ਦੇ ਰੂਪ ਵਿੱਚ ਜਿੰਮੀਦਾਰ ਤੋਂ ਇਕ ਇਕਰਾਰਨਾਮਾ ਪ੍ਰਸਤੁਤ ਕਰੇਗਾ ਕਿ ਲੈਂਡ ਲਾਰਡ ਸਾਰੀਆਂ ਦੇਣਦਾਰੀਆਂ ਚੁਕਤਾ ( clear ) ਕਰੇਗਾ ਜੇਕਰ ਮੁਜ਼ਾਰ ਵੰਡ ਲਾਇਸੈਂਸੀ ਦੇ ਬਕਾਏ ਅਦਾ ਕੀਤੇ ਬਿਨਾਂ ਅਹਾਤੇ ਨੂੰ ਛਡਦਾ ਹੈ।

6.5.3 ਜੇਕਰ ਰਿਹਾਇਸ਼ੀ / ਉਦਯੋਗਿਕ ਅਹਾਤੇ ਦੇ ਇਕ ਭਾਗ ਨੂੰ ਵਪਾਰਕ ਪ੍ਰਕਿਰਿਆਵਾਂ, ਜਿਹਨਾਂ ਦੀ ਕਾਨੂੰਨ ਅਧੀਨ ਅਨੁਮਤੀ ਦਿੱਤੀ ਗਈ ਹੈ, ਲਈ ਨਿਯਮਿਤ ਰੂਪ ਵਿੱਚ ਵਰਤੋਂ ਕਰਦਾ ਹੈ ਤਾਂ ਖਪਤਕਾਰ ਉਸ ਭਾਗ ਜਿਸ ਦੀ ਉਹ ਵਪਾਰਕ ਵਰਤੋਂ ਕਰ ਰਿਹਾ ਹੈ, ਲਈ ਗੈ. ਰਿ. ਸ. ਕੈਟਾਗਰੀ ਅਧੀਨ ਵੱਖਰਾ ਕੁਨੈਕਸ਼ਨ ਲੈਣ ਦੀ ਲੋੜ ਹੋਵੇਗੀ। ਅਜਿਹੇ ਮੌਕੇ 'ਤੇ ਦੋ ਕੁਨੈਕਸ਼ਨਾਂ, ਇਕ ਘ. ਸ. / ਉਦਯੋਗਿਕ ਅਨੁਸੂਚੀ ਅਧੀਨ ਅਤੇ ਦੂਜਾ ਗੈ. ਰਿ. ਸ. ਅਨੁਸੂਚੀ ਅਧੀਨ ਦੀ ਇਜਾਜ਼ਤ ਦਿੱਤੀ ਜਾਵੇਗੀ।

## 6.6 ਇਕਹਿਰਾ ਪੁਆਇੰਟ ਸਪਲਾਈ :

6.6.1 ਵੰਡ ਲਾਇਸੈਂਸੀ ਸਹਿਕਾਰੀ ਗਰੁਪ ਹਾਊਸਿੰਗ ਸੁਸਾਇਟੀ/ ਨਿਯੋਜਕ, ਜਿਸ ਨੇ ਸਮੇਂ ਸਮੇਂ ਤੇ ਸੋਧੇ ਗਏ ਅਨੁਸਾਰ ਪੰ. ਰਾ. ਬਿ. ਰੈ. ਕ. ( ਗਰੁਪ ਹਾਊਸਿੰਗ ਸੁਸਾਇਟੀਆਂ / ਨਿਯੋਜਕਾਂ ਨੂੰ ਇਕਹਿਰਾ ਪੁਆਇੰਟ ਸਪਲਾਈ ) ਵਿਨਿਯਮ, 2008 ਅਨੁਸਾਰ ਉਸੇ ਅਹਾਤੇ ਵਿੱਚ ਰਹਿਣ ਵਾਲੇ ਅਜਿਹੀ ਸੁਸਾਇਟੀ ਦੇ ਮੈਂਬਰਾਂ ਜਾਂ ਨਿਯੋਜਕਾਂ ਦੇ ਕਰਮਚਾਰੀਆਂ ਨੂੰ ਬਿਜਲੀ ਮੁਹਈਆ ਕਰਵਾਉਣ ਲਈ ਅਹਾਤਿਆਂ ਨੂੰ ਅਪਣਾਇਆ ਹੈ, ਦੁਆਰਾ ਇਕ ਬਿਨੈ-ਪੱਤਰ ਉਤੇ ਸਾਂਝੀਆਂ ਸੇਵਾਵਾਂ ਸਹਿਤ ਰਿਹਾਇਸ਼ੀ ਮੰਤਵਾਂ ਲਈ ਇਕਹਿਰਾ ਪੁਆਇੰਟ ਸਪਲਾਈ ਮੁਹਈਆ ਕਰੇਗਾ।

6.6.2 ਵਿਨਿਯਮ 6.6.1 ਵਿੱਚ ਕੁਝ ਵੀ ਹੁੰਦਿਆਂ ਹੋਇਆ, ਲਾਇਸੈਂਸੀ ਐਕਟ ਦੀ ਧਾਰਾ 14 ਦੇ ਉਪਬੰਧ 7 ਅਨੁਸਾਰ ਸਪਲਾਈ ਦੇ ਇਸ ਦੇ ਆਪਣੇ ਖੇਤਰ ਵਿੱਚ ਕਿਸੇ ਖਾਸ ਖੇਤਰ ਲਈ ਵਿਸ਼ੇਸ਼ ਅਧਿਕ੍ਰਿਤ ( franchisee ) ਨਿਯੁਕਤ ਕਰ ਸਕਦਾ ਹੈ। ਲਾਇਸੈਂਸੀ ਉਸ ਖਾਸ ਖੇਤਰ ਦੇ ਅੰਦਰ ਅੰਦਰ ਨਿਮਨ ਦਰਜ ਕੈਟਾਗਰੀਆਂ ਨੂੰ ਬਿਜਲੀ ਉਪਲਬਧ ਕਰਾਉਣ ਲਈ ਫਰੈਂਚੀ ਦੁਆਰਾ ਇਕ ਬਿਨੈ-ਪੱਤਰ ਉਤੇ ਇਕਹਿਰਾ ਪੁਆਇੰਟ ਸਪਲਾਈ ਮੁਹਈਆ ਕਰ ਸਕਦਾ ਹੈ : -

(i) ਰਿਹਾਇਸ਼ੀ ਕਲੋਨੀਆਂ
(ii) ਵਪਾਰਕ ਕੰਪਲੈਕਸਾਂ
(iii) ਉਦਯੋਗਿਕ ਕੰਪਲੈਕਸਾਂ
(iv) ਆਈ ਟੀ ਪਾਰਕ
(v) ਹੋਰ ਦੂਜੇ ਇਕਹਿਰਾ ਪੁਆਇੰਟ ਸਪਲਾਈ ਖਪਤਕਾਰ

## 6.7 ਰਾਜ ਸਰਕਾਰ ਦੇ ਉਪ ਨਿਯਮਾਂ / ਨਿਯਮਾਂ ਅਧੀਨ ਵਿਕਸਤ ਕੀਤੀਆਂ ਗਈਆਂ ਰਿਹਾਇਸ਼ੀ ਕਲੋਨੀਆਂ / ਬਹੁੰ ਮੰਜਲੀ ਰਿਹਾਇਸ਼ੀ ਕੰਪਲੈਕਸਾਂ ਵਿੱਚ ਵਿਅਕਤੀਗਤ ਖਪਤਕਾਰਾਂ ਨੂੰ ਬਿਜਲੀ ਦੀ ਸਪਲਾਈ : –

6.7.1 ਰਾਜ ਸਰਕਾਰ ਦੇ ਉਪ ਨਿਯਮਾਂ / ਨਿਯਮਾਂ ਅਧੀਨ ਵਿਕਾਸਕਾਰਾਂ / ਸੁਸਾਇਟੀਆਂ / ਮਾਲਕਾਂ ਅਤੇ ਨਿਵਾਸੀਆਂ /ਕਾਬਜਾਂ ਦੀਆਂ ਐਸੋਸੀਏਸ਼ਨਾਂ, ਜੋ ਉਪਰੋਕਤ ਵਿਨਿਯਮ 6.6 ਦੇ ਅੰਤਰਗਤ ਨਹੀਂ ਆਉਂਦੇ, ਦੁਆਰਾ ਵਿਕਸਤ ਕੀਤੀਆਂ ਗਈਆਂ ਰਿਹਾਇਸ਼ੀ ਕਲੋਨੀਆਂ / ਕੰਪਲੈਕਸਾਂ ਦੇ ਕੇਸ ਵਿੱਚ, ਅਜਿਹੀਆਂ ਕਲੋਨੀਆਂ ਅਤੇ ਕੰਪਲੈਕਸਾਂ ਦੇ ਨਿਵਾਸੀ / ਕਾਬਜ ਵੰਡ ਲਾਇਸੈਂਸੀ ਤੋਂ ਸਿੱਧੇ ਤੌਰ ਤੇ ਵਿਅਕਤੀਗਤ ਕੁਨੈਕਸ਼ਨ ਪ੍ਰਾਪਤ ਕਰਨਗੇ।

ਅਜਿਹੇ ਕੁਨੈਕਸ਼ਨਾਂ ਦਾ ਜਾਰੀਕਰਨ ਨਿਮਨ ਦਰਜ ਬਾਨ੍ਹਾਂ ਅਤੇ ਸ਼ਰਤਾਂ ਦੁਆਰਾ ਸ਼ਾਸ਼ਤ ਕੀਤਾ ਜਾਵੇਗਾ :-

ੳ) ਵਿਕਾਸਕਾਰ / ਉਸਾਰੀ ਕਰਤਾ / ਸੁਸਾਇਟੀ / ਮਾਲਕਾਂ ਅਤੇ ਨਿਵਾਸੀਆਂ / ਕਾਬਜਾਂ ਦੀਆਂ ਐਸੋਸੀਏਸ਼ਨਾਂ ਕਲੋਨੀ ਵਿੱਚ ਨਿਰਮਿਤ ਕੀਤੇ ਜਾਣ ਵਾਲੇ ਤਜਵੀਜ਼ਤ ਬਿਜਲੀ ਦੇ ਨੈੱਟਵਰਕ ਦੇ ਸੰਪੂਰਣ ਖਾਕੇ ਦੀ ਯੋਜਨਾ ਅਤੇ ਲਾਇਸੈਂਸੀ ਦੁਆਰਾ ਨਿਰਧਾਰਿਤ ਕੀਤੇ ਗਏ ਹੋਰ ਦੂਜੇ ਦਸਤਾਵੇਜ਼ਾਂ ਦੇ ਨਾਲ ਜਨਰਲ ਖਰਚਿਆਂ ਦੀ ਅਨੁਸੂਚੀ ਅਨੁਸਾਰ ਕਾਰਵਾਈ ਫੀਸ ਪੇਸ਼ ਕਰੇਗਾ ਅਤੇ ਲਾਇਸੈਂਸੀ ਤੋਂ ਮੁਢਲਾ ਇਤਰਾਜ਼ ਹੀਨਤਾ ਸਰਟੀਫਿਕੇਟ (ਐਨ.ਓ.ਸੀ) ਪ੍ਰਾਪਤ ਕਰੇਗਾ। ਇਤਰਾਜ਼ ਹੀਨਤਾ ਸਰਟੀਫਿਕੇਟ ਲਾਇਸੈਂਸੀ ਦੁਆਰਾ ਲੋੜੀਂਦੇ ਦਸਤਾਵੇਜਾਂ ਸਹਿਤ ਸਾਰੇ ਪੱਖਾਂ ਤੋਂ ਮੁਕੰਮਲ ਤਜਵੀਜ਼ ਪ੍ਰਾਪਤ ਹੋਣ ਤੋਂ 45 ਦਿਨਾਂ ਦੇ ਅੰਦਰ ਅੰਦਰ ਜਾਰੀ ਕੀਤਾ ਜਾਵੇਗਾ। ਜੇਕਰ ਵਿਕਾਸਕਾਰ / ਉਸਾਰੀ ਕਰਤਾ (ਬਿਲਡਰ) / ਸੁਸਾਇਟੀ / ਮਾਲਕ ਅਤੇ ਨਿਵਾਸੀਆਂ / ਕਾਬਜਾਂ ਦੀਆਂ ਐਸੋਸੀਏਸ਼ਨਾਂ ਆਪਣੀ ਬੇਨਤੀ ਵਾਪਸ ਲੈ ਲੈਂਦੀਆਂ ਹਨ ਜਾਂ ਨਿਰਧਾਰਿਤ ਸਮੇਂ ਦੇ ਅੰਦਰ ਅੰਦਰ ਸ਼ਰਤਾਂ ਦੀ ਪਾਲਣਾ ਕਰਨ ਵਿੱਚ ਅਸਫਲ ਰਹਿੰਦੀਆਂ ਹਨ ਤਾਂ ਕਾਰਵਾਈ ਫੀਸ ਜ਼ਬਤ ਹੋ ਜਾਵੇਗੀ।

**ਨੋਟ :** ਵਿਕਾਸਕਾਰ / ਉਸਾਰੀ ਕਰਤਾ / ਸੁਸਾਇਟੀ / ਮਾਲਕ / ਐਸੋਸੀਏਸ਼ਨ ਵਿੱਚ ਕੋਈ ਏਜੰਸੀ ਵੀ ਸ਼ਾਮਲ ਹੈ ਚਾਹੇ ਉਹ ਸਰਕਾਰੀ/ ਸਥਾਨਕ ਸੰਸਥਾ ਜਾਂ ਪ੍ਰਾਈਵੇਟ ਹੋਵੇ ਜੋ ਕਲੋਨੀ / ਕੰਪਲੈਕਸ ਦੀ ਉਸਾਰੀ ਕਰਦੀ ਹੋਵੇ।

(ਅ) ਅਜਿਹੀਆਂ ਕਲੋਨੀਆਂ / ਕੰਪਲੈਕਸਾਂ ਦੇ ਐਲ. ਡੀ. ਸਿਸਟਮ ਦੀ ਯੋਜਨਾ ਬਣਾਉਣ ਲਈ ਜਾਂ ਇਤਰਾਜ਼- ਹੀਨਤਾ ਸਰਟੀਫਿਕੇਟ ਜਾਰੀ ਕਰਨ ਲਈ, ਵੰਡ ਲਾਇਸੈਂਸੀ ਦੁਆਰਾ ਅਜਿਹੀਆਂ ਕਲੋਨੀਆਂ / ਕੰਪਲੈਕਸਾਂ ਦੀ ਸੰਭਵਤ ਕੁਨੈਕਟਿਡ ਲੋਡ/ ਮੰਗ ਨਿਰਧਾਰਣ ਕਰਨ ਲਈ ਨਿਮਨ ਦਰਜ ਦਿਸ਼ਾ ਨਿਰਦੇਸ਼ਾਂ ਨੂੰ ਅਪਣਾਇਆ ਜਾਵੇ : –

| ਲੜੀ ਨੰ: | ਕੈਟਾਗਰੀ ਦਾ ਨਾਂ | ਲੋਡ (ਕਿ.ਵਾ.) |
|---|---|---|
| 1. | **ਰਿਹਾਇਸ਼ੀ ਪਲਾਟ** | |
| | 1. 100 ( ਸਕੇਅਰ ਯਾਰਡ ) ਤੱਕ | 5 |
| | 2. 101 ਤੋਂ 200 ( ਸਕੇਅਰ ਯਾਰਡ ) ਤੱਕ | 8 |
| | 3. 201 ਤੋਂ 250 ( ਸਕੇਅਰ ਯਾਰਡ ) ਤੱਕ | 10 |
| | 4. 251 ਤੋਂ 350 ( ਸਕੇਅਰ ਯਾਰਡ ) ਤੱਕ | 12 |

| | | |
|---|---|---|
| | 5. 351 ਤੋਂ 500 ( ਸਕੇਅਰ ਯਾਰਡ ) ਤੱਕ<br>6. 500 ( ਸਕੇਅਰ ਯਾਰਡ ) ਤੋਂ ਉਪਰ | 20<br>30 |
| 2. | **ਰਿਹਾਇਸ਼ੀ ਫਲੈਟ :**<br>1. ਇਕ ਬੈੱਡਰੂਮ ਸੈੱਟ<br>2. Jn NURM/EWS ਫਲੈਟਾਂ ਅਧੀਨ ਸ਼ਹਿਰੀ ਗਰੀਬ ਨੂੰ ਮੂਲ ਸੇਵਾ ਅਧੀਨ ਨਿਵਾਸ ਯੂਨਿਟ (ਇਕਹਿਰਾ ਕਮਰਾ ਫਲੈਟ)<br>3. ਦੋ ਬੈੱਡ ਰੂਮ ਸੈੱਟ<br>4. ਤਿੰਨ ਬੈੱਡ ਰੂਮ ਸੈੱਟ<br>5. ਚਾਰ ਬੈੱਡ ਰੂਮ ਸੈੱਟ<br>6. ਪੰਜ ਬੈੱਡ ਰੂਮ ਸੈੱਟ | <br>5<br>1.5<br><br>7<br>10<br>12<br>15 |
| 3. | **ਵਪਾਰਕ ਖੇਤਰ :**<br>1. ਦੁਕਾਨ<br>2. ਡਿਸਪੈਂਸਰੀ, ਸਕੂਲ, ਹਸਪਤਾਲ ਆਦਿ ਲਈ ਹੋਰ ਦੂਜੇ ਵਪਾਰਕ ਪਲਾਟ ਇਸ ਵਿੱਚ ਵਪਾਰਕ ਕੈਟਾਗਰੀ ਦੇ ਅੰਤਰਗਤ ਆਉਂਦੀਆਂ ਹੋਰ ਦੂਜੀਆਂ ਸਾਂਝੀਆਂ ਸੇਵਾਵਾਂ। | <br>10<br>35 ਵਾਟ ਪ੍ਰਤਿ ਸਕੇਅਰ ਯਾਰਡ |
| 4. | **ਸਾਂਝੀਆਂ ਸੇਵਾਵਾਂ ਲਈ ਹੋਰ ਦੂਜੇ ਲੋਡ** | ਮੰਗ ਅਨੁਸਾਰ |

**ਨੋਟ :-** ਉਪਰੋਕਤ ਗਿਣਨ ਅਨੁਸਾਰ ਸਾਰੇ ਵਪਾਰਕ ਲੋਡ ਦੇ ਕੁਲ ਰਿਹਾਇਸ਼ੀ ਲੋਡ ਦਾ ਇਕ ਤਿਹਾਈ ਅਤੇ 40% ਨੂੰ ਕਲੋਨੀ ਲੋਡ ਵਜੋਂ ਲਿਆ ਜਾਵੇਗਾ, ਜਿਹੜਾ ਕਿ ਅਗੇ ਹੋਰ ਲੋਡ ਦੇ ਵਾਧੇ ਨੂੰ ਧਿਆਨ ਵਿੱਚ ਰੱਖਦਿਆਂ 40% ਤੱਕ ਅਗੇ ਹੋਰ ਵਧਾ ਦਿੱਤਾ ਜਾਵੇਗਾ। ਲੋਡ ਨੂੰ 0.90 ਦਾ ਪਾਵਰ ਫੈਕਟਰ ਵਰਤ ਕੇ ਕੇ. ਵੀ. ਏ. ਵਿੱਚ ਬਦਲ ਦਿੱਤਾ ਜਾਵੇਗਾ।

(ੲ) ਵਿਕਾਸਕਾਰ / ਉਸਾਰੀ ਕਰਤਾ / ਸੁਸਾਇਟੀ / ਮਾਲਕਾਂ ਅਤੇ ਨਿਵਾਸੀਆਂ / ਕਾਬਜਾਂ ਦੀਆਂ ਐਸੋਸੀਏਸ਼ਨਾਂ ਪ੍ਰਵਾਨਤ ਲੇਅ-ਆਊਟ ਸਕੈੱਚ ਅਨੁਸਾਰ ਕਲੋਨੀ ਦੇ ਐਲ. ਡੀ. ਸਿਸਟਮ ਦੀ ਅਨੁਮਾਨਤ ਲਾਗਤ ਜਮ੍ਹਾਂ ਕਰਵਾਉਣਗੀਆਂ ਅਤੇ ਵੰਡ ਲਾਇਸੈਂਸੀ ਤੋਂ ਤਾਮੀਲ ਕਰਵਾਉਣਗੀਆਂ। ਅੰਦਰੂਨੀ ਵੰਡ ਸਿਸਟਮ ਦੇ ਫੀਡਿੰਗ ਸਬ- ਸਟੇਸ਼ਨ ਤੋਂ ਕੁਨੈਕਸ਼ਨ ਪੁਆਇੰਟ ਤੱਕ ਬਰੇਕਰ ਸਹਿਤ 11 ਕੇ. ਵੀ. ਫੀਡਰ (ਰਾਂ) ਦੀ ਉਸਾਰੀ ਲਈ ਕੀਤਾ ਗਿਆ ਖਰਚ ਵੀ ਵਿਕਾਸਕਾਰ / ਉਸਾਰੀ ਕਰਤਾ / ਸੁਸਾਇਟੀ / ਮਾਲਕਾਂ ਅਤੇ ਨਿਵਾਸੀਆਂ / ਕਾਬਜਾਂ ਦੀਆਂ ਐਸੋਸੀਏਸ਼ਨਾਂ ਦੁਆਰਾ ਚੁਕਿਆ ਜਾਵੇਗਾ। ਐਲ. ਡੀ. ਸਿਸਟਮ, ਇਸ ਵਿੱਚ ਹਰੇਕ ਖਪਤਕਾਰ ਦੇ ਮੀਟਰਿੰਗ ਪੁਆਇੰਟ ਤੱਕ ਕੇਬਲ ਸਰਵਿਸ ਅਤੇ 11 ਕੇ. ਵੀ. ਸ਼ਾਮਲ ਹੈ, ਦੇ ਖਰਚ ਵਿੱਚ ਉਸ ਉਤੇ ਸਮੱਗਰੀ ਦੀ ਲਾਗਤ, ਮਜ਼ਦੂਰੀ ਜਮ੍ਹਾਂ 16% ਅਮਲਾ ਖਰਚੇ ਵੀ ਸ਼ਾਮਲ ਹੋਣਗੇ। ਜੇਕਰ ਕਲੋਨੀ / ਕੰਪਲੈਕਸ ਨੂੰ ਮੌਜੂਦਾ 11 ਕੇ. ਵੀ. ਫੀਡਰ ਤੋਂ ਸੰਪਰਕ ਕਰਕੇ (by tapping) ਕੁਨੈਕਸ਼ਨ ਜਾਰੀ ਕੀਤਾ ਜਾਂਦਾ ਹੈ ਤਾਂ ਸਰਵਿਸ ਲਾਈਨ ਦੀ ਲਾਗਤ ਅਤੇ ਬਰੇਕਰ ਸਹਿਤ ਲਾਈਨ ਦੇ ਸਾਂਝੇ ਭਾਗ ਦੀ ਅਨੁਪਾਤਕ ਲਾਗਤ ਵਸੂਲੀਯੋਗ ਹੋਵੇਗੀ। ਐਲ. ਡੀ. ਸਿਸਟਮ ਦਾ ਪੜਾਅ ਵਾਰ ਵਿਕਾਸ ਮੰਗ ਅਨੁਸਾਰ ਲਾਇਸੈਂਸੀ ਦੁਆਰਾ ਕੀਤਾ ਜਾ ਸਕਦਾ ਹੈ ਪਰੰਤੂ ਇਸ ਸਮੇਂ ਦੌਰਾਨ ਕੋਈ ਵੀ ਲਾਗਤ ਵਾਧਾ ਲਾਇਸੈਂਸੀ ਦੁਆਰਾ ਬਰਦਾਸ਼ਤ ਕੀਤਾ ਜਾਵੇਗਾ। ਵੰਡ ਲਾਇਸੈਂਸੀ ਵਿਨਿਯਮ 8 ਵਿੱਚ ਨਿਰਧਾਰਿਤ ਕੀਤੇ ਗਏ ਟਾਈਮ ਫਰੇਮ ਦੇ ਅੰਦਰ ਅੰਦਰ ਵਿਅਕਤੀਗਤ ਕੁਨੈਕਸ਼ਨ ਜਾਰੀ ਕਰਨ ਵਾਸਤੇ ਜਿੰਮੇਵਾਰ ਹੋਵੇਗਾ।

ਪਰੰਤੂ ਵਿਕਾਸਕਾਰ / ਉਸਾਰੀ ਕਰਤਾ / ਸੁਸਾਇਟੀ / ਮਾਲਕਾਂ ਅਤੇ ਨਿਵਾਸੀਆਂ / ਕਾਬਜਾਂ ਦੀਆਂ ਐਸੋਸੀਏਸ਼ਨਾਂ ਲਾਇਸੈਂਸੀ ਨੂੰ ਮਜ਼ਦੂਰੀ ਲਾਗਤ ਉਤੇ 15% ਨਿਗਰਾਨੀ ਖਰਚੇ ਦੀ ਅਦਾਇਗੀ ਦੀ ਸ਼ਰਤ ਅਧੀਨ ਵੰਡ ਲਾਇਸੈਂਸੀ ਦੁਆਰਾ ਪ੍ਰਵਾਨ ਕੀਤੇ ਗਏ ਪ੍ਰਵਾਨਤ ਲੇਅ-ਆਊਟ ਯੋਜਨਾ / ਸਕੈੱਚ ਅਨੁਸਾਰ ਆਪਣੇ ਆਪ ਕਲੋਨੀ / ਕੰਪਲੈਕਸ ਦੇ ਅੰਦਰੂਨੀ ਐਲ. ਡੀ. ਸਿਸਟਮ ਦੇ ਕਾਰਜ ਤਾਮੀਲ ਕਰਵਾਉਣ ਦੀ ਚੋਣ ( option ) ਵੀ ਰੱਖਦੀਆਂ ਹਨ। ਇਸ ਦੀ ਮੁਕੰਮਲਤਾ ਅਤੇ ਪੰਜਾਬ ਸਰਕਾਰ ਦੇ ਮੁੱਖ ਬਿਜਲੀ ਇੰਸਪੈਕਟਰ ਦੁਆਰਾ ਨਿਰੀਖਣ ਕਰਨ ਮਗਰੋਂ, ਵੰਡ ਲਾਇਸੈਂਸੀ ਐਲ. ਡੀ. ਸਿਸਟਮ ਦਾ ਚਾਰਜ ਲੈ ਲਵੇਗਾ, ਜਿਹੜਾ ਕਿ ਇਸ ਦੇ ਵੰਡ ਸਿਸਟਮ ਨਾਲ ਜੋੜਿਆ ਜਾਵੇਗਾ। ਇਸ ਮਗਰੋਂ ਵੰਡ ਲਾਇਸੈਂਸੀ ਐਲ. ਡੀ. ਸਿਸਟਮ ਦੀ ਸਾਂਭ-ਸੰਭਾਲ ਆਪਣੀ ਲਾਗਤ 'ਤੇ ਕਰੇਗਾ। ਜੇਕਰ ਵਿਕਾਸਕਾਰ ਅਣ-ਮੁਕੰਮਲ ਐਲ. ਡੀ. ਸਿਸਟਮ ਦਾ ਊਰਜੀਕਰਣ ਕਰਨ ਲਈ ਬੇਨਤੀ ਕਰਦਾ ਹੈ ਤਾਂ ਇਸ ਦੀ ਇਜਾਜ਼ਤ ਦਿੱਤੀ ਜਾਵੇਗੀ ਬਸ਼ਰਤੇ ਕਿ ਵਿਕਾਸਕਾਰ ਬਕਾਇਆ ਕਾਰਜ ਦੀ ਅਨੁਮਾਨਤ ਲਾਗਤ ਦਾ 150% ਦੇ ਬਰਾਬਰ ਬੈਂਕ ਗਰੰਟੀ ( 5 ਸਾਲਾਂ ਤੱਕ ਜਾਇਜ਼ ਬੈਂਕ ਗਰੰਟੀ ) ਪੇਸ਼ ਕਰਦਾ ਹੈ। ਬੈਂਕ ਗਰੰਟੀ ਦੀ ਇਹ ਰਕਮ ਐਲ. ਡੀ. ਸਿਸਟਮ ਦੇ ਬਾਕੀ ਰਹਿੰਦੇ ਕਾਰਜ ਦੀ ਮੁਕੰਮਲਤਾ ਦੇ ਨਾਲ ਘਟਾਈ ( reducing ) ਉਤੇ ਰੱਖੀ ਜਾਵੇਗੀ। ਲਾਇਸੈਂਸੀ ਦੀ ਸੰਤੁਸ਼ਟਤਾ ਲਈ ਬੈਂਕ ਗਰੰਟੀ ਪੇਸ਼ ਕਰਨ ਮਗਰੋਂ, ਵਿਨਿਯਮ 8 ਵਿੱਚ ਨਿਰਧਾਰਿਤ ਕੀਤੇ ਗਏ ਸਮਾਂ ਫਰੇਮ ਅਨੁਸਾਰ ਕਲੋਨੀ / ਕੰਪਲੈਕਸ ਦੇ ਨਿਵਾਸੀਆਂ / ਕਾਬਜ਼ਾਂ ਨੂੰ ਕੁਨੈਕਸ਼ਨ ਜਾਰੀ ਕਰਨ ਦੀ ਜ਼ਿੰਮੇਵਾਰੀ ਲਾਇਸੈਂਸੀ ਦੀ ਹੋਵੇਗੀ।

(ਸ) ਜੇਕਰ ਉਪਰੋਕਤ (ਅ) ਅਨੁਸਾਰ ਗਿਣੀ ਗਈ ਕਲੋਨੀ / ਕੰਪਲੈਕਸ ਦੀ ਸੰਭਾਵਿਤ ਮੰਗ 4000 ਕੇ. ਵੀ. ਏ. ਤੋਂ ਵੱਧ ਜਾਂਦੀ ਹੈ ਤਾਂ ਵਿਕਾਸਕਾਰ / ਉਸਾਰੀ ਕਰਤਾ / ਸੁਸਾਇਟੀ / ਮਾਲਕਾਂ ਅਤੇ ਨਿਵਾਸੀਆਂ / ਕਾਬਜਾਂ ਦੀਆਂ ਐਸੋਸੀਏਸ਼ਨਾਂ ਉਪਰੋਕਤ ਵਿਨਿਯਮ (ੲ) ਅਨੁਸਾਰ ਅਦਾਇਗੀ ਯੋਗ ਖਰਚਿਆਂ ਤੋਂ ਇਲਾਵਾ ਕਮਿਸ਼ਨ ਦੁਆਰਾ ਪ੍ਰਵਾਨਤ ਲਾਗਤ ਡੈਟੇ ਵਿੱਚ ਉਪਬੰਧ ਕੀਤੇ ਗਏ ਅਨੁਸਾਰ 'ਸਿਸਟਮ ਲੋਡਿੰਗ ਖਰਚਿਆਂ' ਦੀ ਅਦਾਇਗੀ ਵੀ ਕਰਨਗੇ। ਅਜਿਹੇ ਕੇਸ ਵਿੱਚ, ਗਰਿਡ ਸਬ-ਸਟੇਸ਼ਨ ਦੀ ਉਸਾਰੀ / ਵਰਧਨ, ਜੇਕਰ ਲੋੜੀਂਦਾ ਹੋਵੇ, ਲਾਇਸੈਂਸੀ ਦੁਆਰਾ ਆਪਣੀ ਲਾਗਤ 'ਤੇ ਕੀਤਾ ਜਾਵੇਗਾ। ਪਰੰਤੂ ਜੇਕਰ ਗਰਿਡ ਸਬ-ਸਟੇਸ਼ਨ ਕਲੋਨੀ ਵਿੱਚ ਉਸਾਰੇ ਜਾਣ ਦੀ ਲੋੜ ਹੈ ਤਾਂ ਵਿਕਾਸਕਾਰ / ਉਸਾਰੀ ਕਰਤਾ / ਸੁਸਾਇਟੀ / ਮਾਲਕਾਂ ਅਤੇ ਨਿਵਾਸੀਆਂ / ਕਾਬਜਾਂ ਦੀਆਂ ਐਸੋਸੀਏਸ਼ਨਾਂ ਸਥਾਨ ਅਤੇ ਰਾਹਦਾਰੀ ਲਾਗਤ ਤੋਂ ਬਿਨਾਂ, ਜੇਕਰ ਅਨੁਮਤੀ ਯੋਗ ਹੋਵੇ ਜਾਂ 1 ਰੁ. ਪ੍ਰਤਿ ਸਕੇਅਰ ਮੀਟਰ ਦੀ ਦਰ 'ਤੇ ਮਾਮੂਲੀ ਪ੍ਰਤੀਕ ਮੁਦਰਾ (token money) 'ਤੇ ਮਹਈਆ ਕੀਤੀ ਜਾਵੇਗੀ। ਜੇਕਰ ਗਰਿਡ ਸਬ-ਸਟੇਸ਼ਨ ਅਤੇ / ਜਾਂ ਐਚ. ਟੀ. / ਈ. ਐਚ. ਟੀ. ਲਾਈਨ ਦੀ ਬੇਅ / ਬਰੇਕਰ ਸਮੇਤ ਲਾਗਤ ਰਾਜ ਐਕਟ ਅਰਥਾਤ ਪੂਡਾ / ਗਮਾਡਾ / ਗਲਾਡਾ ਆਦਿ ਅਧੀਨ ਕਿਸੇ ਅਥਾਰਟੀ ਦੁਆਰਾ ਜਮ੍ਹਾਂ ਕਰਵਾ ਦਿੱਤੀ ਗਈ ਹੈ ਤਾਂ ਇਸ ਲਈ 'ਸਿਸਟਮ ਲੋਡਿੰਗ ਖਰਚੇ' ਅਜਿਹੀ ਕਲੋਨੀ / ਕੰਪਲੈਕਸ ਦੇ ਵਿਕਾਸਕਾਰ ਤੋਂ ਵਸੂਲ ਨਹੀਂ ਕੀਤੇ ਜਾਣਗੇ।

ਹ) ਹਰ ਇਕ ਨਿਵਾਸੀ / ਕਾਬਜ਼ ਸਪਲਾਈ ਕੋਡ ਦੇ ਵਿਨਿਯਮ 6 ਅਨੁਸਾਰ ਵੰਡ ਲਾਇਸੈਂਸੀ ਨੂੰ ਬਿਜਲੀ ਦੀ ਸਪਲਾਈ ਵਾਸਤੇ ਏ. ਤੇ ਏ. ਫਾਰਮ ਪੇਸ਼ ਕਰੇਗਾ ਅਤੇ ਹਰ ਇਕ ਬਿਨੈਕਾਰ ਦੇ ਕੁਨੈਕਟਿਡ ਲੋਡ ਦਾ ਨਿਰਧਾਰਣ/ਗਣਨਾ ਸਪਲਾਈ ਕੋਡ ਦੇ ਵਿਨਿਯਮ 4.9 ਅਨੁਸਾਰ ਕੀਤੀ ਜਾਵੇਗੀ। ਵੰਡ ਲਾਇਸੈਂਸੀ ਵਿਨਿਯਮ 6.8 ਅਤੇ 8 ਵਿੱਚ ਨਿਰਧਾਰਿਤ ਕੀਤੀ ਗਈ ਸਮਾਂ ਸੀਮਾਂ ਦੇ ਅੰਦਰ ਅੰਦਰ ਕੁਨੈਕਸ਼ਨ ਜਾਰੀ ਕਰੇਗਾ।

(ਕ) ਇਕ ਵਿਕਾਸਕਾਰ / ਉਸਾਰੀ ਕਰਤਾ / ਸੁਸਾਇਟੀ / ਮਾਲਕਾਂ ਅਤੇ ਨਿਵਾਸੀਆਂ / ਕਾਬਜਾਂ ਦੀ ਐਸੋਸੀਏਸ਼ਨ ਸਬੰਧਤ ਕੈਟਾਗਰੀ ਅਧੀਨ ਸਾਝੀਆਂ ਸੇਵਾਵਾਂ ਲਈ ਵੱਖਰਾ ਕੁਨੈਕਸ਼ਨ ਪ੍ਰਾਪਤ ਕਰੇਗੀ। ਵਿਕਾਸਕਾਰ ਆਪਣੀ ਲਾਗਤ ’ਤੇ ਵਿਅਕਤੀਗਤ ਕਾਬਜ਼ ਦੇ ਅਹਾਤੇ / ਸਾਝੀਆਂ ਸੇਵਾਵਾਂ ਕੁਨੈਕਸ਼ਨ ਪੁਆਇੰਟ ਦੇ ਮੀਟਰਿੰਗ ਪੁਆਇੰਟ ਤੱਕ ਸਰਵਿਸ ਕੇਬਲਾਂ ਵਿਛਾਉਣ ਵਾਸਤੇ ਵੀ ਜਿੰਮੇਵਾਰ ਹੋਵੇਗਾ। ਜੇਕਰ ਮੀਟਰ ਖਪਤਕਾਰ ਦੇ ਅਹਾਤੇ ਦੇ ਬਾਹਰ ਸੰਸਥਾਪਤ ਕੀਤਾ ਜਾਂਦਾ ਹੈ ਤਾਂ ਮੀਟਰ ਤੋਂ ਖਪਤਕਾਰ ਦੇ ਮੇਨ ਸਵਿਚ ਤੱਕ ਦੀ ਸਰਵਿਸ ਕੇਬਲ ਵੀ ਵਿਕਾਸਕਾਰ ਦੁਆਰਾ ਆਪਣੀ ਲਾਗਤ ’ਤੇ ਮੁਹਈਆ ਕੀਤੀ ਜਾਵੇਗੀ। ਵੰਡ ਲਾਇਸੈਂਸੀ ਵੱਲੋਂ ਵਿਅਕਤੀਗਤ ਖਪਤਕਾਰਾਂ ਤੋਂ ਕੋਈ ਸਰਵਿਸ ਕੁਨੈਕਸ਼ਨ ਖਰਚੇ ਵਸੂਲ ਨਹੀਂ ਕੀਤੇ ਜਾਣਗੇ। ਪਰੰਤੂ ਬਿਨੈਕਾਰ ਜਨਰਲ ਖਰਚਿਆਂ ਦੀ ਅਨੁਸੂਚੀ ਅਨੁਸਾਰ ਸਿਕਿਉਰਟੀ (ਖਪਤ) ਅਤੇ ਸਿਕਿਉਰਟੀ (ਮੀਟਰ) ਜਮ੍ਹਾ ਕਰਵਾਏਗਾ।

**6.8 ਏ. ਤੇ ਏ. ( ਬਿਨੈ-ਪੱਤਰ ਅਤੇ ਇਕਰਾਰਨਾਮਾ ) ਫਾਰਮ ਦੀ ਪ੍ਰਵਾਨਗੀ ਅਤੇ ਮੰਗ ਨੋਟਿਸ ਦਾ ਜਾਰੀਕਰਣ :**

6.8.1 ਵੰਡ ਲਾਇਸੈਂਸੀ ਸਰਵਿਸ ਰਜਿਸਟਰ / ਡੈਟਾਬੇਸ ਵਿੱਚ ਪ੍ਰਾਪਤ ਕੀਤੇ ਗਏ ਸਾਰੇ ਬਿਨੈ-ਪੱਤਰ ਫਾਰਮਾਂ ਦਾ ਪੱਕਾ ਰਿਕਾਰਡ ਰੱਖੇਗਾ। ਹਰੇਕ ਬਿਨੈ-ਪੱਤਰ ਫਾਰਮ ਨੂੰ ਲੜੀਵਾਰ ਉਸੇ ਤਰਤੀਬ ਵਿੱਚ ਜਿਸ ਵਿੱਚ ਉਹ ਪ੍ਰਾਪਤ ਕੀਤਾ ਗਿਆ ਸੀ, ਪੱਕਾ ਬਿਨੈ-ਪੱਤਰ ਨੰਬਰ (ਸ਼ਨਾਖਤ ਲਈ) ਅਲਾਟ ਕੀਤਾ ਜਾਵੇਗਾ। ਖਪਤਕਾਰਾਂ ਦੀਆਂ ਵੱਖ ਵੱਖ ਕੈਟਾਗਰੀਆਂ ਲਈ ਵੱਖਰਾ ਰਜਿਸਟਰ / ਡੈਟਾਬੇਸ ਰੱਖਿਆ ਜਾਵੇਗਾ। ਹਰ ਇਕ ਅਧਿਸੂਚਿਤ ਦਫਤਰ ਵਿੱਚ ਖਪਤਕਾਰਾਂ ਦੀ ਹਰ ਇਕ ਕੈਟਾਗਰੀ ਵਾਸਤੇ ਵੱਖਰੀ ਸੀਨੀਅਰਤਾ ਸੂਚੀ ਤਿਆਰ ਕੀਤੀ ਜਾਵੇਗੀ। ਵੰਡ ਲਾਇਸੈਂਸੀ ਹਰ ਇਕ ਬਿਨੈ-ਪੱਤਰ ਫਾਰਮ ਦੇ ਨਿਪਟਾਰੇ ਦੀ ਸਥਿਤੀ ਪੜਾ-ਵਾਰ ਨਾਲ ਰਜਿਸਟਰਾਂ / ਡੈਟਾਬੇਸ ਨੂੰ ਅੱਜ ਮਿਤੀ ਤੱਕ ਮੁਕੰਮਲ ਰੱਖੇਗਾ।

6.8.2 ਕੁਨੈਕਸ਼ਨਾਂ ਦੇ ਜਾਰੀਕਰਣ ਵਾਸਤੇ ਸੀਨੀਅਰਤਾ ਦਾ ਨਿਰਧਾਰਨ : -

ਵੰਡ ਲਾਇਸੈਂਸੀ ਹਰ ਇਕ ਕੈਟਾਗਰੀ ਦੇ ਬਿਨੈ-ਪੱਤਰਾਂ ਨੂੰ ਸਰਵਿਸ ਰਜਿਸਟਰ / ਡੈਟਾਬੇਸ ਵਿੱਚ ਲੜੀਵਾਰ ਅਗੇਤਤਾ ਅਨੁਸਾਰ “ਪਹਿਲਾਂ ਆਓ, ਪਹਿਲਾਂ ਪਾਓ” ਦੇ ਵਿਸ਼ਾਲ ਸਿਧਾਂਤ ਉਤੇ ਨਜਿਠੇਗਾ।

(ੳ) ਹਰ ਇਕ ਕੈਟਾਗਰੀ ( ਖੇਤੀਬਾੜੀ ਪੰਪਸੈਟ ਤੋਂ ਬਿਨਾਂ ) ਲਈ ਬਿਨੈ-ਪੱਤਰਾਂ ਦੇ ਸਬੰਧ ਵਿੱਚ ਸੀਨੀਅਰਤਾ ਨਿਮਨ ਅਨੁਸਾਰ ਵੱਖਰੀ ਕਤਾਰ ਵਿੱਚ ਤਿਆਰ ਕੀਤੀ ਜਾਵੇਗੀ : -

**ਕਤਾਰ ਨੰ:** 1 : ਜਿਥੇ ਐਲ. ਟੀ. ਸਪਲਾਈ ਕੁਨੈਕਸ਼ਨ ( ਨਾਂ ) / ਲੋਡ ( ਡਾਂ ) ਨੂੰ ਵੰਡ ਮੇਨ ਦੇ ਵਰਧਨ, ਉਸਾਰੀ ਅਤੇ ਵਿਸਤਾਰ ਜਾਂ ਵੰਡ ਟ੍ਰਾਸਫਾਰਮਰ ਦੀ ਉਸਾਰੀ / ਵ੍ਰਿਧੀ ਜਾਂ ਨਵੇਂ ਸਬ-ਸਟੇਸ਼ਨ ਜਾਂ ਪਾਵਰ ਟ੍ਰਾਂਸਫਾਰਮਾਰ ਦੇ ਚਾਲੂਕਰਣ ਤੋਂ ਬਿਨਾਂ ਜਾਰੀ ਕੀਤਾ ਜਾ ਸਕਦਾ ਹੈ ;

**ਕਤਾਰ ਨੰ:** 2 : ਐਲ. ਟੀ. ਸਪਲਾਈ ਕੁਨੈਕਸ਼ਨ ਜਿਥੇ ਵੰਡ ਮੇਨ ਦੇ ਵਰਧਨ/ ਵਿਸਤਾਰ ਜਾਂ ਵੰਡ ਸਬ-ਸਟੇਸ਼ਨ ਦੀ ਉਸਾਰੀ/ ਵਰਧਨ ਲੋੜੀਂਦਾ ਹੈ ;

**ਕਤਾਰ ਨੰ:** 3 : 11000 ਵੋਲਟਾਂ ’ਤੇ ਐਚ. ਟੀ. ਸਪਲਾਈ ਕੁਨੈਕਸ਼ਨ ;

**ਕਤਾਰ ਨੰ: 4 :** 33000 ਵੋਲਟਾਂ 'ਤੇ ਐਚ. ਟੀ. ਸਲਾਈ ਕੁਨੈਕਸ਼ਨ ਜਾਂ ਈ. ਐਚ. ਟੀ. ਸਪਲਾਈ ਕੁਨੈਕਸ਼ਨਾਂ ;

**ਕਤਾਰ ਨੰ: 5 :** ਸਾਰੇ ਕੇਸ ਜਿਥੇ ਬਿਜਲੀ ਦੀ ਸਪਲਾਈ ਲਈ ਸਪਲਾਈ ਕੋਡ ਦੇ ਵਿਨਿਯਮ 8.1 (ੲ) ਅਨੁਸਾਰ ਐਚ. ਟੀ. / ਈ. ਐਚ. ਟੀ. ਲਾਈਨ ਸਮੇਤ ਨਵੇਂ ਸਬ-ਸਟੇਸ਼ਨ ਜਾਂ ਪਾਵਰ ਟ੍ਰਾਂਸਫਾਰਮਰ ਦੀ ਉਸਾਰੀ ਅਤੇ ਚਾਲੂਕਰਣ ਲੋੜੀਂਦਾ ਹੋਵੇ ।

(ਅ) ਖੇ. ਪ. ( ਏ. ਪੀ. ) ਕੈਟਾਗਰੀ ਕੁਨੈਕਸ਼ਨ ਸਪਲਾਈ ਕੋਡ ਦੇ ਵਿਨਿਯਮ 5.3 ਅਨੁਸਾਰ ਸਰਕਾਰ ਦੁਆਰਾ ਤਿਆਰ ਕੀਤੀ ਗਈ ਸਕੀਮ ਅਨੁਸਾਰ ਏ. ਤੇ ਏ. ਫਾਰਮ ਦੀ ਰਜਿਸਟ੍ਰੇਸ਼ਨ ਦੀ ਤਰਤੀਬ ਵਿੱਚ ਸੀਨੀਅਰਤਾ ਦੇ ਆਧਾਰ ਉਤੇ ਜਾਰੀ ਕੀਤੇ ਜਾਣਗੇ। ਖੇ. ਪ. ( ਏ. ਪੀ. ) ਕੈਟਾਗਰੀ ਅਧੀਨ ਬਿਨੈਕਾਰ, ਜੋ ਲੋਡ ਵਿੱਚ ਵਿਸਤਾਰ / ਕਟੌਤੀ ਅਤੇ / ਜਾਂ ਡੀਮਾਂਡ ਨੋਟਿਸ ਦਾ ਸਮਾਂ ਪੁੱਗਣ ਤੋਂ ਪਹਿਲਾਂ ਸਥਾਨ ਦੀ ਤਬਦੀਲੀ ਚਾਹੁੰਦਾ ਹੈ, ਮੁੱਢਲੇ ਬਿਨੈ-ਪੱਤਰ ਦੇ ਆਧਾਰ ਉਤੇ ਮੂਲ ਸੀਨੀਅਰਤਾ ਬਰਕਰਾਰ ਰੱਖੇਗਾ।

(ੲ) ਅਗਲੇ 15 ਦਿਨਾਂ ਵਿੱਚ ਜਾਰੀ ਕੀਤੇ ਗਏ ਜਾਂ ਜਾਰੀ ਕੀਤੇ ਜਾਣ ਲਈ ਤਜਵੀਜ਼ਤ ਕੁਨੈਕਸ਼ਨਾਂ ਦੀ ਅੱਜ ਤੱਕ ਮੁਕੰਮਲ ( updated ) ਸਥਿਤੀ ਜੋ ਹਰੇਕ ਮਹੀਨੇ ਦੀ ਪਹਿਲੇ ਅਤੇ 16 ਵੇਂ ਦਿਨ ਉਤੇ ਅੱਜ ਤੱਕ ਮੁਕੰਮਲ ਕੀਤੀ ਜਾਣੀ ਹੈ, ਲਾਇਸੈਂਸੀ ਦੀ ਵੈਬਸਾਈਟ ਉਤੇ ਅਤੇ ਲਾਇੰਸੈਂਸੀ ਦੇ ਸਥਾਨਕ ਦਫਤਰ ਵਿਖੇ ਰੱਖੇ ਗਏ ਨੋਟਿਸ ਬੋਰਡ ਉਤੇ ਪ੍ਰਦਰਸ਼ਿਤ ਕੀਤੀ ਜਾਵੇਗੀ।

6.8.3 <u>ਡਿਮਾਂਡ ਨੋਟਿਸ ਜਾਰੀ ਕਰਨਾ</u> : -

ਡੀਮਾਂਡ ਨੋਟਿਸ ਲਾਇਸੈਂਸੀ ਦੁਆਰਾ ਵਿਨਿਯਮ 6.9.2 ਅਨੁਸਾਰ ਖਪਤਕਾਰਾਂ ਦੀਆਂ ਵੱਖ ਵੱਖ ਕੈਟਾਗਰੀਆਂ ਲਈ ਵੰਡ ਲਾਇਸੈਂਸੀ ਦੁਆਰਾ ਤਿਆਰ ਕੀਤੀ ਗਈ ਬਿਨੈਕਾਰਾਂ ਦੀ ਸੀਨੀਅਰਤਾ ਸੂਚੀ ਅਨੁਸਾਰ ਜਾਰੀ ਕੀਤੇ ਜਾਣਗੇ।

ਡੀਮਾਂਡ ਨੋਟਿਸ ਨਿਮਨ ਅਨੁਸਾਰ ਸੁਨਿਸ਼ਚਿਤ ਕਰਨਗੇ : -

(ੳ) ਸਰਵਿਸ ਕੁਨੈਕਸ਼ਨ ਖਰਚੇ ਜਾਂ ਸਿਕਿਉਰਟੀ ( ਕਾਰਜ ) ਅਤੇ / ਜਾਂ ਬਕਾਇਆ ਸਿਕਿਉਰਟੀ ( ਖਪਤ ), ਜੇਕਰ ਕੋਈ ਹੋਵੇ, ਜੋ ਇਹਨਾਂ ਵਿਨਿਯਮਾਂ ਦੇ ਵਿਨਿਯਮ 9 ਅਤੇ 14 ਅਨੁਸਾਰ ਬਿਨੈਕਾਰ ਦੁਆਰਾ ਜਮ੍ਹਾਂ ਕਰਵਾਏ ਜਾਣੇ ਲੋੜੀਂਦੇ ਹਨ।

(ਅ) ਬਿਜਲੀ ਦਾ ਕੁਨੈਕਸ਼ਨ ਦੇਣ ਲਈ ਵੰਡ ਲਾਇਸੈਂਸੀ ਦੁਆਰਾ ਹੱਥ ਵਿੱਚ ਲਏ ਗਏ ਸਰਵਿਸ ਲਾਈਨ ਸਮੇਤ ਕਾਰਜਾਂ ਦੇ ਵੇਰਵੇ ;

(ੲ) ਹੋਰ ਦੂਜੀਆਂ ਸ਼ਰਤਾਂ ਜੋ ਇਹਨਾਂ ਵਿਨਿਯਮਾਂ ਦੇ ਵਿਨਿਯਮ 8.8 ਅਧੀਨ ਬਿਨੈਕਾਰ ਦੁਆਰਾ ਪ੍ਰਵਾਨ ਕੀਤੀਆਂ ਜਾਣੀਆਂ ਲੋੜੀਂਦੀਆਂ ਹਨ ;

(ਸ) ਬਿਨੈਕਾਰ ਦੁਆਰਾ ਕਾਨੂੰਨੀ ਮੰਗ ਅਨੁਸਾਰ ਇਤਰਾਜ਼ ਹੀਨਤਾ ਸਰਟੀਫਿਕੇਟ, ਜਿਥੇ ਕਿਤੇ ਲਾਗੂ ਹੋਣ ਯੋਗ ਹੈ, ਪੇਸ਼ ਕਰਨਾ ;

(ਹ) ਬਿਨੈਕਾਰ ਦੁਆਰਾ ਬਿਜਲੀ ਦੇ ਮੁਆਇਦੇਕਾਰ ਦੀ ਟੈੱਸਟ ਰਿਪੋਰਟ ਦੀ ਪ੍ਰਸਤੁਤੀ ; ਅਤੇ

(ਕ) ਬਿਨੈਕਾਰ ਦੁਆਰਾ ਕੀਤੀਆਂ ਜਾਣ ਵਾਲੀਆਂ ਹੋਰ ਦੂਜੀਆਂ ਪਾਲਨਾਵਾਂ।

ਇਕ ਵਾਰ ਜਾਰੀ ਕੀਤੇ ਗਏ ਡੀਮਾਂਡ ਨੋਟਿਸ ਵਿੱਚ ਸੁਨਿਸ਼ਚਿਤ ਕੀਤੀਆਂ ਗਈਆਂ ਬਾਨ੍ਹਾਂ ਅਤੇ ਸ਼ਰਤਾਂ ਨੂੰ ਜਦੋਂ ਲਾਗੂ ਹੋਣ ਯੋਗ ਕਾਨੂੰਨ / ਵਿਨਿਯਮ ਵਿੱਚ ਹੋਈ ਤਬਦੀਲੀ ਦੁਆਰਾ ਜ਼ਰੂਰਤ ਪੈਣ ਜਾਂ ਜਾਇਜ਼ ਹਿਸਾਬੀ ਗਣਨ ਵਿੱਚ ਗਲਤੀ ਦੇ ਕੇਸ ਵਿੱਚ ਤੋਂ ਛੁੱਟ, ਬਦਲਿਆ ਨਹੀਂ ਜਾਵੇਗਾ। ਪਰੰਤੂ ਜਿਥੇ ਏ. ਪੀ. ਕੁਨੈਕਸ਼ਨ ਲਈ ਬਿਨੈਕਾਰ ਡਿਮਾਂਡ ਨੋਟਿਸ ਦੇ ਜਾਇਜ਼ਤਾ ਸਮੇਂ ਦੇ ਅੰਦਰ ਅੰਦਰ ਲੋਡ ਵਿੱਚ ਵਿਸਤਾਰ / ਕਟੌਤੀ ਅਤੇ / ਜਾਂ ਕੁਨੈਕਸ਼ਨ ਦੇ ਸਥੱਲ ਨੂੰ ਬਦਲਣ ਲਈ ਬੇਨਤੀ ਕਰਦਾ ਹੈ ਤਾਂ ਵੰਡ ਲਾਇਸੈਂਸੀ ਸਥੱਲ ਦੇ ਬਦਲਣ ਕਰਕੇ ਜ਼ਰੂਰੀ ਤਬਦੀਲੀਆਂ ਸ਼ਾਮਲ ਕਰਦਿਆਂ ਤਾਜ਼ਾ ਡਿਮਾਂਡ ਨੋਟਿਸ ਜਾਰੀ ਕਰ ਸਕਦਾ ਹੈ।

6.8.4 ਡਿਮਾਂਡ ਨੋਟਿਸ ਜਾਰੀ ਕਰਨ ਲਈ ਸਮਾਂ ਲਾਈਨ :

ਵਿਨਿਯਮ 6.8.3 ਤਹਿਤ ਡਿਮਾਂਡ ਨੋਟਿਸ ਵੰਡ ਲਾਇਸੈਂਸੀ ਦੁਆਰਾ ਨਿਮਨ ਸਮੇਂ ਦੇ ਅੰਦਰ ਅੰਦਰ ਜਾਰੀ ਕੀਤਾ ਜਾਵੇਗਾ : –

ੳ) ਐਲ. ਟੀ. ਸਪਲਾਈ ਦੇ ਕੇਸ ਵਿੱਚ ਬਿਨੈ-ਪੱਤਰ ਦੀ ਪ੍ਰਾਪਤੀ ਤੋਂ 7 ਕਾਰਜੀ ਦਿਨਾਂ।

ਅ) 11 ਕੇ. ਵੀ. ਤੱਕ ਐਚ.ਟੀ. ਸਪਲਾਈ ਦੇ ਕੇਸ ਵਿੱਚ ਬਿਨੈ-ਪੱਤਰ ਦੀ ਪ੍ਰਾਪਤੀ ਤੋਂ 15 ਕਾਰਜੀ ਦਿਨਾਂ।

ੲ) ਐਚ.ਟੀ. / ਈ. ਐਚ. ਟੀ. ( 33 ਕੇ. ਵੀ. ਅਤੇ ਇਸ ਤੋਂ ਉਪਰ ) ਸਪਲਾਈ ਦੇ ਕੇਸ ਵਿੱਚ ਬਿਨੈ-ਪੱਤਰ ਦੀ ਪ੍ਰਾਪਤੀ ਤੋਂ 30 ਕਾਰਜੀ ਦਿਨਾਂ।

ਸ) ਵਿਨਿਯਮ 8.1 ( ੲ ) ਤੇ ਅੰਤਰਗਤ ਆਉਣ ਦੇ ਕੇਸ ਵਿੱਚ ਕਮਿਸ਼ਨ ਦੀ ਪ੍ਰਵਾਨਗੀ ਦੀ ਪ੍ਰਾਪਤੀ ਤੋਂ 10 ਕਾਰਜੀ ਦਿਨਾਂ ।

ਡਿਮਾਂਡ ਨੋਟਿਸ ਦੀ ਪਾਲਣਾ ਤੋਂ ਮਗਰੋਂ, ਸੀਨੀਅਰਤਾ ਨੂੰ ਟੈੱਸਟ ਰਿਪੋਰਟ ਦੀ ਪ੍ਰਾਪਤੀ ਦੀ ਮਿਤੀ ਅਤੇ ਸਰਵਿਸ ਕੁਨੈਕਸ਼ਨ ਖਰਚੇ / ਸਿਕਿਉਰਟੀ ( ਕਾਰਜ ) ਜਮ੍ਹਾਂ ਕਰਵਾਉਣ ਦੇ ਆਧਾਰ ਉਤੇ ਨਿਸ਼ਚਿਤ ਕੀਤਾ ਜਾਵੇਗਾ। ਜਿਥੇ ਡਿਮਾਂਡ ਦੀ ਪਾਲਣਾ ਇਕ ਤੋਂ ਜ਼ਿਆਦਾ ਬਿਨੈਕਾਰਾਂ ਦੁਆਰਾ ਉਸੇ ਦਿਨ ਨੂੰ ਕੀਤੀ ਜਾਂਦੀ ਹੈ ਤਾਂ ਉਹਨਾਂ ਦੀ ਸੀਨੀਅਰਤਾ ਬਿਨੈ-ਪੱਤਰ ਦੀ ਰਜਿਸਟ੍ਰੇਸ਼ਨ ਦੀ ਮਿਤੀ ਤੋਂ ਗਿਣੀ ਜਾਵੇਗੀ।

6.8.5 ਡਿਮਾਂਡ ਨੋਇਸ ਸਮੇਂ ਦੀ ਜਾਇਜ਼ਤਾ :

ਡਿਮਾਂਡ ਨੋਟਿਸ ਦੇ ਜਾਰੀ ਹੋਣ ਤੋਂ ਐਲ. ਟੀ. ਸਪਲਾਈ ਕੈਟਾਗਰੀਆਂ ( ਏ. ਪੀ. ਤੋਂ ਛੁੱਟ ) ਲਈ ਤਿੰਨ (3) ਮਹੀਨੇ ਅਤੇ ਖਪਤਕਾਰਾਂ ਦੀਆਂ ਸਾਰੀਆਂ ਹੋਰ ਦੂਜੀਆਂ ਕੈਟਾਗਰੀਆਂ (ਏ. ਪੀ. ਸਮੇਤ ) ਲਈ ਛੇ (6) ਮਹੀਨੇ ਦਾ ਸਮਾਂ ਡਿਮਾਂਡ ਨੋਟਿਸ ਲਈ ਜਾਇਜ਼ ਹੋਵੇਗਾ ਅਤੇ ਨਹੀਂ ਤਾਂ ਵਿਸਤਾਰ ਵਿਨਿਯਮ 6.8.7 ਅਨੁਸਾਰ ਦਿੱਤੀ ਜਾਂਦੀ ਹੈ। ਜੇਕਰ ਸੋਧਿਆ ਡਿਮਾਂਡ ਨੋਟਿਸ ਸੰਭਵਤਾ ਕਲੀਅਰੈਂਸ ਦੀ ਸੋਧ ਜਾਂ ਕਿਸੇ ਹੋਰ ਦੂਜੇ ਕਾਰਨ ਕਰਕੇ ਜਾਰੀ ਕੀਤਾ ਜਾਂਦਾ ਹੈ ਤਾਂ ਅਜਿਹੇ ਡਿਮਾਂਡ ਨੋਟਿਸ ਦੀ ਜਾਇਜ਼ਤਾ ਸੋਧੇ ਡਿਮਾਂਡ ਨੋਟਿਸ ਦੇ ਜਾਰੀ ਕਰਨ ਦੀ ਮਿਤੀ ਤੋਂ ਸ਼ੁਰੂ ਹੋਵੇਗੀ।

6.8.6 ਡਿਮਾਂਡ ਨੋਟਿਸ ਦੀ ਪਾਲਣਾ ਅਤੇ ਟੈੱਸਟ ਰਿਪੋਰਟ ਦੀ ਪ੍ਰਸਤੁਤੀ : –

ਸੁਨਿਸ਼ਚਿਤ ਕੀਤੇ ਗਏ ਖਰਚਿਆਂ ਦੀ ਅਦਾਇਗੀ ਤੋਂ ਇਲਾਵਾ, ਬਿਨੈਕਾਰ ਨੂੰ ਡਿਮਾਂਡ ਨੋਟਿਸ ਵਿੱਚ ਸੁਨਿਸ਼ਚਿਤ ਕੀਤੇ ਗਏ ਸਮੇਂ ਦੇ ਅੰਦਰ ਅੰਦਰ ਟੈੱਸਟ ਰਿਪੋਰਟ ਵੀ ਪੇਸ਼ ਕਰਨੀ ਪਵੇਗੀ ਨਹੀਂ ਤਾਂ ਡਿਮਾਂਡ ਨੋਟਿਸ ਦਾ ਸਮਾਂ ਸਮਰੱਥ ਅਥਾਰਟੀ ਤੋਂ ਵੱਧਵਾ ਲਿਆ ਜਾਵੇ ਜਾਂ ਵਿਨਿਯਮ 6.8.8 (ਅ) ਅਨੁਸਾਰ ਵਿਸਤਾਰ ਦਿੱਤਾ ਗਿਆ ਸਮਝਿਆ ਜਾਵੇਗਾ।

ਬਿਨੈਕਾਰ ਦੇ ਬਿਜਲੀ ਠੇਕੇਦਾਰ ਦੀ ਸੰਸਥਾਪਣ ਦੀ ਟੈੱਸਟ ਰਿਪੋਰਟ ਪੇਸ਼ ਕਰਨ ਮਗਰੋਂ, ਵੰਡ ਲਾਇਸੈਂਸੀ ਸਪਲਾਈ ਕੋਡ ਦੇ ਵਿਨਿਯਮ 8 ਅਨੁਸਾਰ ਦਿੱਤੇ ਗਏ ਸਮੇਂ ਦੇ ਅੰਦਰ ਅੰਦਰ ਸੀਨੀਅਰਤਾ ਅਨੁਸਾਰ ਟੈੱਸਟ ਰਿਪੋਰਟ ਪ੍ਰਵਾਨ ਕਰਨ ਮਰਗੋ ਕੁਨੈਕਸ਼ਨ ਜਾਰੀ ਕਰੇਗਾ।

6.8.7 ਡਿਮਾਂਡ ਨੋਟਿਸ ਸਮੇਂ ਵਿੱਚ ਵਾਧਾ :

ੳ) ਜੇਕਰ ਬਿਨੈਕਾਰ ਡਿਮਾਂਡ ਨੋਟਿਸ ਦੇ ਜ਼ਾਇਜ਼ਤਾ ਸਮੇਂ ਦੇ ਅੰਦਰ ਅੰਦਰ ਪਾਲਣਾ ਨਹੀਂ ਕਰਦਾ ਤਾਂ ਉਸ ਦਾ ਬਿਨੈ-ਪੱਤਰ ਇਸ ਸਬੰਧ ਵਿੱਚ ਖਪਤਕਾਰ / ਬਿਨੈਕਾਰ ਨੂੰ 15 ਦਿਨਾਂ ਦਾ ਨੋਟਿਸ ਦੇਣ ਮਗਰੋਂ ਰੱਦ ਕਰਨ ਦੇ ਯੋਗ ਹੋਵੇਗਾ। ਪਰੰਤੂ, ਜੇਕਰ ਡਿਮਾਂਡ ਨੋਟਿਸ ਦੇ ਜ਼ਾਇਜ਼ਤਾ ਸਮੇਂ ਵਿੱਚ ਵਿਸਤਾਰ ਲਈ ਬੇਨਤੀ ਜਨਰਲ ਖਰਚਿਆਂ ਦੀ ਅਨੁਸੂਚੀ ਵਿੱਚ ਸੁਨਿਸ਼ਚਿਤ ਕੀਤੇ ਗਏ ਅਨੁਸਾਰ ਵਾਧੇ ਦੀ ਫੀਸ ਦੇ ਨਾਲ ਜਾਇਜ਼ਤਾ / ਨੋਟਿਸ ਸਮੇਂ ਦੇ ਅੰਦਰ ਅੰਦਰ ਪ੍ਰਾਪਤ ਹੋ ਜਾਂਦੀ ਹੈ ਤਾਂ ਜਾਇਜ਼ਤਾ ਸਮੇਂ ਨੂੰ ਵੰਡ ਲਾਇਸੈਂਸੀ ਦੁਆਰਾ ਸਾਰੇ ਕੇਸਾਂ ਵਿੱਚ ਤਿੰਨ ਮਹੀਨਿਆਂ ਦੇ ਬਲਾਕਾਂ ਵਿੱਚ ਡਿਮਾਂਡ ਨੋਟਿਸ ਦੇ ਜਾਰੀ ਕਰਨ ਦੀ ਤਾਰੀਕ ਤੋਂ ਵੱਧ ਤੋਂ ਵੱਧ ਇਕ ਸਾਲ ਦੇ ਸਮੇਂ ਤੱਕ ਅਗੇ ਹੋਰ ਵਧਾ ਦਿੱਤਾ ਜਾਵੇਗਾ।

ਅ) ਰੱਦ ਕੀਤੇ ਗਏ ਏ. ਪੀ. ਬਿਨੈ-ਪੱਤਰ ਦੀ ਪੁਨਰ-ਸਰਜੀਤੀ :

ਜੇਕਰ ਏ. ਪੀ. ਬਿਨੈਕਾਰ ਡਿਮਾਂਡ ਨੋਟਿਸ ਦੇ ਮੂਲ / ਵਧਾਏ ਗਏ ਸਮੇਂ ਦੇ ਅੰਦਰ ਅੰਦਰ ਡਿਮਾਂਡ ਨੋਟਿਸ ਦੇ ਸਮੇਂ ਵਿੱਚ ਵਾਧੇ ਲਈ ਅਪਲਾਈ ਕਰਨ ਦੇ ਯੋਗ ਨਹੀਂ ਹੈ ਅਤੇ ਉਸ ਦਾ ਬਿਨੈ-ਪੱਤਰ ਰੱਦ ਕਰ ਦਿੱਤਾ ਗਿਆ ਹੈ ਤਾਂ ਅਜਿਹੇ ਏ. ਪੀ. ਬਿਨੈਕਾਰ ਦੀ ਪੁਨਰ-ਸੁਰਜੀਤੀ ਦੀ ਬੇਨਤੀ ਵੰਡ ਲਾਇਸੈਂਸੀ ਦੁਆਰਾ ਸਵੀਕਾਰ ਕੀਤੀ ਜਾ ਸਕਦੀ ਹੈ ਬਸ਼ਰਤੇ ਕਿ ਬਿਨੈਕਾਰ ਲਾਗੂ ਹੋਣ ਯੋਗ ਅਨੁਸਾਰ ਪ੍ਰਤਿ ਤਿਮਾਹੀ ਸਾਧਾਰਣ ਡਿਮਾਂਡ ਨੋਟਿਸ ਦੇ ਵਾਧੇ ਦੀ ਫੀਸ ਤੋਂ ਇਲਾਵਾ ਡਿਮਾਂਡ ਨੋਟਿਸ ਵਾਧਾ ਫੀਸ ਤੋਂ ਦੁਗਣੀ ਦੇ ਬਰਾਬਰ ਪੁਨਰ ਸੁਰਜੀਤੀ ਫੀਸ ਜਮ੍ਹਾਂ ਕਰਵਾਏ।

(ੲ) ਡਿਮਾਂਡ ਨੋਟਿਸ ਦੀ ਪੁਨਰ-ਸਰਜੀਤੀ / ਵਾਧੇ ਦੇ ਸਮ੍ਹੇ 'ਤੇ ਲਾਗੂ ਹੋਣ ਯੋਗ ਸਿਕਿਉਰਟੀ (ਖਪਤ ) / ਸਿਕਿਉਰਟੀ ( ਮੀਟਰ ) ਅਤੇ ਸਰਵਿਸ ਕੁਨੈਕਸ਼ਨ ਖਰਚੇ / ਸਿਕਿਉਰਟੀ (ਕਾਰਜ ) ਅਦਾਇਗੀ ਯੋਗ ਹੋਣਗੇ।

6.8.8 ਟੈੱਸਟ ਰਿਪੋਰਟ ਪੇਸ਼ ਕਰਨ ਦੀ ਪੂਰਵ ਅਨੁਮਾਨ ਵਿੱਚ ਹੱਥ ਵਿੱਚ ਕਾਰਜ ਲੈਣਾ :

(ੳ) ਜੇਕਰ ਮੁਆਇਦਾ ਮੰਗ ( CD ) 500 ਕੇ. ਵੀ. ਏ. ਤੋਂ ਵੱਧ ਜਾਂਦੀ ਹੈ ਤਾਂ ਬਿਨੈਕਾਰ ਤੋਂ ਵਿਸ਼ੇਸ਼ ਬੇਨਤੀ ਪ੍ਰਾਪਤ ਹੋਣ ਉਤੇ ਵੰਡ ਲਾਇਸੈਂਸੀ ਟੈੱਸਟ ਰਿਪੋਰਟ ਪੇਸ਼ ਕਰਨ ਦੀ ਅਤੇ ਜਨਰਲ ਖਰਚਿਆਂ ਦੀ ਅਨੁਸੂਚੀ ਅਨੁਸਾਰ ਵੱਖ ਵੱਖ ਖਰਚਿਆਂ ਜਿਵੇਂ ਕਿ ਸਿਕਿਉਰਟੀ ( ਕਾਰਜ ), ਬਕਾਇਆ ਸਿਕਿਉਰਟੀ ( ਖਪਤ ), ਜੇਕਰ ਕੋਈ ਹੋਵੇ, ਆਦਿ ਜਮ੍ਹਾਂ ਕਰਵਾਉਣ ਦੀ ਪੂਰਵ ਧਾਰਣਾ ਵਿੱਚ ਕੁਨੈਕਸ਼ਨ ਮੁਹਈਆ ਕਰਨ ਲਈ ਕਾਰਜ ਸ਼ੁਰੂ ਕਰ ਸਕਦਾ ਹੈ। ਬਿਨੈਕਾਰ ਨੂੰ ਲੋੜ / ਮੰਗ ਲੈਣ ਲਈ ਉਸ ਦਾ ਤਜਵੀਜ਼ਤ ਸ਼ਡਿਊਲ ਵੀ ਸੂਚਿਤ ਕਰਨਾ ਪਵੇਗਾ। ਪਰੰਤੂ ਬਿਨੈਕਾਰ ਨੂੰ ਜ਼ਾਇਜ਼ਤਾ ਸਮੇਂ ਦੇ ਅੰਦਰ ਅੰਦਰ ਟੈੱਸਟ ਰਿਪੋਰਟ ਪੇਸ਼ ਕਰਨੀ ਪਵੇਗੀ ਜਾਂ ਸਮਾਂ ਵਧਵਾਉਣਾ ਪਵੇਗਾ। ਡਿਮਾਂਡ ਨੋਟਿਸ ਦੀ ਪਾਲਣਾ ਖਪਤਕਾਰ ਦੁਆਰਾ ਟੈੱਸਟ ਰਿਪੋਰਟ ਪੇਸ਼ ਕਰਨ ਸਹਿਤ ਡਿਮਾਂਡ ਨੋਟਿਸ ਦੀਆਂ ਸਾਰੀਆਂ ਸ਼ਰਤਾਂ ਦੀ ਪਾਲਣਾ ਦੀ ਮਿਤੀ ਤੋਂ ਗਿਣੀ ਜਾਵੇਗੀ।

(ਅ) ਵੰਡ ਲਾਇਸੈਂਸੀ ਦੁਆਰਾ ਕਾਰਜਾਂ ਦੀ ਮੁਕੰਮਲਤਾ ਵਿੱਚ ਦੇਰੀ ਕਰਨ ਦੀ ਸੂਰਤ ਵਿੱਚ, ਐਚ. ਟੀ. / ਈ. ਐਚ. ਟੀ. ਖਪਤਕਾਰਾਂ ਦੇ ਕੇਸ ਵਿੱਚ ਡਿਮਾਂਡ ਨੋਟਿਸ ਦੇ ਸਮੇਂ ਦੀ ਜਾਇਜ਼ਤਾ ਕਾਰਜਾਂ ਦੇ ਮੁਕੰਮਲ ਹੋਣ ਤੱਕ ਕੋਈ ਵਾਧਾ / ਵਿਸਤਾਰ ਫੀਸ ਲਏ ਬਿਨਾਂ ਵਧਾ ਦਿੱਤੀ ਗਈ ਸਮਝੀ ਜਾਵੇਗੀ। ਉਸ ਕੇਸ ਵਿੱਚ ਵੀ, ਵੰਡ ਲਾਇਸੈਂਸੀ ਕਾਰਜਾਂ ਦੀ

ਮੁਕੰਮਲਤਾ ਮਗਰੋਂ ਬਿਨੈਕਾਰ ਨੂੰ ਕੋਈ ਵੀ ਵਾਧਾ ਫੀਸ ਲਏ ਬਿਨਾਂ ਟੈੱਸਟ ਰਿਪੋਰਟ ਪੇਸ਼ ਕਰਨ ਲਈ 30 ਦਿਨਾਂ ਦਾ ਨੋਟਿਸ ਦੇਵੇਗਾ।

(ੲ) ਜੇਕਰ ਬਿਨੈਕਾਰ / ਖਪਤਕਾਰ ਡਿਮਾਂਡ ਨੋਟਿਸ ਦੇ ਜਾਇਜ਼ਤਾ ਸਮੇਂ ਦੇ ਅੰਦਰ ਅੰਦਰ ਟੈੱਸਟ ਰਿਪੋਰਟ ਪੇਸ਼ ਕਰਨ ਵਿੱਚ ਅਸਫਲ ਰਹਿੰਦਾ ਹੈ ਪਰੰਤੂ ਬਿਜਲੀ ਦੀ ਸਪਲਾਈ ਮੁਹੱਈਆ ਕਰਨ ਲਈ ਕਾਰਜ ਵੰਡ ਲਾਇਸੈਂਸੀ ਦੁਆਰਾ ਮੁਕੰਮਲ ਕਰ ਲਏ ਜਾਂਦੇ ਹਨ ਅਤੇ ਖਪਤਕਾਰ ਸਪਲਾਈ ਲੈਣ ਲਈ ਅੱਗੇ ਨਹੀਂ ਆਉਂਦਾ ਤਾਂ ਅਜਿਹੀ ਸੰਭਾਵਨਾ ਅਧੀਨ, ਖਪਤਕਾਰ ਨੂੰ ਟੈੱਸਟ ਰਿਪੋਰਟ ਪੇਸ਼ ਕਰਨ ਲਈ 30 ਦਿਨਾਂ ਦਾ ਨੋਟਿਸ ਦਿੱਤਾ ਜਾਵੇਗਾ। ਜੇਕਰ ਖਪਤਕਾਰ 30 ਦਿਨਾਂ ਦੇ ਅੰਦਰ ਅੰਦਰ ਟੈੱਸਟ ਰਿਪੋਰਟ ਪੇਸ਼ ਕਰਨ ਵਿੱਚ ਜਾਂ ਜਾਇਜ਼ਤਾ ਸਮਾਂ ਵੱਧਵਾਉਣ ਵਿੱਚ ਅਸਫਲ ਹੋ ਜਾਂਦਾ ਹੈ ਤਦ ਕੁਨੈਕਸ਼ਨ ਉਸ ਦੇ ਜੂਨੀਅਰ ਨੂੰ ਜਾਰੀ ਕਰ ਦਿੱਤਾ ਜਾਵੇਗਾ ਅਤੇ ਖਪਤਕਾਰ / ਬਿਨੈਕਾਰ, ਜਿਸ ਦਾ ਕੁਨੈਕਸ਼ਨ ਟੈੱਸਟ ਰਿਪੋਰਟ ਪੇਸ਼ ਨਾ ਕਰਨ ਕਰਕੇ ਰੋਕ ਕੇ ਰੱਖਿਆ ਹੋਇਆ ਸੀ, ਦੀ ਤਕਨੀਕੀ ਸੰਭਵਤਾ ਦਾ ਉਸ ਦੀ ਟੈੱਸਟ ਰਿਪੋਰਟ ਪ੍ਰਾਪਤ ਹੋਣ ਦੇ ਸਮੇਂ 'ਤੇ ਮੁੜ-ਨਿਰੀਖਣ ਕੀਤਾ ਜਾਵੇਗਾ।

(ਸ) ਇਸ ਤੋਂ ਅੱਗੇ, ਵੰਡ ਲਾਇਸੈਂਸੀ ਦੁਆਰਾ ਕਾਰਜ ਦੀ ਮੁਕੰਮਲਤਾ ਸਬੰਧੀ ਖਪਤਕਾਰ / ਬਿਨੈਕਾਰ ਨੂੰ ਦਿੱਤੀ ਗਈ ਸੂਚਨਾ ਤੋਂ 30 ਦਿਨ ਲੰਘਣ ਮਗਰੋਂ ਲਾਈਨ / ਉਪਕਰਣ ਦੇ ਕਿਸੇ ਵੀ ਨੁਕਸਾਨ ਜਾਂ ਚੋਰੀ ਨੂੰ ਸਬੰਧਤ ਖਪਤਕਾਰ / ਬਿਨੈਕਾਰ ਵੱਲ ਗਿਣਿਆ ਜਾਵੇਗਾ।

## 6.9 ਖਪਤਕਾਰਾਂ ਦੇ ਸੰਸਥਾਪਣ/ ਟੈੱਸਟਿੰਗ :

ਜਨਤਾ ਅਤੇ ਖਪਤਕਾਰ ਦੀ ਜਨਰਲ ਸੁਰੱਖਿਆ ਵਾਸਤੇ, ਖਪਕਤਾਰ ਦੇ ਸਾਰੀਆਂ ਬਿਜਲੀ ਨਾਲ ਸਬੰਧ ਸੰਸਥਾਪਣਾਵਾਂ ਸਮੇਂ ਸਮੇਂ 'ਤੇ ਸੋਧੇ ਗਏ ਅਨੁਸਾਰ ਕੇਂਦਰੀ ਬਿਜਲੀ ਅਥਾਰਟੀ (ਸੁਰੱਖਿਆ ਅਤੇ ਬਿਜਲੀ ਸਪਲਾਈ ਨਾਲ ਸਬੰਧਤ ਉਪਾਅ ) ਵਿਨਿਯਮ, 2010 ਅਤੇ ਉਚਿਤ ਸਰਕਾਰ ਦੁਆਰਾ ਸੁਨਿਸ਼ਚਿਤ ਕੀਤੇ ਗਏ ਹੋਰ ਦੂਜੇ ਸੁਰੱਖਿਆ ਨਿਯਮਾਂ ਦੇ ਅਨੁਕੂਲ ਹੋਣਗੀਆਂ।

6.9.1 <u>ਖਪਤਕਾਰ ਦੇ ਸੰਸਥਾਪਣ ਦੀ ਟੈੱਸਟਿੰਗ</u> : -

(i) ਬਿਜਲੀ ਦੇ ਨਵੇਂ ਅਤੇ ਅਤਿਰਿਕਤ ਸਪਲਾਈ ਲਈ ਬਿਨੈ-ਪੱਤਰ ਪ੍ਰਾਪਤ ਹੋਣ ਉਪਰ ਅਤੇ ਛੇ ਮਹੀਨਿਆਂ ਦੇ ਸਮੇਂ ਮਗਰੋਂ ਲਾਇਸੈਂਸੀ ਦੀ ਸਪਲਾਈ ਲਾਈਨ ਨਾਲ ਸਪਲਾਈ ਜੋੜਨ ਜਾਂ ਇਸੇ ਨੂੰ ਮੁੜ ਜੋੜਨ ਤੋਂ ਪਹਿਲਾਂ ਲਾਇਸੈਂਸੀ ਜਾਂ ਤਾਂ ਆਪ ਹੀ ਸੰਸਥਾਪਣ ਦਾ ਟੈੱਸਟ ਕਰੇਗਾ ਜਾਂ ਖਪਤਦਾਰ ਦੁਆਰਾ ਪੇਸ਼ ਕੀਤੇ ਗਏ ਟੈੱਸਟ ਨਤੀਜਿਆਂ ਨੂੰ ਪ੍ਰਵਾਨ ਕਰੇਗਾ, ਜਦੋਂ ਕਿ ਇਹ ਲਾਇਸੈਂਸ ਵਾਲੇ ਇਲੈਕਟ੍ਰੀਕਲ ਠੇਕੇਦਾਰ ਦੁਆਰਾ ਵਿਧੀ ਪੂਰਵਕ ਹਸਤਾਖਰਿਤ ਕੀਤੇ ਗਏ ਹੋਣ।

(ii) ਇਹ ਲਾਇਸੈਂਸੀ ਦਾ ਕਰਤਵ ਹੋਵੇਗਾ ਕਿ ਕਿਸੇ ਵੀ ਅਹਾਤੇ ਦੀ ਸਪਲਾਈ ਜੋੜਨ ਜਾਂ ਮੁੜ ਜੋੜਨ ਤੋਂ ਪਹਿਲਾਂ ਸੰਤੁਸ਼ਟੀ ਕਰਨ ਲਈ ਕਿ ਬਿਨੈਕਾਰ ਨੇ ਸਮੇਂ ਸਮੇਂ ਤੇ ਸੋਧੇ ਗਏ ਅਨੁਸਾਰ ਕੇਂਦਰੀ ਬਿਜਲੀ ਅਥਾਰਟੀ ( ਸੁਰੱਖਿਆ ਅਤੇ ਬਿਜਲੀ ਸਪਲਾਈ ਦੇ ਸਬੰਧ ਵਿੱਚ ਉਪਾਅ ) ਵਿਨਿਯਮ, 2010 ਦੇ ਸਾਰੇ ਉਪਬੰਧਾਂ ਦੀ ਪਾਲਣਾ ਕੀਤੀ ਹੈ।

(iii) ਡਿਮਾਂਡ ਨੋਟਿਸ ਦੀ ਪਾਲਣਾ ਵਿੱਚ ਇਲੈਕਟ੍ਰੀਕਲ ਠੇਕਦਾਰ ਦੀ ਟੈੱਸਟ ਰਿਪੋਰਟ ਪ੍ਰਾਪਤ ਹੋਣ ਉਪਰ, ਵੰਡ ਲਾਇਸੈਂਸੀ, ਜੇਕਰ ਲੋੜੀਂਦਾ ਹੋਵੇ, ਬਿਨੈਕਾਰ ਨੂੰ ਉਸ ਸਮੇਂ ਅਤੇ ਤਾਰੀਖ ਬਾਰੇ ਸੂਚਿਤ ਕਰੇਗਾ, ਜਿਸ ਨੂੰ ਵੰਡ ਲਾਇਸੈਂਸੀ ਦੇ ਪ੍ਰਤਿਨਿਧ ਵੱਲੋਂ ਖਪਤਕਾਰ

ਜਾਂ ਉਸ ਦੇ ਪ੍ਰਤਿਨਿਧ ਦੀ ਮੌਜੂਦਗੀ ਵਿੱਚ ਸੰਸਥਾਪਣ ਦਾ ਨਿਰੀਖਣ ਅਤੇ ਟੈੱਸਟ ਕੀਤਾ ਜਾਵੇਗਾ।

(iv) ਵੰਡ ਲਾਇਸੈਂਸੀ ਦੁਆਰਾ ਪਹਿਲੇ ਟੈੱਸਟ / ਨਿਰੀਖਣ ਲਈ ਕੋਈ ਖਰਚੇ ( ਚਾਰਜਿਜ਼ ) ਨਹੀਂ ਲਏ ਜਾਣਗੇ ਪਰੰਤੂ ਮੁੱਢਲੇ ਟੈੱਸਟ / ਨਿਰੀਖਣ ਦੌਰਾਨ ਕਮੀਆਂ ਪਾਏ ਜਾਣ ਕਰਕੇ ਬਾਦ ਦੇ ਟੈੱਸਟ / ਨਿਰੀਖਣ ਦਾ ਜਨਰਲ ਖਰਚਿਆਂ ਦੀ ਅਨੁਸੂਚੀ ਅਨੁਸਾਰ ਖਰਚਾ ਲਿਆ ਜਾਵੇਗਾ।

(v) ਜੇਕਰ ਅਜਿਹੇ ਨਿਰੀਖਣ ਅਤੇ ਟੈੱਸਟ ਦੇ ਨਤੀਜੇ ਅਨੁਸਾਰ ਲਾਇਸੈਂਸੀ ਸੰਤੁਸ਼ਟ ਹੋਵੇ ਕਿ ਸੰਸਥਾਪਣ ਦੇ ਖਤਰਨਾਕ ਹੋਣ ਦੀ ਸੰਭਾਵਨਾ ਹੈ ਤਾਂ ਉਹ ਬਿਨੈਕਾਰ ਨੂੰ ਸੰਸਥਾਪਣ ਨੂੰ ਸੁਰੱਖਿਆਤ ਬਣਾਉਣ ਲਈ ਅਵੱਸ਼ਕਤਾ ਅਨੁਸਾਰ ਅਜਿਹੇ ਸੁਧਾਰ ਕਰਨ ਲਈ ਉਸ ਤੋਂ ਮੰਗ ਕਰਦੇ ਹੋਏ ਲਿਖਤੀ ਰੂਪ ਵਿੱਚ ਇਕ ਨੋਟਿਸ ਦੇਵੇਗਾ ਅਤੇ ਉਦੋਂ ਤੱਕ ਸਪਲਾਈ ਜੋੜਨ ਜਾਂ ਮੁੜ ਜੋੜਨ ਤੋਂ ਇਨਕਾਰ ਕਰ ਸਕਦਾ ਹੈ ਜਦੋਂ ਤੱਕ ਲੋੜੀਂਦੀਆਂ ਸੋਧਾਂ ਮੁਕੰਮਲ ਨਾ ਕਰ ਲਈਆਂ ਜਾਣ।

(vi) ਜੇਕਰ ਸਪਲਾਈ ਲਈ ਕੋਈ ਬਿਨੈਕਾਰ ਜਾਂ ਖਪਤਕਾਰ ਉਸਦੇ ਅਹਾਤੇ ਨੂੰ ਇਹਨਾ ਆਧਾਰਾਂ ਉਤੇ ਬਿਜਲੀ ਸਪਲਾਈ ਕਰਨ ਲਈ, ਜਾਰੀ ਰੱਖਣ ਲਈ ਜਾਂ ਮੁੜ ਸ਼ੁਰੂ ਕਰਨ ਤੋਂ ਇਨਕਾਰ ਕਰਨ ਲਈ ਸਪਲਾਈ ਕਰਤਾ ਦੀ ਕਾਰਵਾਈ ਨਾਲ ਅਸੰਤੁਸ਼ਟ ਹੈ ਕਿ ਸੰਸਥਾਪਣ ਨੁਕਸਦਾਰ ਹੈ ਜਾਂ ਖਤਰਨਾਕ ਹੋਣ ਦੀ ਸੰਭਾਵਨਾ ਹੈ ਤਾਂ ਉਹ ਇਲੈਕਟ੍ਰੀਕਲ ਇੰਸਪੈਕਟਰ ਨੂੰ ਸੰਸਥਾਪਣ ਟੈੱਸਟ ਕਰਨ ਲਈ ਅਪੀਲ ਕਰ ਸਕਦਾ ਹੈ ਅਤੇ ਜੇਕਰ ਇਲੈਕਟ੍ਰੀਕਲ ਇੰਸਪੈਕਟਰ ਸੂਚਿਤ ਕਰਦਾ ਹੈ ਕਿ ਸੰਸਥਾਪਣ ਨੁਕਸ ਜਾਂ ਖਤਰੇ ਦੀ ਸ਼ਿਕਾਇਤ ਤੋਂ ਮੁਕਤ ਹੈ ਤਾਂ ਸਪਲਾਈਕਰਤਾ ਉਕਤ ਆਧਾਰਾਂ ਉਤੇ ਖਪਤਕਾਰ ਨੂੰ ਸਪਲਾਈ ਦੇਣ ਤੋਂ ਇਨਕਾਰ ਨਹੀਂ ਕਰੇਗਾ ਅਤੇ ਇਲੈਕਟ੍ਰੀਕਲ ਇੰਸਪੈਕਟਰ ਤੋਂ ਅਜਿਹੀ ਸੂਚਨਾ ਦੇ ਪ੍ਰਾਪਤ ਹੋਣ ਮਗਰੋਂ 24 ਘੰਟਿਆਂ ਦੇ ਅੰਦਰ ਅੰਦਰ ਬਿਜਲੀ ਦੀ ਸਪਲਾਈ ਸ਼ੁਰੂ, ਜਾਰੀ ਕਰੇਗਾ ਜਾਂ ਮੁੜ ਸ਼ੁਰੂ ਕਰੇਗਾ।

(vii) ਜਿਥੇ ਸਪਲਾਈ ਵੋਲਟਤਾ 250 ਵੋਲਟਾਂ ਤੋਂ ਵੱਧ ਨਹੀਂ ਵਧਦੀ ਅਤੇ ਜਿਥੇ ਸੰਸਥਾਪਣਾਵਾਂ ਜਾਂ ਤਾਂ ਨਵੀਂਆਂ ਹਨ ਜਾਂ ਨਵਿਆਈਆਂ ਗਈਆਂ ਹਨ, ਉਥੇ ਸਾਰੇ ਪਲੱਗ ਸਾਕੇਟ ਤਿੰਨ ਪਿੰਨ ਵਾਲੇ ਹੋਣਗੇ ਅਤੇ ਤੀਜਾ ਪਿੰਨ ਪੱਕੇ ਤੌਰ ਤੇ ਅਤੇ ਸੁਯੋਗਤਾ ਨਾਲ ਅਰਥ ਕੀਤਾ ਹੋਵੇਗਾ।

(viii) ਕੋਈ ਵੀ ਵਿਅਕਤੀ ਉਸ ਨਾਲ ਸਬੰਧ ਨਾ ਰੱਖਦੀ ਕਿਸੇ ਜਲ ਪ੍ਰਬੰਧ ਦੀ ਮੁੱਖ ਨਾਲ (ਵਾਟਰ ਮੇਨ ) ਦੀ ਸਹਾਇਤਾ ਦੁਆਰਾ ਅਰਥ ਨਾਲ ਕੁਨੈਕਸ਼ਨ ਨਹੀਂ ਕਰੇਗਾ ਅਤੇ ਨਾ ਹੀ ਇਸ ਦੇ ਸੰਪਰਕ ਵਿੱਚ ਰੱਖੇਗਾ ਸਿਵਾਏ ਉਸ ਦੇ ਮਾਲਕ ਦੀ ਅਤੇ ਇਲਕਟ੍ਰੀਕਲ ਇੰਸਪੈਕਟਰ ਦੀ ਸਹਿਮਤੀ ਤੋਂ ਛੁੱਟ।

(ix) 5 ਕਿ. ਵਾ. ਤੋਂ ਹੇਠਾਂ ਘੱਟ ਵੋਲਟਤਾ ਦੀ ਸੰਸਥਾਪਣਾ ਅਤੇ ਉਹਨਾਂ ਘੱਟ ਵਲੋਟਤਾ ਦੀਆਂ ਸੰਸਥਾਪਣਾਵਾਂ, ਜਿਹੜੀਆਂ ਐਕਟ ਦੀ ਧਾਰਾ 54 ਦੇ ਉਪਬੰਧਾਂ ਨੂੰ ਆਕਰਸ਼ਿਤ ਨਹੀਂ ਕਰਦੀਆਂ, ਤੋਂ ਹੋਰਵੇਂ ਹਰੇਕ ਬਿਜਲਈ ਦੇ ਸੰਸਥਾਪਣ ਨੂੰ ਬਿਜਲੀ ਦੀ ਸਪਲਾਈ ਨੂੰ ਅਰਥ ਲੀਕੇਜ ਸੁਰੱਖਿਆ ਯੰਤਰ ਦੁਆਰਾ ਕੰਟਰੋਲ ਕੀਤਾ ਜਾਵੇਗਾ ਤਾਂ ਕਿ ਅਰਥ ਨੁਕਸ ਪੈ ਜਾਣ ਜਾਂ ਕਰੰਟ ਲੀਕੇਜ ਵਾਪਰਨ ਉਤੇ ਸਪਲਾਈ ਨੂੰ ਤੁਰੰਤ ਕੱਟ ਦਿੱਤਾ ਜਾਵੇ।

6.9.2 <u>ਖਪਤਕਾਰਾਂ, ਮਾਲਕਾਂ, ਕਾਬਜਾਂ ਅਤੇ ਠੇਕੇਦਾਰਾਂ ਦੁਆਰਾ ਅਪਣਾਈਆਂ ਜਾਣ ਵਾਲੀਆਂ ਇਹਤਿਆਤਾਂ</u> :

ਮੌਜੂਦਾ ਸੰਸਥਾਪਣ ਵਿੱਚ ਲੈਂਪਾਂ, ਪੱਖਿਆਂ, ਸਵਿੱਚਾਂ, ਘਰੇਲੂ ਯੰਤਰਾਂ ਜੋ 250 ਵੋਲਟਾਂ ਤੋਂ ਵੱਧ ਦੇ ਨਾ ਹੋਣ, ਐਸੀਆਂ ਫਿਟਿੰਗਾਂ ਜੋ ਕਿਸੇ ਵੀ ਤਰਾਂ ਇਸ ਦੀ ਸਮਰੱਥਾ ਜਾਂ ਖਾਸਾ ਤਬਦੀਲ ਨਾ ਕਰ ਸਕਣ, ਦੀ ਅਜਿਹੀ ਬਦਲਾਈ ਤੋਂ ਛੁੱਟ, ਕਿਸੇ ਵੀ ਬਿਜਲਈ ਕਾਰਜ, ਜਿਸ ਵਿੱਚ ਵਾਧੇ, ਬਦਲਾਵ, ਮੁਰੰਮਤਾਂ ਅਤੇ ਸਮਾਧਾਨ ਸ਼ਾਮਲ ਹਨ, ਨੂੰ ਸਿਵਾਏ ਇਸ ਸਬੰਧ ਵਿੱਚ ਲਾਇਸੈਂਸਸ਼ੁਦਾ ਇਲੈਕਟ੍ਰੀਕਲ ਠੇਕੇਦਾਰ ਅਤੇ ਸਮਰੱਥਤਾ ਦਾ ਸਰਟੀਫਿਕੇਟ ਰੱਖਣ ਵਾਲੇ ਵਿਅਕਤੀ ਦੀ ਸਿੱਧੀ ਨਿਗਰਾਨੀ ਅਧੀਨ ਅਤੇ ਰਾਜ ਸਰਕਾਰ ਦੁਆਰਾ ਜਾਰੀ ਕੀਤੇ ਗਏ ਜਾਂ ਮਾਨਤਾ ਪ੍ਰਾਪਤ ਪਰਮਿਟ ਰੱਖਣ ਵਾਲੇ ਵਿਅਕਤੀ ਦੁਆਰਾ ਤੋਂ ਇਲਾਵਾ ਕਿਸੇ ਵੀ ਖਪਤਕਾਰ ਦੇ ਅਹਾਤੇ ਉਪਰ ਜਾਂ ਉਸ ਦੀ ਤਰਫੋਂ ਨਹੀਂ ਕੀਤਾ ਜਾਵੇਗਾ।

ਕੋਈ ਵੀ ਬਿਜਲਈ ਸੰਸਥਾਪਣ ਕਾਰਜ, ਜਿਹੜਾ ਉਪਰੋਕਤ ਵਿਨਿਯਮ ਦੀ ਉਲੰਘਣਾਂ ਵਿੱਚ ਕੀਤਾ ਗਿਆ ਹੋਵੇ, ਲਾਇਸੈਂਸੀ ਦੇ ਕਾਰਜ ਨਾਲ ਜੋੜਿਆ ਅਤੇ ਊਰਜੀਕ੍ਰਿਤ ਨਹੀਂ ਕੀਤਾ ਜਾਵੇਗਾ।

6.9.3 <u>ਐਚ. ਟੀ. / ਈ. ਐਚ. ਟੀ. ਸੰਸਥਾਪਨਾ ਲਈ ਸੁਰੱਖਿਅਤ ਉਪਬੰਧ</u> : -

(i) 6 ਮਹੀਨਿਆਂ ਤੋਂ ਜਾਂ ਇਸ ਤੋਂ ਵੱਧ ਮਹੀਨਿਆਂ ਤੋਂ ਕਮਬੰਦੀ ( ਸ਼ਟਡਾਊਨ ) ਮਗਰੋਂ ਸਪਲਾਈ ਸ਼ੁਰੂ ਕਰਨ ਜਾਂ ਮੁੜ ਜੋੜਨ ਤੋਂ ਪਹਿਲਾਂ, ਸਾਰੀਆਂ ਐਚ. ਟੀ. / ਈ. ਐਚ. ਟੀ. ਸੰਸਥਾਪਣਾਵਾਂ ਦੀ ਰਾਜ ਸਰਕਾਰ ਦੁਆਰਾ ਸੁਨਿਸ਼ਚਿਤ ਕੀਤੇ ਗਏ ਅਨੁਸਾਰ ਇਲੈਕਟ੍ਰੀਕਲ ਇੰਸਪੈਕਟਰ ਦੁਆਰਾ ਨਿਰੀਖਣ ਕੀਤੇ ਜਾਣ ਦੀ ਜ਼ਰੂਰਤ ਹੈ।

(ii) ਕਿਸੇ ਵੀ ਐਚ. ਟੀ. / ਈ. ਐਚ. ਟੀ. ਸੰਸਥਾਪਨਾ ਦਾ ਮਾਲਕ, ਜੋ ਸੰਸਥਾਪਣ ਵਿੱਚ ਕੋਈ ਵੀ ਵਾਧਾ, ਪਰਿਵਰਤਨ ਕਰਦਾ ਹੈ ਤਾਂ ਉਸਦੇ ਯੰਤਰ ਜਾਂ ਉਕਤ ਪਰਿਵਰਤਨ ਵਿੱਚ ਸੰਮਿਲਤ ਬਿਜਲਈ ਸਪਲਾਈ ਲਾਈਨ ਜਾਂ ਵਾਧੇ ਨੂੰ ਉਦੋਂ ਤੱਕ ਸਪਲਾਈ ਲਾਈਨ ਨਾਲ ਨਹੀਂ ਜੋੜਿਆ ਜਾਵੇਗਾ ਜਦੋਂ ਤੱਕ ਅਜਿਹਾ ਪਰਿਵਰਤਨ ਜਾਂ ਵਾਧਾ ਇਲੈਕਟ੍ਰੀਕਲ ਇੰਸਪੈਕਟਰ ਦੁਆਰਾ ਲਿਖਤੀ ਰੂਪ ਵਿੱਚ ਪ੍ਰਵਾਨ ਨਹੀਂ ਕੀਤਾ ਜਾਂਦਾ।

(iii) ਕਿਸੇ ਵੀ ਐਚ. ਟੀ. / ਈ. ਐਚ. ਟੀ. ਸੰਸਥਾਪਨਾ ਦਾ ਮਾਲਕ, ਆਪਣੇ ਸੰਸਥਾਪਣ ਜਾਂ ਉਸ ਦੇ ਵਾਧੇ ਦੀ ਪ੍ਰਵਾਨਗੀ ਲਈ ਇਲੈਕਟ੍ਰੀਕਲ ਇੰਸਪੈਕਟਰ ਨੂੰ ਬਿਨੈ-ਪੱਤਰ ਦੇਣ ਤੋਂ ਪਹਿਲਾਂ, ਓਵਰਹੈੱਡ ਲਾਈਨ ਤੋਂ ਹੋਰਵੇਂ ਹਰੇਕ ਐਚ. ਟੀ. / ਈ. ਐਚ. ਟੀ. ਸਰਕਟ ਜਾਂ ਉਸ ਦਾ ਵਾਧੇ ਨੂੰ ਵੀ ਟੈੱਸਟ ਕਰੇਗਾ ਅਤੇ ਆਪਣੇ ਆਪ ਨੂੰ ਸੰਤੁਸ਼ਤ ਕਰੇਗਾ ਕਿ ਉਹ ਕੇਂਦਰੀ ਬਿਜਲੀ ਅਥਾਰਟੀ ( ਸੁਰੱਖਿਆ ਅਤੇ ਬਿਜਲੀ ਸਪਲਾਈ ਦੇ ਸਬੰਧ ਵਿੱਚ ਉਪਾਅ ) ਵਿਨਿਯਮ, 2010 ਦੇ ਵਿਨਿਯਮ 46 (1) ਵਿੱਚ ਉਲੀਕੀ ਗਈ ਟੈੱਸਟਿੰਗ ਵੋਲਟਤਾ ਦੇ ਲਾਗੂਕਰਨ ਦਾ ਸਾਹਮਣਾ ਕਰਨਗੇ ਅਤੇ ਅਜਿਹੇ ਟੈੱਸਟਾਂ ਦੇ ਨਤੀਜੇ ਵਿਧੀ ਪੂਰਵਕ ਰਿਕਾਰਡ ਕਰਨਗੇ ਅਤੇ ਉਹਨਾਂ ਨੂੰ ਇੰਪੈਕਟਰ ਨੂੰ ਭੇਜ ਦਿੱਤਾ ਜਾਵੇਗਾ।

(iv) ਬਿਨੈਕਾਰ ਦੇ ਐਚ. ਟੀ. / ਈ. ਐਚ. ਟੀ. ਦੀ ਟੈੱਸਟਿੰਗ / ਨਿਰੀਖਣ ਕੇਂ. ਬਿ. ਇੰ. ( ਸੀ. ਈ. ਆਈ. ) ਅਤੇ ਵੰਡ ਲਾਇਸੈਂਸੀ ਦੇ ਪ੍ਰਤਿਨਿਧਾਂ ਦੁਆਰਾ ਪਹਿਲੇ ਦੁਆਰਾ ਨਿਯੁਕਤ ਕੀਤੀ ਗਈ ਮਿਤੀ ਅਤੇ ਨਿਸ਼ਚਿਤ ਕੀਤੇ ਸਮੇਂ ਉਤੇ ਸੰਯੁਕਤ ਰੂਪ ਵਿੱਚ ਕੀਤੀ ਜਾਵੇਗੀ। ਜੇਕਰ ਵੰਡ ਲਾਇਸੈਂਸੀ ਦਾ ਪ੍ਰਤਿਨਿਧ ਟੈੱਸਟ/ਇੰਸਪੈਕਸ਼ਨ ਜੁਆਇਨ

ਕਰਨ ਵਿੱਚ ਅਸਮਰੱਥ ਹੈ ਤਾਂ ਸੀ. ਈ. ਆਈ ਜਾਂ ਉਸ ਦੇ ਪ੍ਰਤਿਨਿਧ ਇਕੱਲੇ ਹੀ ਟੈੱਸਟ / ਨਿਰੀਖਣ ਕਰਨਗੇ।

(v) ਸੰਸਥਾਪਣ / ਉਪਕਰਣ ਦੀ ਟੈੱਸਟਿੰਗ ਕੇਂਦਰੀ ਬਿਜਲੀ ਅਥਾਰਟੀ ( ਸੁਰੱਖਿਆ ਅਤੇ ਬਿਜਲੀ ਸਪਲਾਈ ਦੇ ਸਬੰਧ ਵਿੱਚ ਉਪਾਅ ) ਵਿਨਿਯਮ, 2010 ਦੇ ਅਨੁਸਾਰ ਕੀਤੀ ਜਾਵੇਗੀ।

(vi) ਨਿਰਮਾਣਕਰਤਾ ਦਾ ਟੈੱਸਟ ਸਰਟੀਫਿਕੇਟ, ਜੇਕਰ ਲੋੜੀਂਦਾ ਹੋਵੇ, ਪ੍ਰਸਤੁਤ ਕੀਤਾ ਜਾਵੇਗਾ।

(vii) ਕਰੰਟ ਭੰਗ ਕਰਨ ਲਈ, ਕੇਂਦਰੀ ਬਿਜਲੀ ਅਥਾਰਟੀ ( ਸੁਰੱਖਿਆ ਅਤੇ ਬਿਜਲੀ ਸਪਲਾਈ ਦੇ ਸਬੰਧ ਵਿੱਚ ਉਪਾਅ ) ਵਿਨਿਯਮ, 2010 ਦੇ ਵਿਨਿਯਮ 35 (2) ਵਿੱਚ ਸੁਨਿਸ਼ਚਿਤ ਕੀਤੇ ਗਏ ਅਨੁਸਾਰ ਕੰਟਰੋਲਾਂ ਨੂੰ ਸਪਲਾਈ ਸ਼ੁਰੂ ਕਰਨ ਤੋਂ ਮਗਰੋਂ ਜਿੰਨਾ ਸੰਭਵ ਹੋ ਸਕੇ ਨੇੜੇ ਤੋਂ ਨੇੜੇ ਰੱਖਿਆ ਜਾਵੇਗਾ ਤਾਂ ਕਿ ਸੰਸਥਾਪਣ ਦੀ ਸਪਲਾਈ ਨੂੰ ਪੂਰੀ ਤਰ੍ਹਾਂ ਵੱਖਰਾ ਕਰਨ ਵਾਸਤੇ ਆਸਾਨੀ ਨਾਲ ਸੰਚਾਲਿਤ ਕਰਨ ਲਈ ਝਟਪਟ ਪਹੁੰਚਯੋਗ ਅਤੇ ਸਮਰੱਥ ਹੋ ਸਕੇ।

6.9.4 <u>ਬਹੁ ਮੰਜ਼ਲੀ ਇਮਾਰਤਾਂ ਵਿੱਚ ਬਿਜਲੀ ਸਪਲਾਈ ਅਤੇ ਵਰਤੋਂ</u> : –

ਸੰਸਥਾਪਣ ਜਿਸ ਦਾ 6 ਮਹੀਨੇ ਦੇ ਜਾਂ ਇਸ ਤੋਂ ਵੱਧ ਸਮੇਂ ਲਈ ਕੁਨੈਕਸ਼ਨ ਕੱਟਿਆ ਜਾ ਚੁਕਿਆ ਹੋਵੇ, ਇਸ ਮਗਰੋਂ ਸਪਲਾਈ ਸ਼ੁਰੂ ਕਰਨ ਜਾਂ ਸਪਲਾਈ ਮੁੜ ਸ਼ੁਰੂ ਕਰਨ ਤੋਂ ਪਹਿਲਾਂ, ਉਚਾਈ ਵਿੱਚ 15 ਮੀਟਰ ਤੋਂ ਵੱਧ ਬਹੁ ਮੰਜ਼ਲੀ ਇਮਾਰਤ, ਜਿਸ ਦਾ ਕੁਨੈਕਟਿਡ ਲੋਡ ਅਤੇ ਵੋਲਟਤਾ ਸੀਮਾਂ ਤੋਂ ਉਪਰ ਹੈ, ਦੇ ਮਾਲਕ ਜਾਂ ਕਾਬਜ਼ ਜਿਵੇਂ ਕਿ ਸਮ੍ਹੇ ਸਮੇਂ 'ਤੇ ਸੋਧੇ ਗਏ ਅਨੁਸਾਰ ਕੇਂਦਰੀ ਬਿਜਲੀ ਅਥਾਰਟੀ ( ਸੁਰੱਖਿਆ ਅਤੇ ਬਿਜਲੀ ਸਪਲਾਈ ਦੇ ਸਬੰਧ ਵਿੱਚ ਉਪਾਅ ) ਵਿਨਿਯਮ, 2010 ਦੇ ਵਿਨਿਯਮ 36 ਅਧੀਨ ਰਾਜ ਸਰਕਾਰ ਦੁਆਰਾ ਸੁਨਿਸ਼ਚਿਤ ਕੀਤਾ ਜਾਵੇ, ਇਲੈਕਟ੍ਰੀਕਲ ਇੰਸਪੈਕਟਰ ਨੂੰ ਅਜਿਹੇ ਸੰਸਥਾਪਣ ਦੇ ਵੇਰਵੇ ਵਰਣਿਤ ਕਰਦਿਆਂ ਨੋਟਿਸ ਜੋ 30 ਦਿਨਾਂ ਤੋਂ ਘੱਟ ਨਹੀਂ ਹੋਵੇਗਾ ਦਿੱਤਾ ਜਾਵੇਗਾ। ਅਤੇ ਬਿਜਲੀ ਦੀ ਸਪਲਾਈ ਇਲੈਕਟ੍ਰੀਕਲ ਇੰਸਪੈਕਟਰ ਦੀ ਪ੍ਰਵਾਨਗੀ ਤੋਂ ਬਿਨਾਂ ਇਸ ਸਮੇਂ ਦੇ ਅੰਦਰ ਅੰਦਰ ਸ਼ੁਰੂ ਜਾਂ ਮੁੜ ਸ਼ੁਰੂ ਨਹੀਂ ਕੀਤੀ ਜਾਵੇਗੀ।

6.9.5 <u>ਖਪਤਕਾਰ ਦੀਆਂ ਸੰਸਥਾਪਣਾਵਾਂ ਦਾ ਨਿਯਤਕਾਲੀ ਨਿਰੀਖਣ ਅਤੇ ਟੈੱਸਟਿੰਗ</u> : –

ਜਿਥੇ ਸੰਸਥਾਪਣ ਪਹਿਲਾਂ ਹੀ ਲਾਇਸੈਂਸੀ ਦੇ ਸਪਲਾਈ ਸਿਸਟਮ ਨਾਲ ਜੁੜਿਆ ਹੋਇਆ ਹੈ, ਹਰ ਅਜਿਹੇ ਸੰਸਥਾਪਣ ਦਾ ਜਾਂ ਤਾਂ ਇਲੈਕਟ੍ਰੀਕਲ ਇੰਸਪੈਕਟਰ ਦੁਆਰਾ ਜਾਂ ਲਾਇਸੈਂਸੀ ਦੁਆਰਾ, ਜਿਵੇਂ ਕਿ ਰਾਜ ਸਰਕਾਰ ਦੁਆਰਾ ਇਸ ਦੀ ਤਰਫੋਂ ਹਦਾਇਤ ਕੀਤੀ ਜਾਵੇ, ਅਜਿਹੇ ਅੰਤਰਾਲਾਂ ਜੋ ਪੰਜ ਸਾਲਾਂ ਤੋਂ ਵੱਧ ਨਾ ਹੋਣ, 'ਤੇ ਨਿਯਤਕਾਲੀ ਨਿਰੀਖਣ ਅਤੇ ਟੈੱਸਟ ਕੀਤਾ ਜਾਵੇਗਾ।

ਕਿਸੇ ਸੰਸਥਾਪਣ ਦੇ ਮਾਲਕ ਦੇ ਆਪਣੇ ਸੰਸਥਾਪਣ ਵਿੱਚੋਂ ਇਲੈਕਟ੍ਰੀਕਲ ਇੰਸਪੈਕਟਰ ਦੁਆਰਾ ਉਸ ਦੀ ਰਿਪੋਰਟ ਵਿੱਚ ਦੱਸੇ ਗਏ ਨੁਕਸਾਂ ਨੂੰ ਉਸ ਵਿੱਚ ਸੂਚਿਤ ਕੀਤੇ ਗਏ ਸਮੇਂ ਦੇ ਅੰਦਰ ਅੰਦਰ ਦੂਰ ਕਰਨ ਵਿੱਚ ਅਸਫਲ ਰਹਿਣ ਦੀ ਸੂਰਤ ਵਿੱਚ, ਅਜਿਹੇ ਸੰਸਥਾਪਣ ਦਾ ਕੁਨੈਕਸ਼ਨ ਅਜਿਹੇ ਸੰਸਥਾਪਣ ਦੇ ਮਾਲਕ ਨੂੰ ਨੋਟਿਸ ਜੋ 48 ਘੰਟਿਆਂ ਤੋਂ ਘੱਟ ਲਈ ਨਹੀਂ ਹੋਵੇਗਾ, ਦੇਣ ਮਗਰੋਂ ਇਲੈਕਟ੍ਰੀਕਲ ਇੰਸਪੈਕਟਰ ਦੀਆਂ ਹਦਾਇਤਾਂ ਅਧੀਨ ਕੱਟਣ ਦੇ ਯੋਗ ਹੋਵੇਗਾ।

6.9.6 ਵੰਡ ਲਾਇਸੈਂਸੀ ਦੇ ਅਧਿਕਾਰਿਤ ਪ੍ਰਤਿਨਿਧ ਤੋਂ ਹੋਰਵੇਂ ਕਿਸੇ ਵੀ ਵਿਅਕਤੀ ਦੁਆਰਾ ਲਾਇਸੈਂਸੀ ਦੀ ਸਪਲਾਈ ਲਾਈਨ ਤੋਂ ਕੋਈ ਕੁਨੈਕਸ਼ਨ ਨਹੀਂ ਦਿੱਤਾ ਜਾਵੇਗਾ।

6.9.7 ਓਵਰਹੈੱਡ ਲਾਈਨ ਨੂੰ ਐਕਟ ਦੀ ਧਾਰਾ 68 ਦੇ ਉਪਬੰਧਾਂ ਅਨੁਸਾਰ ਸੰਸਥਾਪਤ ਕੀਤਾ ਜਾਵੇਗਾ ਜਾਂ ਗਰਾਊਂਡ ਤੋਂ ਉਪਰ ਸੰਸਥਾਪਿਤ ਰਖਿਆ ਜਾਵੇਗਾ।

# 7. ਸਪਲਾਈ ਦੇ ਪੁਆਇੰਟ / ਵੰਡ ਲਾਇਸੈਂਸੀ ਦੇ ਮੇਨ ਅਤੇ ਯੰਤਰ : –

## 7.1 ਸਪਲਾਈ ਦਾ ਪੁਆਇੰਟ : –

7.1.1 ਵੰਡ ਲਾਇਸੈਂਸੀ ਖਪਤਕਾਰ ਨੂੰ ਇਸ ਦੇ ਅਹਾਤੇ ’ਤੇ ਇਕ ਪੁਆਇੰਟ ’ਤੇ ਸਪਲਾਈ ਦੇਵੇਗਾ ਜਿਹੜਾ ਕਿ ਮੀਟਰ / ਮੀਟਰਿੰਗ ਉਪਕਰਣ ਦੇ ਨਿਰਗਾਮੀ ( outgoing) ਅੰਤ (ਟਰਮੀਨਲ) ’ਤੇ ਹੋਵੇਗਾ ਜੇਕਰ ਮੀਟਰ ਅਹਾਤੇ ਦੇ ਅੰਦਰ ਸੰਸਥਾਪਿਤ ਕੀਤਾ ਜਾਂਦਾ ਹੈ। ਜੇਕਰ ਮੀਟਰ ਖਪਤਕਾਰ ਦੇ ਅਹਾਤੇ ਦੇ ਬਾਹਰ ਸੰਸਥਾਪਿਤ ਕੀਤਾ ਜਾਂਦਾ ਹੈ ਤਾਂ ਸਪਲਾਈ ਦਾ ਪੁਆਇੰਟ ਖਪਤਕਾਰ ਦੇ ਲਘੂ ਸਰਕਟ ਬਰੇਕਰ / ਮੇਨ ਸਵਿੱਚ ਦੇ ਆਗਮੀ (incoming) ਅੰਤ ’ਤੇ ਹੋਵੇਗਾ ਅਤੇ ਖਪਤਕਾਰ ਦੇ ਮੀਟਰ ਤੋਂ ਮੇਨ ਸਵਿੱਚ / ਬਰੇਕਰ ਤੱਕ ਸਰਵਿਸ ਕੇਬਲ ਵੰਡ ਲਾਇਸੈਂਸੀ ਦੁਆਰਾ ਆਪਣੀ ਲਾਗਤ ’ਤੇ ਮਹੱਈਆ ਕੀਤੀ ਜਾਵੇਗੀ।

ਸਪਲਾਈ ਦਾ ਪੁਆਇੰਟ ਵੰਡ ਲਾਇਸੈਂਸੀ ਦੁਆਰਾ ਇਸ ਤਰ੍ਹਾਂ ਨਿਰਧਾਰਿਤ ਕੀਤਾ ਜਾਵੇਗਾ ਕਿ ਮੀਟਰ ਅਤੇ ਹੋਰ ਦੂਜੇ ਉਪਕਰਣ ਅਹਾਤੇ ਦੇ ਜਾਂ ਤਾਂ ਬਾਹਰ ਜਾਂ ਪ੍ਰਵੇਸ਼ ਪੁਆਇੰਟ ’ਤੇ ਨਿਯਤ (fixed)ਕੀਤੇ ਜਾਣਗੇ ਤਾਂ ਕਿ ਇਹ ਖਪਤਕਾਰ ਦੇ ਏਕਾਂਤ (privacy) ਵਿੱਚ ਕੋਈ ਰੁਕਾਵਟ ਅਤੇ ਭੰਗ ਕੀਤੇ ਬਿਨਾਂ ਨਿਰੀਖਣ ਲਈ ਵੰਡ ਲਾਇਸੈਂਸੀ ਦੀ ਹਮੇਸ਼ਾਂ ਪਹੁੰਚ ਵਿੱਚ ਹੋਣ। ਸਾਰੇ ਐਚ. ਟੀ. ਖਪਤਕਾਰ ਅਹਾਤਿਆਂ ਦੇ ਬਾਹਰ ਤੋਂ ਜਾਂ ਪ੍ਰਵੇਸ਼ ਪੁਆਇੰਟ ’ਤੇ ਮੀਟਰ ਜਾਂ ਮੀਟਰਿੰਗ ਘਣ-ਆਕਾਰ(cubical)ਤੱਕ ਸਵਤੰਤਰ ਪ੍ਰਵੇਸ਼ ਮੁਹੱਈਆ ਕਰਨਗੇ।

7.1.2 ਸਪਲਾਈ ਚਾਲੂ ਕਰਨ ਦੇ ਪੁਆਇੰਟ ’ਤੇ, ਜਿਹੜਾ ਅਹਾਤੇ ਵਿੱਚ ਪ੍ਰਵੇਸ਼ ਹੋਣ ਦੇ ਬਹੁਤ ਨੇੜੇ ਹੋਵੇਗਾ, ਖਪਤਕਾਰ ਮੇਨ ਸਵਿੱਚ / ਬਰੇਕਰ ਮੁਹੱਈਆ ਕਰੇਗਾ। ਇਸ ਤੋਂ ਇਲਾਵਾ, ਐਚ. ਟੀ. ਖਪਤਕਾਰ ਕੇਂਦਰੀ ਬਿਜਲੀ ਅਥਾਰਟੀ ( ਸੁਰੱਖਿਆ ਅਤੇ ਬਿਜਲੀ ਸਪਲਾਈ ਦੇ ਸਬੰਧ ਵਿੱਚ ਉਪਾਅ ) ਵਿਨਿਯਮ, 2010 ਦੇ ਵਿਨਿਯਮ 35 ਦੇ ਉਪਬੰਧਾਂ ਅਨੁਸਾਰ ਮੁਨਾਸਬ ਸੁਰੱਖਿਅਕ ਯੰਤਰ ਵੀ ਮੁਹੱਈਆ ਕਰਨਗੇ।

## 7.2 ਵੰਡ ਲਾਇਸੈਂਸੀ ਦੇ ਸਪਲਾਈ ਮੇਨ ਤੇ ਯੰਤਰ : –

7.2.1 ਲਾਇਸੈਂਸੀ ਦੇ ਉਪਕਰਣ ਦਾ ਸਥਾਨ : –
ਬਿਨੈਕਾਰ ਨੂੰ ਕੁਨੈਕਸ਼ਨ ਜਾਰੀ ਕਰਨ ਤੋਂ ਪਹਿਲਾਂ, ਵੰਡ ਲਾਇਸੈਂਸੀ ਦੁਆਰਾ ਅਧਿਕਾਰਿਤ ਕੀਤਾ ਗਿਆ ਵਿਅਕਤੀ ਅਹਾਤੇ ਦਾ ਨਿਰੀਖਣ ਕਰੇਗਾ ਅਤੇ ਖਪਤਕਾਰ ਅਤੇ / ਜਾਂ ਉਸ ਦੇ ਇਲੈਕਟ੍ਰੀਕਲ ਠੇਕੇਦਾਰ ਨਾਲ ਸਲਾਹ ਮਸ਼ਵਰਾ ਕਰਕੇ ਸਰਵਿਸ ਲਾਈਨ ਅਤੇ ਮੀਟਰ ਦਾ ਜਨਰਲ ਖਾਕਾ ( layout ) ਨਿਸ਼ਚਿਤ ਕਰੇਗਾ। ਮੀਟਰ ਅਤੇ ਮੀਟਰਿੰਗ ਉਪਕਰਣ ਸਪਲਾਈ ਕੋਡ ਦੇ ਵਿਨਿਯਮ 21 ਵਿੱਚ ਨਿਰਧਾਰਿਤ ਕੀਤੇ ਗਏ ਢੰਗ ਨਾਲ ਲਗਾਏ ਜਾਣਗੇ।

7.2.2 ਐਲ. ਟੀ. ਸਪਲਾਈ ਵੋਲਟੇਜ਼ ’ਤੇ ਕੁਨੈਕਸ਼ਨ ਜਾਰੀ ਕਰਨ ਲਈ, ਮੀਟਰ ਨੂੰ ਵੰਡ ਲਾਇਸੈਂਸੀ ਦੁਆਰਾ ਪ੍ਰਵਾਨ ਕੀਤੇ ਗਏ ਡੀਜ਼ਾਈਨ ਦੇ ਮੀਟਰ ਕਪ ਬੋਰਡ ( MCB ) ਵਿੱਚ ਸੰਸਥਾਪਿਤ ਕੀਤਾ ਜਾਵੇਗਾ।

7.2.3 ਵੰਡ ਲਾਇਸੈਂਸੀ ਕੇਂ. ਬਿ. ਅ. ( CEA ) ਦੁਆਰਾ ਬਣਾਏ ਗਏ ਸੁਰੱਖਿਆ ਨਿਯਮਾਂ ਅਨੁਸਾਰ ਐਲ. ਟੀ. / ਐਚ.ਟੀ. ਲਈ ਅਵੱਸ਼ਕ ਸੁਰੱਖਿਆ ਸਿਸਟਮ ਮੁਹੱਈਆ ਕਰੇਗਾ। ਇਹ ਉਪਕਰਣ ਵੰਡ ਲਾਇਸੈਂਸੀ ਦੀ ਸੰਪਤੀ ਰਹਿਣਗੇ ਅਤੇ ਵੰਡ ਲਾਇਸੈਂਸੀ ਦੁਆਰਾ ਅਧਿਕਾਰਿਤ ਕੀਤੇ ਗਏ ਵਿਅਕਤੀ ਦੁਆਰਾ ਹੀ ਕੇਵਲ ਸੰਚਾਲਿਤ, ਹੈਂਡਲ ਜਾਂ ਹਟਾਏ ਜਾਣਗੇ।

7.2.4 ਖਪਤਕਾਰ ਦੁਆਰਾ ਬਿਨੈ-ਪੱਤਰ ਦੇਣ ਉਤੇ, ਵੰਡ ਲਾਇਸੈਂਸੀ ਐਚ.ਟੀ. / ਈ. ਐਚ.ਟੀ. ਕੁਨੈਕਸ਼ਨਾਂ ਦੇ ਕੇਸ ਵਿੱਚ ਸੰਕਟਕਾਲੀਨ ਮੌਕਿਆਂ 'ਤੇ ਖਪਤਕਾਰ ਦੇ ਯੰਤਰ ਨੂੰ ਵਿਯੋਜਨ (isolating ) ਕਰਨ ਦੇ ਮੰਤਵ ਲਈ ਲਾਇਸੈਂਸੀ ਦੇ ਟਰਮੀਨਲ ਸਵਿੱਚਾਂ, ਫਿਊਜ਼ਾਂ ਜਾਂ ਸਰਕਟ ਬਰੇਕਰਾਂ ਨੂੰ ਸੰਚਾਲਿਤ ਕਰਨ ਵਾਸਤੇ ਅਨੁਮਤੀ ਦੇ ਸਕਦਾ ਹੈ, ਬਸ਼ਰਤੇ ਕਿ ਖਪਤਕਾਰ ਦੁਆਰਾ ਅਜਿਹੇ ਸੰਚਾਲਨ ਹੋਰ ਦੂਜੇ ਖਪਤਕਾਰਾਂ ਦੀ ਸਪਲਾਈ ਚਲਦੀ ਰਹਿਣ ਨੂੰ ਪ੍ਰਭਾਵਤ ਨਹੀਂ ਕਰਦਾ। ਵੰਡ ਲਾਇਸੈਂਸੀ ਦੇ ਉਪਕਰਣ ਨਾਲ ਜਾਂ ਸੰਚਾਲਣ ਨਾਲ ਕਿਸੇ ਕਿਸਮ ਦ ਅਣਅਧਿਕਾਰਿਤ ਹੇਰ-ਫੇਰ ( tampering ) ਨੂੰ ਐਕਟ ਦੀ ਧਾਰਾ 138 ਅਧੀਨ ਅਪਰਾਧ ਮੰਨਿਆ ਜਾ ਸਕਦਾ ਹੈ।

7.2.5 ਵੰਡ ਲਾਇਸੈਂਸੀ ਖਪਤਕਾਰ ਦੀ ਅਣਗਹਿਲੀ ਦੇ ਪਰਿਣਾਮ ਸਵਰੂਪ ਹੋਏ ਕਿਸੇ ਨੁਕਸਾਨ ਲਈ ਹਾਨੀਪੂਰਤੀ ਵਾਸਤੇ ਭਾਗੀ ਨਹੀਂ ਹੋਵੇਗਾ।

7.2.6 ਵੰਡ ਲਾਇਸੈਂਸੀ ਆਂਢ-ਗੁਆਂਢ ਦੇ ਹੋਰ ਦੂਜੇ ਅਹਾਤਿਆਂ ਨੂੰ ਸਪਲਾਈ ਦੇਣ ਵਾਸਤੇ ਖਪਤਕਾਰ ਦੇ ਅਹਾਤੇ 'ਤੇ ਸਥਾਪਤ ਕੀਤੇ ਗਏ ਮੇਨਾਂ ਅਤੇ ਸਬੰਧਤ ਯੰਤਰਾਂ ਨੂੰ ਵਰਤਣ ਦਾ ਅਧਿਕਾਰ ਰੱਖਦਾ ਹੈ।

7.2.7 ਵੰਡ ਲਾਇਸੈਂਸੀ ਦੁਆਰਾ ਖਪਤਕਾਰ ਨੂੰ ਪੱਟੇ ਤੇ ਦਿੱਤੇ ਜਾਂ ਮਲਕੀਅਤੀ ਵਾਲੇ ਜਾਂ ਵੰਡ ਲਾਇਸੈਂਸੀ ਨੂੰ ਉਸ ਦੇ ਮਾਲਕ ਵਜੋਂ ਦਰਸਾਂਦੇ ਪ੍ਰਯਾਪਤ ਮਾਰਕੇ ਵਾਲੇ ਕਿਸੇ ਬਿਜਲਈ ਪਲਾਂਟ, ਬਿਜਲੀ ਦੀ ਲਾਈਨ ਜਾਂ ਮੀਟਰ : -

(ੳ) ਇਸ ਦੇ ਬਾਵਜੂਦ ਵੀ ਕਿ ਇਹ ਭੂਮੀ ਮਾਲਕ ਦੇ ਅਹਾਤੇ 'ਤੇ ਜਾਂ ਕਿਸੇ ਵੀ ਹਿੱਸੇ ਵਿੱਚ ਲਾਏ ਟਿਕਾਏ ਜਾ ਸਕਦੇ ਹਨ, ਭੂਮੀ ਮਾਲਕ ਦੀਆਂ ਜੜਤਾਂ ( fixture ) ਨਹੀਂ ਸਮਝੀਆਂ ਜਾਣਗੀਆਂ।

(ਅ) ਵਿਅਕਤੀ, ਜਿਸ ਦੇ ਕਬਜ਼ੇ ਵਿੱਚ ਇਹ ਹੋਣ, ਵਿਰੁੱਧ ਕਿਸੇ ਵੀ ਅਦਾਲਤ ਦੀ ਕਾਰਵਾਈ ਜਾਂ ਕਿਸੇ ਵੀ ਕਾਰਵਾਈਆਂ ਅਧੀਨ ਤਾਮੀਲੀ ਵਿੱਚ ਕੁਰਕੀ ਕਰਨ ਜਾਂ ਜ਼ਬਤ ਕੀਤੇ ਜਾਣ ਯੋਗ ਦੀ ਸ਼ਰਤ ਅਧੀਨ ਨਹੀਂ ਹੋਣਗੇ।

7.2.8 <u>ਖਪਤਕਾਰ ਦੇ ਅਹਾਤੇ 'ਤੇ ਸਾਂਝਾ ਟ੍ਰਾਂਸਫਾਰਮਰ</u> :

ਜੇਕਰ ਖਪਤਕਾਰ ਦੇ ਅਹਾਤੇ 'ਤੇ ਵੰਡ ਲਾਇਸੈਂਸੀ ਦੁਆਰਾ ਸੰਸਥਾਪਤ ਕੀਤੇ ਗਏ ਟ੍ਰਾਂਸਫਾਰਮਰ ਅਤੇ ਸਬੰਧਤ ਉਪਕਰਣ ਨੂੰ ਹੋਰ ਦੂਜੇ ਖਪਤਕਾਰਾਂ ਨੂੰ ਬਿਜਲੀ ਸਪਲਾਈ ਕਰਨ ਵਾਸਤੇ ਵਰਤਿਆ ਜਾ ਰਿਹਾ ਹੈ ਤਾਂ ਵੰਡ ਲਾਇਸੈਂਸੀ ਇਥੋਂ ਤੱਕ ਕਿ ਖਪਤਕਾਰ ਦੇ ਸਪਲਾਈ ਪ੍ਰਾਪਤ ਕਰਨੀ ਬੰਦ ਕਰਨ ਦੇ ਮੌਕੇ 'ਤੇ ਵੀ ਉਕਤ ਟ੍ਰਾਂਸਫਾਰਮਰ ਅਤੇ ਸਬੰਧਤ ਉਪਕਰਣ ਨੂੰ ਉਸ ਸਮੇਂ ਲਈ ਜੋ 6 ਮਹੀਨਿਆਂ ਤੋਂ ਵੱਧ ਨਹੀਂ ਹੋਵੇਗਾ, ਵਰਤਣਾ ਜਾਰੀ ਰੱਖਣ ਦਾ ਅਧਿਕਾਰ ਰੱਖਦਾ ਹੈ।

## 8. ਨਵੇਂ ਕੁਨੈਕਸ਼ਨ/ ਅਤਿਰਿਕਤ ਲੋਡ/ ਮੰਗ ਦੇ ਜਾਰੀ ਕਰਨ ਲਈ ਸਮਾਂ ਸੀਮਾਂ : -

8.1 ਵੰਡ ਲਾਇਸੈਂਸੀ ਇਥੇ ਹੇਠਾਂ ਦਿੱਤੀ ਗਈ ਸਮਾਂ ਸੀਮਾਂ ਦੇ ਅੰਦਰ ਅੰਦਰ ਵਿਨਿਯਮ 6 ਅਧੀਨ ਪੇਸ਼ ਕੀਤੇ ਗਏ ਬਿਨੈ-ਪੱਤਰ ਦੀ ਪਾਲਣਾ ਵਿੱਚ ਅਹਾਤੇ ਨੂੰ ਬਿਜਲੀ ਦੀ ਸਪਲਾਈ ਮੁਹੱਈਆ ਕਰੇਗਾ : -

ੳ) ਜਿਥੇ ਅਜਿਹੀ ਸਪਲਾਈ ਦੇਣ ਲਈ ਕਿਸੇ ਵੀ ਵੰਡ ਮੇਨ ਦੇ ਵਰਧਨ, ਉਸਾਰੀ ਅਤੇ ਵਿਸਤਾਰ, ਵੰਡ ਟ੍ਰਾਂਸਫਾਰਮਰ ਜਾਂ ਪਾਵਰ ਟ੍ਰਾਂਸਫਾਰਮਰ ਦੀ ਉਸਾਰੀ / ਵਰਧਨ ਦੀ ਲੋੜ ਨਹੀਂ ਹੈ ਉਥੇ ਡਿਮਾਂਡ ਨੋਟਿਸ ਦੀ ਪਾਲਣਾ ਦੀ ਤਾਰੀਖ ਤੋਂ 30 ( ਤੀਹ ) ਦਿਨਾਂ ਦੇ ਅੰਦਰ ਅੰਦਰ ।

ਅ) ਉਹਨਾਂ ਕੇਸਾਂ ਵਿੱਚ ਜਿਥੇ ਕਿਸੇ ਵੀ ਵੰਡ ਮੇਨ ਦੇ ਵਰਧਨ / ਵਿਸਤਾਰ ਜਾਂ ਵੰਡ ਟ੍ਰਾਂਸਫਾਰਮਰ ਦੀ ਉਸਾਰੀ / ਵਰਧਨ ਜਾਂ ਪਾਵਰ ਟ੍ਰਾਂਸਫਾਰਮਰ ਦੇ ਵਰਧਨ ਦੀ ਲੋੜ ਹੈ, ਪਰੰਤੂ ਨਵੇਂ ਸਬ-ਸਟੇਸ਼ਨ ਜਾਂ ਪਾਵਰ ਟ੍ਰਾਂਸਫਾਰਮਰ ਦੀ ਉਸਾਰੀ ਅਤੇ ਚਾਲੂ ਕਰਨ ਦੀ ਲੋੜ ਨਹੀਂ ਹੈ, ਉਥੇ ਸਪਲਾਈ ਹੇਠਾਂ ਸੁਨਿਸ਼ਚਿਤ ਕੀਤੇ ਗਏ ਸਮੇਂ ਦੇ ਅੰਦਰ ਅੰਦਰ ਮੁਹੱਈਆ ਕੀਤੀ ਜਾਵੇਗੀ : -

| **ਲੋੜੀਂਦੇ ਸਰਵਿਸ ਕੁਨੈਕਸ਼ਨ ਦੀ ਕਿਸਮ** | **ਡਿਮਾਂਡ ਨੋਟਿਸ ਦੀ ਪਾਲਣਾ ਦੀ ਮਿਤੀ ਤੋਂ ਸਮਾਂ ਜਿਸ ਦੇ ਅੰਦਰ ਅੰਦਰ ਵੰਡ ਲਾਇਸੈਂਸੀ ਸਪਲਾਈ ਮੁਹੱਈਆ ਕਰਵਾਏਗਾ** |
|---|---|
| ਘੱਟ ਟੈਨਸ਼ਨ (ਐਲ. ਟੀ.) ਸਪਲਾਈ | 45 ਦਿਨ |
| ਹਾਈ ਟੈਨਸ਼ਨ (ਐਚ. ਟੀ.) ਸਪਲਾਈ | |
| -11000 ਵਾਟ | 60 ਦਿਨ |
| - 33000 ਵਾਟ | 90 ਦਿਨ |
| ਵਧੀਕ ਹਾਈ ਟੈਨਸ਼ਨ (ਈ. ਐਚ. ਟੀ.) ਸਪਲਾਈ | 120 ਦਿਨ |

ਬਸ਼ਰਤੇ ਕਿ ਉਹਨਾਂ ਕੇਸਾਂ ਵਿੱਚ ਜਿਥੇ ਸਪਲਾਈ ਸਿਸਟਮ ਦੇ ਵਿਸਤਾਰ / ਵਰਧਨ ਲਈ ਇਸ ਵਿੱਚ ਸ਼ਾਮਲ ਕਾਰਜ ਦੀ ਵਿਸ਼ਾਲਤਾ ਇਸ ਤਰ੍ਹਾਂ ਦੀ ਹੈ ਕਿ ਵੰਡ ਲਾਇਸੈਂਸੀ ਨੂੰ ਉਚਿਤ ਰੂਪ ਵਿੱਚ ਵੱਧ ਸਮੇਂ ਦੀ ਲੋੜ ਹੋਵੇ, ਵੰਡ ਲਾਇਸੈਂਸੀ ਉਪਰੋਕਤ ਸੁਨਿਸ਼ਚਿਤ ਕੀਤਾ ਗਿਆ ਸਮਾਂ ਵਧਾਉਣ ਲਈ, ਜਿੰਨੀ ਜਲਦੀ ਹੋ ਸਕੇ ਪਰੰਤੂ ਸਮਾਂ ਅਨੁਸੂਚੀ ਪੁੱਗਣ ਤੋਂ 15 ਦਿਨ ਪਹਿਲਾਂ ਤੋਂ ਬਾਦ ਨਹੀਂ, ਕਮਿਸ਼ਨ ਦੀ ਪ੍ਰਵਾਨਗੀ ਦੀ ਮੰਗ ਕਰ ਸਕਦਾ ਹੈ।

ੲ) ਉਹਨਾਂ ਕੇਸਾਂ ਵਿੱਚ ਜਿਥੇ ਬਿਜਲੀ ਦੀ ਸਪਲਾਈ ਐਚ. ਟੀ. / ਈ. ਐਚ. ਟੀ. ਲਾਈਨ, ਜੇਕਰ ਕੋਈ ਹੋਵੇ, ( ਸਰਵਿਸ ਲਾਈਨ ਤੋਂ ਹੋਰਵੇਂ ) ਸਮੇਤ ਨਵੇਂ ਸਬ-ਸਟੇਸ਼ਨ ਜਾਂ ਪਾਵਰ ਟ੍ਰਾਂਸਫਾਰਮਰ ਦੀ ਉਸਾਰੀ ਅਤੇ ਚਾਲੂ ਕਰਨ ਦੀ ਮੰਗ ਕਰਦੀ ਹੋਵੇ ਤਾਂ ਵੰਡ ਲਾਇਸੈਂਸੀ ਬਿਨੈ-ਪੱਤਰ ਦੀ ਪ੍ਰਾਪਤੀ ਤੋਂ 15 ਦਿਨਾਂ ਦੇ ਅੰਦਰ ਅੰਦਰ ਸਬ-ਸਟੇਸ਼ਨ ਜਾਂ ਪਾਵਰ ਟ੍ਰਾਂਸਫਾਰਮਰ ਅਤੇ / ਜਾਂ ਐਚ. ਟੀ. / ਈ. ਐਚ. ਟੀ. ਲਾਈਨ ਦੀ ਉਸਾਰੀ ਦੇ ਨਾਲ ਉਹਨਾਂ ਨੂੰ ਚਾਲੂ ਕਰਨ ਵਾਸਤੇ ਲੋੜੀਂਦੇ ਸਮੇਂ ਦੀ ਤਜਵੀਜ਼ ਕਮਿਸ਼ਨ ਨੂੰ ਪੇਸ਼ ਕਰੇਗਾ। ਵੰਡ ਲਾਇਸੈਂਸੀ ਅਤੇ ਸਬੰਧਤ ਬਿਨੈਕਾਰ ( ਰਾਂ ) ਨੂੰ ਸੁਣਨ ਮਗਰੋਂ, ਕਮਿਸ਼ਨ ਸਬ-ਸਟੇਸ਼ਨ ਜਾਂ ਪਾਵਰ ਟ੍ਰਾਂਸਫਾਰਮਰ ਅਤੇ/ ਜਾਂ ਐਚ. ਟੀ. / ਈ. ਐਚ. ਟੀ. ਲਾਈਨ ਦੀ ਉਸਾਰੀ ਵਾਸਤੇ ਟਾਈਮ ਫਰੇਮ ਦਾ ਫੈਸਲਾ ਕਰੇਗਾ। ਵੰਡ ਲਾਇਸੈਂਸੀ ਸਬ-ਸਟੇਸ਼ਨ ਜਾਂ ਪਾਵਰ ਟ੍ਰਾਂਸਫਾਰਮਰ ਅਤੇ / ਜਾਂ ਐਚ. ਟੀ. / ਈ. ਐਚ. ਟੀ. ਲਾਈਨ ਦੀ ਉਸਾਰੀ ਕਰੇਗਾ ਅਤੇ ਬਿਨੈਕਾਰ ( ਰਾਂ ) ਨੂੰ ਬਿਜਲੀ ਦੀ ਸਪਲਾਈ ਕਮਿਸ਼ਨ ਦੁਆਰਾ ਪ੍ਰਵਾਨ ਕੀਤੇ ਗਏ ਸਮੇਂ ਦੀ ਅੰਦਰ ਅੰਦਰ ਸ਼ੁਰੂ ਕਰੇਗਾ।

ਬਸ਼ਰਤੇ ਕਿ ਜਿਥੇ ਸਬ-ਸਟੇਸ਼ਨ ਜਾਂ ਪਾਵਰ ਟ੍ਰਾਂਸਫਾਰਮਰ ਅਤੇ / ਜਾਂ ਐਚ. ਟੀ. / ਈ. ਐਚ. ਟੀ. ਲਾਈਨ ਕਮਿਸ਼ਨ ਦੁਆਰਾ ਪ੍ਰਵਾਨਤ ਨਿਵੇਸ਼ ਯੋਜਨਾ ਦੇ ਅੰਤਰਗਤ ਆਉਂਦੀ ਹੈ ਤਾਂ ਵੰਡ ਲਾਇਸੈਂਸੀ ਸਬ-ਸਟੇਸ਼ਨ ਜਾਂ ਪਾਵਰ ਟ੍ਰਾਂਸਫਾਰਮਰ ਅਤੇ / ਜਾਂ ਐਚ. ਟੀ. / ਈ.ਐਚ. ਟੀ. ਲਾਈਨ ਦੀ ਉਸਾਰੀ ਨੂੰ ਅਜਿਹੀ ਨਿਵੇਸ਼ ਯੋਜਨਾ ਵਿੱਚ ਸੁਨਿਸ਼ਚਿਤ ਕੀਤੇ ਗਏ ਸਮੇਂ ਜਾਂ ਕਮਿਸ਼ਨ ਦੁਆਰਾ ਪ੍ਰਵਾਨਤ ਕੀਤੇ ਗਏ ਸਮੇਂ, ਜਿਹੜਾ ਵੀ ਪਹਿਲਾਂ ਆਵੇ, ਦੇ ਅੰਦਰ ਅੰਦਰ ਕਰੇਗਾ।

ਅਗੇ ਹੋਰ ਬਸ਼ਰਤੇ ਕਿ ਜਿਥੇ ਵੰਡ ਲਾਇਸੈਂਸੀ ਉਪਰੋਕਤ ਦੱਸੇ ਅਨੁਸਾਰ ਤਜਵੀਜ਼ ਪੇਸ਼ ਕਰਨ ਵਿੱਚ ਅਸਫਲ ਰਹਿੰਦਾ ਹੈ ਤਾਂ ਵਿਨਿਯਮ 8.1 (ਅ) ਵਿੱਚ ਨਿਰਧਾਰਿਤ ਕੀਤਾ ਗਿਆ ਸਮਾਂ ਅਵਧੀ ਲਾਗੂ ਕੀਤੀ ਜਾਵੇਗੀ।

8.2 ਪਰੰਤੂ ਇਹ ਵੰਡ ਲਾਇਸੈਂਸੀ ਦੀ ਜਿੰਮੇਵਾਰੀ ਹੋਵੇਗੀ ਕਿ ਸੰਚਾਰ ਲਾਇਸੈਂਸੀ (ਆਂ) ਨਾਲ ਇਹ ਯਕੀਨੀ ਬਣਾਉਣ ਲਈ ਜਿਥੇ ਕਿਤੇ ਲੋੜੀਂਦੇ ਹੋਣ, ਲੋੜੀਂਦੇ ਪ੍ਰਬੰਧ ਕਰੇ, ਕਿ ਜਿਥੇ ਬਿਨੈਕਾਰ 33000 ਵੋਲਟਾਂ ਅਤੇ ਇਸ ਤੋਂ ਉਪਰ ਦੇ ਵੋਲਟਤਾ ਪੱਧਰ ਦੀ ਬਿਜਲੀ ਦੀ ਸਪਲਾਈ ਦੀ ਮੰਗ ਕਰਦੇ ਹਨ, ਦੇ ਕੇਸਾਂ ਵਿੱਚ ਹਾਈ ਟੈਨਸ਼ਨ / ਵਧੀਕ ਹਾਈ ਟੈਨਸ਼ਨ 'ਤੇ ਲੜੀਂਦੀ ਸਪਲਾਈ ਇਸ ਵਿਨਿਯਮ ਅਧੀਨ ਸੁਨਿਸ਼ਚਿਤ ਕੀਤੇ ਗਏ ਸਮਾਂ ਫਰੇਮ ਦੇ ਅੰਦਰ ਅੰਦਰ ਉਪਲਬਧ ਕਰਵਾਏ।

## 8.3 ਅਸਥਾਈ ( **Temporary** ) ਸਪਲਾਈ : –

8.3.1 ਟੈਰਿਫ ਦੀ ਅਨੁਸੂਚੀ ਅਨੁਸਾਰ ਅਸਥਾਈ ਜ਼ਰੂਰਤਾਂ ਪੂਰੀਆਂ ਕਰਨ ਲਈ ਵੰਡ ਲਾਇਸੈਂਸੀ ਤੋਂ ਬਿਜਲੀ ਦੀ ਸਪਲਾਈ ਦੀ ਮੰਗ ਕਰ ਰਹੇ ਬਿਨੈਕਾਰ ਨੂੰ ਅਸਥਾਈ ਕੁਨੈਕਸ਼ਨਾਂ ਨੂੰ ਲਾਗੂ ਹੋਣ ਯੋਗ ਅਨੁਸਾਰ ਕਾਰਵਾਈ ਫੀਸ, ਖਪਤ ਲਈ ਪੇਸ਼ਗੀ ਸਿਕਿਉਰਟੀ ਦੀ ਅਦਾਇਗੀ, ਜਨਰਲ ਖਰਚਿਆਂ ਦੀ ਅਨੁਸੂਚੀ ਅਨੁਸਾਰ ਸਿਕਿਉਰਟੀ ( ਮੀਟਰ ) ਅਤੇ ਸਿਕਿਉਰਟੀ (ਕਾਰਜ) ਸਹਿਤ ਬਿਨੈ-ਪੱਤਰ ਪ੍ਰਾਪਤ ਹੋਣ ਉਪਰ ਵਿਨਿਯਮ 8.3.3 ਵਿੱਚ ਸੁਨਿਸ਼ਚਿਤ ਕੀਤੇ ਗਏ ਸਮੇਂ ਦੇ ਅੰਦਰ ਅੰਦਰ ਅਜਿਹੀ ਸਪਲਾਈ ਮੁਹੱਈਆ ਕਰੇਗਾ।

ਬਸ਼ਰਤੇ ਕਿ ਵੰਡ ਲਾਇਸੈਂਸੀ ਦੇ ਸਪਲਾਈ ਸਿਸਟਮ ਉਤੇ ਉਚਿਤ ਸਮਰੱਥਾ ਉਪਲਬਧ ਹੋਵੇ ਅਤੇ ਬਿਜਲੀ ਦੀ ਸਪਲਾਈ ਤਕਨੀਕੀ ਤੌਰ ਤੇ ਸੰਭਵ ਹੋਵੇ।

ਅਗੇ ਹੋਰ ਬਸ਼ਰਤੇ ਕਿ ਉਕਤ ਪ੍ਰਕਿਰਿਆ, ਜਿਥੇ ਕਿਤੇ ਐਕਟ ਦੀ ਧਾਰਾ 54 ਅਧੀਨ ਲੋੜੀਂਦੀ ਹੋਵੇ, ਸਮਰੱਥ ਅਥਾਰਟੀ ਦੁਆਰਾ ਵਿਧੀ ਪੂਰਵਕ ਅਧਿਕਾਰਿਤ ਹੋਵੇ ਅਤੇ ਜੇਕਰ ਕੋਈ ਪਰਮਿਟ / ਅਧਿਕਾਰੀਕਰਣ ਨੂੰ ਕੁਨੈਕਸ਼ਨ ਦੇ ਊਰਜੀਕਰਣ ਮਗਰੋਂ ਸਮਰੱਥ ਅਥਾਰਟੀ ਦੁਆਰਾ ਵਾਪਸ ਲੈ ਲਿਆ ਜਾਂਦਾ ਹੈ ਤਾਂ ਸਪਲਾਈ ਤੁਰੰਤ ਕੱਟ ਦਿੱਤੀ ਜਾਵੇਗੀ ਅਤੇ ਪਰਮਿਟ / ਅਧਿਕਾਰੀਕਰਣ ਦੇ ਮੁੜ ਬਹਾਲ ਹੋਣ ਮਗਰੋਂ ਹੀ ਕੇਵਲ ਮੁੜ ਜੋੜੀ ਜਾਵੇਗੀ।

8.3.2 1 ਜਨਵਰੀ, 2015 ਤੋਂ ਅਸਥਾਈ ਕੁਨੈਕਸ਼ਨ ਪੇਸ਼ਗੀ ਅਦਾਇਗੀ ਕੀਤੇ ਮੀਟਰਾਂ ਰਾਹੀਂ ਜਾਰੀ ਕੀਤੇ ਜਾਣਗੇ ਅਤੇ ਅਜਿਹੇ ਕੇਸਾਂ ਵਿੱਚ ਖਪਤ ਲਈ ਕੋਈ ਪੇਸ਼ਗੀ ਸਿਕਿਉਰਟੀ ਖਪਤਕਾਰ ਤੋਂ ਵਸੂਲੀਯੋਗ ਨਹੀਂ ਹੋਵੇਗੀ। ਪਰੰਤੂ, ਮੀਟਰ ਦੇ ਉਪਲਬਧ ਨਾ ਹੋਣ ਦੇ ਕੇਸ ਵਿੱਚ ਅਜਿਹਾ ਕੁਨੈਕਸ਼ਨ ਲੋਡ ਮੰਨਜ਼ੂਰ ਕਰਨ ਵਾਲੀ ਅਥਾਰਟੀ ਤੋਂ ਇਕ ਦਰਜਾ ਉਚੇਰੇ ਅਥਾਰਟੀ ਦੀ ਅਨੁਮਤੀ ਨਾਲ ਰਵਾਇਤੀ ਮੀਟਰ ਉਤੇ ਜਾਰੀ ਕੀਤਾ ਜਾਵੇਗਾ ਅਤੇ ਅਜਿਹੇ ਕੇਸ ਵਿੱਚ, ਖਪਤਕਾਰ ਨੂੰ ਜਨਰਲ ਖਰਚਿਆਂ ਦੀ ਅਨੁਸੂਚੀ ਅਨੁਸਾਰ ਖਪਤ ਲਈ ਪੇਸ਼ਗੀ ਸਿਕਿਉਰਟੀ ਅਤੇ ਸਿਕਿਉਰਟੀ ( ਮੀਟਰ ) ਜਮ੍ਹਾਂ ਕਰਵਾਉਣੀ ਪਵੇਗੀ।

8.3.3 ਸਕਿਉਰਟੀ ( ਕਾਰਜ ) / ਅਨੁਮਾਨਤ ਲਾਗਤ, ਖਪਤ ਲਈ ਪੇਸ਼ਗੀ ਸਿਕਿਉਰਟੀ / ਸਿਕਿਉਰਟੀ ਮੀਟਰ ਦੇ ਜਮ੍ਹਾਂ ਕਰਵਾਉਣ ਅਤੇ ਖਪਤਕਾਰ ਦੇ ਸੰਸਥਾਪਣ ਦੀ ਤਸੱਲੀਬਖਸ਼ ਟੈੱਸਟਿੰਗ ਮਗਰੋਂ ਅਸਥਾਈ ਕੁਨੈਕਸ਼ਨ ਬਿਨੈ-ਪੱਤਰ ਫਾਰਮ ਵਿੱਚ ਦੱਸੇ ਗਏ ਅਨੁਸਾਰ ਮੰਗ ਕਰਨ ਦੀ ਮਿਤੀ ਤੱਕ ਜਾਂ ਹੇਠਾਂ ਦਿੱਤੀ ਗਈ ਸਮਾਂ ਅਨੁਸੂਚੀ ਅਨੁਸਾਰ, ਜਿਹੜੀ ਵੀ ਬਾਦ ਦੀ ਹੋਵੇ, ਜਾਰੀ ਕੀਤਾ ਜਾਵੇਗਾ: –

(ੳ) ਜਿਥੇ ਸਪਲਾਈ ਮੌਜੂਦਾ ਨੈਟਵਰਕ ਤੋਂ ਮੁਹੱਈਆ ਕੀਤੀ 7 ਕਾਰਜੀ ਦਿਨ ਵਿੱਚ ਜਾ ਸਕਦੀ ਹੋਵੇ ।

(ਅ) ਜਿਥੇ ਸਪਲਾਈ ਨੈੱਟਵਰਕ ਦੇ ਵਿਸਤਾਰ/ ਵਰਧਨ ਤੋਂ ਮਗਰੋਂ ਮੁਹੱਈਆ ਕੀਤੀ ਜਾ ਸਕਦੀ ਹੋਵੇ : –

| | |
|---|---|
| 1) ਐਲ. ਟੀ. ਸਪਲਾਈ | 15 ਦਿਨਾਂ ਵਿੱਚ |
| 2) ਐਚ. ਟੀ. ਸਪਲਾਈ | |
| (i) 11 ਕੇ. ਵੀ. ਸਪਲਾਈ | 60 ਦਿਨਾਂ ਵਿੱਚ |
| (ii) 33 ਕੇ. ਵੀ. ਸਪਲਾਈ | 90 ਦਿਨਾਂ ਵਿੱਚ |
| 3) 33 ਕੇ. ਵੀ. ਤੋਂ ਉਪਰ | 120 ਦਿਨਾਂ ਵਿੱਚ |

8.3.4 ਅਸਥਾਈ ਸਪਲਾਈ ਦੀ ਬਿਨੈਕਾਰ ਨੂੰ ਉਸ ਸਮੇਂ ਲਈ, ਜੋ ਸਭ ਤੋਂ ਪਹਿਲਾਂ ਦੋ ਸਾਲਾਂ ਤੋਂ ਵੱਧ ਨਹੀਂ ਹੋਵੇਗਾ, ਲਈ ਅਨੁਮਤੀ ਦਿੱਤੀ ਜਾਵੇਗੀ। ਪਰੰਤੂ, ਵੰਡ ਲਾਇਸੈਂਸੀ ਖਪਤਕਾਰ ਦੇ ਬਿਨੈ-ਪੱਤਰ ਉਤੇ ਸਪਲਾਈ ਦਾ ਅਜਿਹਾ ਸਮਾਂ ਅੱਗੇ ਹੋਰ ਵਧਾ ਸਕਦਾ ਹੈ।

8.3.5 ਮੌਜੂਦਾ ਖਪਤਕਾਰ, ਜੋ ਉਸਾਰੀ ਦੇ ਮੰਤਵਾਂ ਲਈ ਜਾਂ ਮੌਜੂਦਾ ਸੰਰਚਨਾ ਨੂੰ ਢਾਹੁਣ ਮਗਰੋਂ ਉਸਾਰੀ ਕਰਨ ਲਈ ਸਪਲਾਈ ਦੀ ਅਸਥਾਈ ਤੌਰ ਤੇ ਵਰਤੋਂ ਕਰ ਰਹੇ ਹਨ, ਨੂੰ ਮੌਜੂਦਾ ਕੁਨੈਕਸ਼ਨ ਤੋਂ ਲੋਡ ਵਰਤਣ ਵਾਸਤੇ ਇਜਾਜ਼ਤ ਦਿੱਤੀ ਜਾਵੇਗੀ ਬਸ਼ਰਤੇ ਕਿ ਕੁਲ ਮੰਨਜ਼ੂਰਸ਼ੁਦਾ ਲੋਡ / ਮੰਗ ਨਾ ਵਧੇ।

ਜੇਕਰ ਮੌਜੂਦਾ ਐਲ. ਟੀ. ਘ. ਸ. / ਗੈ. ਰਿ. ਸ. ਖਪਤਕਾਰ ਰਸਮਾਂ ਰਿਵਾਜਾਂ (ceremonial ) ਦੇ ਮੰਤਵਾਂ ਜਿਵੇਂ ਕਿ ਵਿਆਹ ਅਤੇ ਧਾਰਮਿਕ ਫੰਕਸ਼ਨ, ਲਈ ਮੰਨਜ਼ੂਰਸ਼ੁਦਾ ਲੋਡ ਦਾ 25% ਤੱਕ ਅਸਥਾਈ ਅਤਿਰਿਕਤ ਲੋਡ ਲੈਣਾ ਚਾਹੁੰਦਾ ਹੈ ਤਾਂ ਇਸ ਦੀ ਉਸ ਸਮੇਂ ਲਈ ਜੋ 7 ਦਿਨਾਂ ਤੋਂ ਵੱਧ ਨਹੀਂ ਹੋਵੇਗਾ, ਲਈ ਇਜਾਜ਼ਤ ਦਿੱਤੀ ਜਾਵੇਗੀ।

8.3.6 ਅਸਥਾਈ ਸਪਲਾਈ ਦਾ ਸਮਾਂ ਖਤਮ ਹੋ ਜਾਣ ਅਤੇ ਸਪਲਾਈ ਨੂੰ ਕੱਟ ਦਿੱਤੇ ਜਾਣ ਮਗਰੋਂ ਵੰਡ ਲਾਇਸੈਂਸੀ ਵਾਸਤਵਿਕ ਖਪਤ ਦੇ ਆਧਾਰ ਉਤੇ ਅੰਤਮ ਬਿਲ ਤਿਆਰ ਕਰੇਗਾ। ਅਣ-ਅਦਾ ਕੀਤੇ ਗਏ ਬਕਾਇਆਂ ਦਾ ਸਮਾਧਾਨ ਕਰਨ ਮਗਰੋਂ, ਖਪਤ ਲਈ ਪੇਸ਼ਗੀ ਸਿਕਿਉਰਟੀ ਨੂੰ ਵੰਡ ਲਾਇਸੈਂਸੀ ਦੁਆਰਾ ਵਾਪਸ ਕਰ ਦਿੱਤਾ ਜਾਵੇਗਾ। ਸਿਕਿਉਰਟੀ (ਕਾਰਜ) ਅਤੇ ਸਿਕਿਉਰਟੀ (ਮੀਟਰ) ਨੂੰ ਵੀ ਸਮੱਗਰੀ (ਮੀਟਰ, ਟ੍ਰਾਸਫਾਰਮਰ, ਅਚਾਲਕ (isolator) ਆਦਿ ਨੂੰ ਹੋਏ ਕਿਸੇ ਨੁਕਸਾਨ ਦੀ ਅਤੇ ਉਖਾੜਨ ਦੇ ਖਰਚਿਆਂ ਦੀ ਕਟੌਤੀ ਕਰਨ ਮਗਰੋਂ ਵਾਪਸ ਕਰ ਦਿੱਤਾ ਜਾਵੇਗਾ। ਇਹਨਾਂ ਸਿਕਿਉਰਟੀਆਂ ਦੀ ਵਾਪਸੀ ਕੁਨੈਕਸ਼ਨ ਕੱਟਣ ਦੀ ਤਾਰੀਖ ਤੋਂ 15 ਦਿਨਾਂ ਦੇ ਅੰਦਰ ਅੰਦਰ ਕਰ ਦਿੱਤੀ ਜਾਵੇਗੀ, ਅਜਿਹਾ ਕਰਨ ਵਿੱਚ ਅਸਫਲ ਹੋ ਜਾਣ ਦੀ ਸੂਰਤ ਵਿੱਚ ਵੰਡ ਲਾਇਸੈਂਸੀ ਸਬੰਧਤ ਸਾਲ ਦੀ ਪਹਿਲੀ ਅਪ੍ਰੈਲ ਤੋਂ ਪ੍ਰਚਲਤ ਐਸ. ਬੀ. ਆਈ. (SBI) ਆਧਾਰ ਦਰ ਜਮ੍ਹਾਂ 2% 'ਤੇ ਵਿਆਜ ਅਦਾ ਕਰਨ ਦਾ ਭਾਗੀ ਹੋਵੇਗਾ।

## 8.4 ਮੰਨਜ਼ੂਰਸ਼ੁਦਾ ਲੋਡ / ਮੰਗ ਨੂੰ ਪੜਾਵਾਂ ਵਿੱਚ ਲੈਣਾ : –

8.4.1 ਇਕ ਬਿਨੈਕਾਰ ਲੋਡ / ਮੰਗ ਨੂੰ ਮੰਨਜ਼ੂਰ ਕਰਨ ਦੀ ਸਮਰੱਥ ਅਥਾਰਟੀ ਦੀ ਅਨੁਮਤੀ ਨਾਲ ਉਸ ਸਮੇਂ ਜੋ 6 (ਛੇ) ਮਹੀਨਿਆਂ ਤੋਂ ਵੱਧ ਨਹੀਂ ਹੋਵੇਗਾ, ਦੇ ਅੰਦਰ ਅੰਦਰ ਫੇਜ਼ਾਂ ਵਿੱਚ ਮੰਨਜ਼ੂਰਸ਼ੁਦਾ ਲੋਡ / ਮੰਗ ਲੈ ਸਕਦਾ ਹੈ। ਜੇਕਰ ਐਚ. ਟੀ. / ਈ. ਐਚ. ਟੀ. ਖਪਤਕਾਰ ਸੁਨਿਸ਼ਚਿਤ ਵੋਲਟਤਾ ਨਾਲੋਂ ਘੱਟ ਵੋਲਟਤਾ 'ਤੇ ਅੰਸ਼ਕ ਲੋਡ / ਮੰਗ ਨੂੰ ਜਾਰੀ ਕਰਨ ਦੀ ਬੇਨਤੀ ਕਰਦਾ ਹੈ ਤਾਂ ਲਾਇਸੈਂਸੀ ਦੁਆਰਾ ਅਜਿਹੀ ਬੇਨਤੀ ਨੂੰ ਘੱਟ ਵੋਲਟਤਾ 'ਤੇ ਕਾਰਜ ਦੀ ਲਾਗਤ ਜਮ੍ਹਾਂ ਕਰਵਾਉਣ ਦੀ ਸ਼ਰਤ ਅਧੀਨ ਪ੍ਰਵਾਨ ਕਰ ਲਿਆ ਜਾਵੇਗਾ। ਬਾਦ ਦੀ ਸਟੇਜ 'ਤੇ ਖਪਤਕਾਰ ਦੇ ਸੁਨਿਸ਼ਚਿਤ ਵੋਲਟਤਾ ਵਿੱਚ ਬਦਲਣ ਮਗਰੋਂ, ਘੱਟ ਵੋਲਟਤਾ 'ਤੇ ਸਪਲਾਈ ਕਰਨ ਲਈ ਕੀਤੇ ਗਏ ਕਾਰਜਾਂ ਦਾ ਕੋਈ ਵੀ ਕਰੈਡਿਟ ਖਪਤਕਾਰ ਨੂੰ ਨਹੀਂ ਦਿੱਤਾ ਜਾਵੇਗਾ। ਅਜਿਹੇ ਖਪਤਕਾਰ ਦਾ ਬਿਲ, ਅੰਤਰਿਮ ਸਮੇਂ ਵਿੱਚ, ਵਾਸਤਵਿਕ ਰੂਪ ਵਿੱਚ ਲਏ ਗਏ ਲੋਡ / ਮੰਗ ਦੇ ਆਧਾਰ ਉਤੇ ਬਣਾਇਆ ਜਾਵੇਗਾ। ਵੰਡ ਲਾਇਸੈਂਸੀ ਨੋਟਿਸ ਦੇ ਰਾਹੀਂ ਬਿਨੈਕਾਰ ਨੂੰ ਪਹਿਲੇ ਫੇਜ਼ ਦੇ ਜਾਰੀ ਕਰਨ ਦੀ ਮਿਤੀ ਤੋਂ ਛੇ ਮਹੀਨਿਆਂ

ਦੇ ਬੀਤਣ ਤੋਂ ਪਹਿਲਾਂ ਮੰਨਜ਼ੂਰਸ਼ੁਦਾ ਲੋਡ / ਮੰਗ ਨੂੰ ਕਾਇਮ ਕਰਨ ( build up ) ਵਾਸਤੇ ਜਾਂ ਅਣਲਿਆ ( unavailed ) ਲੋਡ/ ਮੰਗ ਸਪੁਰਦ ਕਰਨ ਲਈ ਸੂਚਿਤ ਕਰੇਗਾ। ਜੇਕਰ ਲੋਡ / ਮੰਗ ਨੂੰ ਲੋੜ ਅਨੁਸਾਰ ਕਾਇਮ ( build up ) ਨਹੀਂ ਕੀਤਾ ਜਾਂਦਾ ਤਾਂ ਖਪਤਕਾਰ ਦੇ ਮੰਨਜ਼ੂਰਸ਼ੁਦਾ ਲੋਡ / ਮੰਗ ਨੂੰ ਅਸਲ ਵਿੱਚ ਲਏ ਲੋਡ / ਮੰਗ ਤੱਕ ਘਟਾ ਦਿੱਤਾ ਜਾਵੇਗਾ ਅਤੇ ਉਸ ਦਾ ਬਿਲ ਸਬੰਧਤ ਕੈਟਾਗਰੀ ਦੇ ਅਧੀਨ ਬਣਾਇਆ ਜਾਵੇਗਾ।

8.4.2 ਜੇਕਰ ਨਿਸ਼ਚਿਤ ਸਮੇਂ ਦੇ ਅੰਦਰ ਅੰਦਰ ਲੋਡ / ਮੰਗ ਕਾਇਮ ਕਰਨ ਵਿੱਚ ਕੋਈ ਵਾਸਤਵਿਕ ਰੂਪ ਵਿੱਚ ਮੁਸ਼ਕਲ ਆਉਂਦੀ ਹੈ ਤਾਂ ਵੰਡ ਲਾਇਸੈਂਸੀ 6 ਮਹੀਨਿਆਂ ਦੇ ਬਲਾਕਾਂ ਵਿੱਚ ਲੋੜ ਅਨੁਸਾਰ ਅਜਿਹੇ ਸਮੇਂ ਨੂੰ ਵਧਾ ਸਕਦਾ ਹੈ।

8.4.3 6.6.2 ਅਤੇ 6.6.2 ਵਿਨਿਯਮ ਦੇ ਅੰਤਰਗਤ ਆਉਂਦੀਆਂ ਰਿਹਾਇਸ਼ੀ ਕਲੋਨੀਆਂ/ ਵਪਾਰਕ ਕੰਪਲੈਕਸਾਂ / ਉਦਯੋਗਿਕ ਅਸਟੇਟਸ ਦੇ ਕੇਸ ਵਿੱਚ, ਲੋੜ ਅਨੁਸਾਰ ਲੋਡ/ ਮੰਗ ਦੇ ਫੇਜ਼ ਵਾਰ ਵਿਕਾਸ ਦੀ ਵੰਡ ਲਾਇਸੈਂਸੀ ਦੁਆਰਾ ਇਜਾਜ਼ਤ ਦਿੱਤੀ ਜਾ ਸਕਦੀ ਹੈ। ਪਰੰਤੂ ਜੇਕਰ ਐਚ. ਟੀ. / ਈ. ਐਚ. ਟੀ. ਖਪਤਕਾਰ ਸੁਨਿਸ਼ਚਿਤ ਕੀਤੀ ਗਈ ਤੋਂ ਘੱਟ ਵੋਲਟਤਾ ’ਤੇ ਅੰਸ਼ਕ ਲੋਡ / ਮੰਗ ਦੇ ਜਾਰੀ ਕਰਨ ਦੀ ਮੰਗ ਕਰਦਾ ਹੈ ਤਾਂ ਅਜਿਹੀ ਬੇਨਤੀ ਨੂੰ ਵੰਡ ਲਾਇਸੈਂਸੀ ਦੁਆਰਾ ਘੱਟ ਵੋਲਟਤਾ ’ਤੇ ਸਪਲਾਈ ਦੇਣ ਲਈ ਕਾਰਜਾਂ ਦੀ ਲਾਗਤ ਜਮ੍ਹਾਂ ਕਰਵਾਉਣ ਅਤੇ ਮੁਕੰਮਲ ਐਲ. ਡੀ. ਸਿਸਟਮ ਦੀ ਲਾਗਤ ਸਮੇਤ ਐਚ. ਟੀ./ ਈ. ਐਚ. ਟੀ. ਸਬ-ਸਟੇਸ਼ਨ ਦੀ ਲਾਗਤ ਦਾ 150% ਦੇ ਬਰਾਬਰ ਬੈਂਕ ਗਰੰਟੀ (BG) ਦੇਣ ਦੀ ਸ਼ਰਤ ਅਧੀਨ ਪ੍ਰਵਾਨ ਕੀਤਾ ਜਾ ਸਕਦਾ ਹੈ। ਬੈਂਕ ਗਰੰਟੀ ਦੀ ਰਕਮ ਨੂੰ ਸਬ-ਸਟੇਸ਼ਨ ਅਤੇ ਐਲ. ਡੀ. ਸਿਸਟਮ ਦੇ ਬਾਕੀ ਰਹਿੰਦੇ ਕਾਰਜਾਂ ਦੇ ਮੁਕੰਮਲ ਹੋਣ ਦੇ ਨਾਲ ਘੱਟਦੇ ਕ੍ਰਮ ਵਿੱਚ ਰੱਖਿਆ ਜਾਵੇਗਾ। ਬਾਦ ਦੀ ਸਟੇਜ ’ਤੇ ਖਪਤਕਾਰ ਦੇ ਸੁਨਿਸ਼ਚਿਤ ਵੋਲਟਤਾ ਵਿੱਚ ਬਦਲਣ ਮਗਰੋਂ, ਘੱਟ ਵੋਲਟਤਾ ’ਤੇ ਸਪਲਾਈ ਕਰਨ ਲਈ ਕੀਤੇ ਗਏ ਕਾਰਜਾਂ ਦਾ ਕੋਈ ਵੀ ਕਰੈਡਿਟ ਖਪਤਕਾਰ ਨੂੰ ਨਹੀਂ ਦਿੱਤਾ ਜਾਵੇਗਾ।

## 8.5 ਮੰਜ਼ੂਰਸ਼ੁਦਾ ਲੋਡ/ ਮੰਗ ਵਿੱਚ ਕਟੌਤੀ : -

ਖਪਤਕਾਰ ਦੁਆਰਾ ਕੁਨੈਕਟਿਡ ਲੋਡ/ ਮੰਗ ਵਿੱਚ ਕਟੌਤੀ ਲਈ ਬੇਨਤੀ ਨੂੰ ਵੰਡ ਲਾਇਸੈਂਸੀ ਦੁਆਰਾ ਨਿਰਧਾਰਤ ਕੀ ਗਏ ਏ. ਤੇ ਏ. ਫਾਰਮ ਉਤੇ ਅਤੇ ਇਸ ਦੇ ਨਾਲ ਕਾਰਵਾਈ ਫੀਸ ਅਤੇ ਬਿਜਲੀ ਦੇ ਠੇਕੇਦਾਰ ਦੀ ਟੈੱਸਟ ਰਿਪੋਰਟ ਪੇਸ਼ ਕੀਤੀ ਜਾਵੇਗੀ। ਬੇਨਤੀ ਨੂੰ ਵੰਡ ਲਾਇਸੈਂਸੀ ਦੁਆਰਾ ਇਸ ਦੇ ਪੇਸ਼ ਕਰਨ ਦੀ ਮਿਤੀ ਤੋਂ ਵੱਧ ਤੋਂ ਵੱਧ 15 ਦਿਨਾਂ ਦੇ ਸਮੇਂ ਦੇ ਅੰਦਰ ਅੰਦਰ ਮੰਨਜ਼ੂਰੀ ਦਿੱਤੀ ਜਾਵੇਗੀ। ਅਜਿਹਾ ਕਰਨ ਵਿੱਚ ਅਸਫਲ ਰਹਿਣ ਦੀ ਸੂਰਤ ਵਿੱਚ, ਲੋਡ/ ਮੰਗ ਨੂੰ ਖਪਤਕਾਰ ਦੁਆਰਾ ਬੇਨਤੀ ਕੀਤੇ ਅਨੁਸਾਰ ਘਟਾ ਦਿੱਤਾ ਗਿਆ ਸਮਝਿਆ ਜਾਵੇਗਾ।

## 8.6 ਕੁਤਾਹੀ ਦੇ ਪਰਿਣਾਮ : -

ਜੇਕਰ ਵੰਡ ਲਾਇਸੈਸੀ ਵਿਨਿਯਮ ਵਿੱਚ ਸੁਨਿਸ਼ਚਿਤ ਕੀਤੇ ਗਏ ਸਮੇਂ ਦੇ ਅੰਦਰ ਅੰਦਰ ਬਿਜਲੀ ਦੀ ਸਪਲਾਈ ਕਰਨ ਵਿੱਚ ਅਸਫਲ ਰਹਿੰਦਾ ਹੈ ਤਾਂ ਇਹ ਦੰਡ ਅਦਾ ਕਰਨ ਦਾ ਭਾਗੀ ਹੋਵੇਗਾ, ਜਿਹੜਾ ਕਿ ਕੁਤਾਹੀ ਦੇ ਹਰੇਕ ਦਿਨ ਲਈ ਇਕ ਹਜ਼ਾਰ (1000) ਰੁਪਏ ਤੱਕ ਵਧਾਇਆ ਜਾ ਸਕਦਾ ਹੈ। ਕਮਿਸ਼ਨ ਇਸ ਮੰਤਵ ਲਈ ਐਕਟ ਦੀ ਧਾਰਾ 143 ਦੇ ਅਨੁਸਾਰ ਇਕ ਨਿਰਣਾਇਕ ਅਫਸਰ (Adjudication Officer) ਨਿਯੁਕਤ ਕਰੇਗਾ।

## 8.7 ਸਪਲਾਈ ਲਈ ਡਿਊਟੀ ਤੋਂ ਛੋਟ : -

ਵਿਨਿਯਮ ਵਿੱਚ ਨਿਰਧਾਰਿਤ ਕੀਤੇ ਗਏ ਸਪਲਾਈ ਮੁਹੱਈਆ ਕਰਨ ਲਈ ਸਮਾਂ ਉਥੇ ਪ੍ਰਭਾਵਕਾਰੀ ਨਹੀਂ ਹੋਵੇਗਾ ਜਿਥੇ ਕਮਿਸ਼ਨ ਨਿਮਨ ਤੋਂ ਸੰਤੁਸ਼ਟ ਹੋਵੇ : -

ੳ) ਵੰਡ ਲਾਇਸੈਂਸੀ ਨੂੰ ਸਮੁੰਦਰੀ ਤੂਫਾਨਾਂ, ਹੜ੍ਹਾਂ, ਝਖੜਾਂ ਅਤੇ ਹੋਰ ਇਸ ਦੇ ਕੰਟਰੋਲ ਤੋਂ ਬਾਹਰੇ ਵਾਰਦਾਤਾਂ ਦੇ ਕਾਰਨ ਕਰਕੇ ਬਿਜਲੀ ਦੀ ਸਪਲਾਈ ਮੁਹੱਈਆ ਕਰਨ ਵਿੱਚ ਨਿਰੋਧਕ ਹੋਣ।

ਅ) ਬਿਜਲੀ ਦੀ ਸਪਲਾਈ ਮੁਹੱਈਆ ਕਰਨ ਵਿੱਚ ਦੇਰੀ ਕਾਨੂੰਨੀ ਕਲੀਅਰੈਂਸ, ਭੂਮੀ ਦੀ ਪ੍ਰਾਪਤੀ ਜਾਂ ਮਾਰਗ ਅਧਿਕਾਰ ਲੈਣ ਜਾਂ ਬਿਨੈਕਾਰ ਦੇ ਜਾਂ ਖਪਤਕਾਰ ਦੇ ਅੰਤ ’ਤੇ ਸੰਸਥਾਪਣਾਵਾਂ ਕਰਨ ਲਈ ਮੁੱਖ ਬਿਜਲੀ ਇੰਸਪੈਕਟਰ ਦੀ ਪ੍ਰਵਾਨਗੀ ਲੈਣ ਵਾਸਤੇ ਜਾਂ ਵੰਡ ਲਾਇਸੈਂਸੀ ਦੇ ਉਚਿਤ ਕੰਟਰੋਲ ਤੋਂ ਬਾਹਰੇ ਕਾਰਨਾਂ ਕਰਕੇ ਲੱਗੇ ਸਮੇਂ ਦੇ ਕਾਰਨ ਹੋਈ ਹੋਵੇ।

## 8.8 ਬਿਜਲੀ ਦੀ ਸਪਲਾਈ ਲਈ ਅਤਿਰਿਕਤ ਬਾਨ੍ਹਾਂ ਤੇ ਸ਼ਰਤਾਂ ( terms & conditions ) : –

8.8.1 ਵੰਡ ਲਾਇਸੈਂਸੀ ਕਿਸੇ ਵਿਅਕਤੀ, ਜਿਸ ਨੇ ਇਹਨਾਂ ਵਿਨਿਯਮਾਂ ਦੇ ਵਿਨਿਯਮ 6 ਦੀ ਪਾਲਣਾ ਵਿੱਚ ਬਿਜਲੀ ਦੀ ਸਪਲਾਈ ਲਈ ਅਪਲਾਈ ਕੀਤਾ ਹੈ, ਤੋਂ ਇਹ ਪ੍ਰਵਾਨ ਕਰਨ ਲਈ ਦੀ ਮੰਗ ਕਰ ਸਕਦਾ ਹੈ : –

ੳ) ਐਕਟ ਦੀ ਧਾਰਾ 53 ਦੇ ਅਧੀਨ ਮੁੱਖ ਬਿਜਲੀ ਅਥਾਰਟੀ ( ਸੀ. ਈ. ਏ. ) ਦੁਆਰਾ ਸੁਨਿਸ਼ਚਿਤ ਕੀਤੇ ਗਏ ਵਿਨਿਯਮਾਂ ਦੀ ਪਾਲਣਾ ਕਰਨ ਵਾਸਤੇ ਵੰਡ ਲਾਇਸੈਂਸੀ ਦੁਆਰਾ ਲਾਈਆਂ ਗਈਆਂ ਕੋਈ ਵੀ ਬੰਦਸ਼ਾਂ ;

ਅ) ਉਸ ਵਿਅਕਤੀ, ਜਿਸ ਨੂੰ ਬਿਜਲੀ ਦੀ ਸਪਲਾਈ ਕੀਤੀ ਜਾਂਦੀ ਹੈ, ਦੇ ਅਣਗਹਿਲੀ ਕਰਨ ਦੇ ਨਤੀਜੇ ਵਜੋਂ ਹੋਏ ਆਰਥਿਕ ਨੁਕਸਾਨ ਲਈ ਵੰਡ ਲਾਇਸੈਂਸੀ ਦੀ ਦੇਣਦਾਰੀ ਨੂੰ ਮਹਿਦੂਦ ਕਰਦੀਆਂ ਕੋਈ ਵੀ ਸ਼ਰਤਾਂ।

### 8.8.2 ਬਿਜਲੀ ਦੀ ਮੁੜ ਵਿਕਰੀ : –

ਕੋਈ ਵੀ ਖਪਤਕਾਰ ਵੰਡ ਲਾਇਸੈਂਸੀ ਦੁਆਰਾ ਉਸ ਨੂੰ ਦਿੱਤੀ ਗਈ ਕਿਸੇ ਵੀ ਬਿਜਲੀ ਨੂੰ ਉਦੋਂ ਤੱਕ ਕਿਸੇ ਹੋਰ ਵਿਅਕਤੀ ਜਾਂ ਅਹਾਤੇ ਨੂੰ ਸਪਲਾਈ ਨਹੀਂ ਕਰ ਸਕਦਾ ਜਦੋਂ ਤੱਕ ਉਸ ਨੂੰ ਐਕਟ ਅਧੀਨ ਇਸ ਤਰ੍ਹਾਂ ਕਰਨ ਲਈ ਅਨੁਮਤੀ ਨਹੀਂ ਦਿੱਤੀ ਗਈ ਹੈ ਜਾਂ ਕਮਿਸ਼ਨ/ ਰਾਜ ਸਰਕਾਰ ਦੁਆਰਾ ਦਿੱਤਾ ਗਿਆ ਵੰਡ ਲਈ ਜਾਂ ਵਿਕਰੀ ਲਈ ਲਾਇਸੈਂਸ ਨਹੀਂ ਰੱਖਦਾ ਜਾਂ ਲਾਇਸੈਂਸੀ ਸਮਝਿਆ ਗਿਆ ਘੋਸ਼ਿਤ ਨਾ ਕੀਤਾ ਗਿਆ ਹੋਵੇ ਜਾਂ ਲਾਇਸੈਂਸ ਲੈਣ ਤੋਂ ਛੋਟ ਨਾ ਦਿੱਤੀ ਗਈ ਹੋਵੇ ਜਾਂ ਫਰੈਂਚੀ ਨਿਯੁਕਤ ਨਾ ਕੀਤਾ ਗਿਆ ਹੋਵੇ।

## 8.9 ਮਾਰਗ ਅਧਿਕਾਰ ( Right of Way ) : -

ਖਪਤਕਾਰ ਵੰਡ ਲਾਇਸੈਂਸੀ ਨੂੰ ਖਪਤਕਾਰ ਦੇ ਅਹਾਤੇ ਵਿੱਚ ਸਰਵਿਸ ਲਾਈਨ ਦਾ ਉਪਬੰਧ ਜਾਂ ਸਾਂਭ–ਸੰਭਾਲ ਨਾਲ ਸਬੰਧਤ ਅਤੇ ਰਾਜ ਸਰਕਾਰ ਦੁਆਰਾ ਬਣਾਏ ਗਏ ਨਿਯਮਾਂ ਅਨੁਸਾਰ ਕਿਸੇ ਹੋਰ ਦੂਜੇ ਖਪਤਕਾਰ ਦੇ ਅਹਾਤੇ ਵਿੱਚ ਐਕਟ ਦੀ ਧਾਰਾ 67 ਦੇ ਉਪਬੰਧਾਂ ਦੀ ਸ਼ਰਤ ਅਧੀਨ ਜਿਵੇਂ ਕਿ ਵੰਡ ਲਾਇਸੈਂਸੀ ਦੁਆਰਾ ਮੰਗ ਕੀਤੀ ਜਾਵੇ ਉਸ ਦੇ ਕੰਟਰੋਲ ਅਤੇ ਅਧਿਕਾਰ ਖੇਤਰ ਅਧੀਨ ਕਿਸੇ ਭੂਮੀ ਵਿਚੋਂ, ਰਾਹੀਂ ਜਾਂ ਉਪਰੋਂ ਮਾਰਗ ਅਧਿਕਾਰ ਮੁਹੱਈਆ ਕਰੇਗਾ।

## 8.10 ਸਪਲਾਈ ਦੀ ਅਸਫਲਤਾ : –

8.10.1 ਵੰਡ ਲਾਇਸੈਂਸੀ ਖਪਤਕਾਰ (ਰਾਂ) ਨੂੰ ਬਿਜਲੀ ਦੀ ਸਪਲਾਈ ਨਿਰਵਿਘਨ ਯਕੀਨੀ ਬਣਾਉਣ ਲਈ ਸਾਰੇ ਉਚਿਤ ਉਪਾਅ ਕਰੇਗਾ ਪਰੰਤੂ ਖਪਤਕਾਰ ਦੇ ਪਲਾਂਟ ਅਤੇ ਉਪਕਰਣ ਨੂੰ ਹੋਏ ਕਿਸੇ ਵੀ ਨੁਕਸਾਨ ਜਾਂ ਖਰਾਬੀ ਵਾਸਤੇ ਜਿੰਮੇਵਾਰ ਨਹੀਂ ਹੋਵੇਗਾ ਜੋ ਕਿ

ਵੰਡ ਲਾਇਸੈਂਸੀ ਦੇ ਪਲਾਂਟ, ਉਪਕਰਣ ਅਤੇ ਸਪਲਾਈ ਸਿਸਟਮ ਨੂੰ ਪਹੁੰਚੇ ਨੁਕਸਾਨ ਦੇ ਕਾਰਨ ਕਰਕੇ ਬਿਜਲੀ ਦੀ ਸਪਲਾਈ ਵਿੱਚ ਵਿਘਨ ਪੈਣ ਦੀ ਕਾਰਨ ਕਰਕੇ ਹੋਈ ਹੋਵੇ, ਇਹਨਾਂ ਕਾਰਨਾਂ ਵਿੱਚ ਵੰਡ ਲਾਇਸੈਂਸੀ ਦੇ ਕੰਟਰੋਲ ਤੋਂ ਬਾਹਰੇ ਕਾਰਨ ਯੁੱਧ, ਵਿਦਰੋਹ, ਫਸਾਦ, ਭੂਚਾਲ, ਸਮੁੰਦਰੀ ਤੂਫਾਨ, ਭਗਦੜ, ਹੜਤਾਲ, ਜਨਤਕ ਹੁੱਲੜ-ਬਾਜ਼ੀ, ਤਾਲਾਬੰਦੀ, ਅਸਮਾਨੀ ਬਿਜਲੀ, ਅੱਗ, ਹੜ੍ਹ, ਦੁਰਘਟਨਾ ਜਾਂ ਪਲਾਂਟ ਅਤੇ ਮਸ਼ੀਨਰੀ ਦੇ ਬ੍ਰੇਕਡਾਊਨ ਜਾਂ ਹੋਰ ਕਾਰਨ ਸ਼ਾਮਲ ਹਨ ਪਰੰਤੂ ਇਹਨਾਂ ਤੱਕ ਸੀਮਿਤ ਨਹੀਂ ਹਨ। ਵੰਡ ਲਾਇਸੈਂਸੀ ਜਿੰਨੀ ਜਲਦੀ ਸੰਭਵ ਹੋ ਸਕੇ ਬਿਜਲੀ ਦੀ ਸਪਲਾਈ ਵਿੱਚ ਅਜਿਹੇ ਵਿਘਨ ਦੀ ਸੰਭਾਵਿਤ ਅਵਧੀ ਦੀ ਖਪਤਕਾਰ (ਰਾਂ) ਨੂੰ ਸੂਚਨਾ ਦੇਵੇਗਾ।

8.10.2 ਵੰਡ ਲਾਇਸੈਂਸੀ ਪਲਾਂਟ ਅਤੇ ਮਸ਼ੀਨਰੀ ਦੀ ਅਤੇ ਜਿੰਦਗੀ ਅਤੇ ਸੰਪਤੀ ਨੂੰ ਨੁਕਸਾਨ ਪਹੁੰਚਣ ਤੋਂ ਸੁਰੱਖਿਅਤ ਰੱਖਣ ਲਈ ਸੰਕਟਕਾਲੀਨ ਦੇ ਕੇਸ ਵਿੱਚ ਬਿਜਲੀ ਦੀ ਸਪਲਾਈ ਦੀ ਕਟੌਤੀ, ਡਗਮਗਾ ਜਾਂ ਅਸਥਾਈ ਤੌਰ ਤੇ ਰੋਕ ਸਕਦਾ ਹੈ। ਵੰਡ ਲਾਇਸੈਂਸੀ ਜਿੰਨੀ ਜਲਦੀ ਸੰਭਵ ਹੋ ਸਕੇ ਅਜਿਹੀਆਂ ਬੰਦਸ਼ਾਂ ਸਬੰਧੀ ਸਾਰੇ ਪ੍ਰਭਾਵਤ ਖਪਤਕਾਰਾਂ ਨੂੰ ਸੂਚਿਤ ਕਰੇਗਾ।

8.10.3 ਵੰਡ ਲਾਇਸੈਂਸੀ ਸਪਲਾਈ ਸਿਸਟਮ ਦੀ ਟੈੱਸਟਿੰਗ, ਸਾਂਭ-ਸੰਭਾਲ, ਮੁਰੰਮਤ ਜਾਂ ਵਰਧਨ ਵਾਸਤੇ ਅਜਿਹੇ ਸਮੇਂ ਲਈ, ਜਿਵੇਂ ਕਿ ਜ਼ਰੂਰੀ ਹੋਵੇ, ਲਈ ਸਪਲਾਈ ਅਸਥਾਈ ਤੌਰ ਤੇ ਰੋਕਣ ਵਾਸਤੇ ਪਰੰਤੂ ਇਸ ਸਬੰਧੀ ਪਹਿਲਾਂ ਨੋਟਿਸ ਦੇਣ ਦੀ ਸ਼ਰਤ ਅਧੀਨ, ਹੱਕਦਾਰ ਹੋਵੇਗਾ।

## 8.11 ਬਿਜਲੀ ਦੀ ਵਰਤੋਂ ਉਤੇ ਬੰਦਸ਼ਾਂ : -

ਬਿਜਲੀ ਦੀ ਥੁੜ੍ਹ ਹੋਣ ਜਾਂ ਗਰਿਡ ਦੀ ਸਥਿਰਤਾ ਕਾਇਮ ਰੱਖਣ ਲਈ ਅਤੇ ਬਿਜਲੀ ਦੀ ਸਮਾਨ ਵੰਡ ਸੁਰੱਖਿਅਤ ਕਰਨ ਦੇ ਮੌਕੇ ਤੇ ਵੰਡ ਲਾਇਸੈਂਸੀ ਕਮਿਸ਼ਨ ਦੀ ਪ੍ਰਵਾਨਗੀ ਨਾਲ ਨਿਯਮਕ ਉਪਾ ਜਿਵੇਂ ਕਿ ਹਫਤਾ ਵਾਰੀ ਬੰਦ ਦਿਨ (off day) , ਬਿਜਲੀ ਕਟੌਤੀਆਂ ਅਤੇ ਪੀਕ ਲੋਡ ਘੰਟਾ ਬੰਦਸ਼ਾਂ ਲਗਾ ਸਕਦਾ ਹੈ।

## 8.12 ਉਦਯੋਗਿਕ ਲੋਡਾਂ ਨੂੰ ਇਕੱਠਾ ਕਰਨਾ ( clubbing ) : -

8.12.1 ਜਦੋਂ ਖਪਤਕਾਰ ਉਸੇ ਅਹਾਤੇ ਵਿੱਚ ਇਕ ਤੋਂ ਜ਼ਿਆਦਾ ਕੁਨੈਕਸ਼ਨ ( ਉਸੇ ਨਾਂ 'ਤੇ ਜਾਂ ਵੱਖ ਵੱਖ ਨਾਂਵਾਂ 'ਤੇ) ਰੱਖਦਾ ਪਾਇਆ ਗਿਆ ਤਾਂ ਵੰਡ ਲਾਇਸੈਂਸੀ : -

ੳ) ਨੋਟਿਸ ਜੋ 15 ਦਿਨਾਂ ਤੋਂ ਘੱਟ ਨਹੀਂ ਹੋਵੇਗਾ, ਦੇਣ ਮਗਰੋਂ ਜਾਂ ਖਪਤਕਾਰ ਦੁਆਰਾ ਕੁਨੈਕਸ਼ਨ ਇਕੱਠਾ ਕਰਨ ਲਈ ਬੇਨਤੀ ਕਰਨ ਮਗਰੋਂ ਅਹਾਤੇ ਵਿੱਚ ਸਥਿਤ ਖਪਤਕਾਰ, ਜੋ ਕੇਵਲ ਇਕ ਕੁਨੈਕਸ਼ਨ ਲਈ ਹੱਕਦਾਰ ਹੈ, ਦੇ ਕੇਸ ਵਿੱਚ ਇਕ ਪੁਆਇੰਟ 'ਤੇ ਸਪਲਾਈ ਦੇ ਦੇਵੇਗਾ ;

ਅ) ਵਿਨਿਯਮ 8.1 (ਅ) ਵਿੱਚ ਨਿਰਧਾਰਿਤ ਕੀਤੇ ਗਏ ਅਨੁਸਾਰ ਸਮਾਂ ਫਰੇਮ ਦੇ ਅੰਦਰ ਅੰਦਰ, ਖਪਤਕਾਰ ਦੀ ਲਾਗਤ 'ਤੇ ਐਚ. ਟੀ. ਸਪਲਾਈ ਵਿੱਚ ਬਦਲ ਦੇਵੇਗਾ ਜੇਕਰ ਅਹਾਤੇ ਵਿਚਲੇ ਸਾਰੀਆਂ ਅਜਿਹੀਆਂ ਹਸਤੀਆਂ (entities) ਦਾ ਕੁਨੈਕਟਿਡ ਲੋਡ 100 ਕਿ. ਵਾ./ ਕੇ. ਵੀ. ਏ. ਤੋਂ ਵੱਧ ਜਾਂਦਾ ਹੈ।

ੲ) ਵਿਨਿਯਮ 8.1 (ਅ) ਵਿੱਚ ਨਿਰਧਾਰਿਤ ਕੀਤੇ ਗਏ ਅਨੁਸਾਰ ਸਮਾਂ ਫਰੇਮ ਦੇ ਅੰਦਰ ਅੰਦਰ, ਖਪਤਕਾਰ ਦੀ ਲਾਗਤ 'ਤੇ ਐਚ. ਟੀ. / ਈ. ਐਚ. ਟੀ. ਸਪਲਾਈ ਵਿੱਚ ਬਦਲ ਦੇਵੇਗਾ ਜੇਕਰ ਕੁੱਲ ਮੁਆਇਦਾ ਮੰਗ 2500 ਕੇ. ਵੀ. ਏ. ਤੋਂ ਵੱਧ ਜਾਂਦੀ ਹੈ।

8.12.2 ਸਾਰੇ ਅਜਿਹੇ ਖਪਤਕਾਰ ਦਾ ਬਿਲ ਵਿਨਿਯਮ 8.12.1 (ੳ) ਦੇ ਅਨੁਸਾਰ ਨੋਟਿਸ ਦਾ ਸਮਾਂ ਲੰਘਣ ਦੀ ਮਿਤੀ ਤੋਂ ਕੁੱਲ ਕੁਨੈਕਟਿਡ ਲੋਡ / ਮੁਆਇਦਾ ਮੰਗ ਨੂੰ ਲਾਗੂ ਹੋਣ ਯੋਗ ਸਬੰਧਤ ਟੈਰਿਫ ਕੈਟਾਗਰੀ ਅਧੀਨ ਬਣਾਇਆ ਜਾਵੇਗਾ।

8.12.3 ਵਿਨਿਯਮ 8.1 (ਅ) ਵਿੱਚ ਨਿਰਧਾਰਿਤ ਕੀਤੇ ਗਏ ਅਨੁਸਾਰ ਸਮਾਂ ਫਰੇਮ ਦੇ ਅੰਦਰ ਅੰਦਰ, ਸਪਲਾਈ ਨੂੱ ਵੋਲਟਤਾ ਪੱਧਰ ਵਿੱਚ ਨਾ ਬਦਲੇ ਜਾਣ ਦੇ ਮੌਕੇ 'ਤੇ ਵੋਲਟਤਾ ਸਰਚਾਰਜ ਟੈਰਿਫ ਦੀਆਂ ਜਨਰਲ ਸ਼ਰਤਾਂ ਦੇ ਅਨੁਸਾਰ ਲਾਇਆ ਜਾਵੇਗਾ।

# ਅਧਿਆਇ – IV

## ਬਿਜਲੀ ਦੀ ਸਪਲਾਈ ਲਈ ਖਰਚੇ ਦੀ ਵਸੂਲੀ ਅਤੇ ਹੋਰ ਦੂਜੇ ਫੁਟਕਲ ਖਰਚੇ

### 9. ਖਰਚੇ / ਸਰਵਿਸ ਕੁਨੇਕਸ਼ਨ ਖਰਚੇ ਵਸੂਲ ਕਰਨ ਲਈ ਅਖਤਿਆਰ : –

9.1 ਐਕਟ ਦੇ ਉਪਬੰਧਾਂ ਅਤੇ ਇਹਨਾਂ ਵਿਨਿਯਮਾਂ ਦੀ ਸ਼ਰਤ ਅਧੀਨ ਅਤੇ ਅਜਿਹੇ ਦਿਸ਼ਾ ਨਿਰਦੇਸ਼ਾਂ, ਆਦੇਸ਼ਾਂ ਜਾਂ ਸੇਧਾਂ ਜਿਹਨਾਂ ਨੂੰ ਕਮਿਸ਼ਨ ਜਾਰੀ ਕਰ ਸਕਦਾ ਹੈ, ਦੀ ਅਗੇ ਹੋਰ ਸ਼ਰਤ ਅਧੀਨ, ਹਰੇਕ ਵੰਡ ਲਾਇਸੈਂਸੀ ਨਵੇਂ ਕੁਨੈਕਸ਼ਨ ਜਾਂ ਅਤਿਰਿਕਤ ਲੋਡ / ਡੀਮਾਂਡ ਦੀ ਮੰਗ ਕਰ ਰਹੇ ਬਿਨੈਕਾਰ ਤੋਂ ਕੋਈ ਬਿਜਲੀ ਦੀ ਲਾਈਨ ਅਤੇ / ਜਾਂ ਬਿਜਲਈ ਪਲਾਂਟ ਮੁਹੱਈਆ ਕਰਨ ਵਾਸਤੇ ਵੰਡ ਲਾਇਸੈਂਸੀ ਦੁਆਰਾ ਕੀਤੇ ਗਏ ਕੋਈ ਵੀ ਉਚਿਤ ਖਰਚੇ ਵਸੂਲ ਕਰਨ ਲਈ ਹੱਕਦਾਰ ਹੈ। ਅਜਿਹੇ ਖਰਚੇ ਵਸੂਲ ਕਰਨ ਲਈ ਸਰਵਿਸ ਕੁਨੈਕਸ਼ਨ ਖਰਚੇ ਜਾਂ ਵਾਸਤਵਿਕ ਖਰਚੇ ਵਿਨਿਯਮ 9.1.1,, 9.1.2, 9.1.3 ਅਤੇ 9.1.4 ਦੇ ਅਨੁਸਾਰ ਗਿਣੇ ਜਾਣਗੇ।

#### 9.1.1 ਨਵੇਂ ਕੁਨੈਕਸ਼ਨਾਂ ਲਈ : –

(ੳ) ਘਰੇਲੂ, ਗੈਰ ਰਿਹਾਇਸ਼ੀ, ਉਦਯੋਗਿਕ, ਬਲਕ ਸਪਲਾਈ ਅਤੇ ਨਗਰ ਪਾਲਕਾਵਾਂ / ਸ਼ਹਿਰੀ ਸਥਾਨਕ ਸੰਸਥਾਵਾਂ ਦੀਆਂ ਕੈਟਾਗਰੀਆਂ ਲਈ ਕੰਪੋਸਟ ਪਲਾਂਟ / ਠੋਸ ਕੂੜਾ-ਕਰਕਟ ਮੈਨੇਜਮੈਂਟ ਪਲਾਂਟ।

(i) ਲੋਡ / ਮੰਗ ਜੋ 100 ਕਿ. ਵਾ. / 100 ਕੇ. ਵੀ. ਏ. ਤੋਂ ਵੱਧ ਨਾ ਹੋਵੇ, ਲਈ ਸਪਲਾਈ: –

ਉਪਰੋਕਤ ਦੱਸੀਆਂ ਗਈਆਂ ਕੈਟਾਗਰੀਆਂ, ਜਿਹਨਾਂ ਕੋਲ ਸੁਨਿਸ਼ਚਿਤ ਐਲ. ਟੀ. ਸਪਲਾਈ ਵੋਲਟਤਾ ਹੈ, ਲਈ ਨਵੇਂ ਕੁਨੈਕਸ਼ਨ ਵਾਸਤੇ ਵੰਡ ਲਾਇਸੈਂਸੀ ਨੂੰ ਬੇਨਤੀ ਕਰ ਰਹੇ ਬਿਨੈਕਾਰ ਨੂੰ ਸਮੇਂ ਸਮੇਂ 'ਤੇ ਕਮਿਸ਼ਨ ਦੁਆਰਾ ਪ੍ਰਵਾਨਤ ਕੀਤੇ ਗਏ ਮਿਆਰੀ ਲਾਗਤ ਡੈਟੇ ( Standard Cost Data ) ਅਨੁਸਾਰ ਪ੍ਰਤਿ ਕਿ. ਵਾ. / ਕੇ. ਵੀ. ਏ. ਚਾਰਜਿਜ਼ ਅਦਾ ਕਰਨੇ ਪੈਣਗੇ। ਅਜਿਹੇ ਚਾਰਜਿਜ਼ ਉਸ ਬਿਨੈਕਾਰ ਦੁਆਰਾ ਅਦਾਇਗੀ ਯੋਗ ਹੋਣਗੇ ਜਿਥੇ ਸਰਵਿਸ ਲਾਈਨ ਦੀ ਲੰਬਾਈ ਘਰੇਲੂ ਅਤੇ ਗੈਰ ਰਿਹਾਇਸ਼ੀ ਸਪਲਾਈ ਕੈਟਾਗਰੀਆਂ ਵਾਸਤੇ ਇਕ ਸੌ (100) ਮੀਟਰ ਤੱਕ ਹੈ ਅਤੇ ਨਗਰ ਪਾਲਕਾਵਾਂ / ਸ਼ਹਿਰੀ ਸਥਾਨਕ ਸੰਸਥਾਵਾਂ ਲਈ ਉਦਯੋਗਿਕ ਅਤੇ ਬਲਕ ਸਪਲਾਈ ਵਾਸਤੇ ਜਿੱਥੇ ਕੰਪੋਸਟ ਪਲਾਂਟਾਂ / ਠੋਸ ਕੂੜਾ-ਕਰਕਟ ਮੈਨੇਜਮੈਂਟ ਪਲਾਂਟਾਂ ਵਾਸਤੇ ਦੋ ਸੌ ਪੰਜਾਹ (250) ਮੀਟਰ ਤੱਕ ਹੈ।

ਜਿਥੇ ਸਰਵਿਸ ਲਾਈਨ ਦੀ ਲੰਬਾਈ ਅਪਲਾਈ ਕੀਤੀ ਕੈਟਾਗਰੀ ਲਈ ਉਪਰੋਕਤ ਸੀਮਾਂ ਤੋਂ ਵੱਧ ਜਾਂਦੀ ਹੈ ਤਾਂ ਬਿਨੈਕਾਰ ਨੂੰ ਮਿਆਰੀ ਲਾਗਤ ਡੈਟੇ ਵਿੱਚ ਕਮਿਸ਼ਨ ਦੁਆਰਾ ਪ੍ਰਵਾਨ ਕੀਤੇ ਗਏ ਦਰਾਂ 'ਤੇ ਕਿ. ਵਾ. / ਕੇ. ਵੀ. ਏ. ਚਾਰਜਿਜ਼ ਦੇ ਨਾਲ ਸਰਵਿਸ ਲਾਈਨ ਦੀ ਅਤਿਰਿਕਤ ਲੰਬਾਈ ਵਾਸਤੇ ਪਰਿਵਰਤਨਸ਼ੀਲ ( variable) ਚਾਰਜਿਜ਼ ਵੀ ਅਦਾ ਕਰਨੇ ਪੈਣਗੇ।

(ii) ਲੋਡ / ਮੰਗ ਜੋ 100 ਕਿ. ਵਾ. / 100 ਕੇ. ਵੀ. ਏ. ਤੋਂ ਵਧੀਕ ਹੋਵੇ, ਲਈ ਸਪਲਾਈ : –

ਜਿਥੇ ਉਪਰੋਕਤ ਦੱਸੀਆਂ ਗਈਆਂ ਕੈਟਾਗਰੀਆਂ ਲਈ ਲੋੜੀਂਦਾ ਲੋਡ /ਮੰਗ 100 ਕਿ. ਵਾ. / 100 ਕੇ. ਵੀ. ਏ. ਤੋਂ ਵੱਧ ਜਾਂਦਾ ਹੈ ਤਾਂ ਬਿਨੈਕਾਰ ਨੂੰ ਕੁਨੈਕਸ਼ਨ

ਜਾਰੀ ਕਰਨ ਲਈ ਵੰਡ ਲਾਇਸੈਂਸੀ ਦੁਆਰਾ ਕੀਤੇ ਗਏ ਵਾਸਤਵਿਕ ਖਰਚ ਦੀ ਅਦਾਇਗੀ ਕਰਨੀ ਪਵੇਗੀ। 11 ਕੇ. ਵੀ. ਖਪਤਕਾਰਾਂ ਲਈ, ਖਰਚ ਵਿੱਚ ਕਮਿਸ਼ਨ ਦੁਆਰਾ ਪ੍ਰਵਾਨ ਕੀਤੇ ਗਏ ਲਾਗਤ ਡੈਟੇ ਅਨੁਸਾਰ ਵਿਅਕਤੀਗਤ ਸਰਵਿਸ ਲਾਈਨ ਦੀ ਲਾਗਤ ਅਤੇ ਬਰੇਕਰ ਸਹਿਤ ਫੀਡਿੰਗ ਸਬ-ਸਟੇਸ਼ਨ ਤੱਕ ਮੇਨ ਲਾਈਨ ਦੇ ਸਾਂਝੇ ਹਿੱਸੇ ਦੀ ਅਨੁਪਾਤਕ ਲਾਗਤ ਸ਼ਾਮਲ ਹੋਵੇਗੀ। 33 ਕੇ. ਵੀ. ਅਤੇ ਉਚੇਰੀ ਵੋਲਟਤਾ ਦੇ ਖਪਤਕਾਰਾਂ ਲਈ, ਖਰਚ ਵਿੱਚ ਕਮਿਸ਼ਨ ਦੁਆਰਾ ਪ੍ਰਵਾਨ ਕੀਤੇ ਗਏ ਲਾਗਤ ਡੈਟੇ ਅਨੁਸਾਰ ਵਿਅਕਤੀਗਤ ਸਰਵਿਸ ਲਾਈਨ ਦੀ ਲਾਗਤ ਅਤੇ ਬੇਅ ਸਹਿਤ ਫੀਡਿੰਗ ਸਬ-ਸਟੇਸ਼ਨ ਤੱਕ ਮੇਨ ਲਾਈਨ ਦੇ ਸਾਂਝੇ ਹਿੱਸੇ ਦੀ ਅਨੁਪਾਤਕ ਲਾਗਤ ਸ਼ਾਮਲ ਹੋਵੇਗੀ। ਜੇਕਰ ਸਰਵਿਸ ਲਾਈਨ ਦਾ ਨਿਕਾਸ (emanating ) ਫੀਡਿੰਗ ਸਬ-ਸਟੇਸ਼ਨ ਤੋਂ ਹੋਇਆ ਹੈ ਤਾਂ ਬਿਨੈਕਾਰ ਬਰੇਕਰ / ਬੇਅ ਦੀ ਲਾਗਤ ਦੇ ਨਾਲ ਸਮੁੱਚਾ ਖਰਚ ਬਰਦਾਸ਼ਤ ਕਰੇਗਾ। ਜੇਕਰ ਨਵੇਂ ਗਰਿਡ ਸਬ-ਸਟੇਸ਼ਨ ਦੀ ਰਚਨਾ ਜਾਂ ਮੌਜੂਦਾ ਗਰਿਡ ਸਬ-ਸਟੇਸ਼ਨ ਦਾ ਵਰਧਨ, ਜੇਕਰ ਲੋੜੀਂਦਾ ਹੋਵੇ, ਵਿਨਿਯਮ 9.2 ਦੇ ਅਨੁਸਾਰ ਲਾਇਸੈਂਸੀ ਦੁਆਰਾ ਆਪਣੀ ਲਾਗਤ ’ਤੇ ਕਰਵਾਇਆ ਜਾਵੇਗਾ।

ਅਜਿਹੇ ਕੇਸਾਂ ਵਿੱਚ ਵੰਡ ਲਾਇਸੈਂਸੀ ਕਮਿਸ਼ਨ ਦੁਆਰਾ ਪ੍ਰਵਾਨ ਕੀਤੇ ਗਏ ਮਿਆਰੀ ਲਾਗਤ ਡੈਟੇ ਉਤੇ ਆਧਾਰਤ ਇਕ ਤਖਮੀਨਾ ਤਿਆਰ ਕਰੇਗਾ ਅਤੇ ਬਿਨੈਕਾਰ ਨੂੰ ਕਾਰਜ ਦੇ ਸ਼ੁਰੂ ਹੋਣ ਤੋਂ ਪਹਿਲਾਂ ਸਿਕਿਉਰਟੀ (ਕਾਰਜ) ਵਜੋਂ ਅਜਿਹੀ ਰਕਮ ਜਮ੍ਹਾਂ ਕਰਵਾਉਣੀ ਪਵੇਗੀ। ਅੰਤਮ ਬਿਲ ਕਾਰਜ ਦੀ ਮੁਕੰਮਲਤਾ ਮਗਰੋਂ ਵੰਡ ਲਾਇਸੈਂਸੀ ਦੁਆਰਾ ਤਿਆਰ ਕੀਤਾ ਜਾਵੇਗਾ ਅਤੇ ਅਵੱਸ਼ਕ ਵਸੂਲੀ ਜਾਂ ਵਾਪਸੀ ਰਕਮ ( refund ) ਵਿਨਿਯਮ 9.3 ਦੇ ਅਨੁਸਾਰ ਕੀਤਾ ਜਾਵੇਗਾ।

(ਅ) <u>ਖੇਤੀਬਾੜੀ ਪੰਪ ਸੈੱਟ ( ਏ. ਪੀ. ਸਪਲਾਈ )</u>

ਏ. ਪੀ. ਕੈਟਾਗਰੀ ਅਧੀਨ ਨਵੇਂ ਕੁਨੈਕਸ਼ਨ ਦੀ ਮੰਗ ਕਰ ਰਿਹਾ ਬਿਨੈਕਾਰ ਕਮਿਸ਼ਨ ਦੁਆਰਾ ਪ੍ਰਵਾਨ ਕੀਤੇ ਗਏ ਲਾਗਤ ਡੈਟੇ ਅਨੁਸਾਰ ਚਾਰਜਿਜ਼ (ਪ੍ਰਤਿ ਬੀ. ਐਚ. ਪੀ. / ਕਿ. ਵਾ. ) ਦੀ ਅਦਾਇਗੀ ਕਰੇਗਾ।ਅਜਿਹੇ ਚਾਰਜਿਜ਼ ਉਥੇ ਅਦਾਇਗੀ ਯੋਗ ਹੋਣਗੇ ਜਿਥੇ ਲੋੜੀਂਦੀ ਸਰਵਿਸ ਲਾਈਨ ਦੀ ਲੰਬਾਈ 500 ਮੀਟਰ ਤੱਕ ਹੈ। ਜੇਕਰ ਕੁਨੈਕਸ਼ਨ ਜਾਰੀ ਕਰਨ ਲਈ 500 ਮੀਟਰ ਤੋਂ ਵੱਧ ਸਰਵਿਸ ਲਾਈਨ ਲੋੜੀਂਦੀ ਹੈ ਤਾਂ ਬਿਨੈਕਾਰ ਕਮਿਸ਼ਨ ਦੁਆਰਾ ਪ੍ਰਵਾਨ ਕੀਤੇ ਗਏ ਦਰਾਂ ’ਤੇ ਪ੍ਰਤਿ ਬੀ. ਐਚ. ਪੀ. / ਕਿ. ਵਾ. ਸਮੇਤ ਸਰਵਿਸ ਲਾਈਨ ਦੀ ਅਤਿਰਿਕਤ ਲੰਬਾਈ ਵਾਸਤੇ ਪਰਿਵਰਤਨਸ਼ੀਲ ( variable ) ਖਰਚੇ ਵੀ ਅਦਾ ਕਰਨ ਦਾ ਭਾਗੀ ਹੋਵੇਗਾ।

(ੲ) <u>ਰੇਲਵੇ ਟ੍ਰੈਕਸ਼ਨ</u> : -

ਰੇਲਵੇ ਟ੍ਰੈਕਸ਼ਨ ਕੈਟਾਗਰੀ ਅਧੀਨ ਬਿਨੈ-ਪੱਤਰ ਦੇ ਕੇਸ ਵਿੱਚ, 132 ਕੇ. ਵੀ. / 220 ਕੇ. ਵੀ. ਲਾਈਨ ਦੀ ਵਾਸਤਵਿਕ ਲਾਗਤ, ਜਿਸ ਵਿੱਚ ਕੰਟਰੋਲਿੰਗ ਬੇਅ / ਸਵਿੱਚ ਗੀਅਰ ਅਤੇ ਟਰਮੀਨਲ / ਮੀਟਰਿੰਗ ਪ੍ਰਬੰਧ ਦੀ ਲਾਗਤ ਵੀ ਸ਼ਾਮਲ ਹੈ, ਅਦਾਇਗੀ ਯੋਗ ਹੋਵੇਗੀ। ਅਜਿਹੇ ਕੇਸਾਂ ਵਿੱਚ, ਵੰਡ ਲਾਇਸੈਂਸੀ ਕਮਿਸ਼ਨ ਦੁਆਰਾ ਪ੍ਰਵਾਨ ਕੀਤੇ ਗਏ ਮਿਆਰੀ ਲਾਗਤ ਡੈਟੇ ਉਤੇ ਆਧਾਰਤ ਇਕ ਤਖਮੀਨਾ ਤਿਆਰ ਕਰੇਗਾ ਅਤੇ ਬਿਨੈਕਾਰ ਨੂੰ ਅਜਿਹੀ ਰਕਮ ਕਾਰਜ ਦੀ ਸ਼ੁਰੂਆਤ ਤੋਂ ਪਹਿਲਾਂ ਸਿਕਿਉਰਟੀ ( ਕਾਰਜ ) ਵਜੋਂ ਜਮ੍ਹਾਂ ਕਰਵਾਉਣੀ ਪਵੇਗੀ। ਅੰਤਮ ਬਿਲ ਕਾਰਜ ਦੀ ਮੁਕੰਮਲਤਾ ਮਗਰੋਂ ਵੰਡ ਲਾਇਸੈਂਸੀ ਦੁਆਰਾ ਤਿਆਰ ਕੀਤਾ ਜਾਵੇਗਾ ਅਤੇ ਜ਼ਰੂਰੀ ਵਸੂਲੀ ਜਾਂ ਵਾਪਸੀ ਵਿਨਿਯਮ 9.3 ਦੇ ਅਨੁਸਾਰ ਕੀਤੀ ਜਾਵੇਗੀ।

(ਸ) <u>ਗਲੀ ਪ੍ਰਕਾਸ਼ ( street lighting )</u> :

ਗਲੀ ਪ੍ਰਕਾਸ਼ ਕੈਟਾਗਰੀ ( ਐਲ. ਟੀ. ) ਅਧੀਨ ਕੁਨੈਕਸ਼ਨ ਦੀ ਮੰਗ ਕਰ ਰਿਹਾ ਬਿਨੈਕਾਰ ਮਿਆਰੀ ਲਾਗਤ ਡੈਟੇ ਵਿੱਚ ਉਪਬੰਧ ਕੀਤੇ ਅਨੁਸਾਰ ਖਰਚੇ (ਚਾਰਜਿਜ਼) ਅਦਾ ਕਰੇਗਾ। ਬਿਨੈਕਾਰ ਜਾਂ ਤਾਂ ਫਿਟਿੰਗ/ ਲੈਂਪਾਂ ਅਤੇ ਬਰੈਕਟਾਂ, ਜਿਸ ਵਿੱਚ ਵਿਸ਼ੇਸ਼ ਫਿਟਿੰਗਾਂ ਅਤੇ ਉਸ ਮਗਰੋਂ ਇਸ ਦੀ ਬਦਲਾਈ ਸ਼ਾਮਲ ਹੈ, ਦੀ ਸਪਲਾਈ ਜਾਂ ਲਾਗਤ ਬਰਦਾਸ਼ਤ ਕਰੇਗਾ। ਇਸ ਤੋਂ ਅਗੋਂ ਸਾਰੇ ਗਲੀ ਪ੍ਰਕਾਸ਼ ਇਕਰਾਰਨਾਮੇ ਟੈਰਿਫ ਦੀ ਅਨੁਸੂਚੀ ਦੀ ਅਨੁਸੂਚੀ SVIII ਦੀ ਕੈਟਾਗਰੀ 'C' ਅਧੀਨ ਤਾਮੀਲ ਕੀਤੇ ਜਾਣਗੇ।

(ਹ) <u>ਏ. ਪੀ. ਉਚ ਤਕਨੀਕ</u> : –

ਏ. ਪੀ. ਉਚ ਤਕਨੀਕ ਦੀ ਕੈਟਾਗਰੀ ਅਧੀਨ ਕੁਨੈਕਸ਼ਨ ਦੀ ਮੰਗ ਕਰ ਰਹੇ ਬਿਨੈਕਾਰ ਨੂੰ ਵੰਡ ਲਾਇਸੈਂਸੀ ਦੁਆਰਾ ਕੀਤੇ ਗਏ ਵਾਸਤਵਿਕ ਖਰਚਿਆਂ ਦੀ ਅਦਾਇਗੀ ਕਰਨੀ ਪਵੇਗੀ। ਅਜਿਹੇ ਕੇਸਾਂ ਵਿੱਚ ਵੰਡ ਲਾਇਸੈਂਸੀ ਕਮਿਸ਼ਨ ਦੁਆਰਾ ਪ੍ਰਵਾਨ ਕੀਤੇ ਗਏ ਮਿਆਰੀ ਲਾਗਤ ਡੈਟੇ ਉਤੇ ਆਧਾਰਤ ਇਕ ਤਖਮੀਨਾ ਤਿਆਰ ਕਰੇਗਾ ਅਤੇ ਬਿਨੈਕਾਰ ਨੂੰ ਕਾਰਜ ਦੇ ਸ਼ੁਰੂ ਹੋਣ ਤੋਂ ਪਹਿਲਾਂ ਸਿਕਿਉਰਟੀ ਵਜੋਂ ਅਜਿਹੀ ਰਕਮ ਜਮ੍ਹਾਂ ਕਰਵਾਉਣੀ ਪਵੇਗੀ। ਅੰਤਮ ਬਿਲ ਕਾਰਜ ਦੀ ਮੁਕੰਮਲਤਾ ਮਗਰੋਂ ਵੰਡ ਲਾਇਸੈਂਸੀ ਦੁਆਰਾ ਤਿਆਰ ਕੀਤਾ ਜਾਵੇਗਾ ਅਤੇ ਜ਼ਰੂਰੀ ਵਸੂਲੀ ਜਾਂ ਵਾਪਸੀ ਵਿਨਿਯਮ 9.3 ਦੇ ਅਨੁਸਾਰ ਕੀਤੀ ਜਾਵੇਗੀ।

(ਕ) <u>ਕੈਪਟਿਵ ਪਾਵਰ ਪਲਾਂਟ ( CPP ) / ਸਹਿ ਉਤਪਾਦਨ ( co-generation ) ਪਲਾਂਟ / ਊਰਜਾ ਦੇ ਨਵੇਂ ਅਤੇ ਨਵਿਆਉਣਯੋਗ ਸਾਧਨ ( NRSE ) ਪਲਾਂਟ / ਸਵਤੰਤਰ ਪਾਵਰ ਉਤਪਾਦਕ ( IPPs )</u> : –

ਕੈਪਟਿਵ ਪਾਵਰ ਪਲਾਂਟਾਂ ( CPP ) / ਸਹਿ ਉਤਪਾਦਨ <u>( co-generation )</u> ਪਲਾਂਟਾਂ / ਊਰਜਾ ਦੇ ਨਵੇਂ ਅਤੇ ਨਵਿਆਉਣਯੋਗ ਸਾਧਨ ( NRSE ) ਪਲਾਂਟਾਂ/ ਸਵਤੰਤਰ ਪਾਵਰ ਉਤਪਾਦਕਾਂ (IPPs) ਦਾ ਮਾਲਕ ਜੇਕਰ ਆਪਣੀਆਂ ਲੋੜਾਂ ( ਸ਼ੁਰੂਆਤੀ [ਸਟਾਰਟ ਅਪ] ਪਾਵਰ ਤੋਂ ਹੋਰਵੇਂ ) ਨੂੰ ਪੂਰਾ ਕਰਨ ਲਈ ਲੋਡ / ਮੰਗ ਦੇ ਜਾਰੀ ਕਰਨ ਵਾਸਤੇ ਬੇਨਤੀ ਕਰਦਾ ਹੈ ਤਾਂ ਸਰਵਿਸ ਕੁਨੈਕਸ਼ਨ ਚਾਰਜਿਜ਼/ ਖਰਚ ਦੀ ਵਸੂਲੀ ਨੂੰ ਨਿਮਨ ਅਨੁਸਾਰ ਨਿਯਮਿਤ ਕੀਤਾ ਜਾਵੇਗਾ : –

(i) ਜੇਕਰ ਲੋਡ / ਡੀਮਾਂਡ ਬਿਨੈਕਾਰ ਦੀ ਲਾਗਤ ’ਤੇ ਸਥਾਪਿਤ ਕੀਤੀ ਗਈ ਲਾਈਨ ਤੋਂ ਫੈਡ (fed) ਕੀਤੀ ਜਾ ਸਕਦੀ ਹੈ ਅਤੇ ਇਹਨਾਂ ਪਲਾਂਟਾਂ ਤੋਂ ਬਿਜਲੀ ਦੀ ਨਿਕਾਸ ਲਈ ਵਰਤੀ ਜਾ ਸਕਦੀ ਹੈ ਤਾਂ ਅਜਿਹੇ ਲੋਡ / ਡੀਮਾਂਡ ਦੇ ਜਾਰੀ ਕਰਨ ਲਈ ਕੋਈ ਸਰਵਿਸ ਕੁਨੈਕਸ਼ਨ ਖਰਚੇ / ਚਾਰਜਿਜ਼ ਬਿਨੈਕਾਰ ਤੋਂ ਵਸੂਲੀ ਯੋਗ ਨਹੀਂ ਹੋਣਗੇ।

(ii) ਜੇਕਰ ਲੋਡ / ਮੰਗ ਨੂੰ ਫੀਡ ਕਰਨ ਲਈ ਵਰਤੀ ਗਈ ਨਿਕਾਸੀ ਲਾਈਨ ਵੰਡ ਲਾਇਸੈਂਸੀ ਦੀ ਲਾਗਤ ’ਤੇ ਉਸਾਰੀ ਗਈ ਹੈ ਤਦ ਲਾਈਨ ਦੀ ਲਾਗਤ ਜਿਸ ਵਿੱਚ ਬਰੇਕਰ / ਬੇਅ, ਲਾਗੂ ਹੋਣ ਯੋਗ ਅਨੁਸਾਰ, ਵੀ ਸ਼ਾਮਲ ਹਨ, ਬਿਨੈਕਾਰ ਤੋਂ ਵਸੂਲੀ ਯੋਗ ਹੋਵੇਗੀ ਜੇਕਰ ਨਿਕਾਸੀ ਲਾਈਨ ਦੀ ਵੋਲਟਤਾ ਦਰ ਸਪਲਾਈ ਕੋਡ ਦੇ ਵਿਨਿਯਮ 4.2 ਦੇ ਅਨੁਸਾਰ ਅਪਲਾਈ ਕੀਤੇ ਲੋਡ / ਮੰਗ ਦੇ ਜਾਰੀ ਕਰਨ ਲਈ ਨਿਰਧਾਰਿਤ ਕੀਤੀ ਗਈ ਸੁਨਿਸ਼ਚਿਤ ਵੋਲਟਤਾ ਅਨੁਸਾਰ ਉਹੀ ਹੈ।

(iii) ਜੇਕਰ ਲੋਡ / ਮੰਗ ਨੂੰ ਫੀਡ ਕਰਨ ਲਈ ਵਰਤੀ ਗਈ ਨਿਕਾਸੀ ਲਾਈਨ ਦੀ ਵੋਲਟਤਾ ਦਰ ਸਪਲਾਈ ਕੋਡ ਦੇ ਵਿਨਿਯਮ 4.2 ਦੇ ਅਨੁਸਾਰ ਅਜਿਹੀ ਲੋਡ / ਮੰਗ

ਦੇ ਜਾਰੀ ਕਰਨ ਲਈ ਨਿਰਧਾਰਿਤ ਕੀਤੀ ਗਈ ਸੁਨਿਸ਼ਚਿਤ ਵੋਲਟਤਾ ਨਾਲੋਂ ਉਚੇਰੇ ਵੋਲਟਤਾ ਦਰ ਦੀ ਹੈ ਅਤੇ ਵੰਡ ਲਾਇਸੈਂਸੀ ਦੀ ਲਾਗਤ ’ਤੇ ਉਸਾਰੀ ਗਈ ਹੈ ਤਦ ਬਿਨੈਕਾਰ, ਜੇਕਰ ਅਜਿਹੀ ਲਾਈਨ ਤੋਂ ਕੁਨੈਕਸ਼ਨ ਜਾਰੀ ਕਰਨ ਦੀ ਚੋਣ ਕਰਦਾ ਹੈ, ਨੂੰ ਲੋਡ / ਡੀਮਾਂਡ ਜੋ ਕਿ 100 ਕਿ. ਵਾ. /ਕੇ. ਵੀ. ਏ. ਤੋਂ ਵਧੀਕ ਨਹੀਂ ਹੋਵੇਗੀ, ਲਈ ਕਿ ਵਾ. / ਕੇ. ਵੀ. ਏ. ਚਾਰਜਿਜ਼ ਅਤੇ ਮਿਆਰੀ ਲਾਗਤ ਡੈਟੇ ਅਨੁਸਾਰ 100 ਕਿ. ਵਾ. / ਕੇ. ਵੀ. ਏ. ਤੋਂ ਵਧੀਕ ਲੋਡ / ਮੰਗ ਵਾਸਤੇ ਸੁਨਿਸ਼ਚਿਤ ਕੀਤੀ ਗਈ ਸਪਲਾਈ ਵੋਲਟਤਾ ਦੇ ਅਨੁਸਾਰੀ ਬਰੇਕਰ / ਬੇਅ ਸਹਿਤ ਲਾਈਨ ਦੀ ਨਿਯਮਕ ਲਾਗਤ ਅਦਾ ਕਰਨੀ ਪਵੇਗੀ।

9.1.2 ਕੁਨੈਕਸ਼ਨ ਜਾਂ ਲੋਡ / ਡੀਮਾਂਡ ਵਿੱਚ ਵਿਸਤਾਰ ਦਾ ਬਿਨਾਂ ਵਾਰੀ ਤੋਂ ਜਾਰੀ ਕਰਨ : –

ਨਵੇਂ ਕੁਨੈਕਸ਼ਨ ਜਾਂ ਲੋਡ / ਡੀਮਾਂਡ ਵਿੱਚ ਵਿਸਤਾਰ ਸਾਧਾਰਣ ਤੌਰ ’ਤੇ ਵਿਨਿਯਮ 6.8 ਅਨੁਸਾਰ ਸੀਨੀਅਰਤਾ ਵਿੱਚ ਜਾਰੀ ਕੀਤਾ ਜਾਵੇਗਾ। ਪਰੰਤੂ ਵੰਡ ਲਾਇਸੈਂਸੀ ਅਜਿਹੇ ਕੇਸਾਂ ਵਿੱਚ ਅਦਾਇਗੀ ਯੋਗ ਖਰਚਿਆਂ ਸਹਿਤ ਕੁਨੈਕਸ਼ਨ ਜਾਂ ਲੋਡ / ਡੀਮਾਂਡ ਵਿੱਚ ਵਿਸਤਾਰ ਨੂੰ ਬਿਨਾਂ ਵਾਰੀ ਤੋਂ ਜਾਰੀ ਕਰਨ ਵਾਸਤੇ ਨੀਤੀ ਬਣਾ ਸਕਦਾ ਹੈ ਅਤੇ ਕਮਿਸ਼ਨ ਦੀ ਪ੍ਰਵਾਨਗੀ ਮੰਗ ਸਕਦਾ ਹੈ। ਇਸ ਨੀਤੀ ਅਧੀਨ ਕੁਨੈਕਸ਼ਨ ਜਾਂ ਲੋਡ / ਡੀਮਾਂਡ ਵਿੱਚ ਵਿਸਤਾਰ ਦਾ ਬਿਨਾਂ ਵਾਰੀ ਤੋਂ ਜਾਰੀ ਕਰਨ ਵਾਸਤੇ ਮੰਗ ਕਰਦੇ ਬਿਨੈਕਾਰ ਨੂੰ ਕੁਨੈਕਸ਼ਨ ਜਾਂ ਲੋਡ / ਡੀਮਾਂਡ ਵਿੱਚ ਵਿਸਤਾਰ ਮੁਹੱਈਆ ਕਰਨ ਵਿੱਚ ਕੀਤੇ ਗਏ ਵਾਸਤਵਿਕ ਖਰਚੇ (ਇਸ ਵਿੱਚ ਉਚ ਵੋਲਟਤਾ ਲਾਈਨ ਦਾ ਵਿਸਤਾਰ ਕਰਨ, ਸਟੈਪ ਡਾਊਨ ਸਬ-ਸਟੇਸ਼ਨ ਅਤੇ ਸਰਵਿਸ ਲਾਈਨ ਦੀ ਲਾਗਤ ਸ਼ਾਮਲ ਕਰਦੇ ਹੋਏ) ਅਦਾ ਕਰਨੇ ਪੈਣਗੇ।

9.1.3 ਅਤਿਰਿਕਤ ਲੋਡ / ਮੰਗ ਲਈ : –

ੳ) ਘਰੇਲੂ, ਗੈਰ ਰਿਹਾਇਸ਼ੀ, ਉਦਯੋਗਿਕ, ਬਲਕ ਸਪਲਾਈ ਅਤੇ ਨਗਰ ਪਾਲਕਾਵਾਂ / ਸ਼ਹਿਰੀ ਸਥਾਨਕ ਸੰਸਥਾਵਾਂ ਦੀਆਂ ਕੈਟਾਗਰੀਆਂ ਲਈ ਕੰਪੋਸਟ ਪਲਾਂਟ / ਠੋਸ ਕੂੜਾ-ਕਰਕਟ ਮੈਨੇਜਮੈਂਟ ਪਲਾਂਟ : –

(i) ਕੁੱਲ ਲੋਡ /ਮੰਗ ਜੋ 100 ਕਿ. ਵਾ. / ਕੇ. ਵੀ. ਏ. ਤੋਂ ਵਧੀਕ ਨਹੀਂ ਹੋਵੇਗੀ, ਲਈ ਸਪਲਾਈ

ਸੁਨਿਸ਼ਚਿਤ ਐਲ. ਟੀ. ਸਪਲਾਈ ਵੋਲਟਤਾ ਵਾਲੀਆਂ ਉਪਰੋਕਤ ਦੱਸੀਆਂ ਗਈਆਂ ਕੈਟਾਗਰੀਆਂ ਦੇ ਖਪਤਕਾਰਾਂ, ਜੋ ਵੰਡ ਲਾਇਸੈਂਸੀ ਨੂੰ ਅਤਿਰਿਕਤ ਲੋਡ / ਡੀਮਾਂਡ ਵਾਸਤੇ ਬੇਨਤੀ ਕਰ ਰਹੇ ਹਨ, ਨੂੰ ਸਮੇਂ ਸਮੇਂ ’ਤੇ ਕਮਿਸ਼ਨ ਦੁਆਰਾ ਪ੍ਰਵਾਨ ਕੀਤੇ ਗਏ ਮਿਆਰੀ ਲਾਗਤ ਡੈਟੇ ਦੇ ਅਨੁਸਾਰ ਕੁੱਲ ਲੋਡ ਲਈ ਲਾਗੂ ਹੋਣ ਯੋਗ ਸਲੈਬ ਦਰ ’ਤੇ ਅਤਿਰਿਕਤ ਲੋਡ / ਡੀਮਾਂਡ ਵਾਸਤੇ ਪ੍ਰਤਿ ਕਿ. ਵਾ. / ਕੇ. ਵੀ. ਏ. ਚਾਰਜਿਜ਼ ਅਦਾ ਕਰਨੇ ਪੈਣਗੇ। ਅਜਿਹੇ ਚਾਰਜਿਜ਼ ਖਪਤਕਾਰ ਦੁਆਰਾ ਉਥੇ ਅਦਾਇਗੀ ਯੋਗ ਹੋਣਗੇ ਜਿਥੇ ਮੌਜੂਦਾ ਲੋਡ / ਮੰਗ ਸਹਿਤ ਕੁੱਲ ਲੋਡ 100 ਕਿ. ਵਾ. / 100 ਕੇ. ਵੀ. ਏ. ਤੱਕ ਹੈ ਅਤੇ ਸਰਵਿਸ ਲਾਈਨ ਦੀ ਲੰਬਾਈ ਘਰੇਲੂ, ਗੈਰ ਰਿਹਾਇਸ਼ੀ ਕੈਟਾਗਰੀਆਂ ਲਈ ਇਕ ਸੋ (100) ਮੀਟਰ ਤੱਕ ਹੈ ਅਤੇ ਉਦਯੋਗਿਕ, ਬਲਕ ਸਪਲਾਈ ਅਤੇ ਨਗਰ ਪਾਲਕਾਵਾਂ / ਸ਼ਹਿਰੀ ਸਥਾਨਕ ਸੰਸਥਾਵਾਂ ਦੀਆਂ ਕੈਟਾਗਰੀਆਂ ਲਈ ਕੰਪੋਸਟ ਪਲਾਂਟਾਂ/ ਠੋਸ ਕੂੜਾ-ਕਰਕਟ ਮੈਨੇਜਮੈਂਟ ਪਲਾਂਟਾਂ ਲਈ ਦੋ ਸੌ ਪੰਜਾਹ (250) ਮੀਟਰ ਤੱਕ ਹੈ।

ਜਿਥੇ ਮੌਜੂਦਾ ਸਰਵਿਸ ਲਾਈਨ ਦੀ ਲੰਬਾਈ ਉਪਰੋਕਤ ਨਿਰਧਾਰਿਤ ਕੀਤੀ ਗਈ ਸੀਮਾਂ ਤੋਂ ਵੱਧ ਹੈ ਅਤੇ ਅਤਿਰਿਕਤ ਲੋਡ / ਮੰਗ ਲਈ ਮੌਜੂਦਾ ਲਾਈਨ ਦਾ ਵਰਧਨ ਅਵੱਸ਼ਕ ਹੈ ਤਾਂ ਬਿਨੈਕਾਰ ਨੂੰ ਅਤਿਰਿਕਤ ਲੋਡ / ਮੰਗ ਲਈ ਪ੍ਰਤਿ ਕਿ. ਵਾ. / ਕੇ.

ਵੀ. ਏ. ਚਾਰਜਿਜ਼ ਤੋਂ ਇਲਾਵਾ ਕਮਿਸ਼ਨ ਦੁਆਰਾ ਪ੍ਰਵਾਨ ਕੀਤੇ ਗਏ ਦਰਾਂ ’ਤੇ ਉਪਰੋਕਤ ਦੱਸੇ ਗਏ ਅਨੁਸਾਰ ਨਿਰਧਾਰਿਤ ਕੀਤੀਆਂ ਗਈਆਂ ਸੀਮਾਵਾਂ ਤੋਂ ਬਾਹਰੀ ਸਰਵਿਸ ਲਾਈਨ ਦੀ ਲੰਬਾਈ ਲਈ ਪਰਿਵਰਤਨਸ਼ੀਲ ( variable ) ਖਰਚੇ ਅਦਾ ਕਰਨੇ ਪੈਣਗੇ। ਜੇਕਰ ਮੌਜੂਦਾ ਲਾਈਨ ਦਾ ਕੋਈ ਵੀ ਵਰਧਨ ਲੋੜੀਂਦਾ ਨਹੀਂ ਹੈ ਤਦ ਖਪਤਕਾਰ / ਬਿਨੈਕਾਰ ਅਤਿਰਿਕਤ ਲੋਡ ਵਾਸਤੇ ਕੇਵਲ ਕਿ. ਵਾ. / ਕੇ. ਵੀ. ਏ. ਖਰਚੇ ਅਦਾ ਕਰੇਗਾ।

(ii) <u>ਸਪਲਾਈ ਜਿਥੇ ਕੁੱਲ ਲੋਡ / ਡੀਮਾਂਡ 100 ਕਿ. ਵਾ. / ਕੇ. ਵੀ. ਏ. ਤੋਂ ਵੱਧ ਹੋਵੇ</u> : –

ਜਿਥੇ ਉਪਰੋਕਤ ਦੱਸੀਆਂ ਗਈਆਂ ਕੈਟਾਗਰੀਆਂ ਦਾ ਮੌਜੂਦਾ ਲੋਡ ਸਹਿਤ ਕੁੱਲ ਲੋਡ / ਮੰਗ 100 ਕਿ. ਵਾ. / 100 ਕੇ. ਵੀ. ਏ. ਤੋਂ ਵੱਧ ਹੋਵੇ ਤਾਂ ਅਤਿਰਿਕਤ ਲੋਡ / ਮੰਗ ਨੂੰ ਜਾਰੀ ਕਰਨ ਲਈ ਖਪਤਕਾਰ ਵਾਸਤਵਿਕ ਖਰਚੇ ਦੀ ਅਦਾਇਗੀ ਕਰੇਗਾ। 11 ਕੇ. ਵੀ. ਖਪਤਕਾਰਾਂ ਲਈ, ਖਰਚ ਵਿੱਚ ਕਮਿਸ਼ਨ ਦੁਆਰਾ ਪ੍ਰਵਾਨ ਕੀਤੇ ਗਏ ਲਾਗਤ ਡੈਟੇ ਅਨੁਸਾਰ ਵਿਅਕਤੀਗਤ ਸਰਵਿਸ ਲਾਈਨ ਦੇ ਵਰਧਨ ਦੀ ਲਾਗਤ, ਜੇਕਰ ਕੋਈ ਹੋਵੇ, ਅਤੇ ਬਰੇਕਰ ਸਹਿਤ ਫੀਡਿੰਗ ਸਬ-ਸਟੇਸ਼ਨ ਤੱਕ ਮੇਨ ਲਾਈਨ ( ਵਰਧਨ, ਜਿਥੇ ਕਿਤੇ ਜ਼ਰੂਰੀ ਹੋਵੇ, ਸਹਿਤ ) ਦੇ ਸਾਂਝੇ ਹਿੱਸੇ ਦੀ ਅਨੁਪਾਤਕ ਲਾਗਤ ਸ਼ਾਮਲ ਹੋਵੇਗੀ। 33 ਕੇ. ਵੀ. ਅਤੇ ਉਚੇਰੀ ਵੋਲਟਤਾ ਦੇ ਖਪਤਕਾਰਾਂ ਲਈ, ਖਰਚ ਵਿੱਚ ਕਮਿਸ਼ਨ ਦੁਆਰਾ ਪ੍ਰਵਾਨ ਕੀਤੇ ਗਏ ਲਾਗਤ ਡੈਟੇ ਅਨੁਸਾਰ ਵਿਅਕਤੀਗਤ ਸਰਵਿਸ ਲਾਈਨ ਦੇ ਵਰਧਨ ਦੀ ਲਾਗਤ, ਜੇਕਰ ਕੋਈ ਹੋਵੇ, ਅਤੇ ਬੇਅ ਸਹਿਤ ਫੀਡਿੰਗ ਸਬ-ਸਟੇਸ਼ਨ ਤੱਕ ਮੇਨ ਲਾਈਨ ( ਵਰਧਨ, ਜਿਥੇ ਕਿਤੇ ਜ਼ਰੂਰੀ ਹੋਵੇ, ਸਹਿਤ ) ਦੇ ਸਾਂਝੇ ਹਿੱਸੇ ਦੀ ਅਨੁਪਾਤਕ ਲਾਗਤ ਸ਼ਾਮਲ ਹੋਵੇਗੀ। ਪਰੰਤੂ, ਨਵੇਂ ਗਰਿਡ ਸਬ-ਸਟੇਸ਼ਨ ਦੀ ਰਚਨਾ ਜਾਂ ਮੌਜੂਦਾ ਗਰਿਡ ਸਬ-ਸਟੇਸ਼ਨ ਦਾ ਵਰਧਨ, ਜੇਕਰ ਲੋੜੀਂਦਾ ਹੋਵੇ, ਵਿਨਿਯਮ 9.2 ਦੇ ਅਨੁਸਾਰ ਲਾਇਸੈਂਸੀ ਦੁਆਰਾ ਆਪਣੀ ਲਾਗਤ ’ਤੇ ਕਰਵਾਇਆ ਜਾਵੇਗਾ।

ਵੰਡ ਲਾਇਸੈਂਸੀ ਕਮਿਸ਼ਨ ਦੁਆਰਾ ਪ੍ਰਵਾਨ ਕੀਤੇ ਗਏ ਮਿਆਰੀ ਲਾਗਤ ਡੈਟੇ ਉਤੇ ਆਧਾਰਤ ਇਕ ਤਖਮੀਨਾ ਤਿਆਰ ਕਰੇਗਾ ਅਤੇ ਬਿਨੈਕਾਰ ਨੂੰ ਕਾਰਜ ਦੇ ਸ਼ੁਰੂ ਹੋਣ ਤੋਂ ਪਹਿਲਾਂ ਸਿਕਿਉਰਟੀ ( ਕਾਰਜ ) ਵਜੋਂ ਅਜਿਹੀ ਰਕਮ ਜਮ੍ਹਾਂ ਕਰਵਾਉਣੀ ਪਵੇਗੀ। ਅੰਤਮ ਬਿਲ ਕਾਰਜ ਦੀ ਮੁਕੰਮਲਤਾ ਮਗਰੋਂ ਵੰਡ ਲਾਇਸੈਂਸੀ ਦੁਆਰਾ ਤਿਆਰ ਕੀਤਾ ਜਾਵੇਗਾ ਅਤੇ ਅਵੱਸ਼ਕ ਵਸੂਲੀ ਜਾਂ ਵਾਪਸੀ ਰਕਮ ( refund ) ਵਿਨਿਯਮ 9.3 ਦੇ ਅਨੁਸਾਰ ਕੀਤਾ ਜਾਵੇਗਾ।

ਬਸ਼ਰਤੇ ਕਿ ਜਿਥੇ ਐਚ. ਟੀ. / ਈ. ਐਚ. ਟੀ. ਖਪਤਕਾਰ, ਜਿਹਨਾਂ ਦਾ ਮੰਨਜ਼ੂਰਸ਼ੁਦਾ ਲੋਡ / ਮੁਆਇਦਾ ਮੰਗ 100 ਕਿ. ਵਾ. / 100 ਕੇ. ਵੀ. ਏ. ਵੱਧ ਹੈ ਅਤੇ ਜਿਸ ਨੇ ਕੁਨੈਕਸ਼ਨ ਦੇ ਜਾਰੀ ਕਰਨ ਦੇ ਸਮੇਂ ’ਤੇ ਐਚ. ਟੀ. / ਈ. ਐਚ. ਟੀ. ਸਰਵਿਸ ਲਾਈਨ ਜਾਂ ਫੀਡਰ ( ਬਰੇਕਾਰ / ਬੇਅ ) ਸਹਿਤ ਵਾਸਤਵਿਕ ਲਾਗਤ ਅਦਾ ਕੀਤੀ ਹੋਈ ਹੈ, ਅਤਿਰਿਕਤ ਲੋਡ / ਮੰਗ ਲਈ ਬੇਨਤੀ ਕਰਦਾ ਹੈ ਅਤੇ ਅਜਿਹਾ ਲੋਡ / ਮੰਗ ਬਿਨਾਂ ਕਿਸੇ ਵਰਧਨ ਦੇ ਉਸੇ ਲਾਈਨ ਤੋਂ ਫੈੱਡ ਕੀਤਾ ਜਾ ਸਕਦਾ ਹੈ ਤਦ ਐਚ. ਟੀ. / ਈ. ਐਚ. ਟੀ. ਖਪਤਕਾਰ ਬਰੇਕਰ / ਬੇਅ ਸਹਿਤ ਫੀਡਿੰਗ ਸਬ-ਸਟੇਸ਼ਨ ਤੱਕ ਐਚ. ਟੀ. / ਈ. ਐਚ. ਟੀ. ਮੇਨ / ਸਾਂਝੀ ਲਾਈਨ ਦੀ ਕੇਵਲ ਅਨੁਪਾਤਕ ਲਾਗਤ ਅਦਾ ਕਰਨ ਦਾ ਭਾਗੀ ਹੋਵੇਗਾ। ਉਸ ਖਪਤਕਾਰ ਦੇ ਕੇਸ ਵਿੱਚ, ਜਿਸ ਨੂੰ ਕੇਵਲ ਮਾਤਰ ਸਵਤੰਤਰ ਲਾਈਨ / ਫੀਡਰ ਤੋਂ ਬਿਜਲੀ ਦਿੱਤੀ ਜਾ ਰਹੀ ਹੈ, ਉਹ ਅਤਿਰਿਕਤ ਮੰਗ ਦੀ ਬੇਨਤੀ ਕਰਦਾ ਹੈ ਜਿਹੜੀ ਕਿ ਬਿਨਾਂ ਵਰਧਨ ਦੇ ਜਾਰੀ ਕੀਤੀ ਜਾ ਸਕਦੀ ਹੈ, ਤਾਂ ਖਪਤਕਾਰ ਦੁਆਰਾ ਅਤਿਰਿਕਤ ਮੰਗ ਲਈ ਕੋਈ ਖਰਚੇ ਅਦਾ ਕਰਨ ਯੋਗ ਨਹੀਂ ਹੋਣਗੇ।

ਅ) <u>ਏ. ਪੀ ਸਪਲਾਈ</u> : –

ਇਸ ਕੈਟਾਗਰੀ ਅਧੀਨ ਅਤਿਰਿਕਤ ਲੋਡ ਦੀ ਮੰਗ ਕਰ ਰਹੇ ਖਪਤਕਾਰ ਕਮਿਸ਼ਨ ਦੁਆਰਾ ਪ੍ਰਵਾਨ ਕੀਤੇ ਗਏ ਅਨੁਸਾਰ ਅਤਿਰਿਕਤ ਲੋਡ ਲਈ ਚਾਰਜਿਜ਼ ( ਪ੍ਰਤਿ ਬੀ. ਐਚ. ਪੀ. / ਕਿ. ਵਾ. ) ਦੀ ਅਦਾਇਗੀ ਕਰਨਗੇ। ਇਹ ਚਾਰਜਿਜ਼ ਉਥੇ ਅਦਾ ਕਰਨ ਯੋਗ ਹੋਣਗੇ ਜਿਥੇ ਸਰਵਿਸ ਲਾਈਨ ਦੀ ਲੰਬਾਈ ਪੰਜ ਸੌ (500) ਮੀਟਰ ਤੱਕ ਹੈ।

ਜਿਥੇ ਮੌਜੂਦਾ ਸਰਵਿਸ ਲਾਈਨ ਦੀ ਲੰਬਾਈ ਪੰਜ ਸੌ (500) ਮੀਟਰ ਤੋਂ ਵੱਧ ਹੈ ਅਤੇ ਅਤਿਰਿਕਤ ਲੋਡ ਦਾ ਉਪਬੰਧ ਕਰਨ ਲਈ ਮੌਜੂਦਾ ਸਰਵਿਸ ਲਾਈਨ ਦੇ ਵਰਧਨ ਦੀ ਜ਼ਰੂਰਤ ਹੈ ਤਾਂ ਬਿਨੈਕਾਰ ਨੂੰ ਅਤਿਰਿਕਤ ਲੋਡ ਲਈ ਬੀ. ਐਚ. ਪੀ. / ਕਿ. ਵਾ. ਚਾਰਜਿਜ਼ ਤੋਂ ਇਲਾਵਾ ਕਮਿਸ਼ਨ ਦੁਆਰਾ ਪ੍ਰਵਾਨ ਕੀਤੇ ਗਏ ਦਰਾਂ ’ਤੇ ਉਪਰੋਕਤ ਦਸੇ ਗਏ ਅਨੁਸਾਰ ਨਿਰਧਾਰਿਤ ਸੀਮਾਂ ਤੋਂ ਬਾਹਰ ਦੀ ਸਰਵਿਸ ਲਾਈਨ ਦੀ ਲੰਬਾਈ ਵਾਸਤੇ ਪਰਿਵਰਤਨਸ਼ੀਲ ਚਾਰਜਿਜ਼ ਅਦਾ ਕਰਨੇ ਪੈਣਗੇ। ਪਰੰਤੂ ਜੇਕਰ ਸਰਵਿਸ ਲਾਈਨ ਦਾ ਕੋਈ ਵਾਧਾ ਕਰਨਾ ਲੋੜੀਂਦਾ ਨਹੀਂ ਹੈ ਤਦ ਖਪਤਕਾਰ ਅਤਿਰਿਕਤ ਲੋਡ ਲਈ ਕੇਵਲ ਬੀ. ਐਚ. ਪੀ. / ਕਿ. ਵਾ. ਚਾਰਜਿਜ਼ ਅਦਾ ਕਰੇਗਾ।

(ੲ) <u>ਰੇਲਵੇ ਟ੍ਰੈਕਸ਼ਨ</u> : –

ਜੇਕਰ ਅਤਿਰਿਕਤ ਮੰਗ ਸਮੇਤ ਕੁਲ ਮੰਗ ਨੂੰ ਬਿਨਾਂ ਕਿਸੇ ਵਰਧਨ ਦੇ ਮੌਜੂਦਾ ਸਿਸਟਮ ਤੋਂ ਫੈਡ ਕੀਤਾ ਜਾ ਸਕਦਾ ਹੈ ਤਾਂ ਕੋਈ ਵੀ ਚਾਰਜਿਜ਼ ਅਦਾਇਗੀ ਯੋਗ ਨਹੀਂ ਹੋਣਗੇ। ਪਰੰਤੂ ਜੇਕਰ ਅਤਿਰਿਕਤ ਮੰਗ ਨੂੰ ਜਾਰੀ ਕਰਨ ਵਾਸਤੇ ਵਰਧਨ ਦੀ ਲੋੜ ਹੈ ਤਦ ਖਪਤਕਾਰ ਦੁਆਰਾ 132 ਕੇ. ਵੀ. / 220 ਕੇ. ਵੀ. ਲਾਈਨ ਦੇ ਵਰਧਨ ਦੀ ਵਾਸਤਵਿਕ ਲਾਗਤ, ਜਿਸ ਵਿੱਚ ਕੰਟਰੋਲਿੰਗ ਬੇਅ/ ਸਵਿੱਚ ਗੀਅਰ, ਜਿਵੇਂ ਵੀ ਕੇਸ ਹੋਵੇ, ਦੀ ਲਾਗਤ ਸ਼ਾਮਲ ਹੈ, ਦੀ ਅਦਾਇਗੀ ਕੀਤੀ ਜਾਵੇਗੀ। ਅਜਿਹੇ ਕੇਸਾਂ ਵਿੱਚ, ਵੰਡ ਲਾਇਸੈਂਸੀ ਕਮਿਸ਼ਨ ਦੁਆਰਾ ਪ੍ਰਵਾਨ ਕੀਤੇ ਗਏ ਮਿਆਰੀ ਲਾਗਤ ਡੈਟੇ ਉਤੇ ਆਧਾਰਤ ਇਕ ਤਖਮੀਨਾ ਤਿਆਰ ਕਰੇਗਾ ਅਤੇ ਬਿਨੈਕਾਰ ਨੂੰ ਅਜਿਹੀ ਰਕਮ ਕਾਰਜ ਦੀ ਸ਼ੁਰੂਆਤ ਤੋਂ ਪਹਿਲਾਂ ਸਿਕਿਉਰਟੀ ( ਕਾਰਜ ) ਵਜੋਂ ਜਮ੍ਹਾਂ ਕਰਵਾਉਣੀ ਪਵੇਗੀ। ਅੰਤਮ ਬਿਲ ਕਾਰਜ ਦੀ ਮੁਕੰਮਲਤਾ ਮਗਰੋਂ ਵੰਡ ਲਾਇਸੈਂਸੀ ਦੁਆਰਾ ਤਿਆਰ ਕੀਤਾ ਜਾਵੇਗਾ ਅਤੇ ਜ਼ਰੂਰੀ ਵਸੂਲੀ ਜਾਂ ਵਾਪਸੀ ਵਿਨਿਯਮ 9.3 ਦੇ ਅਨੁਸਾਰ ਕੀਤੀ ਜਾਵੇਗੀ।

(ਸ) <u>ਗਲੀ ਪ੍ਰਕਾਸ਼ (street lighting)</u> :

ਗਲੀ ਪ੍ਰਕਾਸ਼ ਕੈਟਾਗਰੀ ( ਐਲ. ਟੀ. ) ਅਧੀਨ ਕੁਟੈਕਸ਼ਨ ਦੀ ਮੰਗ ਕਰ ਰਿਹਾ ਬਿਨੈਕਾਰ ਕਮਿਸ਼ਨ ਦੁਆਰਾ ਪ੍ਰਵਾਨ ਕੀਤੇ ਗਏ ਅਨੁਸਾਰ ਮਿਆਰੀ ਲਾਗਤ ਡੈਟੇ ਵਿੱਚ ਉਪਬੰਧ ਕੀਤੇ ਗਏ ਅਨੁਸਾਰ ਖਰਚੇ (ਚਾਰਜਿਜ਼) ਅਦਾ ਕਰੇਗਾ।

(ਹ) <u>ਏ. ਪੀ. ਉਚ ਤਕਨੀਕ</u> : –

ਜੇਕਰ ਅਤਿਰਿਕਤ ਮੰਗ ਸਮੇਤ ਕੁਲ ਮੰਗ ਨੂੰ ਬਿਨਾਂ ਕਿਸੇ ਵਰਧਨ ਦੇ ਮੌਜੂਦਾ ਸਿਸਟਮ ਤੋਂ ਫੈਡ ਕੀਤਾ ਜਾ ਸਕਦਾ ਹੈ ਤਾਂ ਕੋਈ ਵੀ ਚਾਰਜਿਜ਼ ਅਦਾਇਗੀ ਯੋਗ ਨਹੀਂ ਹੋਣਗੇ। ਪਰੰਤੂ ਜੇਕਰ ਅਤਿਰਿਕਤ ਮੰਗ ਨੂੰ ਜਾਰੀ ਕਰਨ ਵਾਸਤੇ ਵਰਧਨ ਦੀ ਲੋੜ ਹੈ ਤਦ ਏ. ਪੀ. ਉਚ ਤਕਨੀਕ ਦੀ ਕੈਟਾਗਰੀ ਅਧੀਨ ਕੁਨੈਕਸ਼ਨ ਦੀ ਮੰਗ ਕਰ ਰਹੇ ਖਪਤਕਾਰ ਨੂੰ ਵੰਡ ਲਾਇਸੈਂਸੀ ਦੁਆਰਾ ਕੀਤੇ ਗਏ ਵਾਸਤਵਿਕ ਖਰਚਿਆਂ ਦੀ ਅਦਾਇਗੀ ਕਰਨੀ ਪਵੇਗੀ। ਅਜਿਹੇ ਕੇਸਾਂ ਵਿੱਚ ਵੰਡ ਲਾਇਸੈਂਸੀ ਕਮਿਸ਼ਨ ਦੁਆਰਾ ਪ੍ਰਵਾਨ ਕੀਤੇ ਗਏ ਮਿਆਰੀ ਲਾਗਤ ਡੈਟੇ ਉਤੇ ਆਧਾਰਤ ਇਕ ਤਖਮੀਨਾ ਤਿਆਰ ਕਰੇਗਾ ਅਤੇ ਬਿਨੈਕਾਰ ਨੂੰ ਕਾਰਜ ਦੇ ਸ਼ੁਰੂ ਹੋਣ ਤੋਂ ਪਹਿਲਾਂ ਸਿਕਿਉਰਟੀ (ਕਾਰਜ) ਵਜੋਂ ਅਜਿਹੀ ਰਕਮ ਜਮ੍ਹਾਂ ਕਰਵਾਉਣੀ ਪਵੇਗੀ। ਅੰਤਮ ਬਿਲ ਕਾਰਜ ਦੀ ਮੁਕੰਮਲਤਾ ਮਗਰੋਂ ਵੰਡ ਲਾਇਸੈਂਸੀ

ਦੁਆਰਾ ਤਿਆਰ ਕੀਤਾ ਜਾਵੇਗਾ ਅਤੇ ਜ਼ਰੂਰੀ ਵਸੂਲੀ ਜਾਂ ਵਾਪਸੀ ਵਿਨਿਯਮ 9.3 ਦੇ ਅਨੁਸਾਰ ਕੀਤੀ ਜਾਵੇਗੀ।

(ਕ) ਕੈਪਟਿਵ ਪਾਵਰ ਪਲਾਂਟ ( CPP ) / ਸਹਿ ਉਤਪਾਦਨ ( co-generation ) ਪਲਾਂਟ/ ਊਰਜਾ ਦੇ ਨਵੇਂ ਅਤੇ ਨਵਿਆਉਣਯੋਗ ਸਾਧਨ ( NRSE ) ਪਲਾਂਟ / ਸਵਤੰਤਰ ਪਾਵਰ ਉਤਪਾਦਕ (IPPs) :-

ਜੇਕਰ ਕੈਪਟਿਵ ਪਾਵਰ ਪਲਾਂਟਾਂ ( CPP ) / ਸਹਿ ਉਤਪਾਦਨ ( co-generation ) ਪਲਾਂਟਾਂ / ਊਰਜਾ ਦੇ ਨਵੇਂ ਅਤੇ ਨਵਿਆਉਣਯੋਗ ਸਾਧਨ (NRSE) ਪਲਾਂਟਾਂ/ ਸਵਤੰਤਰ ਪਾਵਰ ਉਤਪਾਦਕਾਂ (IPPs) ਦਾ ਮਾਲਕ ਆਪਣੀਆਂ ਲੋੜਾਂ ( ਸ਼ੁਰੂਆਤੀ [ਸਟਾਰਟ ਅਪ] ਪਾਵਰ ਤੋਂ ਹੋਰਵੇਂ ) ਨੂੰ ਪੂਰਾ ਕਰਨ ਲਈ ਅਤਿਰਿਕਤ ਲੋਡ / ਮੰਗ ਦੇ ਜਾਰੀ ਕਰਨ ਵਾਸਤੇ ਬੇਨਤੀ ਕਰਦਾ ਹੈ ਤਾਂ ਸਰਵਿਸ ਕੁਨੈਕਸ਼ਨ ਚਾਰਜਿਜ਼ / ਖਰਚ ਦੀ ਵਸੂਲੀ ਨੂੰ ਨਿਮਨ ਅਨੁਸਾਰ ਨਿਯਮਿਤ ਕੀਤਾ ਜਾਵੇਗਾ : -

(i) ਜੇਕਰ ਅਤਿਰਿਕਤ ਲੋਡ / ਡੀਮਾਂਡ ਸਹਿਤ ਕੁੱਲ ਲੋਡ / ਡੀਮਾਂਡ ਬਿਨੈਕਾਰ ਦੀ ਲਾਗਤ ’ਤੇ ਸਥਾਪਿਤ ਕੀਤੀ ਗਈ ਨਿਕਾਸੀ ਲਾਈਨ ਤੋਂ ਫੈਡ ਕੀਤੀ ਜਾ ਸਕਦੀ ਹੈ ਅਤੇ ਉਪਰੋਕਤ ਵਿਨਿਯਮ 9.1.1. (ਕ) (i) ਦੇ ਅਨੁਸਾਰ ਇਹਨਾਂ ਪਲਾਂਟਾਂ ਤੋਂ ਬਿਜਲੀ ਦੀ ਨਿਕਾਸ ਲਈ ਵਰਤੀ ਜਾ ਸਕਦੀ ਹੈ ਤਾਂ ਅਜਿਹੇ ਅਤਿਰਿਕਤ ਲੋਡ / ਡੀਮਾਂਡ ਦੇ ਜਾਰੀ ਕਰਨ ਲਈ ਕੋਈ ਸਰਵਿਸ ਕੁਨੈਕਸ਼ਨ ਖਰਚੇ / ਚਾਰਜਿਜ਼ ਬਿਨੈਕਾਰ ਤੋਂ ਵਸੂਲੀ ਯੋਗ ਨਹੀਂ ਹੋਣਗੇ। ਪਰੰਤੂ, ਜੇਕਰ ਵਰਧਨ ਦੀ ਜ਼ਰੂਰਤ ਹੈ ਤਾਂ ਇਸ ਨੂੰ ਬਿਨੈਕਾਰ ਦੀ ਲਾਗਤ ’ਤੇ ਕੀਤਾ ਜਾਵੇਗਾ।

(ii) ਜੇਕਰ ਅਤਿਰਿਕਤ ਲੋਡ/ ਮੰਗ ਨੂੰ ਨਿਕਾਸੀ ਲਾਈਨ ਤੋਂ ਫੈਡ ਕੀਤਾ ਜਾ ਸਕਦਾ ਹੈ ਤਾਂ ਜਿਸ ਦੀ ਲਾਗਤ ਉਪਰੋਕਤ ਵਿਨਿਯਮ 9.1.1. (ਕ) (ii) ਦੇ ਅਨੁਸਾਰ ਖਪਤਕਾਰ ਤੋਂ ਵਸੂਲ ਕਰ ਲਈ ਗਈ ਹੈ ਤਦ ਕੋਈ ਸਰਵਿਸ ਕੁਨੈਕਸ਼ਨ ਚਾਰਜਿਜ਼/ ਖਰਚ ਬਿਨੈਕਾਰ ਤੋਂ ਵਸੂਲਯੋਗ ਨਹੀਂ ਹੋਣਗੇ। ਪਰੰਤੂ, ਜੇਕਰ ਵਰਧਨ ਦੀ ਲੋੜ ਹੈ ਤਾਂ ਇਹ ਬਿਨੈਕਾਰ ਦੀ ਲਾਗਤ ’ਤੇ ਕੀਤਾ ਜਾਵੇਗਾ।

(iii) ਜੇਕਰ ਅਤਿਰਿਕਤ ਲੋਡ / ਮੰਗ ਨੂੰ ਉਪਰੋਕਤ ਵਿਨਿਯਮ 9.1.1. (ਕ) (iii) ਦੇ ਅਨੁਸਾਰ ਲਾਈਨ ਤੋਂ ਜਾਰੀ ਕੀਤਾ ਜਾਣਾ ਹੈ, ਤਦ ਖਪਤਕਾਰ ਨੂੰ ਮਿਆਰੀ ਲਾਗਤ ਡੈਟੇ ਅਨੁਸਾਰ ਕੁੱਲ ਲੋਡ / ਮੰਗ ,ਜੋ ਕਿ 100 ਕਿ. ਵਾ. / ਕੇ. ਵੀ. ਏ. ਤੋਂ ਵੱਧ ਨਹੀਂ ਹੋਵੇਗੀ, ਲਈ ਲਾਗੂ ਹੋਣ ਯੋਗ ਸਲੈਬ ਦਰ ’ਤੇ ਅਤਿਰਿਕਤ ਲੋਡ / ਮੰਗ ਵਾਸਤੇ ਕਿ. ਵਾ. / ਕੇ. ਵੀ. ਏ. ਖਰਚੇ ਅਦਾ ਕਰਨੇ ਪੈਣਗੇ। ਜੇਕਰ 100 ਕਿ. ਵਾ. / ਕੇ. ਵੀ. ਏ. ਤੋਂ ਵਧੀਕ ਕੁੱਲ ਲੋਡ/ ਮੰਗ ਲਾਈਨ ਤੋਂ ਜਾਰੀ ਕੀਤੀ ਜਾ ਸਕਦੀ ਹੈ ਜਿਸ ਦੀ ਨਿਯਮਕ ਲਾਗਤ ਉਪਰੋਕਤ ਵਿਨਿਯਮ 9.1.1. (ਕ) (iii) ਦੇ ਅਨੁਸਾਰ ਖਪਤਕਾਰ ਤੋਂ ਵਸੂਲੀ ਕੀਤੀ ਜਾ ਚੁੱਕੀ ਹੈ ਤਾਂ ਖਪਤਕਾਰ ਤੋਂ ਕੋਈ ਰਕਮ ਵਸੂਲੀਯੋਗ ਨਹੀਂ ਜਾਵੇਗੀ। ਪਰੰਤੂ ਜੇਕਰ ਉਚੇਰੀ ਸਮਰੱਥਾ ਦੀ ਲਾਈਨ ਅਤਿਰਿਕਤ ਲੋਡ / ਮੰਗ ਸਹਿਤ ਕੁੱਲ ਲੋਡ / ਮੰਗ ਨੂੰ ਪੂਰਾ ਕਰਨ ਲਈ ਲੋੜੀਂਦੀ ਹੈ ਤਦ ਖਪਤਕਾਰ ਨੂੰ ਅਜਿਹੀ ਲਾਈਨ ਦੀ ਨਿਯਮਕ ਲਾਗਤ ਅਦਾ ਕਰਨੀ ਪਵੇਗੀ ਜਿਸ ਵਿਚੋਂ ਵਿਨਿਯਮ 9.1.1. (ਕ) (iii) ਦੇ ਅਨੁਸਾਰ ਪਹਿਲਾਂ ਹੀ ਜਮ੍ਹਾਂ ਕਰਵਾਈ ਗਈ ਲਾਗਤ ਮਨਫੀ ਕਰ ਦਿੱਤੀ ਜਾਵੇਗੀ।

9.1.4 ਆਰਜ਼ੀ / ਅਸਥਾਈ ਸਪਲਾਈ : -

ਇਸ ਕੈਟਾਗਰੀ ਅਧੀਨ ਬਿਨੈਕਾਰ ਆਰਜ਼ੀ / ਅਸਥਾਈ ਕੁਨੈਕਸ਼ਨ ਮੁਹੱਈਆ ਕਰਨ ਲਈ ਖਰਚ ਵਾਸਤੇ ਨਿਮਨ ਅਨੁਸਾਰ ਅਦਾਇਗੀ ਕਰੇਗਾ : -

(ੳ) ਉਸਾਰੀ ਦੀ ਕੀਮਤ ਅਤੇ ਸਬੰਧਤ ਕਾਰਜ ਢਾਹੁਣ ਦੀ ਲਾਗਤ ਸਮੇਤ ਖਪਤਯੋਗ
(ਅ) ਕਮਿਸ਼ਨ ਦੁਆਰਾ ਪ੍ਰਵਾਨ ਕੀਤੇ ਗਏ ਅਨੁਸਾਰ ਜਨਰਲ ਚਾਰਜਿਜ਼ ਦੀ ਅਨੁਸੂਚੀ ਵਿੱਚ ਦਿੱਤੇ ਗਏ ਦਰਾਂ ਅਨੁਸਾਰ ਸਰਵਿਸ ਲਾਈਨ / ਬਿਜਲਈ ਪਲਾਂਟ ਦੇ ਕਿਰਾਏ।

## 9.2 ਵੰਡ ਸਿਸਟਮ ਦੀ ਅਪਗ੍ਰੇਡੇਸ਼ਨ :-

9.2.1 ਵੰਡ ਲਾਇਸੈਂਸੀ ਇਹ ਯਕੀਨੀ ਬਣਾਉਣ ਲਈ ਜਿੰਮੇਵਾਰ ਹੋਵੇਗਾ ਕਿ ਇਸ ਦਾ ਵੰਡ ਸਿਸਟਮ ਇਸ ਦੇ ਸਪਲਾਈ ਦੇ ਖੇਤਰ ਵਿੱਚ ਇਸ ਦੇ ਮੌਜੂਦਾ ਖਪਤਕਾਰਾਂ ਵਾਸਤੇ ਅਜਿਹੀ ਮੰਗ ਦੇ ਭਵਿਖੀ ਵਾਧੇ ਸਹਿਤ ਬਿਜਲੀ ਦੀ ਮੰਗ ਨੂੰ ਪੂਰਾ ਕਰਨ ਲਈ ਅਪ-ਗਰੇਡ, ਵਿਸਤਾਰਿਤ ਅਤੇ ਮਜ਼ਬੂਤ ਕੀਤਾ ਗਿਆ ਹੈ।

ਵੰਡ ਲਾਇਸੈਂਸੀ ਮੌਜੂਦਾ ਮੰਗ ਅਤੇ ਮੰਗ ਦੇ ਭਵਿਖੀ ਵਾਧੇ ਦੀ ਸੰਭਾਵਨਾ ਨੂੰ ਪੂਰਾ ਕਰਨ ਲਈ ਵੰਡ ਸਿਸਟਮ ਦੀ ਅਜਿਹੀ ਮਜ਼ਬੂਤੀ / ਅਪਗਰੇਡੇਸ਼ਨ / ਵਿਸਤਾਰ ਕਰਨ ਦੀ ਲਾਗਤ ਇਸਦੇ ਮਾਲੀਏ ਰਾਹੀਂ ਪੂਰੀ ਕਰੇਗਾ ਅਤੇ ਅਜਿਹੀ ਲਾਗਤ ਕਮਿਸ਼ਨ ਦੁਆਰਾ ਰਸਮੀ ਜਾਂਚ ਮਗਰੋਂ ਟੈਰਿਫ ਰਾਹੀਂ ਵਸੂਲ ਕੀਤੇ ਜਾਣ ਦੀ ਇਜਾਜ਼ਤ ਦਿੱਤੀ ਜਾਵੇਗੀ।

9.2.2 ਵੰਡ ਲਾਇਸੈਂਸੀ ਜਦੋਂ ਤੱਕ ਇਹਨਾਂ ਵਿਨਿਯਮਾਂ ਵਿੱਚ ਸੁਨਿਸ਼ਚਿਤ ਕੀਤੇ ਗਏ ਤੋਂ ਹੋਰਵੇਂ ਜਾਂ ਕਮਿਸ਼ਨ ਦੇ ਆਦੇਸ਼ਾਂ ਦੁਆਰਾ, ਅਹਾਤੇ ਨੂੰ ਬਿਜਲੀ ਦੀ ਸਪਲਾਈ ਕਰਨ ਲਈ ਜਿੰਮੇਵਾਰੀਆਂ ਪੂਰੀਆਂ ਨਹੀਂ ਕਰ ਲੈਂਦਾ, ਅਤੇ ਤਦ ਤੱਕ ਕਿਸੇ ਵੀ ਖਰਚ ਦੀ ਬਿਨੈਕਾਰ ਤੋਂ ਕਿਸੇ ਅਦਾਇਗੀ ਜਾਂ ਪ੍ਰਤਿਪੂਰਤੀ ਕਲੇਮ ਨਹੀਂ ਕਰੇਗਾ, ਜੇਕਰ ਕਮਿਸ਼ਨ ਦੁਆਰਾ ਪ੍ਰਵਾਨ ਕੀਤੀ ਗਈ ਕਿਸੇ ਸਕੀਮ ਅਧੀਨ ਜਾਂ ਕਿਸੇ ਰਾਜ / ਕੇਂਦਰੀ ਸਰਕਾਰ ਦੀ ਪ੍ਰਯੋਜਨ ਕੀਤੀ ਸਕੀਮ ਅਧੀਨ ਵੰਡ ਲਾਇਸੈਂਸੀ ਦੁਆਰਾ ਅਜਿਹਾ ਖਰਚ ਕੀਤਾ ਜਾ ਚੁੱਕਾ ਹੈ ਜਾਂ ਕੀਤਾ ਜਾਣ ਵਾਲਾ ਹੈ ਅਤੇ ਜਿਥੇ ਅਜਿਹੇ ਖਰਚ ਨੂੰ ਵੰਡ ਲਾਇਸੈਂਸੀ ਦੀਆਂ ਮਾਲੀਏ ਦੀਆਂ ਮੰਗਾਂ ਦੇ ਇਕ ਹਿੱਸੇ ਵਜੋਂ ਅਤੇ / ਜਾਂ ਕਿਸੇ ਏਜੰਸੀ ਤੋਂ ਗ੍ਰਾਂਟ / ਸਹਾਇਤਾ ਦੇ ਜ਼ਰੀਏ ਵੰਡ ਲਾਇਸੈਂਸੀ ਦੁਆਰਾ ਵਸੂਲ ਕੀਤੇ ਜਾਣ ਦੀ ਹੋਰਵੇਂ ਇਜਾਜ਼ਤ ਹੋਵੇ।

## 9.3 ਬਿਜਲੀ ਦੀ ਲਾਈਨ ਜਾਂ ਬਿਜਲਈ ਪਲਾਂਟ ਲਈ ਸਿਕਿਉਰਟੀ ( ਕਾਰਜ ) : -

9.3.1 ਵੰਡ ਲਾਇਸੈਂਸੀ ਮਿਆਰੀ ਲਾਗਤ ਡੈਟੇ ਅਤੇ ਡੀਮਾਂਡ ਨੋਟਿਸ ਰਾਹੀਂ ਬਿਨੈਕਾਰ ਨੂੰ ਸੂਚਿਤ ਕੀਤੇ ਗਏ ਦੇ ਆਧਾਰ ਉਤੇ ਕੱਢੇ ਗਏ ਬਿਜਲੀ ਦੀ ਲਾਈਨ ਜਾਂ ਬਿਜਲਈ ਪਲਾਂਟ ਮੁਹੱਈਆ ਕਰਨ, ਜਿਵੇਂ ਵੀ ਕੇਸ ਹੋਵੇ, ਦੇ ਅਨੁਮਾਨਤ ਖਰਚ ਵਿਰੁੱਧ ਵਿਨਿਯਮ 9.1.1 ਅਤੇ 9.1.3 ਵਿੱਚ ਉਪਬੰਧ ਕੀਤੇ ਗਏ ਅਨੁਸਾਰ ਬਿਨੈਕਾਰ ਤੋਂ ਸਿਕਿਉਰਟੀ ( ਕਾਰਜ ) ਜਮ੍ਹਾਂ ਕਰਵਾਉਣ ਦਾ ਹੱਕਦਾਰ ਹੋਵੇਗਾ। ਪਰੰਤੂ ਜਿਥੇ ਬਿਨੈਕਾਰ ਲਈ ਇਕਹਿਰੀ ਸਰਕਟ ਲਾਈਨ / ਫੀਡਰ ਉਸਾਰਨ ਲਈ ਬਹੁ-ਭਾਂਤੀ ਸਰਕਟ ਟਾਵਰ / ਟੇਕਾਂ ( supports ) ਨੂੰ ਵਰਤਿਆ ਜਾਂਦਾ ਹੈ ਤਾਂ ਇਕਹਿਰੇ ਸਰਕਟ ਟਾਵਰ / ਟੇਕ ( supports ) ਦੀ ਲਾਗਤ ਵਸੂਲੀ ਯੋਗ ਹੋਵੇਗੀ।

9.3.2 ਬਿਨੈਕਾਰ ਦੁਆਰਾ ਵਿਨਿਯਮ 9.3.1. ਅਨੁਸਾਰ ਸਿਕਿਉਰਟੀ ( ਕਾਰਜ ) ਜਮ੍ਹਾਂ ਕਰਵਾਉਣ ਮਗਰੋਂ, ਵੰਡ ਲਾਇਸੈਂਸੀ ਇਹਨਾਂ ਵਿਨਿਯਮਾਂ ਦੇ ਵਿਨਿਯਮ 8 ਵਿੱਚ ਸੁਨਿਸ਼ਚਿਤ ਕੀਤੇ ਗਏ ਅਨੁਸਾਰ ਸਮਾਂ ਸੀਮਾਂ ਦੇ ਅੰਦਰ ਅੰਦਰ ਬਿਜਲੀ ਦੀ ਸਪਲਾਈ ਦੇਣ ਲਈ ਕਾਰਜ ਹੱਥ ਵਿੱਚ ਲਏਗਾ ਅਤੇ ਹੋਰ ਦੂਜੇ ਜ਼ਰੂਰੀ ਕਦਮ ਚੁਕਣੇ ਸ਼ੁਰੂ ਕਰੇਗਾ।

9.3.3 ਜੇਕਰ ਬਿਨੈਕਾਰ ਸਿਕਿਉਰਟੀ ( ਕਾਰਜ ) ਜਮ੍ਹਾਂ ਕਰਵਾਉਣ ਵਿੱਚ ਅਸਫਲ ਹੋ ਜਾਂਦਾ ਹੈ ਤਾਂ ਵੰਡ ਲਾਇਸੈਂਸੀ ਅਜਿਹੇ ਬਿਨੈਕਾਰ ਨੂੰ ਬਿਜਲੀ ਦੀ ਸਪਲਾਈ ਦੇਣ ਲਈ ਬਿਜਲੀ ਦੀ

ਲਾਈਨ ਜਾਂ ਬਿਜਲਈ ਪਲਾਂਟ, ਜਿਵੇਂ ਵੀ ਕੇਸ ਹੋਵੇ, ਮੁਹੱਈਆ ਕਰਨ ਦਾ ਕਾਰਜ ਹੱਥ ਵਿੱਚ ਨਹੀਂ ਲਏਗਾ।

9.3.4 ਜੇਕਰ ਨਵਾਂ ਕੁਨੈਕਸ਼ਨ ਜਾਂ ਲੋਡ/ ਮੰਗ ਵਿੱਚ ਵਿਸਤਾਰ ਜਾਰੀ ਕਰਨ ਵਿੱਚ ਉਪਰੋਕਤ ਵਿਨਿਯਮ 8 ਵਿੱਚ ਸੁਨਿਸ਼ਚਿਤ ਕੀਤੇ ਗਏ ਅਨੁਸਾਰ ਸਮੇਂ ਜਾਂ ਅਜਿਹੇ ਸਮੇਂ, ਜਿਵੇਂ ਕਿ ਕਮਿਸ਼ਨ ਦੁਆਰਾ ਇਜਾਜ਼ਤ ਦਿੱਤੀ ਜਾਵੇ, ਤੋਂ ਪਿਛੋਂ ਦੇਰੀ ਹੋ ਜਾਂਦੀ ਹੈ ਤਾਂ ਵੰਡ ਲਾਇਸੈਂਸੀ ਸੁਨਿਸ਼ਚਿਤ ਕੀਤੇ ਗਏ ਸਮੇਂ ਤੋਂ ਪਿਛੋਂ ਦੇਰੀ ਦੇ ਸਮੇਂ ਲਈ ਸਿਕਿਉਰਟੀ (ਕਾਰਜ) ਉਤੇ ਸਬੰਧਤ ਸਾਲ ਦੀ ਪਹਿਲੀ ਅਪ੍ਰੈਲ ਤੋਂ ਪ੍ਰਚਲਤ ਐਸ. ਬੀ. ਆਈ. (SBI) ਦੇ ਆਧਾਰ ਦਰ ਜਮ੍ਹਾਂ 2% 'ਤੇ ਵਿਆਜ ਅਦਾ ਕਰਨ ਦਾ ਭਾਗੀ ਹੋਵੇਗਾ। ਇਹ ਇਹਨਾਂ ਵਿਨਿਯਮਾਂ ਦੇ ਵਿਨਿਯਮ 8.6 ਅਧੀਨ ਵੰਡ ਲਾਇਸੈਂਸੀ ਉਤੇ ਲਾਏ ਜਾਣ ਵਾਲੇ ਦੰਡ ਦਾ ਭਾਗੀ ਹੋਣ ਤੋਂ ਇਲਾਵਾ ਹੋਣਗੇ।

9.3.5 ਵੰਡ ਲਾਇਸੈਂਸੀ ਦੁਆਰਾ ਬਿਨੈਕਾਰ ਨੂੰ ਬਿਜਲੀ ਦੀ ਸਪਲਾਈ ਦੇਣ ਲਈ ਬਿਜਲੀ ਦੀ ਲਾਈਨ ਜਾਂ ਬਿਜਲਈ ਪਲਾਂਟ ਮੁਹੱਈਆ ਕਰਨ ਵਾਸਤੇ ਕੀਤੇ ਗਏ ਖਰਚ ਦਾ ਰਿਕਾਰਡ ਮੇਨਟੇਨ ਕੀਤਾ ਜਾਵੇਗਾ।

9.3.6 ਬਿਜਲੀ ਦੀ ਲਾਈਨ ਜਾਂ ਬਿਜਲਈ ਪਲਾਂਟ, ਜਿਵੇਂ ਵੀ ਕੇਸ ਹੋਵੇ, ਦੇ ਕਾਰਜ ਦੀ ਤਾਮੀਲੀ ਮਗਰੋਂ ਵੰਡ ਲਾਇਸੈਂਸੀ ਬਿਨੈਕਾਰ ਤੋਂ ਵਾਸਤਵਿਕ ਤੌਰ ਤੇ ਕੀਤੇ ਗਏ ਖਰਚ ਦੀ ਕੁੱਲ ਰਕਮ (ਵਸੂਲੀ ਯੋਗ ਰਕਮ) ਮੰਗਣ ਦਾ ਹੱਕਦਾਰ ਹੋਵੇਗਾ ਅਤੇ ਅਜਿਹੀ ਵਸੂਲੀ ਯੋਗ ਰਕਮ ਵਿਰੁੱਧ ਸਿਕਿਉਰਟੀ (ਕਾਰਜ) ਦਾ ਸਮਾਧਾਨ (ਐਡਜੱਸਟ) ਕਰੇਗਾ। ਸਿਕਿਉਰਟੀ (ਕਾਰਜ) ਦੀ ਰਕਮ, ਵਸੂਲੀ ਯੋਗ ਰਕਮ ਤੋਂ ਵਧੀਕ ਹੋਣ ਦੇ ਮੌਕੇ 'ਤੇ, ਵਧੀਕ ਰਕਮ ਦਾ ਵੰਡ ਲਾਇਸੈਂਸੀ ਦੁਆਰਾ ਕੁਨੈਕਸ਼ਨ ਜਾਰੀ ਕਰਨ ਦੀ ਮਿਤੀ ਤੋਂ ਸੱਠ (60) ਦਿਨਾਂ ਦੇ ਅੰਦਰ ਅੰਦਰ ਨਿਰਧਾਰਣ ਕੀਤਾ ਜਾਵੇਗਾ ਅਤੇ ਤੁਰੰਤ ਬਾਦੇ ਦੇ ਮਹੀਨਿਆਂ ਦੇ ਬਿਜਲੀ ਦੇ ਬਿਲਾਂ ਵਿਰੁੱਧ ਸਮਾਧਾਨ ਕਰਦਿਆਂ ਵਾਪਸ ਕੀਤਾ ਜਾਵੇਗਾ। ਜੇਕਰ ਵੰਡ ਲਾਇਸੈਂਸੀ ਵਧੀਕ ਰਕਮ ਨੂੰ ਵਾਪਸ ਕਰਨ ਵਿੱਚ ਅਤੇ ਤੁਰੰਤ ਬਾਦ ਦੇ ਮਹੀਨਿਆਂ ਦੇ ਬਿਜਲੀ ਦੇ ਬਿਲਾਂ ਵਿਰੁੱਧ ਇਸ ਨੂੰ ਸਮਾਧਾਨ ਕਰਨ ਵਿੱਚ ਅਸਫਲ ਰਹਿੰਦਾ ਹੈ ਤਾਂ ਵੰਡ ਲਾਇਸੈਂਸੀ ਕੁਨੈਕਸ਼ਨ ਜਾਰੀ ਕਰਨ ਦੀ ਮਿਤੀ ਤੋਂ ਸੱਠ (60) ਦਿਨਾਂ ਤੋਂ ਬਾਦ ਦੇ ਦੇਰੀ ਦੇ ਸਮੇਂ ਤੋਂ ਵਧੀਕ ਰਕਮ ਦੇ ਸਮਾਧਾਨ ਹੋਣ ਤੱਕ ਵਧੀਕ ਰਕਮ ਉਤੇ ਸਬੰਧਤ ਸਾਲ ਦੀ ਪਹਿਲੀ ਅਪ੍ਰੈਲ ਤੋਂ ਪ੍ਰਚਲਤ ਐਸ. ਬੀ. ਆਈ. (SBI) ਦੇ ਆਧਾਰ ਦਰ 'ਤੇ ਜਮ੍ਹਾਂ 2% ਦਾ ਦੂਹਰਾ ਵਿਆਜ ਅਦਾ ਕਰਨ ਦਾ ਭਾਗੀ ਹੋਵੇਗਾ। ਅਜਿਹੇ ਵਿਆਜ ਦੀ ਰਕਮ ਉਸ ਮਗਰੋਂ ਬਿਜਲੀ ਦੇ ਬਿਲਾਂ ਵਿਰੁੱਧ ਸਮਾਧਾਨ ਕੀਤੀ ਜਾਵੇਗੀ।

9.3.7 ਜੇਕਰ ਬਿਨੈਕਾਰ ਤੋਂ ਵਸੂਲੀ ਯੋਗ ਰਕਮ ਸਿਕਿਉਰਟੀ (ਕਾਰਜ) ਦੀ ਰਕਮ ਤੋਂ ਵੱਧ ਕੱਢੀ ਜਾਂਦੀ ਹੈ ਤਦ ਬਿਨੈਕਾਰ ਨੂੰ ਅਜਿਹੀ ਰਕਮ ਉਲੇਖ ਕਰਦਿਆਂ ਇਕ ਨੋਟਿਸ ਜਾਰੀ ਕੀਤਾ ਜਾਵੇਗਾ ਅਤੇ ਸਿਕਿਉਰਟੀ (ਕਾਰਜ) ਦੀ ਰਕਮ ਸਮਾਧਾਨ ਕਰਨ ਮਗਰੋਂ ਬਕਾਇਆ ਰਕਮ ਜਮ੍ਹਾਂ ਕਰਵਾਉਣ ਲਈ ਉਸ ਤੋਂ ਮੰਗ ਕੀਤੀ ਜਾਵੇਗੀ। ਜੇਕਰ ਬਿਨੈਕਾਰ ਨੋਟਿਸ ਦੇ ਦਿੱਤੇ ਜਾਣ ਤੋਂ ਤੀਹ (30) ਦਿਨਾਂ ਦੇ ਸਮੇਂ ਦੇ ਅੰਦਰ ਅੰਦਰ ਬਕਾਇਆ ਰਕਮ ਜਮ੍ਹਾਂ ਕਰਵਾਉਣ ਵਿੱਚ ਅਸਫਲ ਹੋ ਜਾਂਦਾ ਹੈ ਤਾਂ ਬਿਨੈਕਾਰ ਦੇਰੀ ਦੇ ਸਮੇਂ ਲਈ ਬਕਾਇਆ ਰਕਮ ਉਤੇ ਸਬੰਧਤ ਸਾਲ ਦੀ ਪਹਿਲੀ ਅਪ੍ਰੈਲ ਤੋਂ ਪ੍ਰਚਲਤ ਐਸ. ਬੀ. ਆਈ. (SBI) ਦੇ ਆਧਾਰ ਦਰ 'ਤੇ ਜਮ੍ਹਾਂ 2% ਦਾ ਦੂਹਰਾ ਵਿਆਜ ਅਦਾ ਕਰਨ ਦਾ ਭਾਗੀ ਹੋਵੇਗਾ। ਇਹ ਬਿਜਲੀ ਦੀ ਸਪਲਾਈ, ਜੇਕਰ ਪਹਿਲਾਂ ਹੀ ਮਹੱਈਆ ਕੀਤੀ ਜਾ ਚੁੱਕੀ ਹੈ, ਦਾ ਕੁਨੈਕਸ਼ਨ ਕੱਟਣ ਦਾ ਲਾਇਸੈਂਸੀ ਦੇ ਅਧਿਕਾਰ ਤੋਂ ਇਲਾਵਾ ਹੋਵੇਗਾ।

## 9.4 ਖਪਤਕਾਰ ਦੁਆਰਾ ਉਸ ਦੀ ਆਪਣੀ ਲਾਗਤ ’ਤੇ ਕਾਰਜਾਂ ਦੀ ਤਾਮੀਲੀ : –

ਜੇਕਰ ਬਿਨੈਕਾਰ ਉਸਦੀ ਆਪਣੀ ਲਾਗਤ ’ਤੇ ਕਾਰਜਾਂ ਨੂੰ ਕਰਵਾਉਣ ਦੀ ਚੋਣ ਕਰਦਾ ਹੈ ਤਾਂ ਉਹ ਇਹਨਾਂ ਨੂੰ ਵੰਡ ਲਾਇਸੈਂਸੀ ਦੁਆਰਾ ਪ੍ਰਵਾਨ ਕੀਤੇ ਗਏ ਯੋਜਨਾ ਖਾਕੇ ( ਲੇਅ ਆਊਟ ) ਅਨੁਸਾਰ ਪਹਿਲਾ ਦਰਜਾ ਲਾਇਸੈਂਸਸ਼ੁਦਾ ਬਿਜਲੀ ਦੇ ਠੇਕੇਦਾਰ ਰਾਹੀਂ ਅਤੇ ਲਾਇਸੈਂਸੀ ਨੂੰ ਕੇਵਲ ਮਜ਼ਦੂਰੀ ਖਰਚਿਆਂ ਦੇ 15% ਦੀ ਦਰ ’ਤੇ ਨਿਗਰਾਨੀ ਖਰਚਿਆਂ ਦੀ ਅਦਾਇਗੀ ਦੀ ਸ਼ਰਤ ਅਧੀਨ ਕਰਵਾ ਸਕਦਾ ਹੈ। ਖਪਤਕਾਰ ਵੰਡ ਲਾਇਸੈਂਸੀ ਦੇ ਵਿਸ਼ੇਸ਼ ਵਿਵਰਣ, ਜੋ ਕਿ ਉਸ ਨੇ ਆਪਣੀ ਕਾਰਜਾਂ ਲਈ ਅਜਿਹੀ ਸਮੱਗਰੀ ਦੀ ਖਰੀਦ ਕਰਨ ਵਾਸਤੇ ਅਪਣਾਇਆ ਹੈ, ਅਨੁਸਾਰ ਸਮੱਗਰੀ ਦੀ ਵਰਤੋਂ ਕਰੇਗਾ। ਖਪਤਕਾਰ ਕਾਨੂੰਨੀ ਅਥਾਰਟੀਆਂ / ਮੁੱ. ਬਿ. ਇੰ. (CEI ), ਪੰਜਾਬ ਦੀ ਕਲੀਅਰੈਂਸ, ਜੇਕਰ ਲੋੜ ਹੋਵੇ, ਲੈਣ ਲਈ ਜਿੰਮੇਵਾਰ ਹੋਵੇਗਾ। ਅਜਿਹੇ ਕੇਸਾਂ ਵਿੱਚ, ਅਜਿਹੇ ਕੁਨੈਕਸ਼ਨ ਨੂੰ ਜਾਰੀ ਕਰਨ ਲਈ ਲਾਗੂ ਹੋਣ ਯੋਗ ਕਾਰਜਾਂ ਦੇ ਸਰਵਿਸ ਕੁਨੈਕਸ਼ਨ ਚਾਰਜਿਜ਼ ਜਾਂ ਵਾਸਤਵਿਕ ਖਰਚੇ ਬਿਨੈਕਾਰ ਤੋਂ ਵਸੂਲੀ ਯੋਗ ਨਹੀਂ ਹੋਣਗੇ। ਜੇਕਰ ਸਰਵਿਸ ਜਾਂ ਸਿਕਿਉਰਟੀ ( ਕਾਰਜ ) ਪਹਿਲਾਂ ਹੀ ਬਿਨੈਕਾਰ ਦੁਆਰਾ ਜਮ੍ਹਾਂ ਕਰਵਾ ਦਿੱਤੇ ਗਏ ਹਨ ਤਾਂ ਇਹ ਬੇਨਤੀ ਤੋਂ 30 ਦਿਨਾਂ ਦੇ ਅੰਦਰ ਅੰਦਰ ਬਿਨਾਂ ਕਿਸੇ ਵਿਆਜ ਦੇ ਪੂਰੇ ਦੇ ਪੂਰੇ ਵਾਪਸ ਕਰ ਦਿੱਤੇਹ ਜਾਣਗੇ। ਅਜਿਹਾ ਕਰਨ ਵਿੱਚ ਅਸਫਲ ਰਹਿਣ ਦੀ ਸੂਰਤ ਵਿੱਚ, ਵੰਡ ਲਾਇਸੈਂਸੀ ਦੇਰੀ ਕਰਨ ਦੇ ਸਮੇਂ ਲਈ ਸਬੰਧਤ ਸਾਲ ਦੀ ਪਹਿਲੀ ਅਪ੍ਰੈਲ ਤੋਂ ਪ੍ਰਚਲਤ ਐਸ. ਬੀ. ਆਈ. ( SBI ) ਦੇ ਆਧਾਰ ਦਰ ’ਤੇ ਜਮ੍ਹਾਂ 2% ਦਾ ਵਿਆਜ ਅਦਾ ਕਰੇਗਾ। ਖਪਤਕਾਰ ਕਾਰਜਾਂ ਨੂੰ ਸਮਾਂ ਫਰੇਮ ਦੇ ਅੰਦਰ ਅੰਦਰ ਮੁਕੰਮਲ ਕਰਵਾਏਗਾ ਜਾਂ ਸਪਲਾਈ ਕੋਡ ਦੇ ਵਿਨਿਯਮ 8 ਦੇ ਅਨੁਸਾਰ ਸਮਾਂ ਵਧਵਾਏਗਾ, ਅਜਿਹਾ ਕਰਨ ਵਿੱਚ ਅਸਫਲ ਰਹਿਣ ਦੀ ਸੂਰਤ ਵਿੱਚ ਕੁਨੈਕਸ਼ਨ ਅਗਲੇ ਬਿਨੈਕਾਰ ਨੂੰ ਜਾਰੀ ਕਰ ਦਿੱਤਾ ਜਾਵੇਗਾ।

## 9.5 ਸਵਤੰਤਰ 11 ਕੇ. ਵੀ. ਫੀਡਰ : –

9.5.1 ਜਿਹਨਾਂ ਖਪਤਕਾਰਾਂ ਨੂੰ 11 ਕੇ. ਵੀ. ’ਤੇ ਬਿਜਲੀ ਦਿੱਤੀ ਗਈ ਹੈ ਅਤੇ ਉਹਨਾਂ ਦੇ ਲੋਡ / ਮੁਆਇਦਾ ਮੰਗ ਦੇ ਬਾਵਜੂਦ ਜ਼ਰੂਰੀ ਸੇਵਾਵਾਂ ਜਾਂ ਨਿਰੰਤਰ ਪ੍ਰਕ੍ਰਿਆ ਵਾਲੇ ਉਦਯੋਗ ਚਲਾ ਰਹੇ ਹਨ ਜਾਂ 100 ਕਿ. ਵਾ. ਤੋਂ ਵੱਧ ਲੋਡ ਵਾਲੇ ਏ. ਪੀ. ( AP ) ਉਚ ਤਕਨਾਲੋਜੀ ਦੇ ਖਪਤਕਾਰ ਜਾਂ 2500 ਕੇ. ਵੀ. ਏ. ਤੋਂ ਵਧੀਕ ਮੁਆਇਦਾ ਮੰਗ ਵਾਲੇ ਹੋਰ ਦੂਜੇ ਉਦਯੋਗਿਕ ਖਪਤਕਾਰ (ਵਿਨਿਯਮ 4.2.1 ਅਨੁਸਾਰ ਪ੍ਰਤਿਬੰਧਾਂ ਕਰਕੇ ਨਿਰਧਾਰਿਤ ਵੋਲਟਤਾ ਤੋਂ ਘੱਟ ਵੋਲਟਤਾ ’ਤੇ ਕੁਨੈਕਸ਼ਨ / ਅਤਿਰਿਕਤ ਲੋਡ ਦੇ ਜਾਰੀ ਕਰਨ ਦੇ ਕੇਸ ਵਿੱਚ ) ਬਿਜਲੀ ਦੀ ਨਿਰਵਿਘਨ ਸਪਲਾਈ ਦਾ ਲਾਭ ਲੈਣ ਲਈ ਸਵਤੰਤਰ 11 ਕੇ. ਵੀ. ਫੀਡਰ ਲਈ ਅਪਲਾਈ ਕਰ ਸਕਦੇ ਹਨ ਬਸ਼ਰਤੇ ਕਿ ਉਹ ਸਵਤੰਤਰ ਫੀਡਰ ਜਿਸ ਵਿੱਚ ਫੀਡਿੰਗ ਸਬ-ਸਟੇਸ਼ਨ ’ਤੇ ਬਰੇਕਰ ਸ਼ਾਮਲ ਹਨ, ਦੀ ਲਾਗਤ ਅਤੇ ਸਮੱਗਰੀ ਤੇ ਮਜ਼ਦੂਰੀ ਦੀ ਲਗਤ ਦਾ 16% ਦੀ ਦਰ ’ਤੇ ਸਥਾਪਨਾ ਖਰਚਿਆਂ ਦੀ ਅਦਾਇਗੀ ਕਰਨ ਲਈ ਸਹਿਮਤ ਹੋਣ।

9.5.2 ਜਦੋਂ ਇਕ ਖਪਤਕਾਰ, ਜੋ ਮੌਜੂਦਾ ਸਾਂਝੇ ਫੀਡਰ ਤੋਂ ਸਪਲਾਈ ਲੈ ਰਿਹਾ ਹੈ, ਨੂੰ ਸਵਤੰਤਰ ਫੀਡਰ ਦੀ ਇਜਾਜ਼ਤ ਦਿੱਤੀ ਜਾਂਦੀ ਹੈ ਤਾਂ ਮੌਜੂਦਾ ਫੀਡਰ ਨੂੰ ਸਵਤੰਤਰ ਫੀਡਰ ਵਿੱਚ ਬਦਲਣ ਲਈ ਕੀਤਾ ਗਿਆ ਖਰਚ ਸਮੇਤ ਮੌਜੂਦਾ ਫੀਡਰ ਨਾਲ ਕੁਨੈਕਟਿਡ ਹੋਰ ਦੂਜੇ ਖਪਤਕਾਰਾਂ ਦੇ ਸਪਲਾਈ ਸਿਸਟਮ ਨੂੰ ਬਦਲਣ ਦੀ ਲਾਗਤ ਉਸ ਖਪਤਕਾਰ ਦੁਆਰਾ ਅਦਾਇਗੀ ਯੋਗ ਹੋਵੇਗੀ। ਖਪਤਕਾਰ, ਜੋ ਇਕ ਸਵਤੰਤਰ ਫੀਡਰ ਤੋਂ ਸਪਲਾਈ ਦੀ ਮੰਗ ਕਰ ਰਿਹਾ ਹੈ, ਜਿਸ ਨੇ ਸਪਲਾਈ ਕੋਡ ਦੇ ਵਿਨਿਯਮ 9.1.1 ਅਨੁਸਾਰ ਮੁੱਢਲੇ ਤੌਰ ’ਤੇ ਕੇਵਲ ਬਰੇਕਰ / ਬੇਅ ਸਹਿਤ ਮੇਨਾਂ / ਸਾਂਝੀ ਲਾਈਨ ਦੀ ਅਨੁਪਾਤਕ ਲਾਗਤ ਦੀ ਅਦਾਇਗੀ ਕੀਤੀ ਹੈ ਤਾਂ ਉਹ ਪਹਿਲਾਂ ਹੀ ਅਦਾ ਕੀਤੀ ਗਈ ਲਾਗਤ ਦਾ ਸਮਾਧਾਨ ਕਰਨ ਮਗਰੋਂ ਅੱਗੇ ਹੋਰ ਬਰੇਕਰ ਦੀ ਬਾਕੀ ਰਹਿੰਦੀ ਲਾਗਤ ਦੀ ਅਦਾਇਗੀ ਕਰਨ ਦਾ ਭਾਗੀ ਹੋਵੇਗਾ।

9.5.3 ਖਪਤਕਾਰ ਦੀ ਲਾਗਤ ’ਤੇ ਮੁਹੱਈਆ ਕੀਤੇ ਗਏ ਸਵਤੰਤਰ ਫੀਡਰ ਨੂੰ ਕਿਸੇ ਹੋਰ ਦੂਜੇ ਅਸਮ ( dis-similar ) ਖਪਤਕਾਰ ਨੂੰ ਸਪਲਾਈ ਮੁਹੱਈਆ ਕਰਨ ਵਾਸਤੇ ਵਰਤੋਂ (tapped) / ਵਿਸਤਾਰ ਨਹੀਂ ਕੀਤਾ ਜਾਵੇਗਾ। ਪਰੰਤੂ, ਜੇਕਰ ਅਜਿਹੀ ਵਰਤੋਂ ( ਟੈਪਿੰਗ ) ਦੀ ਤਕਨੀਕੀ ਬੰਦਸ਼ਾਂ ਦੇ ਕਾਰਨ ਕਰਕੇ ਸਹਾਰਾ ਲੈਣਾ ਪੈ ਗਿਆ ਹੋਵੇ ਤਦ ਇਹ ਅਜਿਹੇ ਢੰਗ ਨਾਲ ਕੀਤੀ ਜਾਵੇਗੀ ਕਿ ਅਵੱਸ਼ਕ ਸੇਵਾਵਾਂ ਦੇ ਖਪਤਕਾਰ ਦੇ ਸਵਤੰਤਰ ਫੀਡਰ ਦੀ ਵਰਤੋਂ / ਵਿਸਤਾਰ ਕੇਵਲ ਦੂਸਰੇ ਅਵੱਸ਼ਕ ਸੇਵਾਵਾਂ ਦੇ ਖਪਤਕਾਰ ਲਈ ਹੀ ਕੀਤਾ ਜਾਵੇਗਾ। ਇਸੇ ਤਰ੍ਹਾਂ ਨਿਰੰਤਰ ਪ੍ਰਕਿਰਿਆ ਦੇ ਉਦਯੋਗਿਕ ਖਪਤਕਾਰ ਦੇ ਸਵਤੰਤਰ ਫੀਡਰ ਦੀ ਵਰਤੋ / ਵਿਸਤਾਰ ਕੇਵਲ ਦੂਸਰੇ ਨਿਰੰਤਰ ਪ੍ਰਕਿਰਿਆ ਦੇ ਉਦਯੋਗਿਕ ਖਪਤਕਾਰ ਲਈ ਹੀ ਕੀਤਾ ਜਾਵੇਗਾ। ਜਨਰਲ ਉਦਯੋਗਿਕ ਖਪਤਾਰ ਦੇ ਸਵਤੰਤਰ ਫੀਡਰ ਦੀ ਵਰਤੋਂ / ਵਿਸਤਾਰ ਕੇਵਲ ਜਨਰਲ ਉਦਯੋਗਿਕ ਖਪਤਕਾਰ ਲਈ ਹੀ ਕੀਤਾ ਜਾਵੇਗਾ।

9.5.4 ਕਿਸੇ ਸਵਤੰਤਰ ਫੀਡਰ ਦੀ ਵਰਤੋਂ / ਵਿਸਤਾਰ ਕਰਨ ਦੇ ਮੌਕੇ ’ਤੇ, ਖਪਤਕਾਰ ਜੋ ਸਵਤੰਤਰ ਫੀਡਰ ਦੀ ਵਰਤੋਂ / ਵਿਸਤਾਰ ਕਰਦਿਆਂ ਇਸ ਦਾ ਲਾਭ ਲੈ ਰਿਹਾ ਹੈ, ਉਹ ਸਰਵਿਸ ਲਾਈਨ ਦੇ ਸਵਤੰਤਰ ਹਿੱਸੇ / ਭਾਗ ਦੀ ਸਮੁੱਚੀ ਲਾਗਤ ਤੋਂ ਇਲਾਵਾ ਫੀਡਿੰਗ ਸਬ-ਸਟੇਸ਼ਨ ’ਤੇ ਸਰਕਟ ਬਰੇਕਰ ਸਹਿਤ ਲਾਈਨ/ ਫੀਡਰ ਦੀ ਸਾਂਝੇ ਹਿੱਸੇ ਲਈ ਅਨੁਪਾਤਕ ਲਾਗਤ ( ਸਾਰੇ ਪਦਾਰਥਾਂ ਲਈ ਥੋਕ ਕੀਮਤ ਸੂਚੀ ਅਪਲਾਈ ਕਰਦਿਆਂ ਵਿਧੀ ਪੂਰਵਕ ਅਪਡੇਟਿਡ ) ਅਦਾ ਕਰਨ ਦਾ ਭਾਗੀ ਹੋਵੇਗਾ।

9.5.5 ਦੂਜੇ ਅਤੇ / ਜਾਂ ਬਾਦ ਦੇ ਖਪਤਕਾਰ ਤੋਂ ਫੀਡਰ / ਲਾਈਨ ਦੇ ਸਾਂਝੇ ਹਿੱਸੇ ਦੀ ਅਨੁਪਾਤਕ ਲਾਗਤ ਅਤੇ ਨਾਲ ਇਸ ਅਨੁਪਾਤਕ ਲਾਗਤ ਉਤੇ ਸਟੇਟ ਬੈਂਕ ਆਫ ਇੰਡੀਆ ਦੇ ਆਧਾਰ ਦਰ ’ਤੇ ਵਿਆਜ ( ਸਾਲਾਨਾ ਤੌਰ ਤੇ ਮਿਸ਼ਰਤ ) ਫੀਡਰ ਦੇ ਵਰਧਨ ਲਈ ਕੀਤੇ ਗਏ ਖਰਚ ਵਿਰੁੱਧ ਸਮਾਧਾਨ ਕਰਨ ਯੋਗ ਹੋਵੇਗੀ ਜਿਸ ਦੀ ਖਪਤਕਾਰ ਦੇ ਉਸ ਮੌਕੇ ’ਤੇ ਜ਼ਰੂਰਤ ਪੈ ਸਕਦੀ ਹੈ, ਜਿਸ ਨੇ ਮੁੱਢਲੇ ਰੂਪ ਵਿੱਚ ਸਮੁੱਚੀ ਲਾਗਤ ਬਰਦਾਸ਼ਤ ਕੀਤੀ ਹੈ ਜੋ ਬਾਦ ਦੀ ਸਟੇਜ ’ਤੇ ਆਪਣੀ ਮੁਆਇਦਾ ਮੰਗ ਵਧਾਉਣ ਲਈ ਬੇਨਤੀ ਕਰਦਾ ਹੈ।

9.5.6 ਵੰਡ ਲਾਇਸੈਂਸੀ ਸਬ-ਸਟੇਸ਼ਨ ਦੇ ਵਿੱਚ ਅਤੇ ਆਸੇ ਪਾਸੇ ਭੀੜ ਹੋ ਜਾਣ ਸਬੰਧੀ ਮੂਲ ਖਪਤਕਾਰ ਨੂੰ ਸੂਚਿਤ ਕਰੇਗਾ ਅਤੇ ਉਸ ਦੇ ਸਵਤੰਤਰ ਫੀਡਰ ਦੀ ਵਰਤੋਂ ਕਰਨ (ਟੈਪਿੰਗ) ਦੀ ਤਜਵੀਜ਼ ਵੀ ਸੂਚਿਤ ਕਰੇਗਾ। ਦੂਜੇ ਅਤੇ ਬਾਦ ਦੇ ਖਪਤਕਾਰ ਦੁਆਰਾ ਅਦਾਇਗੀ ਯੋਗ ਸਾਂਝੇ ਭਾਗ ਦੀ ਲਾਗਤ ਵੀ ਸਬੰਧਤ ਖਪਤਕਾਰ ਨੂੰ ਸੂਚਿਤ ਕੀਤੀ ਜਾਵੇਗੀ।

9.5.7 ਜਿਥੇ ਇਕਹਿਰਾ ਸਰਕਟ ਸਵਤੰਤਰ ਫੀਡਰ ਲਈ ਬਹੁ-ਭਾਂਤੀ ਸਰਕਟ ਟੇਕਾਂ ( supports) ਮੁਹੱਈਆ ਕੀਤੀਆਂ ਜਾਂਦੀਆਂ ਹਨ, ਤਾਂ ਸਬੰਧਤ ਖਪਤਕਾਰ ਨੂੰ ਇਕਹਿਰਾ ਸਰਕਟ ਟੇਕਾਂ ਦੀ ਲਾਗਤ ਚਾਰਜ ਕੀਤੀ ਜਾਵੇਗੀ।

## 9.6 ਵੰਡ ਲਾਇਸੈਂਸੀ ਦੀ ਸੰਪਤੀ :-

ਸਮੁੱਚੀ ਸਰਵਿਸ ਲਾਈਨ, ਇਸ ਦੇ ਬਾਵਜੂਦ ਵੀ ਕਿ ਸਾਰੀ ਜਾਂ ਉਸ ਦੇ ਕਿਸੇ ਹਿੱਸੇ ਦੀ ਖਪਤਕਾਰ ਦੁਆਰਾ ਅਦਾਇਗੀ ਕੀਤੀ ਗਈ ਹੈ, ਵੰਡ ਲਾਇਸੈਂਸੀ ਦੀ ਸੰਪਤੀ ਹੋਵੇਗੀ ਅਤੇ ਜਿਸ ਦੁਆਰਾ ਇਸ ਦੀ ਸਾਂਭ-ਸੰਭਾਲ ਕੀਤੀ ਜਾਵੇਗੀ। ਵੰਡ ਲਾਇਸੈਂਸੀ ਨੂੰ ਇਸ ਤੋਂ ਟੈਪਿੰਗ ਕਰਦਿਆਂ ਕਿਸੇ ਹੋਰ ਦੂਜੇ ਵਿਅਕਤੀ ਨੂੰ ਬਿਜਲੀ ਦੀ ਸਪਲਾਈ ਵਾਸਤੇ ਇਸ ਦੀ ਵਰਤੋਂ ਕਰਨ ਦਾ ਹੱਕ ਹੋਵੇਗਾ ਜਾਂ ਹੋਰਵੇਂ ਇਸ ਤੋਂ ਛੁੱਟ ਜੇਕਰ ਅਜਿਹੀ ਸਪਲਾਈ ਪਹਿਲਾਂ ਹੀ ਉਸ ਨਾਲ ਕੁਨੈਕਟ ਕੀਤੇ ਗਏ ਖਪਤਕਾਰ ਦੀ ਸਪਲਾਈ ਨੂੰ ਨੁਕਸਾਨਦੇਹ ਹੋਵੇ।

## 10. ਮਿਆਰੀ (ਸਟੈਂਡਰਡ) ਲਾਗਤ ਡੈਟਾ : –

10.1 ਵੰਡ ਲਾਇਸੈਂਸੀ ਨਿਮਨ ਦੇ ਸਬੰਧ ਵਿੱਚ ਦਸੰਬਰ ਦੇ ਅੰਤ ਤੋਂ ਪਹਿਲਾਂ ਅਤੇ ਹਰੇਕ ਸਾਲ ਡੈਟਾ ਪੇਸ਼ ਕਰੇਗਾ :-

(ੳ) ਐਲ. ਟੀ. ਖਪਤਕਾਰਾਂ ਦੀਆਂ ਵੱਖ ਵੱਖ ਕੈਟਾਗਰੀਆਂ ਲਈ ਸਰਵਿਸ ਕੁਨੈਕਸ਼ਨ ਦੀ ਲਾਗਤ ਵਾਸਤੇ ਪ੍ਰਤਿ ਕਿ. ਵਾ./ਕੇ. ਵੀ. ਏ. ਚਾਰਜਿਜ਼ :

(ਅ) ਬਿਨੈਕਾਰਾਂ ਦੀਆਂ ਵੱਖ ਵੱਖ ਕੈਟਾਗਰੀਆਂ ਦੁਆਰਾ ਅਦਾਇਗੀ ਯੋਗ ਸਬ-ਸਟੇਸ਼ਨ 'ਤੇ ਮੇਨ/ ਸਬ ਮੇਨ ਅਤੇ ਬਰੇਕਰ/ ਬੇਅ ਦੀ ਅਨੁਪਾਤਕ ਲਾਗਤ ;

(ੲ) ਏ. ਪੀ. ਕੈਟਾਗਰੀ ਅਧੀਨ ਪ੍ਰਤਿ ਬੀ. ਐਚ. ਪੀ. / ਕਿ. ਵਾ. ਚਾਰਜਿਜ਼ ;

(ਸ) ਵੱਖ ਵੱਖ ਸਮਰੱਥਤਾਵਾਂ ਲਈ ਅਤੇ ਵੱਖ ਵੱਖ ਵੋਲਟਾਵਾਂ 'ਤੇ ਨਵੇਂ ਫੀਡਰਾਂ / ਮੌਜੂਦਾ ਫੀਡਰਾਂ ਦਾ ਵਰਧਨ (ਪ੍ਰਤਿ ਕਿ. ਮੀ. ਦੇ ਆਧਾਰ 'ਤੇ) ਮੁਹੱਈਆ ਕਰਨ ਲਈ ਮਿਆਰ ਦਰ ;

(ਹ) ਵਿਕਾਸਕਾਰਾਂ / ਉਸਾਰੀ ਕਰਤਾਵਾਂ / ਸੁਸਾਇਟੀ / ਮਾਲਕਾਂ ਅਤੇ ਰਿਹਾਇਸ਼ੀਆਂ / ਕਾਬਜ਼ਾਂ ਦੀ ਐਸੋਸੀਏਸ਼ਨ ਦੁਆਰਾ ਵਿਕਸਿਤ ਕੀਤੀਆਂ ਗਈਆਂ ਰਿਹਾਇਸ਼ੀ ਕਲੋਨੀਆਂ ਵਾਸਤੇ 'ਸਿਸਟਮ ਲੋਡਿੰਗ ਚਾਰਜਿਜ਼'

(ਕ) ਕੋਈ ਹੋਰ ਡੈਟਾ ਜੋ ਕਮਿਸ਼ਨ ਦੁਆਰਾ ਮੰਗਿਆ ਗਿਆ ਹੋਵੇ।

10.2 ਕਮਿਸ਼ਨ ਉਸ ਤੋਂ ਮਗਰੋਂ ਸੋਧਾਂ ਸਮੇਤ ਜਾਂ ਸੋਧਾਂ ਤੋਂ ਬਿਨਾਂ ਸਮੇਂ ਸਮੇਂ 'ਤੇ ਦਰਾਂ ਨੂੰ ਪ੍ਰਵਾਨ ਕਰੇਗਾ ਅਤੇ ਵੰਡ ਲਾਇਸੈਂਸੀ ਰਾਹੀਂ ਕਮਿਸ਼ਨ ਦੁਆਰਾ ਪ੍ਰਵਾਨਤ ਦਰਾਂ ਨੂੰ ਆਪਣੀ ਵੈਬ-ਸਾਈਟ 'ਤੇ ਪਾਇਆ ਜਾਵੇਗਾ ਅਤੇ ਇਸ ਦੀ ਪ੍ਰਵਾਨਗੀ ਤੋਂ 3 ਦਿਨਾਂ ਦੇ ਅੰਦਰ ਅੰਦਰ ਹਿੰਦੀ, ਇੰਗਲਿਸ਼ ਅਤੇ ਪੰਜਾਬੀ ਦੀਆਂ ਮੁੱਖ ਅਖਬਾਰਾਂ ਵਿੱਚ ਇਹਨਾਂ ਨੂੰ ਪ੍ਰਕਾਸ਼ਿਤ ਕਰਵਾਏਗਾ। ਸਪਲਾਈ ਦਾ ਵਿਸਤਾਰ ਕਰਨ ਲਈ ਬਿਜਲੀ ਦੀ ਲਾਈਨ ਜਾਂ ਬਿਜਲਈ ਪਲਾਂਟ ਦੀ ਉਸਾਰੀ/ ਵਰਧਨ ਦੀ ਅਨੁਮਾਨਤ ਲਾਗਤ ਇਹਨਾਂ ਦਰਾਂ ਉਤੇ ਆਧਾਰਤ ਹੋਵੇਗੀ।

10.3 ਉਪਰੋਕਤ ਖੰਡ 10.2 ਅਧੀਨ ਮਿਆਰੀ ਲਾਗਤ ਡੈਟੇ ਵਿੱਚ ਕਮਿਸ਼ਨ ਦੁਆਰਾ ਪ੍ਰਵਾਨ ਕੀਤੇ ਗਏ ਦਰ ਉਦੋਂ ਤੱਕ ਲਾਗੂ ਕੀਤੇ ਜਾਣੇ ਜਾਰੀ ਰਹਿਣਗੇ ਜਦੋਂ ਤੱਕ ਇਹਨਾਂ ਨੂੰ ਜਾਂ ਤਾਂ ਸਟੇਕ ਹੋਲਡਰਾਂ ਦੀ ਬੇਨਤੀ ਉਤੇ ਜਾਂ ਆਪਣੇ ਆਪ ਕਮਿਸ਼ਨ ਦੁਆਰਾ ਸੋਧਿਆ ਨਹੀਂ ਜਾਂਦਾ ਜਾਂ ਤਰਮੀਮ ( modified ) ਨਹੀਂ ਕੀਤੀ ਜਾਂਦੀ।

10.4 ਵੰਡ ਲਾਇਸੈਂਸੀ ਕਮਿਸ਼ਨ ਦੁਆਰਾ ਪ੍ਰਵਾਨਤ ਕੀਤੇ ਮਿਆਰੀ ਲਾਗਤ ਡੈਟੇ ਦੇ ਆਧਾਰ ਉਤੇ ਲਾਗਤ ਡੈਟੇ ਦੀ ਕਿਤਾਬ ਤਿਆਰ ਕਰੇਗਾ ਜਿਸ ਦੇ ਅੰਤਰਗਤ ਬਿਜਲੀ ਦੀ ਸਪਲਾਈ ਦੇਣ ਦੇ ਮੰਤਵ ਲਈ ਖਪਤਕਾਰਾਂ / ਬਿਨੈਕਾਰਾਂ ਦੀਆਂ ਵੱਖ ਵੱਖ ਕੈਟਾਗਰੀਆਂ ਨੂੰ ਬਿਜਲੀ ਦੀ ਸਪਲਾਈ ਲਾਈਨ / ਪਲਾਂਟ ਮੁਹੱਈਆ ਕਰਨ ਵਾਸਤੇ ਵੱਖ ਵੱਖ ਆਈਟਮਾਂ ਅਤੇ ਸਮੱਗਰੀਆਂ ਦੇ ਨਾਲ ਨਾਲ ਮਜ਼ਦੂਰੀ / ਹੋਰ ਦੂਜੇ ਖਰਚਿਆਂ ਦੇ ਵਿਸ਼ੇਸ਼ ਵਿਵਰਣ ਹੋਣਗੇ। ਖਪਤਕਾਰਾਂ ਦੀ ਐਚ. ਟੀ. / ਈ. ਐਚ. ਟੀ. ਕੈਟਾਗਰੀ ਦੇ ਕੇਸ ਵਿੱਚ ਸਪਲਾਈ ਦੇਣ ਲਈ ਅਨੁਮਾਨ ਤਿਆਰ ਕਰਨ ਦਾ ਢੰਗ ਲਾਗਤ ਡੈਟੇ ਦੀ ਕਿਤਾਬ ਵਿੱਚ ਦਿੱਤਾ ਜਾਵੇਗਾ।

## 11. ਕੁਨੈਕਸ਼ਨ ਦੀ ਮਾਲਕੀ ਦੀ ਬਦਲੀ ਅਤੇ ਹੋਰ ਦੂਜੀਆਂ ਸੇਵਾਵਾਂ ਦਾ ਉਪਬੰਧ : –

11.1 ਮਾਲਕੀ ਦੀ ਬਦਲੀ, ਕੈਟਾਗਰੀ ਦੀ ਤਬਦੀਲੀ, ਇਕਹਿਰੇ ਫੇਜ਼ ਤੋਂ ਤਿੰਨ ਫੇਜ਼ ਵਿੱਚ ਪਰਿਵਰਤਨ ਜਾਂ ਇਸ ਤੋਂ ਉਲਟ, ਸਰਵਿਸ ਕੁਨੈਕਸ਼ਨ / ਮੀਟਰ ਜਾਂ ਐਲ. ਟੀ. / ਐਚ. ਟੀ. / ਈ. ਐਚ. ਟੀ. ਲਾਈਨ ਦੀ ਜਾਂ ਵੰਡ ਟ੍ਰਾਂਸਫਾਰਮਰ ਦੀ ਬਦਲੀ ਦੀ ਮੰਗ ਕਰ ਰਹੇ ਖਪਤਕਾਰ / ਵਿਅਕਤੀ ਬਿਨੈ–ਪੱਤਰ ਅਤੇ ਨਿਰਧਾਰਿਤ ਦਸਤਾਵੇਜ਼ਾਂ ਦੇ ਨਾਲ ਜਨਰਲ ਚਾਰਜਿਜ਼ ਦੀ ਅਨੁਸੂਚੀ ਵਿੱਚ ਸੁਨਿਸ਼ਚਿਤ ਕੀਤੀ ਗਈ ਫੀਸ ਵੰਡ ਲਾਇਸੈਂਸੀ ਦੇ ਅਧਿਸੂਚਿਤ ਦਫਤਰ ਵਿੱਚ ਪੇਸ਼ ਕਰੇਗਾ।

ਵੰਡ ਲਾਇਸੈਂਸੀ ਕਮਿਸ਼ਨ ਦੀ ਪ੍ਰਵਾਨਗੀ ਨਾਲ ਵੱਖ ਵੱਖ ਸੇਵਾਵਾਂ ਲਈ ਖਪਤਕਾਰ / ਵਿਅਕਤੀ ਦੁਆਰਾ ਪੇਸ਼ ਕੀਤੇ ਜਾਣ ਵਾਲੇ ਬਿਨੈਪੱਤਰ ਫਾਰਮ ਅਤੇ ਸਮਰਥਿਤ ਦਸਤਾਵੇਜ਼ ਨਿਰਧਾਰਿਤ ਕਰੇਗਾ ਅਤੇ ਇਹਨਾਂ ਨੂੰ ਆਪਣੀ ਵੈਬਸਾਈਟ ਉਤੇ ਪਾਵੇਗਾ। ਬਿਨੈਪੱਤਰ ਫਾਰਮ ਅਤੇ ਸਮਰਥਿਤ ਦਸਤਾਵੇਜ਼ਾਂ ਸਬੰਧੀ ਸੂਚਨਾ ਲਾਇਸੈਂਸੀ ਦੇ ਹਰ ਅਧਿਸੂਚਿਤ ਦਫਤਰ ਵਿੱਚ ਵੀ ਉਪਲਬਧ ਕਰਵਾਈ ਜਾਵੇਗੀ। ਵੰਡ ਲਾਇਸੈਂਸੀ ਕਮਿਸ਼ਨ ਦੁਆਰਾ ਪ੍ਰਵਾਨ ਕੀਤੇ ਗਏ ਅਨੁਸਾਰ ਇਹਨਾਂ ਸੇਵਾਵਾਂ ਨੂੰ ਚਾਹੁਣ ਲਈ ਅਦਾਇਗੀ ਯੋਗ ਚਾਰਜਿਜ਼ ਅਤੇ ਪਾਲਣਾ ਕੀਤੀਆਂ ਜਾਣ ਵਾਲੀਆਂ ਹੋਰ ਦੂਜੀਆਂ ਮੁੱਢਲੀਆਂ ਸ਼ਰਤਾਂ ( pre-requisites ) ਵੀ ਸੁਨਿਸ਼ਚਿਤ ਕਰੇਗਾ।

11.2 ਵਿਨਿਯਮ 11.1 ਅਨੁਸਾਰ ਸੇਵਾਵਾਂ ਦੀ ਮੰਗ ਕਰ ਰਹੇ ਖਪਤਕਾਰ / ਵਿਅਕਤੀ ਕਮਿਸ਼ਨ ਦੁਆਰਾ ਪ੍ਰਵਾਨਤ ਜਨਰਲ ਚਾਰਜਿਜ਼ ਦੀ ਅਨੁਸੂਚੀ ਵਿੱਚ ਦਰਸਾਏ ਗਏ ਅਨੁਸਾਰ ਚਾਰਜਿਜ਼ ਅਦਾ ਕਰਨਗੇ ਜਾਂ ਜਿਥੇ ਅਜਿਹੇ ਚਾਰਜਿਜ਼ ਸੁਨਿਸ਼ਚਿਤ ਨਹੀਂ ਕੀਤੇ ਗਏ ਹਨ ਤਾਂ ਸਰਵਿਸ ਮੁਹੱਈਆ ਕਰਨ ਦੀ ਅਸਲ ਲਾਗਤ ਅਦਾ ਕਰਨਗੇ।

### 11.3 ਵੱਖ ਵੱਖ ਸੇਵਾਵਾਂ ਲੈਣ ਲਈ ਸਮੇਂ ਦੀ ਸੀਮਾਂ : –

ਵੰਡ ਲਾਇਸੈਂਸੀ ਖਪਤਕਾਰ / ਵਿਅਕਤੀ ਦੁਆਰਾ ਨਿਰਧਾਰਿਤ ਕੀਤੇ ਗਏ ਚਾਰਜਿਜ਼ ਦੀ ਅਦਾਇਗੀ ਅਤੇ ਹੋਰ ਦੂਜੀਆਂ ਪਹਿਲਾਂ ਪੂਰੀਆਂ ਕੀਤੀਆਂ ਜਾਣ ਵਾਲੀਆਂ ਲੋੜੀਂਦੀਆਂ ਸ਼ਰਤਾਂ ਦੀ ਪਾਲਣਾ ਦੇ ਨਾਲ ਬਿਨੈਪੱਤਰ ਦੀ ਪ੍ਰਾਪਤੀ ਦੀ ਮਿਤੀ ਤੋਂ ਨਿਮਨ ਦਰਜ ਸਮੇਂ ਦੇ ਅੰਦਰ ਅੰਦਰ ਮਾਲਕੀ ਦੀ ਬਦਲੀ, ਕੈਟਾਗਰੀ ਦੀ ਤਬਦੀਲੀ, ਮੌਜੂਦਾ ਸੇਵਾਵਾਂ ਦਾ ਪਰਿਵਰਤਨ (conversion ) ਅਤੇ ਸਰਵਿਸ ਕੁਨੈਕਸ਼ਨ ਅਤੇ / ਜਾਂ ਮੀਟਰ ਜਾਂ ਐਲ. ਟੀ. / ਐਚ. ਟੀ. / ਈ. ਐਚ. ਟੀ. ਲਾਈਨਾਂ ਜਾਂ ਵੰਡ ਟ੍ਰਾਂਸਫਾਰਮਰ ਦੀ ਬਦਲੀ ਲਾਗੂ ਕਰੇਗਾ : –

| | | |
|---|---|---|
| 1 | ਮਾਲਕੀ ਅਤੇ / ਜਾਂ ਕੈਟਾਗਰੀ ਦੀ ਤਬਦੀਲੀ | ਐਲ. ਟੀ. ਖਪਤਕਾਰ ਦੇ ਕੇਸ ਵਿੱਚ 7 ਕਾਰਜੀ ਦਿਨ ਅਤੇ ਐਚ. ਟੀ. / ਈ. ਐਚ. ਟੀ. ਖਪਤਕਾਰ ਦੇ ਕੇਸ ਵਿੱਚ 14 ਦਿਨ। |
| 2. | ਘੱਟ ਟੈਨਸ਼ਨ ਇਕਹਿਰਾ ਫੇਜ਼ ਤੋ ਘੱਟ ਟੈਨਸ਼ਨ ਤਿੰਨ ਫੇਜ਼ ਅਤੇ ਇਸ ਤੋਂ ਉਲਟ ਵਿੱਚ ਪਰਿਵਰਤਨ | 30 ਦਿਨ |
| 3. | ਅਹਾਤੇ ਦੇ ਅੰਦਰ ਅੰਦਰ ਮੀਟਰ ਦੀ ਤਬਦੀਲੀ | 3 ਕਾਰਜੀ ਦਿਨ |
| 4. | ਸਰਵਿਸ ਕੁਨੈਕਸ਼ਨ ਦੀ ਬਦਲੀ :–<br>ਐਲ. ਟੀ. ਕੁਨੈਕਸ਼ਨ<br>ਐਚ. ਟੀ. ਕੁਨੈਕਸ਼ਨ | <br>10 ਕਾਰਜੀ ਦਿਨ<br>20 ਦਿਨ |
| 5. | ਐਲ. ਟੀ. / ਐਚ. ਟੀ. ਲਾਈਨ, ਜੋ 11 ਕੇ. ਵੀ. ਤੋਂ ਵਧੀਕ ਨਾ ਹੋਵੇ, ਦੀ ਬਦਲੀ | 20 ਦਿਨ |

| | | |
|---|---|---|
| 6. | 11 ਕੇ. ਵੀ. ਤੋਂ ਵਧੀਕ ਐਚ. ਟੀ. ਲਾਈਨ ਦੀ ਬਦਲੀ | 30 ਦਿਨ |
| 7. | ਵੰਡ ਟ੍ਰਾਂਸਫਾਰਮਰ ਦੀ ਬਦਲੀ | 30 ਦਿਨ |
| 8. | ਈ. ਐਚ. ਟੀ. ਲਾਈਨ ਦੀ ਬਦਲੀ | 90 ਦਿਨ |

ਜਦੋਂ ਕਦੇ ਉਪਰੋਕਤ ਅਨੁਸੂਚੀ ਨੂੰ ਮਾਰਗ ਅਧਿਕਾਰ ਦੀ ਸੁਲਭਤਾ ਜਾਂ ਹੋਰ ਦੂਜੀਆਂ ਪ੍ਰਤਿਬੰਧਾਂ ਦੇ ਕਾਰਨ ਕਰਕੇ ਪੂਰਾ ਨਹੀਂ ਕੀਤਾ ਜਾ ਸਕਦਾ ਤਾਂ ਲਾਇਸੈਂਸੀ ਸਮੇਂ ਦੇ ਵਾਧੇ ਲਈ ਕਮਿਸ਼ਨ ਦੀ ਪ੍ਰਵਾਨਗੀ ਦੀ ਮੰਗ ਨਿਰਧਾਰਿਤ ਸਮੇਂ ਦੇ ਅੰਦਰ ਅੰਦਰ ਕਰੇਗਾ।

11.4 ਇਹਨਾਂ ਸਮਾਂ ਅਨੁਸੂਚੀਆਂ ਵਿੱਚ ਅਨੁਮਾਨ ਦੀ ਤਿਆਰੀ ਲਈ ਅਤੇ ਹੋਰ ਦੂਜੀਆਂ ਕਾਰਜ ਪ੍ਰਣਾਲੀ ਸਬੰਧੀ ਕਾਰਵਾਈਆਂ ਦੀ ਮੁਕੰਮਲਤਾ ਵਾਸਤੇ ਲੋੜੀਂਦਾ ਸਮਾਂ ਸ਼ਾਮਲ ਹੋਵੇਗਾ। ਵੰਡ ਲਾਇਸੈਂਸੀ ਅੰਤ ਵਿੱਚ ਕਾਰਜ ਮੁਕੰਮਲ ਹੋ ਜਾਣ ਉਤੇ ਤਿੰਨ ਮਹੀਨਿਆਂ ਦੇ ਅੰਦਰ ਅੰਦਰ ਲੇਖਾ ਤਿਆਰ (settle) ਕਰੇਗਾ। ਵਧੀਕ ਜ਼ਮ੍ਹਾਂ ਕਰਵਾਈ ਰਕਮ, ਜੇਕਰ ਕੋਈ ਹੋਵੇ, ਤਾਂ ਉਹ ਤਰੁੰਤ ਪਿਛੋਂ ਆਉਣ ਵਾਲੇ ਮਹੀਨਿਆਂ ਦੇ ਬਿਲਾਂ ਵਿੱਚ ਸਮਾਧਾਨ ਰਾਹੀਂ ਵਾਪਸ ਕੀਤੀ ਜਾਵੇਗੀ ਅਜਿਹਾ ਕਰਨ ਵਿੱਚ ਅਸਫਲ ਹੋਣ ’ਤੇ ਦੇਰੀ ਦੇ ਸਮੇਂ ਲਈ ਸਬੰਧਤ ਸਾਲ ਦੀ ਪਹਿਲੀ ਅਪ੍ਰੈਲ ਨੂੰ ਪ੍ਰਚਲਤ ਐਸ. ਬੀ. ਆਈ ਦੇ ਆਧਾਰ ਦਰ ਜਮ੍ਹਾਂ 2% ’ਤੇ ਵਿਆਜ ਦੀ ਅਦਾਇਗੀ ਕਰਨੀ ਪਵੇਗੀ।

11.5 ਕੋਈ ਵੀ ਵਿਅਕਤੀ/ ਖਪਤਕਾਰ, ਜੋ ਅਦਾਇਗੀ ਯੋਗ ਚਾਰਜਿਜ਼ / ਖਰਚ ਅਤੇ / ਜਾਂ ਸਰਵਿਸ ਮੁਹੱਈਆ ਕਰਨ ਵਿੱਚ ਦੇਰੀ ਤੋਂ ਪੀੜਿਤ ਹੈ, ਉਹ ਕਮਿਸ਼ਨ ਦੁਆਰਾ ਅਧਿਸੂਚਿਤ ‘ਖਪਤਕਾਰ ਸ਼ਿਕਾਇਤ ਹੈਂਡਲਿੰਗ ਕਾਰਜਵਿਧੀ’ ਅਨੁਸਾਰ ਨਿਵਿਰਤੀ ਦੀ ਮੰਗ ਕਰ ਸਕਦਾ ਹੈ।

## 11.6 ਮਾਲਕੀ ਦੀ ਤਬਦੀਲੀ ਜਾਂ ਇਕਰਾਰਨਾਮੇ ਦੀ ਟ੍ਰਾਂਸਫਰ ਲਈ ਕਾਰਜਵਿਧੀ : –

11.6.1 ਖਪਤਕਾਰ ਵੰਡ ਲਾਇਸੈਂਸੀ ਦੀ ਲਿਖਤੀ ਵਿੱਚ ਸਹਿਮਤੀ ਤੋਂ ਬਿਨਾਂ ਕੁਨੈਕਸ਼ਨ ਪ੍ਰਾਪਤ ਕਰਨ ਲਈ ਇਕਰਾਰਨਾਮੇ ਦੇ ਲਾਭ ਨੂੰ ਸਪੁਰਦ, ਤਬਦੀਲ ਜਾਂ ਸੌਂਪ ਨਹੀਂ ਸਕਦਾ। ਖਪਤਕਾਰ ਹੇਠ ਲਿਖੇ ਮੌਕਿਆਂ ਤੋਂ ਬਿਨਾਂ ਕਿਸੇ ਵੀ ਢੰਗ ਨਾਲ ਹਿਤ ਨੂੰ ਤਿਆਗ ਜਾਂ ਅੰਸ਼ਕ ਰਚਨਾ ਜਾਂ ਵੱਖਰਾ ਵੀ ਨਹੀਂ ਕਰ ਸਕਦਾ : –

(ੳ) ਭਾਈਵਾਲੀ ਵਿੱਚ ਤਬਦੀਲੀ,
( ਨਵੀਂ ਭਾਈਵਾਲੀ ਨਾਮਾ ( deed ) ਅਤੇ ਨਵੇਂ ਇਕਰਾਰਨਾਮੇ ਦੀ ਤਾਮੀਲੀ ਦੀ ਤਸਦੀਕੀ ਕਾਪੀ ਦੇਣ ਮਗਰੋਂ )

(ਅ) ਕੰਪਨੀ ਦੇ ਨਾਂ ਦੀ ਤਬਦੀਲੀ,
( ਐਸੋਸੀਏਸ਼ਨ ਦੇ ਨਵੇਂ ਮੈਮੋਰੈਂਡਮ / ਐਸੋਸੀਏਸ਼ਨ ਦੇ ਅਨੁਛੇਦ ਦੇ ਨਾਲ ਨਾਲ ਸਮਰਥਿਤ ਦਸਤਾਵੇਜ਼ ਅਤੇ ਨਵੇਂ ਇਕਰਾਰਨਾਮੇ ਦੀ ਤਾਮੀਲੀ ਦੀ ਤਸਦੀਕੀ ਕਾਪੀ ਦੇਣ ਮਗਰੋਂ )

11.6.2 ਖਪਤਕਾਰ ਵੰਡ ਲਾਇਸੈਂਸੀ ਦੀ ਸਹਿਮਤੀ ਨਾਲ ਕਿਸੇ ਹੋਰ ਦੂਜੇ ਵਿਅਕਤੀ ਨੂੰ ਕੁਨੈਕਸ਼ਨ ਅਤੇ ਇਸ ਦੀਆਂ ਦੇਣਦਾਰੀਆਂ ਤਬਦੀਲ ਕਰ ਸਕਦਾ ਹੈ। ਅਜਿਹੀ ਸਹਿਮਤੀ ਪ੍ਰਾਪਤ ਕਰਨ ਮਗਰੋਂ, ਤਬਦੀਲੀ ਪਾਤਰ ( transferee ) ਏ. ਤੇ ਏ. ਫਾਰਮ ਉਤੇ ਨਵਾਂ ਇਕਰਾਰਨਾਮਾ ਤਾਮੀਲ ਕਰੇਗਾ ਅਤੇ ਉਸ ਦੀ ਸਹਿਮਤੀ ਨਾਲ ਪਹਿਲੇ ਖਪਤਕਾਰ ਦੁਆਰਾ ਪਹਿਲਾਂ ਹੀ ਜਮ੍ਹਾਂ ਕਰਵਾਈ ਸਿਕਿਉਰਟੀ (ਖਪਤ) ਅਤੇ ਸਿਕਿਉਰਟੀ ( ਮੀਟਰ ) ਨੂੰ

ਗਿਣਨ ਮਗਰੋਂ ਪ੍ਰਚਲਤ ਦਰਾਂ 'ਤੇ ਸਿਕਿਉਰਟੀ ( ਖਪਤ ) ਅਤੇ ਸਿਕਿਉਰਟੀ ( ਮੀਟਰ ) ਜਮ੍ਹਾਂ ਕਰਵਾਏਗਾ। ਨਵਾਂ ਖਪਤਕਾਰ ਪੁਰਾਣੇ ਖਪਤਕਾਰ ਦੀਆਂ ਚਲੰਤ ਅਤੇ ਪਿਛਲੀਆਂ ਜਾਂ ਉਹ ਜਿਹੜੀਆਂ ਭਵਿਖ ਵਿੱਚ ਪਕੜੀਆਂ ਜਾਣ ਵਾਲੀਆਂ ਦੇਣਦਾਰੀਆਂ ਦੀ ਅਦਾਇਗੀ/ ਬਰਦਾਸ਼ਤ ਕਰਨ ਦਾ ਜਿੰਮਾ ਵੀ ਲਵੇਗਾ।

11.6.3 ਖਪਤਕਾਰ ਦੀ ਮੌਤ ਹੋ ਜਾਣ ਦੀ ਸੂਰਤ ਵਿੱਚ, ਵਾਰਸ ਵਾਰਸਾਂ ਵਿੱਚੋਂ ਕਿਸੇ ਇਕ ਦੇ ਨਾਂ 'ਤੇ ਕੁਨੈਕਸ਼ਨ ਤਬਦੀਲ ਕੀਤੇ ਜਾਣ ਲਈ ਅਪਲਾਈ ਕਰ ਸਕਦੇ ਹਨ। ਬਿਨੈ-ਪੱਤਰ (ਏ. ਤੇ ਏ. ਫਾਰਮ ) ਨਾਲ ਨਿਮਨ ਦਰਜ ਦਸਤਾਵੇਜ਼ ਪੇਸ਼ ਕੀਤੇ ਜਾਣਗੇ : -

ੳ) ਮੌਤ ਦਾ ਸਰਟੀਫਿਕੇਟ

ਅ) ਉਤਰਾਧਿਕਾਰੀ ਸਰਟੀਫਿਕੇਟ। ਬਦਲਵੇਂ ਰੂਪ ਵਿੱਚ ਟਿਊਬਵੈਲ ਖਪਤਕਾਰਾਂ ਲਈ ਉਤਰਾਧਿਕਾਰੀ ਸਰਟੀਫਿਕੇਟ ਦੀ ਜਗ੍ਹਾਂ ਤੇ ਮਾਲੀਏ ਦੇ ਅਧਿਕਾਰੀਆਂ ਦੁਆਰਾ ਸੱਜਰਾ ਨਸਦ ਸਰਟੀਫਿਕੇਟ ਵੀ ਪ੍ਰਵਾਨ ਕਰਨ ਯੋਗ ਹੋਵੇਗਾ। ਵੰਡ ਲਾਇਸੈਂਸੀ ਦੇ ਅਧਿਕਾਰੀ ਮ੍ਰਿਤਕ ਖਪਤਕਾਰ ਦੇ ਸਾਰੇ ਦਾਅਵੇਦਾਰਾਂ / ਕਾਨੂੰਨੀ ਵਾਰਸਾਂ ਤੋ ਇਤਰਾਜ਼ ਮੰਗਣ ਲਈ ਪਿੰਡ ਵਾਸੀਆਂ ਦੀ ਇਕੱਤਰਤਾ ਕਰਨ ਦਾ ਪ੍ਰਬੰਧ ਕਰਨ ਲਈ ਇਕ ਨੋਟਿਸ ਜਾਰੀ ਕਰੇਗਾ ਜਿਵੇਂ ਕਿ ਸੱਜਰਾ ਨਸਦ ਤੋਂ ਪ੍ਰਗਟ ਹੋ ਰਿਹਾ ਹੈ। ਪਿੰਡ ਵਾਸੀਆਂ ਦੀ ਪੂਰੀ ਇਕੱਤਰਤਾ ਵਿੱਚ ਖਾਲੀ ਕਾਗਜ਼ ਉਤੇ ਉਸ ਦੇ ਕਾਨੂੰਨੀ ਵਾਰਸਾਂ / ਦਾਅਵੇਦਾਰਾਂ ਤੋਂ ਖਪਤਕਾਰ ਦੀ ਮੌਤ ਸਬੰਧੀ ਇਕ ਸਰਟੀਫਿਕੇਟ, ਜੋ ਗ੍ਰਾਮ ਪੰਚਾਇਤ / ਨੰਬਰਦਾਰ ਦੁਆਰਾ ਵਿਧੀ ਪੂਰਵਕ ਪ੍ਰਮਾਣਿਕ ਹੋਵੇਗਾ, ਤਿਆਰ ਕੀਤਾ ਜਾਵੇਗਾ ਅਤੇ ਹਲਫੀਆ ਬਿਆਨ ਦੀ ਕੋਈ ਜ਼ਰੂਰਤ ਨਹੀਂ ਹੋਵੇਗੀ। ਵੰਡ ਲਾਇਸੈਂਸੀ, ਸਰਟੀਫਿਕੇਟ ਦੇ ਆਧਾਰ ਉਤੇ, ਜਨਰਲ ਚਾਰਜਿਜ਼ ਦੀ ਅਨੁਸੂਚੀ ਅਨੁਸਾਰ ਚਾਰਜਿਜ਼ ਦੀ ਅਦਾਇਗੀ ਦੀ ਸ਼ਰਤ ਅਧੀਨ ਕਾਨੂੰਨੀ ਵਾਰਸ ਦੇ ਨਾਂ 'ਤੇ ਕੁਨੈਕਸ਼ਨ ਤਬਦੀਲ ਕਰ ਦੇਵੇਗਾ।

ੲ) ਵਾਰਸਾਂ ਵਿਚੋਂ ਇਕ ਦੇ ਨਾਂ 'ਤੇ ਤਬਦੀਲ ਕੀਤੇ ਜਾ ਰਹੇ ਕੁਨੈਕਸ਼ਨ ਦੇ ਹੋਰ ਦੂਜੇ ਵਾਰਸਾਂ ਤੋਂ ਇਤਰਾਜ਼-ਹੀਨਤਾ ਸਰਟੀਫਿਕੇਟ।

ਸ) ਉਪਰੋਕਤ (ੳ) ਅਤੇ (ਅ) 'ਤੇ ਦਸਤਾਵੇਜ਼ਾਂ ਦੀ ਗੈਰ- ਮੌਜੂਦਗੀ ਵਿੱਚ, ਸਾਰੇ ਵਾਰਸ ਖਪਤਕਾਰ ਦੀ ਮੌਤ ਦੀ ਪੁਸ਼ਟੀ ਕਰਦਾ, ਕਾਨੂੰਨੀ ਵਾਰਸਾਂ ਦੀ ਸ਼ਨਾਖਤ ਕਰਦਾ ਅਤੇ ਵਿਸ਼ੇਸ਼ ਵਾਰਸ ਦੇ ਨਾਂ 'ਤੇ ਤਬਦੀਲ ਕੀਤੇ ਜਾ ਰਹੇ ਕੁਨੈਕਸ਼ਨ ਨਾਲ ਉਹਨਾਂ ਦੀ ਸਹਿਮਤੀ ਦਿੰਦਾ ਮੈਜਿਸਟਰੇਟ ਦੁਆਰਾ ਵਿਧੀਪੂਰਵਕ ਤਸਦੀਕ ਕੀਤਾ ਗਿਆ ਹਲਫੀਆ ਬਿਆਨ ਪੇਸ਼ ਕੀਤਾ ਜਾ ਸਕਦਾ ਹੈ।

ਹ) ਵੰਡ ਲਾਇਸੈਂਸੀ, ਉਪਰੋਕਤ ਦਸਤਾਵੇਜ਼ਾਂ ਦੇ ਪੇਸ਼ ਕਰਨ ਉਤੇ, ਇਸ ਸ਼ਰਤ 'ਤੇ ਕੁਨੈਕਸ਼ਨ ਨੂੰ ਤਬਦੀਲ ਕਰ ਸਕਦਾ ਹੈ ਕਿ ਕਮਿਸ਼ਨ ਦੁਆਰਾ ਪ੍ਰਵਾਨ ਕੀਤੇ ਗਏ ਅਨੁਸਾਰ ਜਨਰਲ ਚਾਰਜਿਜ਼ ਦੀ ਅਨੁਸੂਚੀ ਵਿੱਚ ਦਰਸਾਏ ਗਏ ਅਨੁਸਾਰ ਅਦਾਇਗੀ ਯੋਗ ਚਾਰਜਿਜ਼ ਅਤੇ ਜਿਥੇ ਅਜਿਹੇ ਚਾਰਜਿਜ਼ ਸੁਨਿਸ਼ਚਿਤ ਨਹੀਂ ਕੀਤੇ ਗਏ ਹਨ, ਉਥੇ ਸਰਵਿਸ ਮਹੱਈਆ ਕੀਤੇ ਜਾਣ ਦੀ ਵਾਸਤਵਿਕ ਲਾਗਤ ਤਬਦੀਲੀ-ਪਾਤਰ ਦੁਆਰਾ ਜਮ੍ਹਾਂ ਕਰਵਾ ਦਿੱਤੀ ਗਈ ਹੋਵੇ। ਤਬਦੀਲੀ-ਪਾਤਰ ਸੁਨਿਸ਼ਚਿਤ ਕੀਤੇ ਗਏ ਚਾਰਜਿਜ਼ ਜਮ੍ਹਾਂ ਕਰਵਾਉਣ ਅਤੇ ਹੋਰ ਦੂਜੀਆਂ ਰਸਮੀ ਕਾਰਵਾਈਆਂ ਪੂਰੀਆਂ ਕਰਨ ਮਗਰੋਂ ਕੁਨੈਕਸ਼ਨ ਬਦਲਵਾ ਲੈਣ ਲਈ ਵੀ ਯੋਗ ਹੋ ਜਾਵੇਗਾ।

ਕ)	ਜੇਕਰ ਕੁਨੈਕਸ਼ਨ ਦੀ ਤਬਦੀਲੀ ਖਪਤਕਾਰ ਦੀ ਮੌਤ ਤੋਂ 6 ਮਹੀਨਿਆਂ ਦੇ ਅੰਦਰ ਅੰਦਰ ਨਹੀਂ ਕਰਵਾਈ ਜਾਂਦੀ ਤਾਂ ਵੰਡ ਲਾਇਸੈਂਸੀ ਇਸ ਗਲ ਦੀ ਮੰਗ ਕਰਦਾ ਨੋਟਿਸ ਜਾਰੀ ਕਰੇਗਾ ਕਿ ਕਿਸੇ ਵੀ ਵਾਰਸ ਨੂੰ ਨੋਟਿਸ ਦੀ ਮਿਤੀ ਤੋਂ 15 ਦਿਨਾਂ ਦੇ ਅੰਦਰ ਅੰਦਰ ਕੁਨੈਕਸ਼ਨ ਤਬਦੀਲ ਕਰਵਾਉਣ ਲਈ ਬਿਨੈ-ਪੱਤਰ ਪੇਸ਼ ਕਰਨਾ ਚਾਹੀਦਾ ਹੈ। ਜੇਕਰ ਨੋਟਿਸ ਵਿੱਚ ਦਰਸਾਏ ਗਏ ਸਮੇਂ ਦੇ ਅੰਦਰ ਅੰਦਰ ਵੰਡ ਲਾਇਸੈਂਸੀ ਨੂੰ ਬਿਨੈਪੱਤਰ ਪੇਸ਼ ਨਹੀਂ ਕਰਦਾ ਤਾਂ ਕੁਨੈਕਸ਼ਨ ਕੱਟ ਦਿੱਤੇ ਜਾਣ ਦੇ ਯੋਗ ਹੋਵੇਗਾ।

11.6.4	<u>ਜਮੀਨ ਜਾਂ ਸੰਪਤੀ ਦੀ ਤਬਦੀਲੀ / ਵਿਕਰੀ</u> : -

ਸੰਪਤੀ ਦੀ ਤਬਦੀਲੀ ਦੀ ਸੂਰਤ ਵਿੱਚ, ਤਬਦੀਲੀ- ਪਾਤਰ ਨਿਮਨ ਦਸਤਾਵੇਜ਼ਾਂ ਦੇ ਨਾਲ ਏ. ਤੇ ਏ. ਫਾਰਮ ਉਤੇ ਬਿਨੈ-ਪੱਤਰ ਪੇਸ਼ ਕਰੇਗਾ : -

ੳ)	ਕੁਨੈਕਸ਼ਨ ਦੀ ਤਬਦੀਲੀ ਲਈ ਪਹਿਲੇ ਮਾਲਕ ਦੀ ਸਹਿਮਤੀ ਦਾ ਪੱਤਰ ,

ਅ)	ਸਹਿਮਤੀ ਦੇ ਪੱਤਰ ਦੀ ਗੈਰ ਮੌਜੂਦਗੀ ਵਿੱਚ ਤਬਦੀਲੀ ਪਾਤਰ ਅਹਾਤੇ ਦੀ ਮਾਲਕੀ ਦਾ ਸਬੂਤ ਮੁਹੱਈਆ ਕਰੇਗਾ। ਬਟਵਾਰੇ ਦੇ ਕੇਸ ਵਿੱਚ ਉਸ ਦੇ ਵੇਰਵੇ ਜਾਂ ਇਕ ਪਰਿਵਾਰਿਕ ਬਟਵਾਰਾ ਨਾਮਾ, ਜੇਕਰ ਕੋਈ ਹੋਵੇ, ਪੇਸ਼ ਕਰ ਸਕਦਾ ਹੈ।

ੲ)	ਜੇਕਰ ਸਿਕਿਉਰਟੀ ( ਖਪਤ ) ਤਬਦੀਲ ਕਰਨ ਲਈ ਪਹਿਲੇ ਮਾਲਕ ਦੀ ਸਹਿਮਤੀ ਪ੍ਰਸਤੁਤ ਨਹੀਂ ਕੀਤੀ ਜਾ ਸਕਦੀ ਤਾਂ ਬਿਨੈਕਾਰ ਮੌਜੂਦਾ ਦਰਾਂ ’ਤੇ ਸਿਕਿਉਰਟੀ ( ਖਪਤ ) ਅਤੇ ਸਿਕਿਉਰਟੀ ( ਮੀਟਰ ) ਜਮ੍ਹਾਂ ਕਰਵਾਏਗਾ। ਉਹ ਪਹਿਲੇ ਖਪਤਕਾਰ ਦੇ ਬਾਕੀ ਖੜੇ ਬਕਾਏ, ਜੇਕਰ ਕੋਈ ਹੋਣ, ਵੀ ਅਦਾ ਕਰੇਗਾ।

ਸ)	ਜੇਕਰ ਏ. ਪੀ. / ਏ. ਪੀ. ਉੱਚ ਤਕਨਾਲੋਜੀ ਦੇ ਕੁਨੈਕਸ਼ਨ ਵਾਲੀ ਜਮੀਨ ਦੀ ਇਕ ਤੋਂ ਜ਼ਿਆਦਾ ਵਿਅਕਤੀਆਂ ਦੀ ਸੰਯੁਕਤ ਰੂਪ ਵਿੱਚ ਮਲਕੀਅਤੀ ਹੋਵੇ ਅਤੇ ਜਮੀਨ ਦਾ ਇਕ ਟੁੱਕੜਾ ਉਸ ਉਤੇ ਖੇਤੀਬਾੜੀ ਪੰਪਸੈੱਟ / ਖੇਤੀਬਾੜੀ ਪੰਪਸੈੱਟ ਉੱਚ ਤਕਨਾਲੋਜੀ ਕੁਨੈਕਸ਼ਨ ਸਮੇਤ ਵੇਚ ਦਿੱਤਾ ਗਿਆ ਹੋਵੇ, ਤਦ ਕੁਨੈਕਸ਼ਨ ਖਰੀਦਾਰ ਦੇ ਨਾਂ ’ਤੇ ਤਬਦੀਲ ਕੀਤਾ ਜਾ ਸਕਦਾ ਹੈ ਜੇਕਰ ਅਜਿਹੀ ਤਬਦੀਲੀ ਲਈ ਸਾਰੇ ਸਹਿ ਹਿੱਸੇਦਾਰਾਂ ( co-sharers ) ਦੀ ਸਹਿਮਤੀ ਅਤੇ ਉਸ ਸਬੰਧੀ ਮੈਜਿਸਟਰੇਟ ਦੁਆਰਾ ਵਿਧੀ ਪੂਰਵਕ ਤਸਦੀਕ ਕੀਤਾ ਇਕ ਹਲਫੀਆ ਬਿਆਨ ਪੇਸ਼ ਕੀਤਾ ਜਾਵੇ।

ਹ)	ਜੇਕਰ ਜਿਥੇ ਕੁਨੈਕਸ਼ਨ ਲਈ ਇਕਰਾਰਨਾਮੇ ਦਾ ਲਾਭ ਵੰਡ ਲਾਇਸੈਂਸੀ ਦੀ ਪ੍ਰਵਾਨਗੀ ਤੋਂ ਬਿਨਾਂ ਕਿਸੇ ਹੋਰ ਵਿਅਕਤੀ ਨੂੰ ਸੌਂਪ ਦਿੱਤਾ ਗਿਆ ਹੋਵੇ ਤਾਂ ਖਪਤਕਾਰ ਨੂੰ ਇਹ ਮੰਗ ਕਰਦਾ ਨੋਟਿਸ ਦਿੱਤਾ ਜਾਵੇਗਾ ਕਿ ਕੁਨੈਕਸ਼ਨ ਦੀ ਤਬਦੀਲੀ ਨੋਟਿਸ ਦੇਣ ਤੋਂ 30 ਦਿਨਾਂ ਦੇ ਅੰਦਰ ਅੰਦਰ ਉਪਰੋਕਤ ਦਿੱਤੀ ਗਈ ਕਾਰਜਵਿਧੀ ਅਨੁਸਾਰ ਕਰਵਾ ਲਈ ਜਾਵੇ। ਜੇਕਰ ਨੋਟਿਸ ਵਿੱਚ ਦਸੇ ਗਏ ਸਮੇਂ ਦੇ ਅੰਦਰ ਅੰਦਰ ਵੰਡ ਲਾਇਸੈਂਸੀ ਨੂੰ ਕੋਈ ਬਿਨੈ- ਪੱਤਰ ਪੇਸ਼ ਨਹੀਂ ਕੀਤਾ ਜਾਂਦਾ ਤਾਂ ਕੁਨੈਕਸ਼ਨ ਕੱਟਣ ਦੇ ਯੋਗ ਹੋਵੇਗਾ।

## 12. **ਅਣਅਧਿਕਾਰਿਤ ਲੋਡ ਲਈ ਲੋਡ ਸਰਚਾਰਜ : -**

ਖਪਤਕਾਰ ਮੰਨਜ਼ੂਰਸ਼ੁਦਾ ਲੋਡ ਤੋਂ ਵਧੀਕ ਕੁਨੈਕਟਿਡ ਲੋਡ ਦੀ ਵਰਤੋਂ ਕਰਨ ਲਈ ਟੈਰਿਫ ਦੀ ਸਬੰਧਤ ਅਨੁਸੂਚੀ ਅਨੁਸਾਰ ਲੋਡ ਸਰਚਾਰਜ ਅਦਾ ਕਰਨ ਦੇ ਯੋਗ ਹੋਵੇਗਾ।

ਵੰਡ ਲਾਇਸੈਂਸੀ ਦੇ ਨਿਮਨ ਦਰਜ ਅਧਿਕਾਰੀ / ਕਰਮਚਾਰੀ ਕੁਨੈਕਟਿਡ ਲੋਡ ਦੀ ਚੈਕਿੰਗ ਕਰਨ ਦੇ ਮੰਤਵ ਲਈ ਖਪਤਕਾਰ ਦੇ ਅਹਾਤੇ 'ਤੇ ਬਿਜਲਈ ਸੰਸਥਾਪਨਾਵਾਂ ਦਾ ਨਿਰੀਖਣ ਕਰਨ ਵਾਸਤੇ ਸਮਰੱਥ ਹੋਣਗੇ : –

| | **ਕੁਨੈਕਸ਼ਨ ਦੀ ਕੈਟਾਗਰੀ** | **ਚੈੱਕ ਕਰਨ ਵਾਲਾ ਅਧਿਕਾਰੀ/ਕਰਮਚਾਰੀ** |
|---|---|---|
| (i) | 20 ਕਿ. ਵਾ. ਤੱਕ ਸਾਰੇ ਏ. ਪੀ. / ਐਸ. ਪੀ./ ਡੀ. ਐਸ. ਅਤੇ ਐਨ. ਆਰ. ਐਸ. (NRS) | ਵੰਡ ਵਿੰਗ ਦਾ ਕੋਈ ਵੀ ਅਧਿਕਾਰੀ/ ਕਰਮਚਾਰੀ, ਜੋ ਜੂ. ਇੰ. ਦੇ ਰੈਂਕ ਤੋਂ ਥੱਲੇ ਨਾ ਹੋਵੇ |
| (ii) | 100 ਕਿ. ਵਾ. ਤੱਕ ਖਪਤਕਾਰਾਂ ਦੀਆਂ ਸਾਰੀਆਂ ਕੈਟਾਗਰੀਆਂ (ਐਮ. ਐਸ. / ਬੀ. ਐਸ. ਕੈਟਾਗਿਰੀਆਂ ਤੋਂ ਛੁੱਟ) | ਵੰਡ / ਇੰਨਫੋਰਸਮੈਂਟ ਵਿੰਗ ਦਾ ਕੋਈ ਵੀ ਅਧਿਕਾਰੀ, ਜੋ ਸਹਾ. ਇੰ./ ਸਹਾ. ਕਾ. ਕਾ. ਇੰ. ਦੇ ਰੈਂਕ ਤੋਂ ਥੱਲੇ ਨਾ ਹੋਵੇ। |

ਪਰੰਤੂ, ਖਪਤਕਾਰਾਂ ਦੀ ਘ. ਸ. (DS) ਕੈਟਾਗਰੀ ਦਾ ਕੁਨੈਕਟਿਡ ਲੋਡ ਕੇਵਲ ਉਥੇ ਚੈੱਕ ਕੀਤਾ ਜਾਵੇਗਾ ਜਿਥੇ ਊਰਜਾ ਦੀ ਖਪਤ ਖਪਤਕਾਰ ਦੇ ਮੰਨਜ਼ੂਰਸ਼ੁਦਾ ਲੋਡ ਦੇ ਅਨੁਰੂਪ ਨਾ ਹੋਵੇ।

## 13. ਸਿਕਿਉਰਟੀ ਮੰਗਣ ਲਈ ਸ਼ਕਤੀ : –

13.1 ਵੰਡ ਲਾਇਸੈਂਸੀ ਕਿਸੇ ਵੀ ਬਿਨੈਕਾਰ, ਜੋ ਆਪਣੇ ਅਹਾਤੇ ਲਈ ਬਿਜਲੀ ਦੀ ਸਪਲਾਈ ਦੀ ਮੰਗ ਕਰਦਾ ਹੈ, ਤੋਂ ਸਾਰੇ ਧਨਾਢਾਂ ( monies ) ਦੀ ਅਦਾਇਗੀ ਲਈ, ਜਿਹੜੇ ਕਿ ਲਾਇਸੈਂਸੀ ਵੱਲ ਬਕਾਇਆ ਅਤੇ ਅਦਾਇਗੀ ਯੋਗ ਬਣ ਗਏ ਹੋਣ, ਦੀ ਅਦਾਇਗੀ ਦੇਣ ਲਈ ਜਨਰਲ ਚਾਰਜਿਜ਼ ਦੀ ਅਨੁਸੂਚੀ ਵਿੱਚ ਸੁਨਿਸ਼ਚਿਤ ਕੀਤੇ ਗਏ ਅਨੁਸਾਰ ਉਚਿਤ ਸਿਕਿਉਰਟੀ ਦੇਣ ਦੀ ਮੰਗ ਕਰ ਸਕਦਾ ਹੈ।

ੳ) ਅਜਿਹੇ ਵਿਅਕਤੀ ਨੂੰ ਕੀਤੀ ਗਈ ਬਿਜਲੀ ਦੀ ਸਪਲਾਈ ਦੇ ਸਬੰਧ ਵਿੱਚ ; ਅਤੇ

ਅ) ਜਿਥੇ ਕਿਸੇ ਬਿਜਲੀ ਦੀ ਲਾਈਨ ਜਾਂ ਬਿਜਲਈ ਪਲਾਂਟ ਜਾਂ ਬਿਜਲੀ ਦਾ ਮੀਟਰ ਅਜਿਹੇ ਵਿਅਕਤੀ ਨੂੰ ਬਿਜਲੀ ਦੀ ਸਪਲਾਈ ਕਰਨ ਲਈ ਮੁਹੱਈਆ ਕੀਤਾ ਜਾਣਾ ਹੈ, ਅਜਿਹੀ ਲਾਈਨ ਜਾਂ ਪਲਾਂਟ ਜਾਂ ਮੀਟਰ ਦੇ ਪ੍ਰਬੰਧ ਕਰਨ ਦੇ ਸਬੰਧ ਵਿੱਚ।

13.2 ਜੇਕਰ ਕੋਈ ਬਿਨੈਕਾਰ ਅਜਿਹੀ ਸਿਕਿਉਰਟੀ ਦੇਣ ਵਿੱਚ ਅਸਮਰੱਥ ਰਹਿੰਦਾ ਹੈ ਤਾਂ ਵੰਡ ਲਾਇਸੈਂਸੀ ਉਸ ਸਮੇਂ, ਜਿਸ ਵਿੱਚ ਉਸ ਦੀ ਅਸਫਲਤਾ ਜਾਰੀ ਰਹਿੰਦੀ ਹੈ, ਲਈ ਬਿਜਲੀ ਦੀ ਸਪਲਾਈ/ ਅਤਿਰਿਕਤ ਸਪਲਾਈ ਦੇਣ ਲਈ ਜਾਂ ਲਾਈਨ ਜਾਂ ਪਲਾਂਟ ਜਾਂ ਮੀਟਰ ਮੁਹੱਈਆ ਕਰਨ ਵਾਸਤੇ ਇਨਕਾਰ ਕਰ ਸਕਦਾ ਹੈ।

13.3 ਸਿਕਿਉਰਟੀ ਵੱਲ ਅਦਾਇਗੀ ਯੋਗ ਰਕਮ ਨੂੰ ਵੰਡ ਲਾਇਸੈਂਸੀ ਦੇ ਹਿੱਤ ਵਿੱਚ ਕਢਵਾਉਣ ਲਈ ਨਕਦ ਜਾਂ ਡੀਮਾਂਡ ਡਰਾਫਟ / ਅੰਕਿਤ ਮੁੱਲ 'ਤੇ ਚੈੱਕ / ਬੈਂਕਰ ਚੈੱਕ ਦੁਆਰਾ ਅਧਿਸੂਚਿਤ ਦਫਤਰ ਵਿੱਚ ਜਮ੍ਹਾਂ ਕਰਵਾਇਆ ਜਾਵੇਗਾ।

## 14. ਸਿਕਿਉਰਟੀ (ਖਪਤ) : –

ਇਹਨਾਂ ਵਿਨਿਯਮਾਂ ਦੇ ਵਿਨਿਯਮ 6 ਅਨੁਸਾਰ ਬਿਜਲੀ ਦੀ ਸਪਲਾਈ ਦੀ ਮੰਗ ਕਰ ਰਹੇ ਬਿਨੈਕਾਰ ਨੂੰ ਕੁਨੈਕਸ਼ਨ ਦੇ ਜਾਰੀ ਕਰਨ ਮਗਰੋਂ ਸਪਲਾਈ ਕੀਤੀ ਜਾਣ ਦੀ ਸੰਭਾਵਨਾ ਵਿੱਚ

ਅਨੁਮਾਨਤ ਬਿਜਲੀ ਵੱਲ ਸਿਕਿਉਰਟੀ ( ਖਪਤ ) ਵਜੋਂ ਕਮਿਸ਼ਨ ਦੁਆਰਾ ਪ੍ਰਵਾਨ ਕੀਤੇ ਗਏ ਅਨੁਸਾਰ ਜਨਰਲ ਚਾਰਜਿਜ਼ ਦੀ ਅਨੁਸੂਚੀ ਵਿੱਚ ਸੁਨਿਸ਼ਚਿਤ ਕੀਤੇ ਗਏ ਅਨੁਸਾਰ ਕਿ. ਵਾ. / ਕੇ. ਵੀ. ਏ. ਦੇ ਆਧਾਰ ਉਤੇ ਰਕਮ ਵੰਡ ਲਾਇਸੈਂਸੀ ਨੂੰ ਮੁੱਢਲੇ ਰੂਪ ਵਿੱਚ ਅਦਾ ਕਰਵਾਉਣੀ ਪਵੇਗੀ। ਪਰੰਤੂ, 100 ਕੇ. ਵੀ. ਏ. ਤੋਂ ਵੱਧ ਮੰਗ ਵਾਲੇ ਬਿਨੈਕਾਰ ਦੇ ਕੇਸ ਵਿੱਚ, ਸਿਕਿਉਰਟੀ ( ਖਪਤ ) ਦਾ 25 % (ਸੰਭਵਤਾ ਕਲੀਅਰੈਂਸ ਦੇ ਸਮੇਂ 'ਤੇ ਈ. ਐਮ. ਡੀ. ਜਮ੍ਹਾਂ ਕਰਵਾਉਣ ਸਮੇਤ) ਏ. ਤੇ ਏ. ਫਾਰਮ ਦੀ ਰਜਿਸਟ੍ਰੇਸ਼ਨ ਦੇ ਸਮੇਂ 'ਤੇ ਜਮ੍ਹਾ ਕਰਵਾਇਆ ਜਾਣਾ ਹੈ ਅਤੇ ਬਾਕੀ ਰਹਿੰਦੀ ਸਿਕਿਉਰਟੀ (ਖਪਤ) ਨੂੰ ਡੀਮਾਂਡ ਨੋਟਿਸ ਦੀ ਪਾਲਣਾ ਦੇ ਸਮੇਂ 'ਤੇ ਜਮ੍ਹਾਂ ਕਰਵਾਇਆ ਜਾਣਾ ਹੈ।

ਅਤਿਰਿਕਤ ਲੋਡ / ਮੰਗ ਦੀ ਮੰਨਜ਼ੂਰੀ ਦੀ ਮੰਗ ਕਰਦੇ ਬਿਨੈਕਾਰ ਨੂੰ ਕੁਲ ਲੋਡ / ਮੰਗ ਨੂੰ ਲਾਗੂ ਹੋਣ ਯੋਗ ਸਲੈਬ ਦਰ 'ਤੇ ਕੇਵਲ ਅਤਿਰਿਕਤ ਲੋਡ / ਮੰਗ ਲਈ ਗਿਣੀ ਗਈ ਸਿਕਿਉਰਟੀ ( ਖਪਤ ) ਜਮ੍ਹਾਂ ਕਰਵਾਉਣੀ ਪਵੇਗੀ।

## 15. ਸਿਕਿਉਰਟੀ (ਮੀਟਰ) : –

ਮੀਟਰ, ਜਿਸ ਵਿੱਚ ਮੀਟਰਿੰਗ ਉਪਕਰਣ ਵੀ ਸ਼ਾਮਲ ਹੈ, ਲਈ ਸਿਕਿਉਰਟੀ, ਜਿਸ ਦਾ ਇਸ ਤੋਂ ਮਗਰੋਂ ਸਿਕਿਉਰਟੀ ( ਮੀਟਰ ) ਵਜੋਂ ਹਵਾਲਾ ਕੀਤਾ ਜਾਵੇਗਾ, ਇਹਨਾਂ ਵਿਨਿਯਮਾਂ ਦੇ ਵਿਨਿਯਮ 6 ਦੇ ਅਨੁਸਾਰ ਏ. ਤੇ ਏ. ਫਾਰਮ ਪੇਸ਼ ਕਰਨ ਦੇ ਸਮੇਂ 'ਤੇ ਬਿਨੈਕਾਰ ਦੁਆਰਾ ਜਮ੍ਹਾਂ ਕਰਵਾਈ ਜਾਵੇਗੀ। ਅਜਿਹੀ ਸਿਕਿਉਰਟੀ ( ਮੀਟਰ ) ਦੇ ਦਰ ਕਮਿਸ਼ਨ ਦੁਆਰਾ ਪ੍ਰਵਾਨਤ ਕੀਤੇ ਗਏ ਜਨਰਲ ਚਾਰਜਿਜ਼ ਦੀ ਅਨੁਸੂਚੀ ਅਨੁਸਾਰ ਹੋਣਗੇ।

## 16. ਸਿਕਿਉਰਟੀ ( ਖਪਤ ) ਦੀ ਪੜਚੋਲ ਅਤੇ ਅਤਿਰਿਕਤ ਸਿਕਿਉਰਟੀ ( ਖਪਤ ) ਦੀ ਅਦਾਇਗੀ :

16.1 ਕੁਨੈਕਸ਼ਨ ਜਾਰੀ ਕਰਨ ਮਗਰੋਂ, ਸਾਰੇ ਖਪਤਕਾਰ ਬਿਜਲੀ ਦੀ ਸਪਲਾਈ ਲਈ ਇਕਰਾਰਨਾਮੇ ਦੇ ਸਮੇਂ ਦੌਰਾਨ ਜਿਥੇ ਦੋ ਮਹੀਨਿਆਂ ਦੀ ਬਿਲਿੰਗ ਲਾਗੂ ਹੋਣ ਯੋਗ ਹੈ, ਉਥੇ ਢਾਈ ਮਹੀਨਿਆਂ ਲਈ ਅਤੇ ਮਾਸਿਕ ਬਿਲਿੰਗ ਦੇ ਕੇਸ ਵਿੱਚ ਡੇਢ ਮਹੀਨੇ ਦੇ ਲਈ ਖਪਤ ਚਾਰਜਿਜ਼ (ਅਰਥਾਤ ਲਾਗੂ ਹੋਣ ਯੋਗ ਅਨੁਸਾਰ ਨਿਸ਼ਚਿਤ ਅਤੇ ਪਰਿਵਰਤਣ ਯੋਗ ਚਾਰਜਿਜ਼) ਦੇ ਬਰਾਬਰ ਰਕਮ ਨੂੰ ਵੰਡ ਲਾਇਸੈਂਸੀ ਕੋਲ ਸਿਕਿਉਰਟੀ (ਖਪਤ) ਵਜੋਂ ਬਰਕਰਾਰ ( maintain ) ਰੱਖਣਗੇ।

16.2 ਜਿਥੇ ਕਿਤੇ ਖਪਤਕਾਰਾਂ ਦੀ ਕਿਸੇ ਕੈਟਾਗਰੀ ਲਈ ਵੰਡ ਲਾਇਸੈਂਸੀ ਦੇ ਸੰਚਾਲਨ ਦੇ ਕਿਸੇ ਵੀ ਖੇਤਰ ਵਿੱਚ ਮੌਕੇ 'ਤੇ ਬਿਲ ਬਣਾਉਣਾ (spot billing) ਸ਼ੁਰੂ ਕੀਤਾ ਗਿਆ ਹੈ ਤਾਂ ਦੋ ਮਾਸਿਕ ਦੀ ਬਿਲਿੰਗ ਲਈ ਦੋ ਮਹੀਨਿਆਂ ਵਾਸਤੇ ਅਤੇ ਮਾਸਿਕ ਬਿਲਿੰਗ ਕੈਟਾਗਰੀਆਂ ਦੇ ਕੇਸ ਵਿੱਚ ਇਕ ਮਹੀਨੇ ਦੇ ਲਈ ਖਪਤ ਚਾਰਜਿਜ਼ ਦੇ ਆਧਾਰ ਉਤੇ ਸਿਕਿਉਰਟ ( ਖਪਤ ) ਨੂੰ ਬਰਕਰਾਰ ਰੱਖਿਆ ਜਾਵੇਗਾ। ਮੌਜੂਦਾ ਖਪਤਕਾਰਾਂ ਦੇ ਸਬੰਧ ਵਿੱਚ ਸਿਕਿਉਰਟ ( ਖਪਤ ) ਦੀ ਵਧੀਕ ਰਕਮ ਨੂੰ ਵੰਡ ਲਾਇਸੈਂਸੀ ਦੁਆਰਾ ਉਸ ਮਗਰੋਂ ਤੁਰੰਤ ਵੰਡ ਲਾਇਸੈਂਸੀ ਵੱਲ ਕਿਸੇ ਬਾਕੀ ਰਹਿੰਦੇ ਬਕਾਇਆਂ ਅਤੇ / ਜਾਂ ਬਕਾਇਆ ਬਣਦੀ ਕਿਸੇ ਵੀ ਰਕਮ ਵਿਰੁੱਧ ਸਮਾਧਾਨ ਦੁਆਰਾ ਵਾਪਸ ਕੀਤਾ ਜਾਵੇਗਾ।

16.3 ਵੰਡ ਲਾਇਸੈਂਸੀ ਪੂਰਵ ਅਦਾਇਗੀ ਕੀਤੇ ਮੀਟਰ, ਜਿਵੇਂ ਅਤੇ ਜਦੋਂ ਅਜਿਹੀ ਸਹੂਲਤ ਮੁਹੱਈਆ ਕੀਤੀ ਜਾਂਦੀ ਹੈ, ਰਾਹੀਂ ਬਿਜਲੀ ਦੀ ਸਪਲਾਈ ਦੀ ਮੰਗ ਕਰ ਰਹੇ ਕਿਸੇ ਵੀ ਖਪਤਕਾਰ ਤੋਂ ਸਿਕਿਉਰਟੀ ( ਖਪਤ ) ਦੀ ਮੰਗ ਕਰਨ ਲਈ ਹੱਕਦਾਰ ਨਹੀਂ ਹੈ।

ਬਸ਼ਰਤੇ ਕਿ ਮੌਜੂਦਾ ਖਪਤਕਾਰ ਦੇ ਕੇਸ ਵਿੱਚ, ਜਿਹੜਾ ਪੂਰਵ ਅਦਾਇਗੀ ਕੀਤੇ ਮੀਟਰ ਰਾਹੀਂ ਬਿਜਲੀ ਦੀ ਸਪਲਾਈ ਲਈ ਚੋਣ ਕਰਦਾ ਹੈ, ਤਾਂ ਵੰਡ ਲਾਇਸੈਂਸੀ ਕਿਸੇ ਬਾਕੀ ਖੜੇ ਬਕਾਏ ਵਿਰੁੱਧ ਸਮਾਧਾਨ ਕਰਦਿਆਂ ਅਜਿਹੇ ਖਪਤਕਾਰ ਦੀ ਸਿਕਿਉਰਟੀ ( ਖਪਤ ) ਨੂੰ ਵਿਆਜ

ਚਾਰਜਿਜ਼ ਸਮੇਤ ਵਾਪਸ ਕਰੇਗਾ ਅਤੇ ਬਕਾਇਆ ਰਕਮ, ਜੇਕਰ ਕੋਈ ਹੋਵੇ, ਖਪਤਕਾਰ ਨੂੰ ਚੈੱਕ ਰਾਹੀਂ ਵਾਪਸ ਕਰੇਗਾ।

16.4 ਇਹਨਾਂ ਵਿਨਿਯਮਾਂ ਦੇ ਵਿਨਿਯਮ 16.1 ਦੇ ਅਨੁਸਾਰ ਸਿਕਿਉਰਟੀ ਦੀ ਰਕਮ ਦੀ ਉਚਿਤਤਾ ਦੀ ਵੰਡ ਲਾਇਸੈਂਸੀ ਦੁਆਰਾ ਪਿਛਲੇ ਸਾਲ ਦੇ ਅਪ੍ਰੈਲ ਤੋਂ ਮਾਰਚ ਤੱਕ ਦੇ 12 ਮਹੀਨਿਆਂ ਦੇ ਸਮੇਂ ਲਈ ਔਸਤ ਮਾਸਿਕ ਖਪਤ ਉਤੇ ਆਧਾਰਤ ਹਰੇਕ ਤਿੰਨ ਸਾਲਾਂ ( ਤਰਜੀਹੀ ਤੌਰ ਤੇ ਸਬੰਧਤ ਸਾਲ ਲਈ ਟੈਰਿਫ ਦੀ ਸੋਧ ਹੋਣ ਮਗਰੋਂ ) ਮਗਰੋਂ ਪੜਚੋਲ ਕੀਤੀ ਜਾਵੇਗੀ ਜਦੋਂ ਕਿ ਐਚ. ਟੀ. / ਈ. ਐਚ. ਟੀ. ਖਪਤਕਾਰਾਂ, ਜਿਹਨਾਂ ਦੇ ਕੇਸ ਵਿੱਚ ਸਿਕਿਉਰਟੀ ( ਖਪਤ ) ਦੀ ਉਚਿਤਤਾ ਦੀ ਪੜਚੋਲ ਸਾਲਾਨਾ ਤੌਰ ਤੇ ਕੀਤੀ ਜਾਵੇਗੀ।
ਨਵੇਂ ਖਪਤਕਾਰਾਂ, ਜੋ ਇਕ ਸਾਲ ਤੋਂ ਘੱਟ ਪੁਰਾਣੇ ਹਨ, ਦੇ ਕੇਸ ਵਿੱਚ, ਪਹਿਲੀ ਪੜਚੋਲ ਵੰਡ ਲਾਇਸੈਂਸੀ ਕੋਲ ਉਪਲਬਧ ਅਪ੍ਰੈਲ ਤੋਂ ਮਾਰਚ ਤੱਕ ਕੇਵਲ 12 ਮਹੀਨਿਆਂ ਦੀ ਖਪਤ ਮਗਰੋਂ ਕੀਤੀ ਜਾਵੇਗੀ।

## 16.5 ਅਤਿਰਿਕਤ ਸਿਕਿਉਰਟੀ ( ਖਪਤ ) ਲਈ ਨੋਟਿਸ : –

16.5.1 ਵਿਨਿਯਮ 16.4 ਅਨੁਸਾਰ ਪੜਚੋਲ ਉਤੇ ਆਧਾਰਤ ਸਿਕਿਉਰਟੀ ( ਖਪਤ ) ਦੀ ਕਮੀਪੇਸ਼ੀ ਦੀ ਮੰਗ ਵੰਡ ਲਾਇਸੈਂਸੀ ਦੁਆਰਾ ਖਪਤਕਾਰ ਤੋਂ ਕੀਤੀ ਜਾਵੇਗੀ ਜਾਂ ਵਧੀਕ ਦੀ ਵਾਪਸੀ ਖਪਤਕਾਰ ਨੂੰ ਕੀਤੀ ਜਾਵੇਗੀ।
ਬਸ਼ਰਤੇ ਪਰੰਤੂ ਕਿ ਜੇਕਰ ਖਪਤਕਾਰ ਦੁਆਰਾ ਅਦਾਇਗੀ ਯੋਗ ਸਿਕਿਉਰਟੀ ( ਖਪਤ) ਮੌਜੂਦਾ ਸਿਕਿਉਰਟੀ ( ਖਪਤ ) ਦਾ 10% ਤੋਂ ਵੱਧ ਤੱਕ ਘੱਟ ਜਾਂ ਵਧੀਕ ਨਹੀਂ ਹੈ ਤਾਂ ਕੋਈ ਕਾਰਵਾਈ ਨਹੀਂ ਕੀਤੀ ਜਾਵੇਗੀ।

16.5.2 ਜੇਕਰ ਵਿਨਿਯਮ 16.4 ਅਨੁਸਾਰ ਪੜਚੋਲ ਮਗਰੋਂ ਖਪਤਕਾਰ ਦੁਆਰਾ ਅਦਾਇਗੀ ਯੋਗ ਸਿਕਿਉਰਟੀ (ਖਪਤ) ਮੌਜੂਦਾ ਸਿਕਿਉਰਟੀ ( ਖਪਤ ) ਦਾ 10% ਤੋਂ ਵੱਧ ਤੱਕ ਘੱਟ ਪਾਈ ਗਈ ਹੈ ਤਾਂ ਵੰਡ ਲਾਇਸੈਂਸੀ ਉਸ ਮਗਰੋਂ ਤੁਰੰਤ ਵੰਡ ਲਾਇਸੈਂਸੀ ਵੱਲ ਕਿਸੇ ਬਾਕੀ ਖੜੇ ਬਕਾਏ ਅਤੇ / ਜਾਂ ਬਕਾਇਆ ਬਣ ਰਹੀ ਰਕਮ ਵਿਰੁੱਧ ਸਮਾਧਾਨ ਕਰਦਿਆਂ ਅਜਿਹੇ ਖਪਤਕਾਰ ਦੀ ਸਿਕਿਉਰਟੀ ( ਖਪਤ ) ਨੂੰ ਵਾਪਸ ਕਰੇਗਾ ।

16.5.3 ਜਿਥੇ ਖਪਤਕਾਰ ਨੂੰ ਅਤਿਰਿਕਤ ਸਿਕਿਉਰਟੀ ( ਖਪਤ ) ਅਦਾ ਕਰਨ ਦੀ ਜ਼ਰੂਰਤ ਹੈ, ਉਥੇ ਵੰਡ ਲਾਇਸੈਂਸੀ ਇਕ ਵੱਖਰਾ ਨੋਟਿਸ ਕਮ ਸਮਰਥਿਤ ਹਿਸਾਬ-ਕਿਤਾਬ ਦੇ ਨਾਲ ਅਦਾਇਗੀ ਯੋਗ ਰਕਮ ਦਰਸਾਉਂਦਾ ਬਿਲ ਖਪਤਕਾਰ ਨੂੰ ਜਾਰੀ ਕਰੇਗਾ।

16.5.4 ਖਪਤਕਾਰ ਨੋਟਿਸ ਦੇਣ ਦੀ ਮਿਤੀ ਤੋਂ ਤੀਹ (30) ਦਿਨਾਂ ਦੇ ਅੰਦਰ ਅੰਦਰ ਅਤਿਰਿਕਤ ਸਿਕਿਉਰਟੀ (ਖਪਤ) ਅਦਾ ਕਰਨ ਦਾ ਜ਼ਿੰਮੇਵਾਰ ਹੋਵੇਗਾ।

16.5.5 ਅਦਾਇਗੀ ਵਿੱਚ ਕਿਸੇ ਦੇਰੀ ਦੀ ਸੂਰਤ ਵਿੱਚ, ਖਪਤਕਾਰ ਇਹਨਾਂ ਵਿਨਿਯਮਾਂ ਅਧੀਨ ਬਿਜਲੀ ਦੀ ਸਪਲਾਈ ਕੱਟਣ ਦਾ ਲਾਇਸੈਂਸੀ ਦੇ ਹੱਕ ਦਾ ਪੱਖਪਾਤ ਕੀਤੇ ਬਿਨਾਂ ਕੁਤਾਹੀ ਦੇ ਵਾਸਤਵਿਕ ਸਮੇਂ ਲਈ ਉਸ ਉਤੇ ਵਿਆਜ ਜੋ ਕਿ ਸਬੰਧਤ ਸਾਲ ਦੀ ਪਹਿਲੀ ਅਪ੍ਰੈਲ ਨੂੰ ਪ੍ਰਚਲਿਤ ਸਟੇਟ ਬੈਂਕ ਆਫ ਇੰਡੀਆਂ (SBIs) ਦੇ ਆਧਾਰ ਦਰ ਦਾ ਦੁਗਣਾ ਜਮ੍ਹਾਂ 2% 'ਤੇ ਅਦਾਇਗੀ ਕਰੇਗਾ।

16.5.6 ਜੇਕਰ ਅਤਿਰਿਕਤ ਸਿਕਿਉਰਟੀ (ਖਪਤ) ਦੀ ਮੰਗ ਨੂੰ ਵਿਨਿਯਮ 16.5.3 ਵਿੱਚ ਦੱਸੇ ਗਏ ਅਨੁਸਾਰ ਵੱਖਰੇ ਨੋਟਿਸ ਕਮ ਬਿਲ ਦੀ ਬਜਾਏ ਚਲੰਤ ਊਰਜਾ ਬਿਲ ਵਿੱਚ ਸ਼ਾਮਲ ਕੀਤਾ ਜਾਂਦਾ ਹੈ ਤਦ ਵੰਡ ਲਾਇਸੈਂਸੀ ਵਿਨਿਯਮ 16.5.5 ਵਿੱਚ ਉਪਬੰਧ ਕੀਤੇ ਗਏ ਅਨੁਸਾਰ ਸਜਾਵੀ ਕਾਰਵਾਈ ਕਰਨ ਵਾਸਤੇ ਅਧਿਕਾਰਿਤ ਨਹੀਂ ਹੋਵੇਗਾ।

## 17. ਸਿਕਿਉਰਟੀ ( ਖਪਤ ) ਅਤੇ ਸਿਕਿਉਰਟੀ ( ਮੀਟਰ ) ਉਤੇ ਵਿਆਜ : –

17.1 ਵੰਡ ਲਾਇਸੈਂਸੀ ਅਜਿਹੀ ਰਕਮ ਜਮ੍ਹਾਂ ਕਰਵਾਉਣ ਦੀ ਤਾਰੀਖ ਤੋਂ ਸਿਕਿਉਰਟੀ (ਖਪਤ) ਅਤੇ ਸਿਕਿਉਰਟੀ ( ਮੀਟਰ ) ਉਤੇ ਵਿਆਜ ਦੀ ਸਬੰਧਤ ਸਾਲ ਦੀ ਪਹਿਲੀ ਅਪ੍ਰੈਲ ਨੂੰ ਪ੍ਰਚਲਿਤ ਸਟੇਟ ਬੈਂਕ ਆਫ ਇੰਡੀਆਂ ( SBIs ) ਦੇ ਆਧਾਰ ਦਰ ਜਮ੍ਹਾਂ 2% ਦੀ ਅਦਾਇਗੀ ਕਰੇਗਾ।

17.2 ਸਿਕਿਉਰਟੀ (ਖਪਤ) ਅਤੇ ਸਿਕਿਉਰਟੀ ( ਮੀਟਰ ) ਉਤੇ ਵਿਆਜ ਦੀ ਰਕਮ ਸਾਲਾਨਾ ਤੌਰ ਤੇ ਖਪਤਕਾਰ ਦੇ ਖਾਤੇ ਵਿੱਚ ਹਰੇਕ ਸਾਲ ਦੇ ਅਪ੍ਰੈਲ ਦੇ ਪਹਿਲੇ ਦਿਨ ਨੂੰ ਕਰੈਡਿਟ ਕੀਤੀ ਜਾਵੇਗੀ ਅਤੇ ਵੰਡ ਲਾਇਸੈਂਸੀ ਉਸ ਮਗਰੋਂ ਤੁਰੰਤ ਵੰਡ ਲਾਇਸੈਂਸੀ ਵੱਲ ਕਿਸੇ ਬਾਕੀ ਖੜੇ ਬਕਾਏ ਅਤੇ / ਜਾਂ ਬਕਾਇਆ ਬਣ ਰਹੀ ਰਕਮ ਵਿਰੁੱਧ ਸਮਾਧਾਨ ਕਰਦਿਆਂ ਹਰੇਕ ਸਾਲ ਦੀ ਪਹਿਲੀ ਅਪ੍ਰੈਲ ਮਗਰੋਂ ਦਿੱਤੇ ਗਏ ਪਹਿਲੇ ਬਿਲ ਵਿੱਚ ਸਮਾਧਾਨ/ ਅਦਾ ਕਰੇਗਾ।

17.3 ਵਿਨਿਯਮ 17.2 ਅਨੁਸਾਰ ਖਪਤਕਾਰ ਵੱਲ ਬਣਦੇ ਸਮਾਧਾਨਾਂ ਨੂੰ ਕਰਨ ਵਿੱਚ ਦੇਰੀ ਕਰਨ ਦੀ ਸੂਰਤ ਵਿੱਚ, ਵੰਡ ਲਾਇਸੈਂਸੀ ਦੇਰੀ ਦੇ ਵਾਸਤਵਿਕ ਸਮੇਂ ਲਈ ਸਬੰਧਤ ਸਾਲ ਦੀ ਪਹਿਲੀ ਅਪ੍ਰੈਲ ਨੂੰ ਪ੍ਰਚਲਤ ਐਸ. ਬੀ. ਆਈ. ਦੇ ਆਧਾਰ ਦਰ ਦਾ ਦੁਗਣਾ ਜਮ੍ਹਾਂ 2% ਵਿਆਜ ਅਦਾ ਕਰੇਗਾ।

## 18. ਸਿਕਿਉਰਟੀ ( ਖਪਤ ) ਦੀ ਵਾਪਸੀ : –

### 18.1. ਬਿਨੈ-ਪੱਤਰ ਨੂੰ ਵਾਪਸ ਲੈ ਲੈਣ ਉਤੇ : –

18.1.1 ਜੇਕਰ ਬਿਨੈਕਾਰ ਬਿਜਲੀ ਦੀ ਸਪਲਾਈ / ਲੋਡ ਦੇ ਵਿਸਤਾਰ ਆਦਿ ਲਈ ਆਪਣਾ ਬਿਨੈ-ਪੱਤਰ ਪੇਸ਼ ਕਰਨ ਮਗਰੋਂ, ਵਾਪਸ ਲੈ ਲੈਂਦਾ ਹੈ ਤਾਂ ਸਿਕਿਉਰਟੀ ( ਖਪਤ ) / ਅਤਿਰਿਕਤ ਸਿਕਿਉਰਟੀ ( ਖਪਤ ) ਦੇ 10% ਦੀ ਵੰਡ ਲਾਇਸੈਂਸੀ ਦੁਆਰਾ ਕਟੌਤੀ ਕਰ ਲਈ ਜਾਵੇਗੀ ਅਤੇ ਬਾਕੀ ਰਕਮ ਨੂੰ ਵੰਡ ਲਾਇਸੈਂਸੀ ਦੁਆਰਾ ਕੋਈ ਵਿਆਜ ਅਦਾ ਕੀਤੇ ਬਿਨਾਂ ਬਿਨੈਕਾਰ ਨੂੰ ਤੀਹ (30) ਦਿਨਾਂ ਦੇ ਅੰਦਰ ਅੰਦਰ ਵਾਪਸ ਕਰ ਦਿੱਤਾ ਜਾਵੇਗਾ।

18.1.2 ਜੇਕਰ ਬਿਨੈਕਾਰ ਨੂੰ ਵਿਨਿਯਮ 6 ਵਿੱਚ ਸੁਨਿਸ਼ਚਿਤ ਕੀਤੇ ਗਏ ਸਮਾਂ ਅਵਧੀ ਦੇ ਅੰਦਰ ਅੰਦਰ ਡੀਮਾਂਡ ਨੋਟਿਸ ਜਾਰੀ ਨਹੀਂ ਕੀਤਾ ਜਾਂਦਾ ਅਤੇ ਬਿਨੈਕਾਰ ਆਪਣਾ ਬਿਨੈ-ਪੱਤਰ ਵਾਪਸ ਲੈ ਲੈਂਦਾ ਹੈ ਤਾਂ ਸਿਕਿਉਰਟੀ ( ਖਪਤ ) / ਅਤਿਰਿਕਤ ਸਿਕਿਉਰਟੀ (ਖਪਤ), ਜਿਵੇਂ ਵੀ ਕੇਸ ਹੋਵੇ, ਤੀਹ (30) ਦਿਨਾਂ ਦੇ ਅੰਦਰ ਅੰਦਰ ਪੂਰੀ ਵਾਪਸ ਕਰ ਦਿੱਤੀ ਜਾਵੇਗੀ ਅਤੇ ਇਸ ਦੇ ਨਾਲ ਵੰਡ ਲਾਇਸੈਂਸੀ ਕੋਲ ਜਿੰਨੇ ਸਮੇਂ ਲਈ ਸਿਕਿਉਰਟੀ (ਖਪਤ) / ਅਤਿਰਿਕਤ ਸਿਕਿਉਰਟੀ ( ਖਪਤ ) ਰਹੇਗੀ ਉਨੇਂ ਸਮੇਂ ਵਾਸਤੇ ਸਬੰਧਤ ਸਾਲ ਦੀ ਪਹਿਲੀ ਅਪ੍ਰੈਲ ਨੂੰ ਪ੍ਰਚਲਤ ਐਸ. ਬੀ. ਆਈ. ਦੇ ਆਧਾਰ ਦਰ ਜਮ੍ਹਾਂ 2% ਵਿਆਜ ਅਦਾ ਕਰੇਗਾ।

18.1.3 ਨਿਰਧਾਰਿਤ ਕੀਤੇ ਗਏ ਸਮੇਂ ਤੋਂ ਬਾਅਦ ਵਾਪਸ ਕਰਨ ( refund ) ਵਿੱਚ ਦੇਰੀ ਕਰਨ ਦੀ ਸੂਰਤ ਵਿੱਚ ਵੰਡ ਲਾਇਸੈਂਸੀ ਸਬੰਧਤ ਸਾਲ ਦੀ ਪਹਿਲੀ ਅਪ੍ਰੈਲ ਨੂੰ ਪ੍ਰਚਲਤ ਐਸ. ਬੀ. ਆਈ. ਦੇ ਆਧਾਰ ਦਰ ਦਾ ਦੁਗਣਾ ਜਮ੍ਹਾਂ 2% ਵਿਆਜ ਅਦਾ ਕਰੇਗਾ।

### 18.2 ਆਰਜ਼ੀ ਕੁਨੈਕਸ਼ਨ ਲਈ ਬਿਨੈ-ਪੱਤਰ ਦੇ ਵਾਪਸ ਲੈ ਲੈਣ ਉਤੇ : –

ਜੇਕਰ ਆਰਜ਼ੀ ਕੁਨੈਕਸ਼ਨ ਲਈ ਬਿਨੈ-ਪੱਤਰ ਵਾਪਸ ਲੈ ਲਿਆ ਜਾਂਦਾ ਹੈ ਤਾਂ ਖਪਤ ਲਈ ਪੇਸ਼ਗੀ ਸਿਕਿਉਰਟੀ ਨੂੰ ਵਾਪਸ ਕਰਨ ਲਈ ਨਿਮਨ ਦਰਜ ਕਾਰਜਵਿਧੀ ਅਪਣਾਈ ਜਾਵੇਗੀ : –

18.2.1 ਜੇਕਰ ਨਿਯਤ ਮਿਤੀ, ਜਿਸ ਨੂੰ ਬਿਜਲੀ ਦੀ ਸਪਲਾਈ ਲੋੜੀਂਦੀ ਹੈ ਜਾਂ ਵਿਨਿਯਮ 8.3.3 ਅਨੁਸਾਰ ਨਿਸ਼ਚਿਤ ਕੀਤੇ ਗਏ ਸਮਾਂ ਫਰੇਮ ਤੋਂ ਪਹਿਲਾਂ, ਜਿਹੜਾ ਵੀ ਪਹਿਲਾਂ ਆਵੇ, ਬਿਨੈ-ਪੱਤਰ ਵਾਪਸ ਲੈ ਲਿਆ ਜਾਂਦਾ ਹੈ ਤਾਂ ਖਪਤ ਲਈ ਪੇਸ਼ਗੀ ਸਿਕਿਉਰਟੀ

ਦਾ 10% ਕੱਟ ਲਿਆ ਜਾਵੇਗਾ ਅਤੇ ਬਕਾਇਆ ਰਕਮ ਬੇਨਤੀ ਕਰਨ ਦੀ ਮਿਤੀ ਤੋਂ ਤੀਹ (30) ਦਿਨਾਂ ਦੇ ਅੰਦਰ ਅੰਦਰ ਵਾਪਸ ਕਰ ਦਿੱਤੀ ਜਾਵੇਗੀ।

18.2.2 ਜੇਕਰ ਵੰਡ ਲਾਇਸੈਂਸੀ ਨਿਯਮ ਮਿਤੀ ਨੂੰ ਜਾਂ ਵਿਨਿਯਮ 8.3.3 ਅਨੁਸਾਰ ਨਿਸ਼ਚਿਤ ਕੀਤੇ ਗਏ ਸਮਾਂ ਫਰੇਮ, ਜਿਹੜਾ ਵੀ ਬਾਅਦ ਵਿੱਚ ਆਵੇ, ਤੱਕ ਅਸਥਾਈ ਕੁਨੈਕਸ਼ਨ ਮੁਹੱਈਆ ਕਰਨ ਤੋਂ ਅਸਫਲ ਰਹਿੰਦਾ ਹੈ ਅਤੇ ਬਿਨੈ-ਪੱਤਰ ਵਾਪਸ ਲੈ ਲਿਆ ਜਾਂਦਾ ਹੈ ਤਾਂ ਖਪਤ ਲਈ ਪੇਸ਼ਗੀ ਸਿਕਿਉਰਟੀ ਬਿਨੈਕਾਰ ਨੂੰ ਬੇਨਤੀ ਦੀ ਮਿਤੀ ਤੋਂ ਤੀਹ (30) ਦਿਨਾਂ ਦੇ ਅੰਦਰ ਅੰਦਰ ਪੂਰੀ ਦੀ ਪੂਰੀ ਵਾਪਸ ਕਰ ਦਿੱਤੀ ਜਾਵੇਗੀ।

18.2.3 ਨਿਰਧਾਰਿਤ ਕੀਤੇ ਗਏ ਸਮੇਂ ਤੋਂ ਬਾਅਦ ਰਕਮ ਵਾਪਸ ਕਰਨ ਵਿੱਚ ਦੇਰੀ ਕਰਨ ਦੀ ਸੂਰਤ ਵਿੱਚ ਵੰਡ ਲਾਇਸੈਂਸੀ ਦੇਰੀ ਦੇ ਸਮੇਂ ਲਈ ਸਬੰਧਤ ਸਾਲ ਦੀ ਪਹਿਲੀ ਅਪ੍ਰੈਲ ਨੂੰ ਪ੍ਰਚਲਤ ਐਸ. ਬੀ. ਆਈ. ਦੇ ਆਧਾਰ ਦਰ ਜਮ੍ਹਾਂ 2% ਵਿਆਜ ਅਦਾ ਕਰੇਗਾ।

## 19. ਸਰਵਿਸ ਕੁਨੈਕਸ਼ਨ ਚਾਰਜਿਜ਼ / ਸਿਕਿਉਰਟੀ ( ਕਾਰਜ ) ਨੂੰ ਵਾਪਸ ਕਰਨਾ : -

### 19.1 ਐਲ. ਟੀ. ਕੈਟਾਗਰੀ ਬਿਨੈਕਾਰਾਂ / ਖਪਤਕਾਰਾਂ ਦੁਆਰਾ ਬਿਨੈ-ਪੱਤਰ ਦੀ ਵਾਪਸੀ ਉਤੇ : -

19.1.1 ਜੇਕਰ ਇਕ ਐਲ. ਟੀ. ਬਿਨੈਕਾਰ ਸਰਵਿਸ ਕੁਨੈਕਸ਼ਨ ਚਾਰਜਿਜ਼ ਜਮ੍ਹਾਂ ਕਰਵਾਉਣ ਮਗਰੋਂ ਸਪਲਾਈ ਲੈਣ ਤੋਂ ਇਨਕਾਰ ਕਰਦਾ ਹੈ ਅਤੇ ਵੰਡ ਲਾਇਸੈਂਸੀ ਦੁਆਰਾ ਕਾਰਜ ਹੱਥ ਵਿੱਚ ਲੈ ਲਏ ਗਏ ਹਨ ਤਾਂ ਕਾਰਜਾਂ ਦੀ ਉਸਾਰੀ ( erection ) ਅਤੇ ਉਖੇੜਨ (dismantlement ) ( ਜੇਕਰ ਕੋਈ ਹੋਵੇ ) ਲਈ ਵੰਡ ਲਾਇਸੈਂਸੀ ਦੁਆਰਾ ਕੀਤੇ ਗਏ ਖਰਚ ਦੀ ਸਰਵਿਸ ਕੁਨੈਕਸ਼ਨ ਚਾਰਜਿਜ਼ ਵਿਚੋਂ ਕਟੌਤੀ ਕਰ ਲਈ ਜਾਵੇਗੀ ਅਤੇ ਬਕਾਇਆ ਰਕਮ ਬਿਨੈਕਾਰ ਨੂੰ ਵਾਪਸ ਕਰ ਦਿੱਤੀ ਜਾਵੇਗੀ। ਪਰੰਤੂ, ਜੇਕਰ ਉਸਾਰੀ ਅਤੇ ਉਖੇੜਨ ਦੇ ਚਾਰਜਿਜ਼ ਸਰਵਿਸ ਕੁਨੈਕਸ਼ਨ ਚਾਰਜਿਜ਼ ਤੋਂ ਜ਼ਿਆਦਾ ਹਨ ਤਾਂ ਬਿਨੈਕਾਰ ਲਾਇਸੈਂਸੀ ਨੂੰ ਬਕਾਇਆ ਰਕਮ ਅਦਾ ਕਰਨ ਦਾ ਜਿੰਮੇਵਾਰ ਹੋਵੇਗਾ।

19.1.2 ਜੇਕਰ ਬਿਨੈਕਾਰ ਬਿਜਲੀ ਦੀ ਲਾਈਨ / ਪਲਾਂਟ ਦੀ ਉਸਾਰੀ ਜਾਂ ਸਪਲਾਈ ਦਾ ਵਿਸਤਾਰ ਕਰਨ ਵਾਸਤੇ ਕਿਸੇ ਹੋਰ ਸਹੂਲਤ ਦੀ ਰਚਨਾ ਦਾ ਕਾਰਜ ਸ਼ੁਰੂ ਕਰਨ ਤੋਂ ਪਹਿਲਾਂ ਬਿਨੈ-ਪਤਰ ਵਾਪਸ ਲੈ ਲੈਂਦਾ ਹੈ ਤਾਂ ਪੂਰੀ ਦੀ ਪੂਰੀ ਰਕਮ ਵਾਪਸ ਕਰ ਦਿੱਤੀ ਜਾਵੇਗੀ।

### 19.2 ਐਚ. ਟੀ. / ਈ. ਐਚ. ਟੀ. ਕੈਟਾਗਰੀ ਦੇ ਬਿਨੈਕਾਰਾਂ / ਖਪਤਕਾਰਾਂ ਦੁਆਰਾ ਬਿਨੈ-ਪੱਤਰ ਦੇ ਵਾਪਸ ਲੈਣ ਉਤੇ : -

ਐਚ. ਟੀ. / ਈ. ਐਚ. ਟੀ. ਕੈਟਾਗਰੀ ਦੇ ਬਿਨੈਕਾਰ/ ਖਪਤਾਰ ਵੱਲੋਂ ਨਵੇਂ ਕੁਨੈਕਸ਼ਨ / ਲੋਡ ਵਿੱਚ ਵਿਸਤਾਰ ਲਈ ਬਿਨੈ-ਪਤਰ ਨੂੰ ਵਾਪਸ ਲੈ ਲੈਣ ਦੀ ਸੂਰਤ ਵਿੱਚ : -

19.2.1 ਬਿਨੈਕਾਰ ਦੁਆਰਾ ਜਮ੍ਹਾਂ ਕਰਵਾਈ ਗਈ ਸਿਕਿਉਰਟੀ ( ਕਾਰਜ ) ਨੂੰ ਜਿਥੇ ਵੰਡ ਲਾਇਸੈਂਸੀ ਦੁਆਰਾ ਬਿਜਲੀ ਦੀ ਸਪਲਾਈ ਲਈ ਕੋਈ ਖਰਚ ਨਹੀਂ ਕੀਤਾ ਗਿਆ ਤਾਂ ਪੂਰੀ ਦੀ ਪੂਰੀ ਵਾਪਸ ਕਰ ਦਿੱਤੀ ਜਾਵੇਗੀ।

19.2.2 ਜੇਕਰ ਜਿਥੇ ਵੰਡ ਲਾਇਸੈਂਸੀ ਦੁਆਰਾ ਬਿਜਲੀ ਦੀ ਸਪਲਾਈ ਵਾਸਤੇ ਕਾਰਜ ਹੱਥ ਵਿੱਚ ਲਏ ਜਾ ਚੁੱਕੇ ਹਨ ਅਤੇ ਕੁਝ ਖਰਚ ਕੀਤਾ ਜਾ ਚੁੱਕਾ ਹੈ ਤਾਂ ਇਸ ਤਰ੍ਹਾਂ ਕੀਤੇ ਗਏ ਖਰਚ ਦੀ ਸਿਕਿਉਰਟੀ ( ਕਾਰਜ ) ਵਿਚੋਂ ਕਟੌਤੀ ਕਰ ਲਈ ਜਾਵੇਗੀ ਅਤੇ ਬਕਾਇਆ ਰਕਮ ਬਿਨੈਕਾਰ ਨੂੰ ਵਾਪਸ ਕਰ ਦਿੱਤੀ ਜਾਵੇਗੀ।

19.2.3 ਜੇਕਰ ਜਿਥੇ ਬਿਜਲੀ ਦੀ ਸਪਲਾਈ ਲਈ ਕਾਰਜ ਵੰਡ ਲਾਇਸੈਂਸੀ ਦੁਆਰਾ ਮੁਕੰਮਲ ਕਰ ਲਏ ਗਏ ਹਨ ਤਾਂ ਸਿਕਿਉਰਟੀ ( ਕਾਰਜ ) ਦੀ ਕੋਈ ਵੀ ਰਕਮ ਵਾਪਸ ਨਹੀਂ ਕੀਤੀ ਜਾਵੇਗੀ। ਬਸ਼ਰਤੇ ਕਿ ਜਿਥੇ ਵਾਸਤਵਿਕ ਖਰਚ ਸਿਕਿਉਰਟੀ ( ਕਾਰਜ ) ਦੀ ਰਕਮ ਤੋਂ ਘੱਟ ਹੈ ਤਾਂ ਵਾਸਤਵਿਕ ਖਰਚ ਤੋਂ ਵਧ ਸਿਕਿਉਰਟੀ ( ਕਾਰਜ ) ਦੀ ਵਧੀਕ ਰਕਮ ਨੂੰ ਵਿਨਿਯਮ 9.3.6 ਅਨੁਸਾਰ ਬਿਨੈਕਾਰ ਨੂੰ ਵਾਪਸ ਕਰ ਦਿੱਤਾ ਜਾਵੇਗਾ।

## 19.3. ਆਰਜ਼ੀ ਕੁਨੈਕਸ਼ਨ ਲਈ ਬਿਨੈ-ਪੱਤਰ ਵਾਪਸ ਲਏ ਜਾਣ ਉਤੇ : –

ਜੇਕਰ ਡੀਮਾਂਡ ਨੋਟਿਸ ਦੀ ਪਾਲਣਾ ਮਗਰੋਂ ਅਸਥਾਈ ਕੁਨੈਕਸ਼ਨ ਲਈ ਬਿਨੈ-ਪੱਤਰ ਵਾਪਸ ਲੈ ਲਏ ਜਾਣ ਦੀ ਸੂਰਤ ਵਿੱਚ, ਸਿਕਿਉਰਟੀ ( ਕਾਰਜ ) ਨੂੰ ਵਾਪਸ ਕਰਨ ਵਾਸਤੇ ਨਿਮਨ ਦਰਜ ਕਾਰਜਵਿਧੀ ਅਪਣਾਈ ਜਾਵੇਗੀ : –

19.3.1 ਜੇਕਰ ਨਿਯਤ ਮਿਤੀ, ਜਿਸ ਨੂੰ ਬਿਜਲੀ ਦੀ ਸਪਲਾਈ ਲੋੜੀਂਦੀ ਹੈ ਜਾਂ ਵਿਨਿਯਮ 8.3.3 ਅਨੁਸਾਰ ਨਿਸ਼ਚਿਤ ਕੀਤੇ ਗਏ ਸਮਾਂ ਫਰੇਮ ਤੋਂ ਪਹਿਲਾਂ, ਜਿਹੜਾ ਵੀ ਬਾਦ ਵਿੱਚ ਆਵੇ, ਬਿਨੈ-ਪੱਤਰ ਵਾਪਸ ਲੈ ਲਿਆ ਜਾਂਦਾ ਹੈ ਅਤੇ ਵੰਡ ਲਾਇਸੈਂਸੀ ਦੁਆਰਾ ਕੋਈ ਵੀ ਕਾਰਜ ਹੱਥ ਵਿੱਚ ਨਹੀਂ ਲਿਆ ਗਿਆ ਹੈ ਤਾਂ ਸਿਕਿਉਰਟੀ ( ਕਾਰਜ ) ਦੀ ਸਮੁੱਚੀ ਰਕਮ ਵਾਪਸ ਕਰ ਦਿੱਤੀ ਜਾਵੇਗੀ।

19.3.2 ਜੇਕਰ ਨਿਯਤ ਮਿਤੀ, ਜਿਸ ਨੂੰ ਬਿਜਲੀ ਦੀ ਸਪਲਾਈ ਲੋੜੀਂਦੀ ਹੈ ਜਾਂ ਵਿਨਿਯਮ 8.3.3 ਅਨੁਸਾਰ ਨਿਸ਼ਚਿਤ ਕੀਤੇ ਗਏ ਸਮਾਂ ਫਰੇਮ ਤੋਂ ਪਹਿਲਾਂ, ਜਿਹੜਾ ਵੀ ਬਾਦ ਵਿੱਚ ਆਵੇ, ਬਿਨੈ-ਪੱਤਰ ਵਾਪਸ ਲੈ ਲਿਆ ਜਾਂਦਾ ਹੈ ਅਤੇ ਵੰਡ ਲਾਇਸੈਂਸੀ ਦੁਆਰਾ ਕਾਰਜ ਹੱਥ ਵਿੱਚ ਲੈ ਲਏ ਗਏ ਹਨ ਤਾਂ ਕਾਰਜਾਂ ਦੀ ਉਸਾਰੀ ਅਤੇ ਉਖੇੜਨ ( ਜੇਕਰ ਕੋਈ ਹੋਵੇ ) ਲਈ ਵੰਡ ਲਾਇਸੈਂਸੀ ਦੁਆਰਾ ਕੀਤੇ ਗਏ ਖਰਚ ਦੀ ਸਿਕਿਉਰਟੀ (ਕਾਰਜ) ਵਿਚੋਂ ਕਟੌਤੀ ਕਰ ਲਈ ਜਾਵੇਗੀ ਅਤੇ ਬਕਾਇਆ ਰਕਮ ਬਿਨੈਕਾਰ ਨੂੰ ਵਾਪਸ ਕਰ ਦਿੱਤੀ ਜਾਵੇਗੀ।

19.3.3 ਜੇਕਰ ਵੰਡ ਲਾਇਸੈਂਸੀ ਨਿਯਤ ਮਿਤੀ ਨੂੰ ਜਾਂ ਵਿਨਿਯਮ 8.3.3 ਅਨੁਸਾਰ ਨਿਸ਼ਚਿਤ ਕੀਤੇ ਗਏ ਸਮਾਂ ਫਰੇਮ, ਜਿਹੜਾ ਵੀ ਬਾਅਦ ਵਿੱਚ ਆਵੇ, ਤੱਕ ਕੁਨੈਕਸ਼ਨ ਜਾਰੀ ਕਰਨ ਵਿੱਚ ਅਸਫਲ ਰਹਿੰਦਾ ਹੈ ਅਤੇ ਉਸ ਮਗਰੋਂ ਬਿਨੈ-ਪੱਤਰ ਵਾਪਸ ਲੈ ਲਿਆ ਜਾਂਦਾ ਹੈ ਤਾਂ ਸਿਕਿਉਰਟੀ ( ਕਾਰਜ ) ਪੂਰੀ ਦੀ ਪੂਰੀ ਵਾਪਸ ਕਰ ਦਿੱਤੀ ਜਾਵੇਗੀ।

19.4 ਸਰਵਿਸ ਕੁਨੈਕਸ਼ਨ ਚਾਰਜਿਜ਼ / ਸਿਕਿਉਰਟੀ (ਕਾਰਜ) ਦੀ ਵਾਪਸੀ ਬਿਨੈਕਾਰ ਤੋਂ ਬੇਨਤੀ ਦੇ ਪ੍ਰਾਪਤ ਹੋਣ ਤੋਂ ਤੀਹ (30) ਦਿਨਾਂ ਦੇ ਅੰਦਰ ਅੰਦਰ ਕਰ ਦਿੱਤੀ ਜਾਵੇਗੀ। ਜੇਕਰ ਵੰਡ ਲਾਇਸੈਂਸੀ ਨਿਰਧਾਰਤ ਸਮੇਂ ਦੇ ਅੰਦਰ ਅੰਦਰ ਸਿਕਿਉਰਟੀ ( ਕਾਰਜ ) ਵਾਪਸ ਕਰਨ ਵਿੱਚ ਅਸਫਲ ਰਹਿੰਦਾ ਹੈ ਤਾਂ ਉਹ ਬਿਨੈ-ਪੱਤਰ ਦੇ ਵਾਪਸ ਲੈਣ ਦੀ ਮਿਤੀ ਤੋਂ 31 ਵੇਂ ਦਿਨ ਤੋਂ ਸ਼ੁਰੂ ਕਰਕੇ ਸਿਕਿਉਰਟੀ ( ਕਾਰਜ ) ਵਾਪਸ ਕਰਨ ਦੀ ਮਿਤੀ ਤੱਕ ਕੁਤਾਹੀ ਦੇ ਸਮੇਂ ਲਈ ਸਬੰਧਤ ਸਾਲ ਦੀ ਪਹਿਲੀ ਅਪ੍ਰੈਲ ਨੂੰ ਪ੍ਰਚਲਤ ਐਸ. ਬੀ. ਆਈ. ਦੇ ਆਧਾਰ ਦਰ ਦਾ ਦੁਗਣਾ ਜਮ੍ਹਾਂ 2% ਵਿਆਜ ਅਦਾ ਕਰਨ ਦਾ ਜਿੰਮੇਵਾਰ ਹੋਵੇਗਾ।

## 20. ਸਿਕਿਉਰਟੀ (ਮੀਟਰ) ਦੀ ਵਾਪਸੀ : –

20.1 ਵਿਨਿਯਮ 19.1, 19.2 ਅਤੇ 19.3 ਵਿੱਚ ਸੁਨਿਸ਼ਚਿਤ ਕੀਤੇ ਗਏ ਸਾਰੇ ਕੇਸਾਂ ਵਿੱਚ ਸਿਕਿਉਰਟੀ ਮੀਟਰ ਪੂਰੀ ਦੀ ਪੂਰੀ ਵਾਪਸ ਕੀਤੀ ਜਾਵੇਗੀ।

20.2 ਸਿਕਿਉਰਟੀ ( ਮੀਟਰ ) ਦੀ ਵਾਪਸੀ ਬਿਨੈਕਾਰ ਤੋਂ ਬੇਨਤੀ ਦੇ ਪ੍ਰਾਪਤ ਹੋਣ ਤੋਂ ਤੀਹ (30) ਦਿਨਾਂ ਦੇ ਅੰਦਰ ਅੰਦਰ ਕਰ ਦਿੱਤੀ ਜਾਵੇਗੀ। ਜੇਕਰ ਵੰਡ ਲਾਇਸੈਂਸੀ ਨਿਰਧਾਰਤ ਸਮੇਂ ਦੇ ਅੰਦਰ ਅੰਦਰ ਸਿਕਿਉਰਟੀ ( ਮੀਟਰ ) ਵਾਪਸ ਕਰਨ ਵਿੱਚ ਅਸਫਲ ਰਹਿੰਦਾ ਹੈ ਤਾਂ ਉਹ ਬਿਨੈ-ਪੱਤਰ ਦੇ ਵਾਪਸ ਲੈਣ ਦੀ ਮਿਤੀ ਤੋਂ 31 ਵੇਂ ਦਿਨ ਤੋਂ ਸ਼ੁਰੂ ਕਰਕੇ ਸਿਕਿਉਰਟੀ ( ਮੀਟਰ) ਵਾਪਸ ਕਰਨ ਦੀ ਮਿਤੀ ਤੱਕ ਕੁਤਾਹੀ ਦੇ ਸਮੇਂ ਲਈ ਸਬੰਧਤ ਸਾਲ ਦੀ ਪਹਿਲੀ ਅਪ੍ਰੈਲ ਨੂੰ ਪ੍ਰਚਲਤ ਐਸ. ਬੀ. ਆਈ. ਦੇ ਆਧਾਰ ਦਰ ਦਾ ਦੁਗਣਾ ਜਮ੍ਹਾਂ 2% ਵਿਆਜ ਅਦਾ ਕਰਨ ਦਾ ਜਿੰਮੇਵਾਰ ਹੋਵੇਗਾ।

# ਅਧਿਆਇ – V

## ਮੀਟਰਾਂ ਦੀ ਸਪਲਾਈ, ਸੰਸਥਾਪਣ, ਟੈੱਸਟਿੰਗ ਅਤੇ ਪ੍ਰਤਿਸਥਾਪਨ – ਲੇਖਿਆਂ ਦੀ ਓਵਰਹਾਲਿੰਗ

### 21. ਮੀਟਰਾਂ ਦੀ ਵਰਤੋਂ, ਆਦਿ : –

#### 21.1 ਮੀਟਰਾਂ ਦੀ ਮੰਗ : –

ਵੰਡ ਲਾਇਸੈਂਸੀ ਸਮੇਂ ਸਮੇਂ ’ਤੇ ਸੋਧੇ ਗਏ ਅਨੁਸਾਰ ਕੇਂ. ਬਿ. ਅ. ( CEA ) ( ਮੀਟਰਾਂ ਦੀ ਸੰਸਥਾਪਨਾ ਅਤੇ ਸੰਚਾਲਣ ) ਵਿਨਿਯਮ, 2006 ਦੇ ਅਨੁਸਾਰ ਠੀਕ ਮੀਟਰ ਦੇ ਸੰਸਥਾਪਨ ਰਾਹੀਂ ਤੋਂ ਬਿਨਾਂ ਕਿਸੇ ਵੀ ਵਿਅਕਤੀ ਨੂੰ ਬਿਜਲੀ ਦੀ ਸਪਲਾਈ ਨਹੀਂ ਕਰ ਸਕਦਾ। ਸ਼ਬਦ (term) ਮੀਟਰ ਵਿੱਚ ਬਿਜਲੀ ਦੀ ਖਪਤ ਦੀ ਪੈਮਾਇਸ਼ / ਰਿਕਾਰਡ ਕਰਨ ਲਈ ਲਾਜ਼ਮੀ ਲੋੜੀਂਦੇ ਦੂਜੇ ਹੋਰ ਮੀਟਰ ਸਬੰਧੀ ਉਪਕਰਣ, ਜਿਥੇ ਕਿਤੇ ਲਾਗੂ ਹੋਣ ਯੋਗ ਹਨ, ਜਿਵੇਂ ਕਿ ਕਰੰਟ ਟ੍ਰਾਂਸਫਾਰਮਰ, ਵੋਲਟਤਾ ਟ੍ਰਾਂਸਫਾਰਮਰ ਸਮੇਤ ਤਾਰ ਅਤੇ ਉਪਸਾਧਨ ( accessories) ਆਦਿ ਵੀ ਸ਼ਾਮਲ ਹਨ ਅਤੇ ਜਿਸ ਨੂੰ ਇਸ ਤੋਂ ਮਗਰੋਂ ਇਥੇ “ਮੀਟਰ” ਕਿਹਾ ਜਾਵੇਗਾ।

#### 21.2 ਮੀਟਰਾਂ ਦੀ ਸਪਲਾਈ ਅਤੇ ਸੰਸਥਾਪਣ : –

21.2.1 ਵੰਡ ਲਾਇਸੈਂਸੀ ਬਿਨੈਕਾਰ ਨੂੰ ਨਵੇਂ ਕੁਨੈਕਸ਼ਨ ਨੂੰ ਜਾਰੀ ਕਰਨ ਦੇ ਸਮੇਂ ’ਤੇ ਜਾਂ ਕਿਸੇ ਹੋਰ ਦੂਜੇ ਸਮੇਂ ’ਤੇ, ਜਿਵੇਂ ਕਿ ਖਪਤਕਾਰ ਦੁਆਰਾ ਮੰਗ ਕੀਤੀ ਗਈ ਹੋਵੇ, ਬਿਨੈਕਾਰ ਨੂੰ ਮੀਟਰ ਦੀ ਸਪਲਾਈ ਕਰੇਗਾ ਜਿਹੜਾ ਕਿ ਕਮਿਸ਼ਨ ਦੁਆਰਾ ਪ੍ਰਵਾਨ ਕੀਤੇ ਗਏ ਜਨਰਲ ਚਾਰਜਿਜ਼ ਦੀ ਅਨੁਸੂਚੀ ਵਿੱਚ ਸੁਨਿਸ਼ਚਿਤ ਕੀਤੇ ਗਏ ਦਰਾਂ ’ਤੇ ਅਜਿਹੇ ਉਪਕਰਣ ਲਈ ਮਾਸਿਕ ਕਿਰਾਏ ਦੀ ਅਦਾਇਗੀ ਕਰੇਗਾ।

21.2.2 ਜੇਕਰ ਖਪਤਕਾਰ / ਬਿਨੈਕਾਰ ਨਵੇਂ ਕੁਨੇਕਸ਼ਨ ਦੇ ਜਾਰੀ ਕਰਨ ਦੇ ਸਮੇਂ ’ਤੇ ਜਾਂ ਉਸ ਮਗਰੋਂ ਆਪਣਾ ਮੀਟਰ ਮੁਹੱਈਆ ਕਰਨ ਵਾਸਤੇ ਚੋਣ ਕਰਦਾ ਹੈ ਤਾਂ ਉਹ ਖਪਤਕਾਰਾਂ ਦੀ ਅਜਿਹੀ ਸ਼੍ਰੇਣੀ ਲਈ ਵੰਡ ਲਾਇਸੈਂਸੀ ਦੁਆਰਾ ਪ੍ਰਵਾਨ ਕੀਤੇ ਗਏ ਮਾਰਕੇ ਅਤੇ ਵਿਸ਼ੇਸ਼ ਵਿਵਰਣਾਂ ਦੇ ਮੀਟਰ ਦੇ ਨਾਲ ਲੋੜੀਂਦੇ ਟੈੱਸਟਿੰਗ ਅਤੇ ਸੰਸਥਾਪਣ ਦੀ ਫੀਸ ਅਧਿਸੂਚਿਤ ਦਫਤਰ ਵਿਖੇ ਜਮ੍ਹਾਂ ਕਰਵਾਏਗਾ। ਵੰਡ ਲਾਇਸੈਂਸੀ ਇਸ ਦੀ ਆਪਣੀ ਪ੍ਰਯੋਗਸ਼ਾਲਾ ( ਲੈਬੋਰਟਰੀ ) ਤੋਂ ਮੀਟਰ ਦੀ ਟੈੱਸਟਿੰਗ / ਸੀਲਿੰਗ ਵਾਸਤੇ ਅਤੇ ਇਸ ਨੂੰ ਮੀਟਰ ਅਤੇ ਲੋੜੀਂਦੀ ਫੀਸ ਜਮ੍ਹਾਂ ਕਰਵਾਉਣ ਤੋਂ 10 ਦਿਨਾਂ ਦੇ ਅੰਦਰ ਅੰਦਰ ਸੰਸਥਾਪਤ ਕਰਨ ਦਾ ਜਿੰਮੇਵਾਰ ਹੋਵੇਗਾ। ਅਜਿਹੇ ਕੇਸ ਵਿੱਚ, ਵੰਡ ਲਾਇਸੈਂਸੀ ਮੀਟਰ ਸਹਿਤ ਮੀਟਰਿੰਗ ਉਪਕਰਣ ਲਈ ਕੋਈ ਮਾਸਿਕ ਕਿਰਾਇਆ ਚਾਰਜ ਨਹੀਂ ਕਰੇਗਾ ਅਤੇ ਏ. ਤੇ ਏ. ਫਾਰਮ ਨਾਲ ਉਸ ਦੁਆਰਾ ਜਮ੍ਹਾਂ ਕਰਵਾਈ ਗਈ ਸਿਕਿਉਰਟੀ (ਮੀਟਰ) ਤੁਰੰਤ ਬਾਦ ਦੇ ਮਹੀਨਿਆਂ ਦੇ ਬਿਜਲੀ ਦੇ ਬਿਲਾਂ ਵਿੱਚ ਸਮਾਧਾਨ ਕੀਤੀ ਜਾਵੇਗੀ।

21.2.3 ਖਪਤਕਾਰ ਮੀਟਰ ਵੰਡ ਲਾਇਸੈਂਸੀ ਦੁਆਰਾ ਜਾਂ ਤਾਂ ਖਪਤਕਾਰ ਦੇ ਅਹਾਤੇ ’ਤੇ ਜਾਂ ਖਪਤਕਾਰ ਦੇ ਅਹਾਤੇ ਦੇ ਬਹਾਰ ਸੰਥਾਪਿਤ ਕੀਤਾ ਜਾਵੇਗਾ। ਖਪਤਕਾਰ ਦੇ ਅਹਾਤੇ ’ਤੇ ਮੀਟਰ ਵੰਡ ਲਾਇਸੈਂਸੀ ਅਤੇ ਖਪਤਕਾਰ ਦੀ ਆਪਸੀ ਸੁਵਿਧਾ ਦੇ ਅਨੁਸਾਰ ਅਹਾਤੇ ਦੇ ਤਰਜੀਹੀ ਤੌਰ ’ਤੇ ਪ੍ਰਵੇਸ਼ ਦੁਆਰ ’ਤੇ ਸੰਸਥਾਪਤ ਕੀਤਾ ਜਾਵੇਗਾ। ਮੀਟਰ ਸੁਰੱਖਿਆ ਸਮੇਂ ਸਮੇਂ ’ਤੇ ਸੋਧੇ ਗਏ ਅਨੁਸਾਰ ਕੇਂ. ਬਿ. ਅ. ( CEA ) ( ਮੀਟਰਾਂ ਦੀ ਸੰਸਥਾਪਨਾ ਅਤੇ ਸੰਚਾਲਣ ) ਵਿਨਿਯਮ, 2006 ਦੇ ਵਿਨਿਯਮ 13 (2) ਦੇ ਅਨੁਸਾਰ ਸ਼ਾਸ਼ਤ ਕੀਤੀ ਜਾਵੇਗੀ।

21.2.4 ਜੇਕਰ ਮੀਟਰ ਖਪਤਕਾਰ ਦੇ ਅਹਾਤੇ ਦੇ ਬਾਹਰਵਾਰ ਸੰਸਥਾਪਿਤ ਕੀਤਾ ਜਾਂਦਾ ਹੈ ਤਾਂ ਖਪਤਕਾਰ ਦੇ ਅਹਾਤੇ 'ਤੇ ਸੰਸਥਾਪਿਤ ਮੀਟਰ ਦੇ ਨਿਰਗਾਮੀ ( outgoing ) ਟਰਮੀਨਲਜ਼ ਤੋਂ ਲਘੂ ਸਰਕਟ ਬਰੇਕਰ / ਮੇਨ ਸਵਿਚ ਤੱਕ ਸਰਵਿਸ ਕੇਬਲ ਨੂੰ ਵੰਡ ਲਾਇਸੈਂਸੀ ਦੁਆਰਾ ਆਪਣੀ ਲਾਗਤ 'ਤੇ ਮੁਹੱਈਆ ਕੀਤਾ ਜਾਵੇਗਾ। ਖਪਤਕਾਰ ਦੇ ਅਹਾਤਿਆਂ ਦੇ ਬਾਹਰ ਮੀਟਰ ਦੀ ਸੰਸਥਾਪਤੀ ਅਤੇ ਇਸ ਦੀ ਸੁਰੱਖਿਆ ਸਮੇਂ ਸਮੇਂ 'ਤੇ ਸੋਧੇ ਗਏ ਅਨੁਸਾਰ ਕੇਂ. ਬਿ. ਅ. ( CEA ) (ਮੀਟਰਾਂ ਦੀ ਸੰਸਥਾਪਨਾ ਅਤੇ ਸੰਚਾਲਣ) ਵਿਨਿਯਮ, 2006 ਦੇ ਵਿਨਿਯਮ 7 ਅਤੇ 13 (3) ਅਨੁਸਾਰ ਸ਼ਾਸ਼ਤ ਕੀਤੀ ਜਾਵੇਗੀ।

ਬਸ਼ਰਤੇ ਕਿ ਅਹਾਤਿਆਂ ਦੇ ਬਾਹਰ ਮੀਟਰ ਦੀ ਸੰਸਥਾਪਨਾ ਦੀ ਅਤੇ ਅਹਾਤਿਆਂ ਦੇ ਅੰਦਰ ਪ੍ਰਦਰਸ਼ਨ ( display ) ਯੂਨਿਟ ਮੁਹੱਈਆ ਕਰਨ ਦੀ ਸਮੁੱਚੀ ਲਾਗਤ ਨੂੰ ਵੰਡ ਲਾਇਸੈਂਸੀ ਦੁਆਰਾ ਬਰਦਾਸ਼ਤ ਕੀਤਾ ਜਾਵੇਗਾ। ਪਰੰਤੂ, ਪ੍ਰਦਰਸ਼ਨ ਯੂਨਿਟ ਦੀ ਲਾਗਤ ਨੂੰ ਮੀਟਰ ਕਿਰਾਏ ਦਾ ਨਿਰਧਾਰਣ ਕਰਦੇ ਸਮੇਂ ਮੀਟਰ ਲਾਗਤ ਦੇ ਹਿੱਸੇ ਵਜੋਂ ਸਮਝਿਆ ਜਾਵੇਗਾ।

21.2.5 ਪਹਿਲਾਂ ਹੀ ਸੰਸਥਾਪਿਤ ਕੀਤੇ ਗਏ ਮੀਟਰ ਦੀ ਬਦਲੀ ਜਦੋਂ ਕਦੇ ਵੀ ਵੰਡ ਲਾਇਸੈਂਸੀ ਦੁਆਰਾ ਲੋੜੀਂਦੀ ਹੋਵੇ, ਦੀ ਲਾਗਤ ਲਾਇਸੈਂਸੀ ਦੁਆਰਾ ਬਰਦਾਸ਼ਤ ਕੀਤੀ ਜਾਵੇਗੀ।

21.2.6 ਬਹੁ ਮੰਜਲੀਆਂ ਇਮਾਰਤਾਂ / ਅਪਾਰਟਮੈਂਟਾਂ ਦੇ ਕੇਸ ਵਿੱਚ, ਮੀਟਰ ਨੂੰ ਕੰਪਲੈਕਸ / ਅਪਾਰਟਮੈਂਟ ਦੇ ਪ੍ਰਵੇਸ਼ ਦੁਆਰ ਦੇ ਨੇੜੇ ਜਾਂ ਕਿਸੇ ਹੋਰ ਦੂਜੇ ਸੁਵਿਧਾਜਨਕ ਸਾਂਝੇ ਸਥਾਨ 'ਤੇ ਸੰਸਥਾਪਿਤ ਕੀਤਾ ਜਾਵੇਗਾ। ਬਸ਼ਰਤੇ ਕਿ ਖਪਤਕਾਰ ਦੇ ਅਹਾਤੇ ਤੋਂ ਸਾਂਝੇ ਸਥਾਨ ਤੱਕ ਆਧਾਰਕ ਸਰੰਚਨਾ ਦੀ ਲਾਗਤ ਮਾਲਕ/ ਪ੍ਰੋਤਸਾਹਕ ਜਾਂ ਕਾਬਜਾਂ / ਮਾਲਕਾਂ ਦੀ ਐਸੋਸੀਏਸ਼ਨ / ਸੁਸਾਇਟੀ, ਜੋ ਕਿ ਕੰਪਲੈਕਸ ਵਿੱਚ ਬਣਾਈ ਜਾ ਸਕਦੀ ਹੈ, ਦੁਆਰਾ ਬਰਦਾਸ਼ਤ ਕੀਤੀ ਜਾਵੇਗੀ। ਅਜਿਹੇ ਕੇਸ ਵਿੱਚ, ਮਾਲਕ/ ਪ੍ਰੋਤਸਾਹਕ ਜਾਂ ਐਸੋਸੀਏਸ਼ਨ / ਸੁਸਾਇਟੀ ਵੱਲੋਂ ਮੀਟਰ ਦੀ ਚੋਰੀ ਹੋਣ ਜਾਂ ਨੁਕਸਾਨੇ ਜਾਣ ਤੋਂ ਸੁਰੱਖਿਆ ਯਕੀਨੀ ਬਣਾਉਣਾ ਵੀ ਲੋੜੀਂਦਾ ਹੋਵੇਗਾ।

21.2.7 ਵੰਡ ਲਾਇਸੈਂਸੀ ਕਮਿਸ਼ਨ ਦੀ ਪ੍ਰਵਾਨਗੀ ਨਾਲ ਉਚਿਤ ਸੰਚਾਰ ਸਿਸਟਮ ਰਾਹੀਂ ਨਵੀਂ ਤਕਨਾਲੋਜੀ ਜਿਵੇਂ ਕਿ ਪੂਰਵ ਅਦਾਇਗੀ ( pre-paid ) ਮੀਟਰ, ਟਾਈਮ ਆਫ ਦੀ ਡੇਅ ( ToD ) ਮੀਟਰ, ਆਟੋਮੈਟਿਕ ਰੀਮੋਟ ਮੀਟਰ ਰੀਡਿੰਗ ਸਿਸਟਮ ਦੀ ਸ਼ੁਰੂਆਤ ਅਤੇ ਅਪਣਾਉਣ ਵਾਸਤੇ ਯੋਜਨਾ ਬਣਾਏਗਾ ਅਤੇ ਜਿਸ ਲਈ ਖਪਤਕਾਰ ਲਾਇਸੈਂਸੀ ਨੂੰ ਲੋੜੀਂਦਾ ਸਮਰਥਨ ਪ੍ਰਦਾਨ ਕਰੇਗਾ। ਪਰੀ-ਪੇਡ ( pre-paid ) ਮੀਟਰ ਦੇ ਕੇਸ ਵਿੱਚ ਊਰਜਾ ਖਪਤ ਚਾਰਜਿਜ਼ ਉਤੇ 1% ਦੀ ਛੋਟ ਦੀ ਇਜਾਜ਼ਤ ਦਿੱਤੀ ਜਾਵੇਗੀ।

21.2.8 ਜਿਥੇ ਕਿਤੇ ਨਵਾਂ ਮੀਟਰ/ ਮੀਟਰਿੰਗ ਉਪਕਰਣ ਸੰਸਥਾਪਿਤ ਕੀਤਾ ਜਾਂਦਾ ਹੈ ਤਾਂ ਉਸ ਮਗਰੋਂ ਤੁਰੰਤ ਮੀਟਰ ਨੂੰ ਖਪਤਕਾਰ ਦੀ ਮੌਜੂਦਗੀ ਵਿੱਚ ਵੰਡ ਲਾਇਸੈਂਸੀ ਦੁਆਰਾ ਸੀਲ ਕੀਤਾ ਜਾਵੇਗਾ। ਖਪਤਕਾਰ ਦੇ ਮੀਟਰ ਦੀ ਸੀਲਿੰਗ ਕੇਂ. ਬਿ. ਅ. ( CEA ) ( ਮੀਟਰਾਂ ਦੀ ਸੰਸਥਾਪਨਾ ਅਤੇ ਸੰਚਾਲਣ ) ਵਿਨਿਯਮ, 2006 ਦੇ ਵਿਨਿਯਮ 12 ਅਨੁਸਾਰ ਸ਼ਾਸ਼ਤ ਕੀਤੀ ਜਾਵੇਗੀ। ਲਾਇਸੈਂਸੀ ਦੁਆਰਾ ਸੀਲ ਚੇਪਣ ਵਿੱਚ ਦੇਰੀ ਕਰਨ ਦੇ ਕੇਸ ਵਿੱਚ ਖਪਤਕਾਰ ਉਤੇ ਕੋਈ ਦੇਣਦਾਰੀ ਨਹੀਂ ਪਾਈ ਜਾਵੇਗੀ । ਮੀਟਰ ਦੀ ਸੀਲ ਕੇਵਲ ਲਾਇਸੈਂਸੀ ਦੁਆਰਾ ਹੀ ਜਦੋਂ ਅਤੇ ਜਿਵੇਂ ਲੋੜ ਹੋਵੇ, ਹਟਾਈ ਜਾਵੇਗੀ ਅਤੇ ਕੋਈ ਵੀ ਖਪਤਕਾਰ ਕਿਸੇ ਵੀ ਪਰਿਸਥਿਤੀਆਂ ਅਧੀਨ ਸੀਲ (ਲਾਂ) ਨਾਲ ਛੇੜਛਾੜ, ਤੋੜ ਜਾਂ ਹਟਾ ਨਹੀਂ ਸਕਦਾ।

## 21.3 ਮੀਟਰਾਂ ਦੀ ਟੈੱਸਟਿੰਗ : –

21.3.1 ਇਹ ਵੰਡ ਲਾਇਸੈਂਸੀ ਦੀ ਜਿੰਮੇਵਾਰੀ ਹੋਵੇਗੀ ਕਿ ਉਹ ਖਪਤਕਾਰ ਦੇ ਅਹਾਤਿਆਂ ’ਤੇ ਮੀਟਰ ਸੰਸਥਾਪਿਤ ਕੀਤੇ ਜਾਣ ਤੋਂ ਪਹਿਲਾਂ ਇਸ ਦੀ ਦਰੁਸਤੀ ( accuracy ) ਸਬੰਧੀ ਆਪਣੇ ਆਪ ਨੂੰ ਸੰਤੁਸ਼ਟ ਕਰੇ।

21.3.2 ਵੰਡ ਲਾਇਸੈਂਸੀ ਅਧਿਕ੍ਰਿਤ ( accredited ) ਟੈੱਸਟਿਗ ਲੈਬੋਰਟਰੀਆਂ ਦੀ ਅਜਿਹੀ ਗਿਣਤੀ ਸਥਾਪਿਤ ਕਰੇਗਾ ਜਾਂ ਟੈੱਸਟਿੰਗ ਅਤੇ ਕੈਲੀਬ੍ਰੇਟਿੰਗ ਲੈਬਾਰਟਰੀਆਂ ਲਈ ਨੈਸ਼ਨਲ ਅਧਿਕ੍ਰਿਤ ਬੋਰਡ ( NABL ) ਦੁਆਰਾ ਅਧਿਕ੍ਰਿਤ ਕੀਤੀਆਂ ਹੋਰ ਦੂਜੀਆਂ ਟੈੱਸਟਿੰਗ ਲੈਬਾਰਟਰੀਆਂ ਦੀਆਂ ਸੇਵਾਵਾਂ ਦੀ ਵਰਤੋਂ ਕਰੇਗਾ ਜਿਵੇਂ ਕਿ ਕਮਿਸ਼ਨ ਮੰਗ ਕਰੇ। ਵੰਡ ਲਾਇਸੈਂਸੀ ਐਨ. ਏ. ਬੀ. ਐਲ. ਤੋਂ ਮੌਜੂਦਾ ਮੀਟਰ ਟੈੱਸਟਿੰਗ ਲੈਬਾਰਟਰੀ ਮਾਨਤਾ ਪ੍ਰਾਪਤ ਕਰਵਾਉਣ ਲਈ ਤੁਰੰਤ ਕਾਰਵਾਈ ਕਰੇਗਾ, ਜੇਕਰ ਪਹਿਲਾਂ ਨਹੀਂ ਕਰਵਾਈ ਗਈ।

21.3.3 ਲੈਬਾਰਟਰੀ ਵਿੱਚ ਟੈੱਸਟਿੰਗ ਕਰਨ ਮਗਰੋਂ ਮੀਟਰ ਦਾ ਢਾਂਚਾ ( ਬਾਡੀ ) ਨੂੰ ਵੰਡ ਲਾਇਸੈਂਸੀ ਦੁਆਰਾ ਅਧਿਕਾਰਿਤ ਕੀਤੇ ਅਧਿਕਾਰੀ (ਆਂ) ਦੁਆਰਾ ਵਿਧੀ ਪੂਰਵਕ ਸੀਲ ਕੀਤਾ ਜਾਵੇਗਾ।

21.3.4 ਕਮਿਸ਼ਨ ਖਪਤਕਾਰਾਂ ਦੇ ਅਹਾਤਿਆਂ ’ਤੇ ਸੰਸਥਾਪਿਤ ਕੀਤੇ ਗਏ ਮੀਟਰਾਂ / ਮੀਟਰਿੰਗ ਉਪਕਰਣ ਦੀ ਤੀਜੀ ਧਿਰ ( third party ) ਤੋਂ ਟੈੱਸਟਿੰਗ ਕਰਵਾਉਣ ਲਈ ਵੰਡ ਲਾਇਸੈਂਸੀ ਤੋਂ ਮੰਗ ਵੀ ਕਰ ਸਕਦਾ ਹੈ।

21.3.5 ਵੰਡ ਲਾਇਸੈਂਸੀ ਖਪਤਕਾਰਾਂ ਦੇ ਅਹਾਤਿਆਂ ’ਤੇ ਸੰਸਥਾਪਿਤ ਮੀਟਰਾਂ / ਮੀਟਰਿੰਗ ਉਪਕਰਣ ਦਾ ਨਿਯਤਕਾਲੀ ਨਿਰੀਖਣ / ਟੈੱਸਟਿੰਗ ਵੀ ਨਿਮਨ ਦਿੱਤੀ ਗਈ ਅਨੁਸੂਚੀ ਅਨੁਸਾਰ ਕਰੇਗਾ : –

| | | |
|---|---|---|
| (i) | ਈ. ਐਚ. ਟੀ. ਮੀਟਰ | : ਘੱਟੋ ਘੱਟ ਸਾਲ ਵਿੱਚ ਇਕ ਵਾਰ |
| (ii) | ਐਚ. ਟੀ. ਮੀਟਰ | : ਘੱਟੋ ਘੱਟ 2 ਸਾਲਾਂ ਵਿੱਚ ਇਕ ਵਾਰ |
| (iii) | ਐਲ. ਟੀ. 3 – ਫੇਜ਼ ਮੀਟਰ | : ਘੱਟੋ ਘੱਟ 3 ਸਾਲਾਂ ਵਿੱਚ ਇਕ ਵਾਰ |
| (iv) | ਐਲ. ਟੀ. 1– ਫੇਜ਼ ਮੀਟਰ | : ਘੱਟੋ ਘੱਟ 5 ਸਾਲਾਂ ਵਿੱਚ ਇਕ ਵਾਰ |

21.3.6 ਖਰਾਬ ( inaccurate ) ਮੀਟਰਾਂ ਦੀ ਟੈੱਸਟਿੰਗ : –

ੳ) ਵੰਡ ਲਾਇਸੈਂਸੀ ਜਾਂ ਤਾਂ ਸਥੱਲ ’ਤੇ ਜਾਂ ਲੈਬਾਰਟਰੀ ਵਿੱਚ ਕਿਸੇ ਵੀ ਖਪਤਕਰ ਦੇ ਮੀਟਰ ਅਤੇ ਸਬੰਧਤ ਉਪਕਰਣ ਨੂੰ ਟੈੱਸਟ ਕਰਨ ਦਾ ਅਧਿਕਾਰ ਰਖਦਾ ਹੈ, ਜੇਕਰ ਇਸ ਦੀ ਦਰੁਸਤੀ ( accuracy ) ਦੇ ਬਾਰੇ ਵਿੱਚ ਕੋਈ ਉਚਿਤ ਸ਼ੱਕ ਹੋਵੇ ਅਤੇ ਖਪਤਕਾਰ ਟੈੱਸਟ ਕਰਨ ਵਿੱਚ ਵੰਡ ਲਾਇਸੈਂਸੀ ਨੂੰ ਸਹਿਯੋਗ ਦੇਵੇਗਾ। ਖਪਤਕਾਰ ਨੂੰ ਅਜਿਹੀ ਟੈੱਸਟਿੰਗ ਦੌਰਾਨ ਮੌਜੂਦ ਰਹਿਣ ਦਾ ਹੱਕ ਹੋਵੇਗਾ। ਮੀਟਰ ਦੇ ਦਰੁਸਤੀ ਨੂੰ ਦਰਸਾਉਂਦੀ ਟੈੱਸਟ ਨਤੀਜਿਆਂ ਦੀ ਇਕ ਕਾਪੀ ਖਪਤਕਾਰ ਨੂੰ ਮੁਹੱਈਆ ਕਰਵਾਈ ਜਾਵੇਗੀ।

ਅ) ਇਕ ਖਪਤਕਾਰ ਵੀ ਵੰਡ ਲਾਇਸੈਂਸੀ ਨੂੰ ਮੀਟਰ ਨੂੰ ਟੈੱਸਟ ਕਰਨ ਦੀ ਬੇਨਤੀ ਕਰ ਸਕਦਾ ਹੈ ਜੇਕਰ ਉਸ ਨੂੰ ਇਸ ਦੀ ਦਰੁਸਤੀ ਤੇ ਸ਼ੱਕ ਹੁੰਦਾ ਹੈ। ਵੰਡ ਲਾਇਸੈਂਸੀ ਕਮਿਸ਼ਨ ਦੁਆਰਾ ਪ੍ਰਵਾਨ ਕੀਤੇ ਗਏ ਅਨੁਸਾਰ ਜਨਰਲ ਚਾਰਜਿਜ਼ ਦੀ ਅਨੁਸੂਚੀ ਵਿੱਚ ਸੁਨਿਸ਼ਚਿਤ ਕੀਤੇ ਗਏ ਦੇ ਅਨੁਸਾਰ ਖਪਤਕਾਰ ਦੁਆਰਾ ਫੀਸ ਦੀ ਅਦਾਇਗੀ ਉਤੇ 7 ਦਿਨਾਂ ਦੇ ਅੰਦਰ ਅੰਦਰ ਜਾਂ ਤਾਂ ਸਥੱਲ ’ਤੇ ਜਾਂ ਲੈਬਾਰਟਰੀ ਵਿੱਚ ਅਜਿਹੀ ਟੈੱਸਟਿੰਗ

ਕਰੇਗਾ। ਟੈੱਸਟ ਅਧੀਨ ਮੀਟਰ ਨਾਲੋਂ ਵਧੀਆ ਐਕੂਰੇਸੀ ਕਲਾਸ ਦੇ ਮਿਆਰੀ ਹਵਾਲਾ ਮੀਟਰ ਨੂੰ 650 ਵੋਲਟਾਂ ਤੱਕ ਖਪਤਕਾਰ ਦੇ ਮੀਟਰ ਦੀ ਸਥੱਲ ’ਤੇ ਟੈੱਸਟਿੰਗ ਵਾਸਤੇ ਵਰਤਿਆ ਜਾਵੇਗਾ। 650 ਵੋਲਟਾਂ ਤੋਂ ਉਪਰ ਦੇ ਖਪਤਕਾਰ ਦੇ ਮੀਟਰ ਦੀ ਟੈੱਸਟਿੰਗ ਸੀ. ਟੀਜ਼., ਵੀ. ਟੀਜ਼ ( CTs, VTs ) ਸਮੇਤ ਸਮੁੱਚੇ ਮੀਟਰਿੰਗ ਸਿਸਟਮ ਦੇ ਅੰਤਰਗਤ ਆਉਣੀ ਚਾਹੀਦੀ ਹੈ ਅਤੇ ਲੈਬਾਰਟਰੀ ਵਿੱਚ ਕੀਤੀ ਜਾਣੀ ਚਾਹੀਦੀ ਹੈ। ਸਥੱਲ ’ਤੇ ਟੈੱਸਟਿੰਗ ਸਮੇਂ ਸਮੇਂ ’ਤੇ ਸੋਧੇ ਗਏ ਅਨੁਸਾਰ ਕੇਂ. ਬਿ. ਅ. ( ਮੀਟਰਾਂ ਦਾ ਸੰਸਥਾਪਣ ਅਤੇ ਸੰਚਾਲਣ ) ਵਿਨਿਯਮ, 2006 ਦੇ ਵਿਨਿਯਮ 18 (2) ਅਨੁਸਾਰ ਕੀਤੀ ਜਾ ਸਕਦੀ ਹੈ। ਮੀਟਰ ਦੀ ਦਰੁਸਤੀ ( ਐਕੁਰੇਸੀ ) ਦਰਸਾਂਦੇ ਟੈੱਸਟ ਨਤੀਜਿਆਂ ਦੀ ਇਕ ਕਾਪੀ ਖਪਤਕਾਰ ਨੂੰ ਵੀ ਤੁਰੰਤ ਮੁਹੱਈਆ ਕੀਤੀ ਜਾਵੇਗੀ।

ੲ) ਜੇਕਰ ਟੈੱਸਟਿੰਗ ਮਗਰੋਂ, ਮੀਟਰ ਗਲਤ ਪਾਇਆ ਗਿਆ ਤਦ ਉਪਰੋਕਤ ਪੈਰਾ (ਅ) ਅਨੁਸਾਰ ਜਮ੍ਹਾਂ ਕਰਵਾਈ ਗਈ ਫੀਸ ਨੂੰ ਤੁਰੰਤ ਪਿਛੋਂ ਆਉਣ ਵਾਲੇ ਮਹੀਨਿਆਂ ਲਈ ਬਿਜਲੀ ਦੇ ਬਿਲਾਂ ਵਿੱਚ ਸਮਾਧਾਨ ਕਰਦਿਆਂ ਵਾਪਸ ਕੀਤਾ ਜਾਵੇਗਾ। ਜੇਕਰ ਮੀਟਰ ਦਰੁਸਤ ਪਾਇਆ ਜਾਂਦਾ ਹੈ ਤਾਂ ਅਜਿਹੀ ਫੀਸ ਨੂੰ ਵੰਡ ਲਾਇਸੈਂਸੀ ਦੁਆਰਾ ਜ਼ਬਤ ਕਰ ਲਿਆ ਜਾਵੇਗਾ।

ਸ) ਜੇਕਰ ਖਪਤਕਾਰ ਉਸ ਦੇ ਅਹਾਤੇ ਵਿੱਚ ਸੰਸਥਾਪਿਤ ਮੀਟਰ ਦੀ ਸਥੱਲ ’ਤੇ ਟੈੱਸਟਿੰਗ ਤੋਂ ਸੰਤੁਸ਼ਟ ਨਹੀਂ ਹੈ ਜਾਂ ਮੀਟਰ ਨੂੰ ਸਥੱਲ ’ਤੇ ਵੰਡ ਲਾਇਸੈਂਸੀ ਦੁਆਰਾ ਟੈੱਸਟ ਨਹੀਂ ਕੀਤਾ ਜਾ ਸਕਦਾ ਤਦ ਮੀਟਰ ਨੂੰ ਲੈਬਾਰਟਰੀ ਵਿੱਚ ਟੈੱਸਟਿੰਗ ਲਈ ਅਹਾਤੇ ਦੇ ਖਪਤਕਾਰ / ਕਾਬਜ਼ ਦੀ ਮੌਜੂਦਗੀ ਵਿੱਚ ਹਟਾਇਆ ਜਾਂ ਪੈਕ / ਸੀਲ ਕੀਤਾ ਜਾਵੇਗਾ ਅਤੇ ਹੋਰ ਦੂਜਾ ਵਿਧੀ ਪੂਰਵਕ ਟੈੱਸਟ ਕੀਤਾ ਮੀਟਰ ਅਜਿਹੇ ਖਪਤਕਾਰ ਦੇ ਅਹਾਤੇ ਵਿੱਚ ਸੰਸਥਾਪਿਤ ਕੀਤਾ ਜਾਵੇਗਾ। ਜੇਕਰ ਵੰਡ ਲਾਇਸੈਂਸੀ ਜਾਂ ਖਪਤਕਾਰ ਮੀਟਰ ਅਤੇ / ਜਾਂ ਇਸ ਦੀਆਂ ਸੀਲਾਂ ਨਾਲ ਹੇਰ-ਫੇਰ ਕਰਦਾ ਪਕੜਿਆ ਜਾਵੇ ਤਦ ਮੀਟਰ ਵਾਲੀ ਪੈਕਿੰਗ ਨੂੰ ਵੰਡ ਲਾਇਸੈਂਸੀ ਅਤੇ ਅਹਾਤੇ ਦੇ ਖਪਤਕਾਰ / ਕਾਬਜ਼ ਦੁਆਰਾ ਸੰਯੁਕਤ ਰੂਪ ਵਿੱਚ ਸੀਲ ਕੀਤਾ ਜਾਵੇਗਾ।

ਹ) ਖਪਤਕਾਰ ਦੇ ਅਹਾਤੇ ਤੋਂ ਹਟਾਏ ਗਏ ਮੀਟਰ ਦੀ ਲਾਇਸੈਂਸੀ ਦੀ ਲੈਬਾਰਟਰੀ ਵਿੱਚ ਟੈੱਸਟਿੰਗ ਕਰਨ ਦੇ ਕੇਸ ਵਿੱਚ; ਖਪਤਕਾਰ ਨੂੰ ਘੱਟ ਤੋਂ ਘੱਟ ਤਿੰਨ (3) ਦਿਨ ਅਗਾਊਂ ਇਕ ਨੋਟਿਸ ਦੇ ਰਾਹੀਂ ਟੈੱਸਟਿੰਗ ਦੀ ਤਜਵੀਜ਼ਤ ਮਿਤੀ ਸੂਚਿਤ ਕੀਤੀ ਜਾਵੇਗੀ। ਅਜਿਹੇ ਕੇਸਾਂ ਵਿੱਚ, ਸੀਲਾਂ ਖਪਤਕਾਰ ਜਾਂ ਉਸ ਦੇ ਅਧਿਕਾਰਿਤ ਪ੍ਰਤਿਨਿਧ ਦੀ ਮੌਜੂਦਗੀ ਵਿੱਚ ਹਟਾਈਆਂ / ਤੋੜੀਆਂ ਜਾਣਗੀਆਂ ਅਤੇ ਖਪਤਕਾਰ ਦੇ ਅਹਾਤੇ ਵਿਚੋਂ ਮੀਟਰ ਹਟਾਉਣ ਦੀ ਮਿਤੀ ਤੋਂ ਪੰਦਰਾਂ (15) ਦਿਨਾਂ ਦੇ ਅੰਦਰ ਅੰਦਰ ਵੰਡ ਲਾਇਸੈਂਸੀ ਦੀ ਲੈਬਾਰਟਰੀ ਵਿੱਚ ਜਾਂ ਕਿਸੇ ਮਾਨਤਾ ਪ੍ਰਾਪਤ ਲੈਬਾਰਟਰੀ ਵਿੱਚ ਟੈੱਸਟ ਕੀਤਾ ਜਾਵੇਗਾ। ਪਰੰਤੂ ਅਜਿਹੀ ਟੈੱਸਟਿੰਗ ਖਪਤਕਾਰ ਦੀ ਗੈਰ ਮੌਜੂਦਗੀ ਵਿੱਚ ਵੰਡ ਲਾਇਸੈਂਸੀ ਦੁਆਰਾ ਕੀਤੀ ਜਾ ਸਕਦੀ ਹੈ ਜੇਕਰ ਉਹ ਇਥੋਂ ਤੱਕ ਕਿ ਦੋ ਰਜਿਸਟਰਡ ਯਾਦ ਪੱਤਰ ਜਾਰੀ ਕਰਨ ਮਗਰੋਂ ਵੀ ਟੈੱਸਟਿੰਗ ਨਾਲ ਸਹਿਯੋਗ ਦੇਣ ਵਿੱਚ ਅਸਫਲ ਰਹਿੰਦੀ/ ਰਹਿੰਦਾ ਹੈ ਜਾਂ ਉਹ ਆਪਣੀ ਮੌਜੂਦਗੀ ਤੋਂ ਬਿਨਾਂ ਅਜਿਹੀ ਟੈੱਸਟਿੰਗ ਦੀ ਲਿਖਤੀ ਸਹਿਮਤੀ ਦਿੰਦੀ / ਦਿੰਦਾ ਹੈ। ਖਪਤਕਾਰ ਜਾਂ ਉਸ ਦੇ ਪ੍ਰਤਿਨਿਧ, ਜੇਕਰ ਹਾਜ਼ਰ ਹੋਣ ਤਾਂ ਉਹਨਾਂ ਦੇ ਹਸਤਾਖਰ ਟੈੱਸਟ ਨਤੀਜੇ ਦੀ ਸ਼ੀਟ ਉਤੇ ਪ੍ਰਾਪਤ ਕਰ ਲਏ ਜਾਣਗੇ ਅਤੇ ਉਸ ਦੀ ਇਕ ਕਾਪੀ ਖਪਤਕਾਰ ਨੂੰ ਵੀ ਸਪਲਾਈ ਕੀਤੀ ਜਾਵੇਗੀ। ਜੇਕਰ ਮੀਟਰ ਨਾ- ਦਰੁਸਤ ( inaccurate ) ਜਾਂ ਛੇੜਿਆ ਹੋਇਆ ( tampered ) ਪਾਇਆ ਜਾਂਦਾ ਹੈ ਤਾਂ ਇਸ ਨੂੰ ਮੁੜ ਪੈਕ ਅਤੇ ਸੀਲ ਕੀਤਾ ਜਾਵੇਗਾ ਅਤੇ ਉਦੋਂ ਤੱਕ ਮਹਿਫੂਜ਼ ਸਬੂਤ ਵਾਸਤੇ ਸੁਰੱਖਿਅਤ ਸੰਭਾਲ ਵਿੱਚ ਰੱਖਿਆ ਜਾਵੇਗਾ ਜਦੋਂ ਤੱਕ ਕਿ ਕੇਸ ਦਾ ਨਿਪਟਾਰਾ ਨਾ ਹੋ ਜਾਵੇ।

## 21.4 ਨੁਕਸਦਾਰ / ਬਿਲਕੁਲ ਖੜੇ / ਸੜੇ ਹੋਏ / ਚੋਰੀ ਹੋਏ ਮੀਟਰ : –

21.4.1 ਜੇਕਰ ਕਿਸੇ ਖਪਤਕਾਰ ਦਾ ਮੀਟਰ ਨੁਕਸਦਾਰ ਹੋਵੇ / ਬਿਲਕੁਲ ਖੜਾ ਹੋ ਜਾਵੇ ਜਾਂ ਸੜ ਜਾਵੇ ਤਾਂ ਸ਼ਿਕਾਇਤ ਦੀ ਪ੍ਰਾਪਤੀ ਉਤੇ ਨਵੇਂ ਟੈੱਸਟ ਕੀਤੇ ਹੋਏ ਮੀਟਰ ਨੂੰ ਕਾਰਜਕੁਸ਼ਲਤਾ ਦੇ ਮਿਆਰਾਂ ਵਿੱਚ ਨਿਰਧਾਰਿਤ ਕੀਤੇ ਗਏ ਸਮਾਂ ਅਵਧੀ ਦੇ ਅੰਦਰ ਅੰਦਰ ਸੰਸਥਾਪਤ ਕੀਤਾ ਜਾਵੇਗਾ। ਜੇਕਰ ਮੀਟਰ ਖਪਤਕਾਰ ਨਾਲ ਸਬੰਧਤ ਕਾਰਨਾਂ ਕਰਕੇ ਸੜਿਆ ਹੈ ਤਾਂ ਵੰਡ ਲਾਇਸੈਂਸੀ ਖਪਤਕਾਰ ਨੂੰ ਮੀਟਰ ਦੀ ਲਾਗਤ ਨਾਮੇ (debit ) ਪਾਵੇਗਾ ਜਿਸ ਨੂੰ ਲਾਗਤ ਬਰਦਾਸ਼ਤ ਕਰਨ ਲਈ ਉਸ ਦੀ ਦੇਣਦਾਰੀ ਬਾਰੇ ਵੀ ਸੂਚਿਤ ਕੀਤਾ ਜਾਵੇਗਾ। ਅਜਿਹੇ ਕੇਸਾਂ ਵਿੱਚ ਮੀਟਰ ਨੂੰ ਨੁਕਸਾਨ ਪਹੁੰਚਾਣ ਦੇ ਕਾਰਨਾਂ ਸਬੰਧੀ ਜਾਂਚ- ਪੜਤਾਲ ਰਿਪੋਰਟ 30 ਦਿਨਾਂ ਦੇ ਅੰਦਰ ਅੰਦਰ ਖਪਤਕਾਰ ਨੂੰ ਜ਼ਰੂਰ ਭੇਜੀ ਜਾਵੇਗੀ। ਪਰੰਤੂ ਅਹਾਤੇ ਨੂੰ ਬਿਜਲੀ ਦੀ ਸਪਲਾਈ ਤੁਰੰਤ ਬਹਾਲ ਕਰ ਦਿੱਤੀ ਜਾਵੇਗੀ ਇਥੋਂ ਤੱਕ ਕਿ ਜੇਕਰ ਚਾਹੇ ਸਿੱਧੀ ( direct ) ਸਪਲਾਈ ਵੀ ਅਜਿਹੇ ਸਮੇਂ ਤੱਕ ਬਹਾਲ ਕਰਨੀ ਪਵੇ, ਜਦੋਂ ਤੱਕ ਕਿ ਹੋਰ ਟੈੱਸਟ ਕੀਤਾ ਗਿਆ ਮੀਟਰ ਨਾ ਸੰਸਥਾਪਿਤ ਕਰ ਦਿੱਤਾ ਜਾਵੇ।

21.4.2 ਜੇਕਰ ਜਿਥੇ ਖਪਤਕਾਰ ਦੇ ਅਹਾਤੇ 'ਤੇ ਸੰਸਥਾਪਿਤ ਕੀਤਾ ਗਿਆ ਮੀਟਰ ਚੋਰੀ ਹੋ ਗਏ ਹੋਣ ਦੀ ਰਿਪੋਰਟ ਦਿੱਤੀ ਜਾਂਦੀ ਹੈ ਤਾਂ ਇਸ ਸਬੰਧੀ ਐਫ. ਆਈ. ਆਰ ( FIR ) ਖਪਤਕਾਰ ਦੁਆਰਾ ਦਰਜ ਕਰਵਾਈ ਜਾਵੇਗੀ। ਜੇਕਰ ਮੀਟਰ ਨੂੰ ਖਪਤਕਾਰ ਦੇ ਅਹਾਤੇ ਦੇ ਬਾਹਰ ਸੰਸਥਾਪਿਤ ਕੀਤਾ ਗਿਆ ਹੈ ਤਾਂ ਖਪਤਕਾਰ ਜਾਂ ਹੋਰ ਕਿਸੇ ਤੋਂ ਸੂਚਨਾ ਪ੍ਰਾਪਤ ਹੋਣ ਉਤੇ ਅਜਿਹੇ ਕੇਸਾਂ ਵਿੱਚ ਵੰਡ ਲਾਇਸੈਂਸੀ ਦੁਆਰਾ ਐਫ. ਆਈ. ਆਰ. ਦਰਜ ਕਰਵਾਈ ਜਾਵੇਗੀ। ਸ਼ਿਕਾਇਤ ਦੀ ਜਾਂਚ- ਪੜਤਾਲ ਕਰਨ ਮਗਰੋਂ ਬਿਜਲੀ ਦੀ ਸਪਲਾਈ ਨੂੰ ਇਕ ਹੋਰ ਟੈੱਸਟ ਕੀਤੇ ਗਏ ਮੀਟਰ ਨੂੰ ਸੰਸਥਾਪਿਤ ਕਰਦਿਆਂ ਵੰਡ ਲਾਇਸੈਂਸੀ ਦੁਆਰਾ ਤੁਰੰਤ ਬਹਾਲ ਕੀਤੀ ਜਾਵੇਗੀ ਜਾਂ ਜੇਕਰ ਮੀਟਰ ਉਪਲਬਧ ਨਹੀਂ ਹੈ ਤਾਂ ਖਪਤਕਾਰ ਦੀ ਬੇਨਤੀ ਉਤੇ ਸਿੱਧੀ ਸਪਲਾਈ ਬਹਾਲ ਕੀਤੀ ਜਾਵੇਗੀ। ਜੇਕਰ ਮੀਟਰ ਖਪਤਕਾਰ ਦੇ ਅਹਾਤੇ ਵਿੱਚ ਸੰਸਥਾਪਿਤਾ ਕੀਤਾ ਗਿਆ ਹੈ ਤਾਂ ਮੀਟਰ ਦੀ ਲਾਗਤ ਤੁਰੰਤ ਉਤਰ ਵਰਤੀ ਮਹੀਨਿਆਂ ਦੇ ਬਿਜਲੀ ਦੇ ਬਿਲਾਂ ਰਾਹੀਂ ਖਪਤਕਾਰ ਤੋਂ ਵਸੂਲ ਕੀਤੀ ਜਾਵੇਗੀ। ਜਿਥੇ ਚੋਰੀ ਹੋਇਆ ਮੀਟਰ ਖਪਤਕਾਰ ਦੇ ਅਹਾਤੇ ਤੋਂ ਬਾਹਰ ਸੰਸਥਾਪਿਤ ਕੀਤਾ ਗਿਆ ਸੀ ਤਾਂ ਮੀਟਰ ਦੀ ਲਾਗਤ ਵੰਡ ਲਾਇਸੈਂਸੀ ਦੁਆਰਾ ਬਰਦਾਸ਼ਤ ਕੀਤੀ ਜਾਵੇਗੀ।

## 21.5 ਖਪਤਕਾਰ ਦੇ ਖਾਤੇ ਦੀ ਓਵਰਹਾਲਿੰਗ : –

21.5.1 ਨਾ ਦਰੁਸਤ ( inaccurate ) ਮੀਟਰ : –

ਜੇਕਰ ਟੈੱਸਟ ਕੀਤੇ ਜਾਣ ਉਤੇ ਖਪਤਕਾਰ ਦਾ ਮੀਟਰ ਇਥੇ ਨਿਮਨ ਦਿੱਤੇ ਗਏ ਅਨੁਸਾਰ ਦਰੁਸਤੀ ਦੀ ਸੀਮਾ ਤੋਂ ਉਪਰ ਪਾਇਆ ਜਾਂਦਾ ਹੈ ਤਾਂ ਖਪਤਕਾਰ ਦਾ ਲੇਖਾ ਓਵਰਹਾਲ ਕਰ ਦਿੱਤਾ ਜਾਵੇਗਾ ਅਤੇ ਖਪਤਕਾਰਾਂ ਦੀਆਂ ਸਾਰੀਆਂ ਕੈਟਾਗਰੀਆਂ ਲਈ ਬਿਜਲੀ ਚਾਰਜਿਜ਼ ਉਸ ਸਮੇਂ ਲਈ ਜੋ ਤੁਰੰਤ ਨਿਮਨ ਕਾਰਵਾਈ ਤੋਂ ਛੇ ਮਹੀਨਿਆਂ ਤੋਂ ਵਧੀਕ ਨਹੀਂ ਹੋਵੇਗਾ, ਲਈ ਉਕਤ ਟੈੱਸਟ ਦੇ ਨਤੀਜਿਆਂ ਦੇ ਅਨੁਸਾਰ ਗਿਣੇ ਜਾਣਗੇ : –

ੳ) ਟੈੱਸਟ ਦੀ ਮਿਤੀ ਜੇਕਰ ਮੀਟਰ ਨੂੰ ਖਪਤਕਾਰ ਦੀ ਸੰਤੁਸ਼ਟੀ ਲਈ ਸਥੱਲ 'ਤੇ ਟੈੱਸਟ ਕੀਤਾ ਗਿਆ ਹੈ ਜਾਂ ਨਾ-ਦਰੁਸਤ ਮੀਟਰ ਦੀ ਬਦਲਾਈ ਤੋਂ, ਜਿਹੜਾ ਵੀ ਬਾਦ ਵਿੱਚ ਹੋਵੇ ; ਜਾਂ

ਅ) ਉਸ ਮਿਤੀ ਤੋਂ ਜਿਸ ਨੂੰ ਨੁਕਸਦਾਰ ਮੀਟਰ ਨੂੰ ਵੰਡ ਲਾਇਸੈਂਸੀ ਦੀ ਲੈਬਾਰਟਰੀ ਵਿੱਚ ਟੈੱਸਟ ਕਰਨ ਵਾਸਤੇ ਹਟਾਇਆ ਗਿਆ ਹੋਵੇ ;

| ਕ੍ਰਮ ਨੰ: | ਖਪਤਕਾਰ ਦਾ ਮੀਟਰ | ਕੇ. ਬਿ. ਅ. ਮੀਟਰਿੰਗ ਵਿਨਿਯਮ* ਅਨੁਸਾਰ ਐਕੁਰੇਸੀ ਸ਼੍ਰੇਣੀ | ਆਈ. ਐਸ. ਕੋਡ** ਅਨੁਸਾਰ ਸਰਵਿਸ ਵਿੱਚ ਵੱਧ ਤੋਂ ਵੱਧ ਅਨੁਮਤੀ ਯੋਗ ਗਲਤੀ |
|---|---|---|---|
| 1. | 650 ਵੋਲਟਾਂ ਤੱਕ | 1.0 ਜਾਂ ਵਧੀਆ | ± 2.5 % |
| 2. | 650 ਵੋਲਟਾਂ ਤੋਂ ਉਪਰ ਅਤੇ 33 ਕੇ.ਵੀ. ਤੱਕ | 0.5S ਜਾਂ ਵਧੀਆ | ± 1.0% |
| 3. | 33 ਕੇ. ਵੀ. ਤੋਂ ਉਪਰ | 0.2S ਜਾਂ ਵਧੀਆ | ± 0.5% |

* ਸਮੇਂ ਸਮੇਂ 'ਤੇ ਸੋਧੇ ਗਏ ਅਨੁਸਾਰ ਕੇਂਦਰੀ ਬਿਜਲੀ ਅਥਾਰਟੀ ( ਮੀਟਰ ਦੀ ਸੰਸਥਾਪਨਾ ਅਤੇ ਸੰਚਾਲਣ ) ਵਿਨਿਯਮ, 2006.

** IS 15707: 2006 ਅਤੇ IS 14697 : 1999

ਨੋਟ : - ਜਿਥੇ ਮੀਟਰ ਦੀ ਐਕੁਰੇਸੀ ਸ਼ਾਮਲ ਨਹੀਂ ਹੈ ਅਤੇ ਇਹ ਗਲਤ ਗੁਣਾ ਫੈਕਟਰ ਦੇ ਲਾਗੂ ਕਰਨ ਦਾ ਕੇਸ ਹੈ ਤਾਂ ਲੇਖੇ ਨੂੰ ਇਸ ਗਲਤੀ ਦੇ ਜਾਰੀ ਰਹਿਣ ਦੇ ਸਮੇਂ ਵਾਸਤੇ ਓਵਰਹਾਲ ਕੀਤਾ ਜਾਵੇਗਾ।

21.5.2 <u>ਨੁਕਸਦਾਰ (ਇਨਐਕੁਰੇਟ ਤੋਂ ਹੋਰਵੇਂ) / ਬਿਲਕੁਲ ਖੜੇ/ ਸੜੇ ਹੋਏ/ ਚੋਰੀ ਹੋਏ ਮੀਟਰ:-</u>

ਖਪਤਕਾਰ ਦੇ ਲੇਖੇ ਨੂੰ ਮੀਟਰ ਦੇ ਨੁਕਸਦਾਰ / ਬਿਲਕੁਲ ਖੜੇ ਹੋਏ ਰਹਿਣ ਤੱਕ ਦੇ ਸਮੇਂ ਲਈ ਅਤੇ ਸੜੇ ਹੋਏ / ਚੋਰੀ ਹੋਈ ਮੀਟਰ ਦੇ ਕੇਸ ਵਿੱਚ ਸਿੱਧੀ ਸਪਲਾਈ ਦੇ ਸਮੇਂ ਵਾਸਤੇ ਹੇਠਾਂ ਦਿੱਤੀ ਗਈ ਕਾਰਜਵਿਧੀ ਅਨੁਸਾਰ ਵੱਧ ਤੋਂ ਵੱਧ 6 ਮਹੀਨਿਆਂ ਦੀ ਸ਼ਰਤ ਅਧੀਨ ਓਵਰਹਾਲ ਕੀਤਾ / ਬਿਲ ਬਣਾਇਆ ਜਾਵੇਗਾ : -

ੳ) ਪੂਰਵਲੇ ਸਾਲ ਦੇ ਅਨੁਰੂਪ ਸਮੇਂ ਦੀ ਊਰਜਾ ਖਪਤ ਦੇ ਆਧਾਰ ਉਤੇ ।

ਅ) ਜੇਕਰ ਉਪਰੋਕਤ ਪੈਰੇ (ੳ) ਵਿੱਚ ਹਵਾਲਾ ਕੀਤੇ ਗਏ ਅਨੁਸਾਰ ਪੂਰਵਲੇ ਸਾਲ ਦੇ ਅਨੁਰੂਪ ਸਮੇਂ ਦੀ ਖਪਤ ਉਪਲਬਧ ਨਹੀਂ ਹੈ ਤਾਂ ਪੂਰਵਲੇ ਛੇ (6) ਮਹੀਨਿਆਂ, ਜਿਸ ਦੌਰਾਨ ਮੀਟਰ ਕੰਮ ਕਰ ਰਿਹਾ ਸੀ, ਦੀ ਔਸਤ ਮਾਸਿਕ ਖਪਤ ਨੂੰ ਲੇਖੇ ਦੇ ਓਵਰਹਾਲਿੰਗ ਲਈ ਅਪਣਾਇਆ ਜਾਵੇਗਾ।

ੲ) ਜੇਕਰ ਨਾ ਤਾਂ ਪੂਰਵਲੇ ਸਾਲ ਦੇ ਅਨੁਰੂਪ ਸਮੇਂ ਦੀ ਊਰਜਾ ਖਪਤ (ਪੈਰਾ- ੳ) ਅਤੇ ਨਾ ਹੀ ਅਖੀਰਲੇ ਛੇ (6) ਮਹੀਨਿਆਂ ਦੀ ਲਈ ਊਰਜਾ ਦੀ ਖਪਤ ( ਪੈਰਾ-ਅ ) ਉਪਲਬਧ ਹੋਵੇ ਤਦ ਉਸ ਸਮੇਂ, ਜਿਸ ਦੌਰਾਨ ਮੀਟਰ ਪਿਛਲੇ 6 ਮਹੀਨਿਆਂ ਦੌਰਾਨ ਸਹੀ ਰੂਪ ਵਿੱਚ ਕੰਮ ਕਰ ਰਿਹਾ ਹੋਵੇ, ਲਈ ਖਪਤ ਦੀ ਔਸਤ ਨੂੰ ਖਪਤਕਾਰ ਦੇ ਲੇਖੇ ਦੀ ਓਵਰਹਾਲਿੰਗ ਲਈ ਲਿਆ ਜਾਵੇਗਾ।

ਸ) ਜਿਥੇ ਪੈਰਾ (ੳ) ਤੋਂ ਪੈਰਾ (ੲ) ਵਿੱਚ ਹਵਾਲਾ ਕੀਤੇ ਗਏ ਅਨੁਸਾਰ ਪੂਰਵਲੇ ਮਹੀਨਿਆਂ / ਸਮੇਂ ਲਈ ਖਪਤ ਉਪਲਬਧ ਨਾ ਹੋਵੇ ਤਾਂ ਖਪਤਕਾਰ ਦਾ ਬਿਲ ਅਨੁਲਗ- 8 ਦੇ ਪੈਰਾ 4 ਅਨੁਸਾਰ ਨਿਰਧਾਰਣ ਕੀਤੀ ਗਈ ਖਪਤ ਦੇ ਆਧਾਰ ਉਤੇ

ਆਰਜ਼ੀ ਤੌਰ 'ਤੇ ਬਣਾਇਆ ਜਾਵੇਗਾ ਅਤੇ ਬਾਦ ਵਿੱਚ ਉਤਰਵਰਤੀ ਸਾਲਾਂ ਦੇ ਅਨੁਰੂਪ ਸਮੇਂ ਵਿੱਚ ਰਿਕਾਰਡ ਕੀਤੀ ਗਈ ਅਸਲ ਖਪਤ ਦੇ ਆਧਾਰ ਉਤੇ ਸਮਾਧਾਨ ਕੀਤਾ ਜਾਵੇਗਾ।

ਹ) ਉਪਰੋਕਤ ਪੈਰਾ (ੳ) ਤੋਂ ਪੈਰਾ (ਸ) ਅਨੁਸਾਰ ਨਿਰਧਾਰਿਤ ਕੀਤੀ ਗਈ ਉਰਜਾ ਖਪਤ ਨੂੰ ਲੇਖਿਆਂ ਦੇ ਓਵਰਹਾਲਿੰਗ ਦੇ ਸਮੇਂ ਦੌਰਾਨ ਲੋਡ / ਮੰਗ ਵਿੱਚ ਬਦਲਾਵ, ਜੇਕਰ ਕੋਈ ਹੋਵੇ, ਵਾਸਤੇ ਸਮਾਧਾਨ ਕੀਤਾ ਜਾਵੇਗਾ।

21.5.3 ਉਕਤ ਸਮੇਂ ( ਸਮਿਆਂ ) ਦੌਰਾਨ ਸਬੰਧਤ ਅਹਾਤਿਆਂ ਦੇ ਕਾਰਜ ਦੀਆਂ ਹਾਲਤਾਂ ਅਤੇ/ ਜਾਂ ਕਬਜ਼ੇ ਬਾਰੇ ਖਪਤਕਾਰ ਦੁਆਰਾ ਕੋਈ ਸਬੂਤ ਮੁਹੱਈਆ ਕੀਤਾ ਜਾਂਦਾ ਹੈ, ਜਿਹੜਾ ਬਿਜਲੀ ਦੀ ਖਪਤ ਦੀ ਗਣਨਾ ਨਾਲ ਜ਼ਰੂਰ ਸਬੰਧਤ ਹੋਵੇ, ਨੂੰ ਵੰਡ ਲਾਇਸੈਂਸੀ ਦੁਆਰਾ ਫਿਰ ਵੀ ਵਿਚਾਰਿਆ ਜਾਵੇਗਾ।

## 21.6 **ਚਾਰਜਿਜ਼ ਦੀ ਵਸੂਲੀ / ਵਾਪਸੀ : -**

ਜੇਕਰ ਉਪਰੋਕਤ ਵਿਨਿਯਮ 21.5 ਦੇ ਅਨੁਸਾਰ ਖਪਤਕਾਰ ਅਤਿਰਿਕਤ ਰਕਮ ਦੀ ਅਦਾਇਗੀ ਕਰਨ ਦੇ ਯੋਗ ਹੈ ਜਾਂ ਉਸ ਦੇ ਲੇਖੇ ਦੀ ਓਵਰਹਾਲਿੰਗ ਦੇ ਪਰਿਣਾਮ ਸਵਰੂਪ ਰਕਮ ਵਾਪਸੀ ਦਾ ਹੱਕਦਾਰ ਹੈ ਤਾਂ ਵੰਡ ਲਾਇਸੈਂਸੀ ਵਸੂਲੀ ਕਰੇਗਾ ਜਾਂ ਵਧੀਕ ਰਕਮ ਨੂੰ ਤੁਰੰਤ ਉਤਰਾਵਰਤੀ ਮਹੀਨਿਆਂ ਦੇ ਬਿਜਲੀ ਦੇ ਬਿਲਾਂ ਵਿੱਚ ਸਮਾਧਾਨ ਕਰੇਗਾ।

# ਅਧਿਆਇ – VI

## ਕਾਰਜਕੁਸ਼ਲਤਾ ਦੇ ਮਿਆਰ
## ( STANDARDS OF PERFORMANCE )

**22. ਆਮ (ਜਨਰਲ) : –**

22.1 ਇਹ ਮਿਆਰ ਗੰਭੀਰ ਵੰਡ ਸਿਸਟਮ ਪੈਰਾਮੀਟਰ ਨੂੰ ਸਪਸ਼ਟ ਰੂਪ ਵਿੱਚ ਬਿਆਨ ਕਰਦੇ ਹਨ ਜਿਹਨਾਂ ਨੂੰ ਵੰਡ ਲਾਇਸੈਂਸੀ ਬਿਜਲੀ ਦੀ ਵੰਡ ਅਤੇ ਪਰਚੂਨ ਸਪਲਾਈ ਦੇ ਸੁਯੋਗ, ਵਿਸ਼ਵਾਸ਼ ਯੋਗ ਅਤੇ ਸੁਰੱਖਿਅਤ ਸਿਸਟਮ ਮੁਹੱਈਆ ਕਰਨ ਦੇ ਨਜ਼ਰੀਏ ਨਾਲ ਕਾਇਮ (ਮੇਨਟੇਨ) ਰੱਖੇਗਾ। ਇਹ ਮਿਆਰ ਮੰਗ ਕਰਦੇ ਹਨ ਕਿ : –

(ੳ) ਇਹ ਯਕੀਨੀ ਬਣਾਉਣਾ ਕਿ ਵੰਡ ਲਾਇਸੈਂਸੀ ਖਪਤਕਾਰ ਦੇ ਅਹਾਤੇ ਵਿੱਚ ਸੰਸਥਾਪਿਤ ਬਿਜਲਈ ਉਪਕਰਣ ਦੀ ਸੁਰੱਖਿਆ ਅਤੇ ਅਨੁਕੂਲਤਮ ਕਾਰਜਕੁਸ਼ਲਤਾ ਵਾਸਤੇ ਆਵੱਸ਼ਕ ਘੱਟ ਤੋਂ ਘੱਟ ਮਿਆਰ ਪੂਰੇ ਕਰਦਾ ਹੋਵੇ।

(ਅ) ਖਪਤਕਾਰ ਨੂੰ ਬਿਜਲੀ ਸਬੰਧੀ ਵਾਤਾਵਰਣ ਵਾਸਤੇ ਢੁਕਵਾਂ ਆਪਣਾ ਸਿਸਟਮ ਡੀਜ਼ਾਈਨ ਕਰਨ ਲਈ ਅਤੇ ਉਪਕਰਣ ਸੰਸਥਾਪਿਤ ਕਰਨ ਵਾਸਤੇ ਯੋਗ ਬਣਾਏ, ਅਤੇ

(ੲ) ਅਲਪਕਾਲ ਵਿੱਚ ਵੰਡ ਲਾਇਸੈਂਸੀ ਦੁਆਰਾ ਮੁਹੱਈਆ ਕੀਤੀ ਜਾਣ ਵਾਲੀ ਸਰਵਿਸ ਦਾ ਨਿਊਨਤਮ ਪੱਧਰ ਸੁਨਿਸ਼ਚਿਤ ਕਰਨਾ ਅਤੇ ਦੀਰਘ ਕਾਲ ਵਿੱਚ ਸੁਧਾਰੇ ਮਿਆਰਾਂ ਵੱਲ ਵਧਣਾ।

22.2 ਅਨੁਲਗ– 1 ਵਿੱਚ ਸੁਨਿਸ਼ਚਿਤ ਕੀਤੇ ਗਏ ਮਿਆਰ ਕਾਰਜਕੁਸ਼ਲਤਾ ਦੇ ਨਿਊਨਤਮ ਮਿਆਰ ਹਨ ਜੋ ਕਿ ਵੰਡ ਲਾਇਸੈਂਸੀ ਦੁਆਰਾ ਪ੍ਰਾਪਤ ਕੀਤੇ ਜਾਣੇ ਹਨ।

22.3 ਅਨੁਲਗ– 2 ਵਿੱਚ ਸੁਨਿਸ਼ਚਿਤ ਕੀਤੇ ਗਏ ਮਿਆਰ ਕਾਰਜਕੁਸ਼ਲਤਾ ਦੇ ਸਮੁੱਚੇ ਮਿਆਰ ਹਨ ਜਿਹਨਾਂ ਦੀ ਵੰਡ ਲਾਇਸੈਂਸੀ, ਲਾਇਸੈਂਸੀ ਵਜੋਂ ਆਪਣੀਆਂ ਜਿੰਮੇਵਾਰੀਆਂ ਨੂੰ ਨਿਭਾਉਣ ਵਿੱਚ ਹਾਸਲ ਕਰਨ ਵਾਸਤੇ ਮੰਗ ਕਰੇਗਾ।

22.4 ਕਮਿਸ਼ਨ ਵੰਡ ਲਾਇਸੈਂਸੀਆਂ ਦੀ ਸ਼੍ਰੇਣੀ ਜਾਂ ਸ਼੍ਰੇਣੀਆਂ ਲਈ ਵੱਖ ਵੱਖ ਮਿਆਰ ਸੁਨਿਸ਼ਚਿਤ ਕਰ ਸਕਦਾ ਹੈ।

**23. ਸੁਰੱਖਿਆ ( SAFETY ) : –**

23.1 ਵੰਡ ਲਾਈਨਾਂ ਅਤੇ ਸਬ–ਸਟੇਸ਼ਨਾਂ ਦੀ ਉਸਾਰੀ, ਸੰਚਾਲਣ ਅਤੇ ਸਾਂਭ– ਸੰਭਾਲ ਕੇਂਦਰੀ ਬਿਜਲੀ ਅਥਾਰਟੀ ( ਸੁਰੱਖਿਆ ਅਤੇ ਬਿਜਲੀ ਦੀ ਸਪਲਾਈ ਦੇ ਸਬੰਧ ਵਿੱਚ ਉਪਾਅ ) ਵਿਨਿਯਮ, 2010 ਦੇ ਅਨੁਸਾਰ ਕੀਤੀ ਜਾਵੇਗੀ।

23.2 ਉਪਕਰਣ ਅਤੇ ਲਾਈਨਾਂ ਅਤੇ ਸਬ– ਸਟੇਸ਼ਨ ਦੀ ਅਰਥਿੰਗ ਲਈ ਪ੍ਰਬੰਧ ਕਰਨ ਵਾਸਤੇ ਆਧਾਰ ( ਗਰਾਊਂਡਿੰਗ ) ਅਮਲ ਅਤੇ ਅਰਥਿੰਗ ਦੇ IS: 3043 ਕੋਡ ਦੇ ਅਨੁਸਾਰ ਹੋਵੇਗਾ।

23.3 ਵੰਡ ਨੈੱਟ ਵਰਕ ਦੇ ਅਰਥਿੰਗ ਸਿਸਟਮ ਨੂੰ ਅਜਿਹੇ ਹਲਾਤ ਵਿੱਚ ਕਾਇਮ ( ਮੇਨਟੇਨ ) ਕੀਤਾ ਜਾਵੇਗਾ ਤਾਂ ਕਿ ਫਿਊਜ਼, ਸਰਕਟ ਬਰੇਕਰ ਜਾਂ ਹੋਰ ਦੂਜੇ ਸੁਰੱਖਿਅਕ ਉਪਕਰਣ ਦੇ ਤਤਕਾਲਕ ਸੰਚਾਲਣ ਨੂੰ ਯਕੀਨੀ ਬਣਾਇਆ ਜਾ ਸਕੇ।

## 23.4. ਸੁਰੱਖਿਅਤ ਮਿਆਰ : –

23.4.1 ਵੰਡ ਲਾਇਸੈਂਸੀ ਕਿਸੇ ਵੀ ਖਪਤਕਾਰ ਤੋਂ ਨੋਟਿਸ ਸਮੇਂ, ਜੋ 21 ਦਿਨਾਂ ਤੋਂ ਘੱਟ ਨਹੀਂ ਹੋਵੇਗਾ, ਦੇ ਅੰਦਰ ਅੰਦਰ ਲੋੜੀਂਦੇ ਸੁਰੱਖਿਅਤ ਮਿਆਰਾਂ ਦੇ ਸਮਰੂਪ ਹੋਣ ਲਈ ਕਹਿ ਸਕਦਾ ਹੈ। ਇੱਕੀ (21) ਦਿਨਾਂ ਤੋਂ ਬਾਦ ਵੀ ਅਜਿਹੇ ਮਿਆਰਾਂ ਦੀ ਅਪਾਲਣਾ ਜਾਰੀ ਰੱਖਣ ਦੀ ਸੂਰਤ ਵਿੱਚ, ਵੰਡ ਲਾਇਸੈਂਸੀ ਕਿਸੇ ਵੀ ਅਜਿਹੇ ਉਸ ਖਪਤਕਾਰ ਦੇ ਅਹਾਤੇ ਦੀ ਸਪਲਾਈ ਕੱਟ ਸਕਦਾ ਹੈ ਜਿਥੇ ਸਪਲਾਈ ਦੀ ਨਿਰੰਤਰਤਾ ਨਾਲ ਸਿਸਟਮ ਦੇ ਸੰਚਾਲਣ ਅਤੇ ਸੁਰੱਖਿਅਤਾ ਨੂੰ ਪ੍ਰਭਾਵਤ ਕਰਨ ਦੀ ਉਚਿਤ ਰੂਪ ਵਿੱਚ ਸੰਭਾਵਨਾ ਹੋ ਸਕਦੀ ਹੈ।

23.4.2 ਹੰਗਾਮੀ ਪਰਿਸਥਿਤੀਆਂ ਵਿੱਚ ਜਿਥੇ ਗਰਿਡ ਦੀ ਸੁਰੱਖਿਆ ਪ੍ਰਭਾਵਿਤ ਹੋਣ ਦੀ ਸੰਭਾਵਨਾ ਹੋਵੇ ਤਾਂ ਕੁਨੈਕਸ਼ਨ ਤਾਂ ਵੀ ਤੁਰੰਤ ਕੱਟਿਆ ਜਾ ਸਕਦਾ ਹੈ।

23.4.3 ਕੁਨੈਕਸ਼ਨ ਨੂੰ ਨੋਟਿਸ ਵਿੱਚ ਸੂਚੀਬੱਧ ਕੀਤੇ ਗਏ ਅਨੁਸਾਰ ਕੁਨੈਕਸ਼ਨ ਕੱਟਣ ਦੇ ਮੁੱਖ ਕਾਰਨਾਂ ਨੂੰ ਦੂਰ ਕਰਨ ਜਾਂ ਦਰੁਸਤ ਕਰਨ ਮਗਰੋਂ ਤੁਰੰਤ ਬਹਾਲ ਕਰ ਦਿੱਤਾ ਜਾਵੇਗਾ।

## 24. ਹਾਰਮੋਨਿਕ ( **Harmonics** ) : -

24.1 ਖਪਤਕਾਰ ਵੱਖ ਵੱਖ ਵੋਲਟਤਾ ਪੱਧਰਾਂ ਲਈ ਕੇ. ਬਿ. ਅ. (CEA) ਦੁਆਰਾ ਸੁਨਿਸ਼ਚਿਤ ਕੀਤੇ ਗਏ ਅਨੁਸਾਰ ਹਾਰਮੋਨਿਕ ਮਿਆਰਾਂ ਦੀ ਪਾਲਣਾ ਕਰੇਗਾ। ਵੰਡ ਲਾਇਸੈਂਸੀ ਆਪਣੇ ਐਚ. ਟੀ. / ਈ. ਐਚ. ਟੀ. ਸਬ- ਸਟੇਸ਼ਨਾਂ ’ਤੇ ਅਤੇ ਉਹਨਾਂ ਐਚ. ਟੀ. / ਈ. ਐਚ. ਟੀ. ਖਪਤਕਾਰਾਂ, ਜਿਹੜੇ ਇਸ ਨੂੰ ਹਾਰਮੋਨਿਕਸ ਦੇ ਉਤਪਾਦਨ ਵੱਲ ਉਨਮੁਖ ਸਮਝਦੇ ਹਨ, ਦੇ ਸਬੰਧ ਵਿੱਚ ਹਾਰਮੋਨਿਕ ਕਰੰਟ ਅਤੇ ਵੋਲਟਤਾ ਨੂੰ ਮੋਨੀਟਰ ਕਰਨਗੇ। ਕੁੱਲ ਹਾਰਮੋਨਿਕ ਵਿਗਾੜ (THD ), ਜਿਹੜਾ ਕਿ ਵੋਲਟਤਾ ਜਾਂ ਕਰੰਟ ਤਰੰਗ ਰੂਪ {ਜਿਹੜਾ ਸਿਧਾਂਤਕ ਤੌਰ ਤੇ ਸਾਈਨ ਵਕਰੀ (sinusoidal) ਹੋਵੇਗਾ} ਦੇ ਵਿਗਾੜ ਦੀ ਇਕ ਪੈਮਾਇਸ਼ ਹੈ ਅਤੇ ਮੋਲਿਕ ਦੇ ਆਕਾਰ (megnitude) ਦੀ ਪ੍ਰਤਿਸ਼ਤਤਾ ਵਜੋਂ ਜ਼ਾਹਰ ਕੀਤੀ ਗਈ ਸਾਰੀ ਵੋਲਟਤਾ ਜਾਂ ਕਰੰਟ ਹਾਰਮੋਨਿਕ ਦੇ ਵਰਗਾਂ ( squares ) ਦਾ ਜੋੜ ਦਾ ਵਰਗ ਰੂਟ ਹੈ, ਨਿਮਨ ਅਨੁਸਾਰ ਸੀਮਾ ਤੋਂ ਨਹੀਂ ਵਧੇਗਾ : –

ਈ. ਐਚ. ਟੀ. = 4%
ਐਚ. ਟੀ. = 10 %
ਐਲ. ਟੀ. = 15%

ਵੰਡ ਲਾਇਸੈਂਸੀ ਐਚ. ਟੀ. / ਈ. ਐਚ. ਟੀ. ਸਬ- ਸਟੇਸ਼ਨਾਂ ’ਤੇ ਅਤੇ ਐਚ. ਟੀ. / ਈ. ਐਚ. ਟੀ. ਖਪਤਕਾਰਾਂ ਦੇ ਅਹਾਤਿਆਂ ’ਤੇ ਘੱਟੋ ਘੱਟ ਸਾਲ ਵਿੱਚ ਇਕ ਵਾਰ ਹਾਰਮੋਨਿਕ ਪੈਮਾਇਸ਼ ਕਰਨਗੇ ।

24.2 ਖਪਕਾਰ ਦੁਆਰਾ ਉਤਪੰਨ ਕੀਤੇ ਗਏ ਹਾਰਮੋਨਿਕ ਕਰੰਟ ਦੀ ਵੰਡ ਲਾਇਸੈਂਸੀ ਅਤੇ ਖਪਤਕਾਰ ਦੁਆਰਾ ਸੰਯੁਕਤ ਰੂਪ ਵਿੱਚ ਪੈਮਾਇਸ਼ ਕੀਤੀ ਜਾਵੇਗੀ। ਵੰਡ ਲਾਇਸੈਂਸੀ ਖਪਤਕਾਰਾਂ ਅਤੇ ਸਬ- ਸਟੇਸ਼ਨਾਂ ਦੇ ਸਾਰੇ ਹਾਰਮੋਨਿਕ ਪੈਮਾਇਸ਼ਾਂ ਦਾ ਰਿਕਾਰਡ ਮੇਨਟੇਨ ਕਰੇਗਾ ਅਤੇ ਰਿਪੋਰਟ ਕਮਿਸ਼ਨ ਨੂੰ ਸਾਲਾਨਾ ਤੌਰ ਤੇ ਪੇਸ਼ ਕੀਤੀ ਜਾਵੇਗੀ।

24.3 ਸੁਨਿਸ਼ਚਿਤ ਕੀਤੇ ਗਏ ਮਿਆਰਾਂ ਤੋਂ ਵਧੀਕ ਹਾਰਮੋਨਿਕ ਵਿਗਾੜ ਵਿੱਚ ਯੋਗਦਾਨ ਪਾ ਰਹੇ ਖਪਤਕਾਰਾਂ ਨੂੰ ਤਿੰਨ ਮਹੀਨਿਆਂ ਦੇ ਅੰਦਰ ਅੰਦਰ ਉਲੰਘਣਾ ਦੂਰ ਕਰਨ ਵਸਤੇ ਵੰਡ ਲਾਇਸੈਂਸੀ ਦੁਆਰਾ ਇਕ ਨੋਟਿਸ ਦਿੱਤਾ ਜਾਵੇਗਾ, ਅਜਿਹਾ ਕਰਨ ਵਿੱਚ ਅਸਫਲ ਹੋਣ ’ਤੇ ਅਜਿਹੇ ਖਪਤਕਾਰ ਨੂੰ ਦੰਡ, ਜਿਵੇਂ ਕਿ ਕਮਿਸ਼ਨ ਦੀ ਪ੍ਰਵਾਨਗੀ ਨਾਲ ਲਾਇਸੈਂਸੀ ਦੁਆਰਾ ਨਿਰਧਾਰਿਤ ਕੀਤਾ ਜਾਵੇਗਾ, ਅਦਾ ਕਰਨ ਦਾ ਜ਼ਿੰਮੇਵਾਰ ਸਮਝਿਆ ਜਾਵੇਗਾ।

24.4 ਹਾਰਮੋਨਿਕਸ ਨੂੰ ਕਾਬੂ ਕਰਨ ਲਈ, ਵੰਡ ਲਾਇਸੈਂਸੀ ਦੇ ਨਾਲ ਨਾਲ ਖਪਤਕਾਰ ਸੀਮਾ ਦੇ ਅੰਦਰ ਅੰਦਰ ਹਾਰਮੋਨਿਕਸ ਨੂੰ ਰੱਖਣ ਲਈ ਆਵੱਸ਼ਕ ਅਜਿਹੇ ਹੋਰ ਦੂਜੇ ਉਪਾਅ ਕਰਨ ਤੋਂ ਇਲਾਵਾ, ਆਈ. ਈ. ਈ. ਈ. ( IEEE ) ਗਾਈਡ 80 ਅਨੁਸਾਰ ਆਪਣੇ ਉਪਕਰਣਾਂ ਦੇ ਅਰਥਿੰਗ ਮਿਆਰਾਂ ਅਤੇ ਤਿੰਨ ਫੇਜ਼ਾਂ ਉਤੇ ਲੋਡ ਦਾ ਸੰਤੁਲਨ ਯਕੀਨੀ ਬਣਾਉਣਗੇ।

## 25. ਸ਼ਿਕਾਇਤ ਨਿਵਾਰਨਾ ( **Complaint Handling** ) : –

25.1 ਵੰਡ ਲਾਇਸੈਂਸੀ ਸਮੇਂ ਸਮੇਂ ’ਤੇ ਕਮਿਸ਼ਨ ਦੁਆਰਾ ਅਧਿਸੂਚਿਤ ਕੀਤੀ ਗਈ ਖਪਤਕਾਰ ‘ਸ਼ਿਕਾਇਤ ਹੈਂਡਲਿੰਗ ਕਾਰਜਵਿਧੀ’ ਵਿੱਚ ਸੁਨਿਸ਼ਚਿਤ ਕੀਤੇ ਗਏ ਅਨੁਸਾਰ ਸਪਲਾਈ ਨਾਕਾਮ ਹੋਣ ( failure ) / ਵਿੱਚ ਵਿਘਨ ਪੈਣ, ਸਪਲਾਈ ਦੀ ਕੁਆਲਟੀ, ਮੀਟਰ / ਮੀਟਰਿੰਗ ਉਪਕਰਣ ਦੀ ਕਾਰਜਕਤਾ, ਬਿਲ ਸਬੰਧੀ ਵਾਦ-ਵਿਵਾਦ ਅਤੇ ਹੋਰ ਦੂਜੀਆਂ ਸਪਲਾਈ ਸਬੰਧੀ ਸੇਵਾਵਾਂ ਦੇ ਸਬੰਧ ਵਿੱਚ ਜ਼ੁਬਾਨੀ, ਟੈਲੀਫੋਨ ਰਾਹੀਂ ਜਾਂ ਲਿਖਤੀ ਰੂਪ ਵਿੱਚ ਜਾਂ ਈ ਮੇਲ ਰਾਹੀਂ ਜਾਂ ਐਸ. ਐਮ. ਐਸ ਰਾਹੀਂ ਖਪਤਕਾਰ ਦੁਆਰਾ ਕੀਤੀ ਗਈ ਹਰੇਕ ਸ਼ਿਕਾਇਤ ਨੂੰ ਰਜਿਸਟਰ ਕਰੇਗਾ ਅਤੇ ਅਟੈਂਡ ਕਰੇਗਾ।

### 25.2 ਝਗੜੇ ਨਿਪਟਾਊ ਕਮੇਟੀਆਂ ਦੀ ਸਥਾਪਨਾ : –

ਉਹਨਾਂ ਸ਼ਿਕਾਇਤਾਂ ਜੋ ਦਿੱਤੀ ਗਈ ਖੁਲ੍ਹੀ ਪਹੁੰਚ ਨਾਲ ਸਬੰਧਤ ਮਾਮਲਿਆਂ ਵਿੱਚੋਂ ਉਤਪੰਨ ਹੋਈਆਂ ਅਤੇ ਐਕਟ ਦੀਆਂ ਧਾਰਾਵਾਂ 126, 127, 135 ਤੋਂ 140 ਤੱਕ, 142, 143, 146, 152 ਅਤੇ 161 ਤੋਂ ਛੁੱਟ ਸਰਵਿਸ ਕੁਨੈਕਸ਼ਨ ਜਾਰੀ ਕਰਨ ਵਿੱਚ / ਪਹਿਲਾ ਬਿਲ ਜਾਰੀ ਕਰਨ ਵਿੱਚ, ਬਿਲ ਬਣਾਉਣ ਵਿੱਚ, ਮੀਟਰਿੰਗ ਵਿੱਚ ਦੇਰੀ ਕਰਨ, ਬਿਜਲੀ ਸਪਲਾਈ ਵਿੱਚ ਵਿਘਨ / ਫੇਲ੍ਹੀਅਰ, ਵੋਲਟਤਾ ਵਿਭਿੰਨਤਾ, ਲੋਡ ਡੇਗਣਾ ( shedding ) / ਅਨੁਸੂਚਿਤ ਆਊਟੇਜਿਜ਼, ਕੁਨੈਕਸ਼ਨ ਕੱਟਣ / ਮੁੜ ਜੋੜਨ ਅਤੇ ਬਿਜਲੀ ਦੀ ਸਪਲਾਈ ਦੇ ਸਬੰਧ ਵਿੱਚ ਸਾਰੇ ਹੋਰ ਦੂਜੇ ਮਾਮਲਿਆਂ, ਜਿਨ੍ਹਾਂ ਵਿੱਚ ਆਰਥਿਕ ਝਗੜੇ ਸ਼ਾਮਲ ਹਨ, ਦੇ ਸਬੰਧ ਵਿੱਚ ਖਪਤਕਾਰਾਂ ਦੀਆਂ ਸ਼ਿਕਾਇਤਾਂ ਨੂੰ ਸਮੇਂ ਸਮੇਂ ’ਤੇ ਕਮਿਸ਼ਨ ਦੁਆਰਾ ਅਧਿਸੂਚਿਤ ਕੀਤੀ ਗਈ ਵੰਡ ਲਾਇਸੈਂਸੀ ਦੀ ‘ਖਪਤਕਾਰ ਸ਼ਿਕਾਇਤ ਹੈਂਡਲਿੰਗ ਕਾਰਜਵਿਧੀ’ ਵਿੱਚ ਸੁਨਿਸ਼ਚਿਤ ਕੀਤੀ ਗਈ ਬਣਤਰ (mechanism) ਅਤੇ ਕਾਰਜਵਿਧੀ ਅਨੁਸਾਰ ਵੰਡ ਲਾਇਸੈਂਸੀ ਦੁਆਰਾ ਸਥਾਪਿਤ ਕੀਤੀ ਗਈ ਝਗੜਾ ਨਿਪਟਾਊ ਕਮੇਟੀ ਦੁਆਰਾ ਨਿਪਟਾਏ ਜਾ ਸਕਦੇ ਹਨ।

### 25.3 ਖਪਤਕਾਰਾਂ ਦੇ ਸ਼ਿਕਵੇ- ਸ਼ਿਕਾਇਤਾਂ ਦੀ ਨਿਵਿਰਤੀ ਲਈ ਫੋਰਮ : –

ਵੰਡ ਲਾਇਸੈਂਸੀ ਦੁਆਰਾ ਅਤੇ/ ਜਾਂ ਖਪਤਕਾਰ ਸ਼ਿਕਾਇਤ ਹੈਂਡਲਿੰਗ ਕਾਰਜਵਿਧੀ ਅਧੀਨ, ਜਿਵੇਂ ਵੀ ਕੇਸ ਹੋਵੇ, ਉਸ ਦੇ ਸ਼ਿਕਵੇ- ਸ਼ਿਕਾਇਤਾਂ ਦੀ ਅਣ-ਨਿਵਿਰਤੀ ਦੁਆਰਾ ਪੀੜਿਤ ਕੋਈ ਸ਼ਿਕਾਇਤ- ਕਰਤਾ ਆਪ ਖੁਦ ਜਾਂ ਆਪਣੇ ਅਧਿਕਾਰਿਤ ਪ੍ਰਤਿਨਿਧ ਰਾਹੀਂ ਆਪਣੇ ਸ਼ਿਕਵੇ- ਸ਼ਿਕਾਇਤਾਂ ਦੀ ਨਿਵਿਰਤੀ ਲਈ ਲਿਖਤੀ ਰੂਪ ਵਿੱਚ ਸਮੇਂ ਸਮੇਂ ’ਤੇ ਸੋਧੇ ਗਏ ਪੰ. ਰਾ. ਬਿ. ਰੈ. ਕ. (ਫੋਰਮ ਅਤੇ ਲੋਕਪਾਲ) ਵਿਨਿਯਮ, 2005 ਅਨੁਸਾਰ ਵੰਡ ਲਾਇਸੈਂਸੀ ਦੁਆਰਾ ਸਥਾਪਿਤ ਕੀਤੇ ਗਏ ਫੋਰਮ ਨੂੰ ਪਹੁੰਚ ਕਰ ਸਕਦਾ ਹੈ।

ਬਸ਼ਰਤੇ ਕਿ ਸ਼ਿਕਾਇਤ- ਕਰਤਾ ਫੋਰਮ ਦੇ ਅਧਿਕਾਰ ਖੇਤਰ ਦੇ ਅੰਤਰਗਤ ਆਉਂਦੇ ਮਾਮਲਿਆਂ ਦੇ ਸਬੰਧ ਵਿੱਚ ਸਿੱਧੇ ਤੌਰ ’ਤੇ ਫੋਰਮ ਨੂੰ ਪਹੁੰਚ ਕਰਨ ਦਾ ਹੱਕ ਰੱਖਦਾ ਹੋਵੇ।

### 25.4 ਲੋਕਪਾਲ ਦੁਆਰਾ ਸ਼ਿਕਵੇ- ਸ਼ਿਕਾਇਤਾਂ ਦੀ ਨਿਵਿਰਤੀ : –

25.4.1 ਫੋਰਮ ਦੇ ਆਦੇਸ਼ ਦੁਆਰਾ ਪੀੜਿਤ ਜਾਂ ਨਿਰਧਾਰਿਤ ਸਮੇਂ ਦੇ ਅੰਦਰ ਅੰਦਰ ਫੋਰਮ ਦੁਆਰਾ ਸ਼ਿਕਵੇ- ਸ਼ਿਕਾਇਤਾਂ ਦੀ ਅਣ- ਨਿਵਿਰਤੀ ਤੋਂ ਪੀੜਿਤ ਸ਼ਿਕਾਇਤ- ਕਰਤਾ ਲੋਕਪਾਲ ਨੂੰ ਅਪੀਲ ਪੇਸ਼ ਕਰਨ ਵਾਸਤੇ ਹੱਕ ਰੱਖਦਾ ਹੈ।

25.4.2 ਜੇਕਰ ਝਗੜਾ ਨਿਪਟਾਰਾ ਕਮੇਟੀ, ਫੋਰਮ ਜਾਂ ਲੋਕਪਾਲ ਦੁਆਰਾ ਪਾਸ ਕੀਤੇ ਗਏ ਕਿਸੇ ਆਦੇਸ਼ ਨੂੰ ਅਜਿਹੇ ਆਦੇਸ਼ ਦੀ ਪ੍ਰਾਪਤੀ ਤੋਂ 30 ਦਿਨਾਂ ਦੇ ਅੰਦਰ ਅੰਦਰ ਅਮਲ ਵਿੱਚ ਨਹੀਂ ਲਿਆਂਦਾ ਜਾਂਦਾ ਤਾਂ ਖਪਤਕਾਰ ਲੋਕਪਾਲ ਨੂੰ ਪ੍ਰਤਿਬੇਨਤੀ ਪੇਸ਼ ਕਰ ਸਕਦਾ ਹੈ।

## 25.5 ਸ਼ਿਕਾਇਤ ਕੇਂਦਰ / ਸ਼ਿਕਾਇਤਾਂ ਦੀ ਰਜਿਸਟ੍ਰੇਸ਼ਨ : –

25.5.1 ਵੰਡ ਲਾਇਸੈਂਸੀ, ਆਪਣੇ ਅਧਿਸੂਚਿਤ ਦਫਤਰਾਂ ਤੋਂ ਇਲਾਵਾ, ਖਪਤਕਾਰਾਂ / ਬਿਨੈਕਾਰਾਂ ਦੁਆਰਾ ਸ਼ਿਕਾਇਤਾਂ ਦੀ ਰਜਿਸਟ੍ਰੇਸ਼ਨ ਲਈ ਉਚਿਤ ਗਿਣਤੀ ਵਿੱਚ ਸ਼ਿਕਾਇਤ ਕੇਂਦਰਾਂ / ਸੈਂਟਰਾਂ ਦੀ ਸਥਾਪਨਾ ਕਰੇਗਾ। ਇਹਨਾਂ ਵਿੱਚ ਨੋਡਲ ਅਧਿਸੂਚਿਤ ਕੀਤੇ ਦਫਤਰ / ਸ਼ਿਕਾਇਤ ਕੇਂਦਰ ਸ਼ਾਮਲ ਹੋਣਗੇ ਜਿਥੇ ਪਰਸਪਰ ਕ੍ਰਿਆਸ਼ੀਲ ਆਵਾਜ਼ ਰਿਕਾਰਡਿੰਗ ਸਿਸਟਮ ਸੰਸਥਾਪਤ ਕੀਤਾ ਜਾਵੇਗਾ। ਵੰਡ ਲਾਇਸੈਂਸੀ ਅਜਿਹੇ ਸਿਸਟਮ ਦੇ ਸੰਸਥਾਪਣ ਲਈ ਇਕ ਵਿਸਤ੍ਰਿਤ ਯੋਜਨਾ ਤਿਆਰ ਕਰੇਗਾ, ਜਿਸ ਵਿੱਚ ਸ਼ਿਕਾਇਤਾਂ ਦੀ ਪ੍ਰਾਪਤੀ ਅਤੇ ਨਿਪਟਾਰੇ ਦੇ ਨਾਲ ਸਬੰਧਤ ਡੈਟੇ ਦੀ ਕੰਪਿਊਟਰਾਈਜੇਸ਼ਨ ਵੀ ਸ਼ਾਮਲ ਹੋਵੇਗੀ। ਇਸ ਯੋਜਨਾ ਨੂੰ ਪੜਾਵਾਂ ਵਾਰ ਲਾਗੂ ਕਰਨ ਲਈ ਟਾਈਮ ਟੇਬਲ ਸਪਲਾਈ ਕੋਡ ਦੀ ਅਧਿਸੂਚਨਾ ਤੋਂ ਤਿੰਨ (3) ਮਹੀਨਿਆਂ ਦੇ ਅੰਦਰ ਅੰਦਰ ਪ੍ਰਵਾਨਗੀ ਲਈ ਕਮਿਸ਼ਨ ਨੂੰ ਪੇਸ਼ ਕੀਤਾ ਜਾਵੇਗਾ। ਅਨੁਲਗ– 1 ਦੇ ਪੈਰਾ 1 ਵਿੱਚ ਸੂਚੀਬੱਧ ਕੀਤੀਆਂ ਗਈਆਂ ਸਪਲਾਈ ਦੇ ਫੇਲ੍ਹ ਹੋਣ / ਵਿਘਨ ਪੈਣ ਨਾਲ ਸਬੰਧਤ ਸ਼ਿਕਾਇਤਾਂ ਨੂੰ ਅਨੁਲਗ– 3 ਏ ਵਿੱਚ ਸੁਨਿਸ਼ਚਿਤ ਕੀਤੇ ਗਏ ਫਾਰਮੇਟ ਵਿੱਚ ਸ਼ਿਕਾਇਤ ਕੇਂਦਰਾਂ 'ਤੇ ਵੰਡ ਲਾਇਸੈਂਸੀ ਦੁਆਰਾ ਰਜਿਸਟਰ ਕੀਤਾ ਜਾਵੇਗਾ। ਸ਼ਿਕਾਇਤ– ਕਰਤਾ ਨੂੰ ਇਸ ਦੀ ਰਜਿਸਟ੍ਰੇਸ਼ਨ ਦਾ ਸ਼ਿਕਾਇਤ ਨੰਬਰ ਅਤੇ ਤਾਰੀਖ ਅਤੇ ਸਮਾਂ ਤੁਰੰਤ ਸੂਚਿਤ ਕੀਤਾ ਜਾਵੇਗਾ।

25.5.2 'ਖਪਤਕਾਰ ਸ਼ਿਕਾਇਤ ਹੈਂਡਲਿੰਗ ਕਾਰਜਵਿਧੀ' ਨਾਲ ਨੱਥੀ ਕੀਤੇ ਗਏ ਫਾਰਮੇਟ ਵਿੱਚ ਲਿਖਤੀ ਰੂਪ ਵਿੱਚ ਕੀਤੀਆਂ ਗਈਆਂ ਅਨੁਲਗ–1 ਦੇ ਪੈਰਾ 2 ਤੋਂ 7 ਵਿੱਚ ਸੂਚੀਬੱਧ ਕੀਤੀਆਂ ਗਈਆਂ ਸਾਰੀਆਂ ਹੋਰ ਦੂਜੀਆਂ ਸ਼ਿਕਾਇਤਾਂ ਨੂੰ ਅਨੁਲਗ– 3 ਅ 'ਤੇ ਪ੍ਰਫਾਰਮੇ ਵਿੱਚ ਵੰਡ ਲਾਇਸੈਂਸੀ ਦੇ ਅਧਿਸੂਚਿਤ ਦਫਤਰ ਵਿੱਚ ਰਜਿਸਟਰ ਕੀਤਾ ਜਾਵੇਗਾ। ਸ਼ਿਕਾਇਤ– ਕਰਤਾ ਨੂੰ ਇਸ ਦੀ ਰਜਿਸਟ੍ਰੇਸ਼ਨ ਦਾ ਸ਼ਿਕਾਇਤ ਨੰਬਰ ਅਤੇ ਤਾਰੀਖ ਅਤੇ ਸਮਾਂ ਤੁਰੰਤ ਸੂਚਿਤ ਕੀਤਾ ਜਾਵੇਗਾ।

25.5.3 ਸਾਰੀਆਂ ਸ਼ਿਕਾਇਤਾਂ ਨੂੰ ਕਮਿਸ਼ਨ ਦੁਆਰਾ ਸੁਨਿਸ਼ਚਿਤ ਕੀਤੀ ਗਈ ਸਮਾਂ ਸੀਮਾ ਦੇ ਅੰਦਰ ਅੰਦਰ ਅਧਿਸੂਚਿਤ ਕੀਤੇ ਗਏ ਦਫਤਰ ਦੇ ਇੰਚਾਰਜ ਅਫਸਰ / ਅਧਿਕਾਰੀ ਦੁਆਰਾ ਪਹਿਲਾਂ ਅਟੈਂਡ / ਦੂਰ ਕੀਤਾ ਜਾਵੇਗਾ। ਜੇਕਰ ਸ਼ਿਕਾਇਤ– ਕਰਤਾ ਪ੍ਰਤਿਕਿਰਿਆ ( response ) ਨਾਲ ਸੰਤੁਸ਼ਟ ਨਹੀਂ ਹੈ ਜਾਂ ਕੋਈ ਪ੍ਰਤਿਕਿਰਿਆ ਨਹੀਂ ਹੋਈ ਹੈ ਤਾਂ ਸ਼ਿਕਾਇਤ– ਕਰਤਾ 'ਖਪਤਕਾਰ ਸ਼ਿਕਾਇਤ ਹੈਂਡਲਿੰਗ ਕਾਰਜਵਿਧੀ' ਵਿੱਚ ਸੁਨਿਸ਼ਚਿਤ ਕੀਤੇ ਗਏ ਅਨੁਸਾਰ ਮੰਡਲ ਝਗੜਾ ਨਿਪਟਾਊ ਕਮੇਟੀ ਨੂੰ ਪਹੁੰਚ ਕਰਨ ਦਾ ਹੱਕ ਰੱਖਦਾ ਹੈ।

25.5.4 ਕਮਿਸ਼ਨ ਵੰਡ ਲਾਇਸੈਂਸੀ ਦੁਆਰਾ ਸਥਾਪਤ ਕੀਤੇ ਸ਼ਿਕਾਇਤ ਕੇਂਦਰਾਂ ਦੀ ਉਚਿਤਤਾ ਦੀ ਕਿਸੇ ਵੀ ਸਮੇਂ ਪੜਚੋਲ ਕਰ ਸਕਦਾ ਹੈ ਅਤੇ ਵੰਡ ਲਾਇਸੈਂਸੀ ਨੂੰ ਉਥੇ ਅਤਿਰਿਕਤ ਕੇਂਦਰ ਸਥਾਪਤ ਕਰਨ ਲਈ ਹਦਾਇਤ ਕਰ ਸਕਦਾ ਹੈ ਜਿਥੇ ਕਮਿਸ਼ਨ ਦਾ ਇਹ ਵਿਚਾਰ ਹੋਵੇ ਕਿ ਕਿਸੇ ਖੇਤਰ ਨੂੰ ਉਚਿਤ ਸੇਵਾਵਾਂ ਨਹੀਂ ਮਿਲ ਰਹੀਆਂ ਹਨ।

25.5.5 ਵੰਡ ਲਾਇਸੈਂਸੀ ਅਨੁਲਗ– 4 'ਤੇ ਦਿੱਤੇ ਪਰਫਾਰਮੇ ਵਿੱਚ ਫਾਰਮੇਟ 3 ੳ ਅਤੇ 3 ਅ ਵਿੱਚ ਰਜਿਸਟਰ ਕੀਤੀਆਂ ਗਈਆਂ ਸ਼ਿਕਾਇਤਾਂ ਦੇ ਡੈਟੇ ਦਾ ਹਰੇਕ ਮਹੀਨੇ ਸੰਕਲਨ ਕਰੇਗਾ ਅਤੇ ਇਸ ਨੂੰ ਵਿਨਿਯਮ 27 ਦੇ ਅਨੁਸਾਰ ਪੇਸ਼ ਕੀਤੀਆਂ ਜਾਣ ਵਾਲੀਆਂ ਛਿਮਾਹੀ / ਸਾਲਾਨਾ ਰਿਪੋਰਟਾਂ ਦੇ ਨਾਲ ਕਮਿਸ਼ਨ ਨੂੰ ਭੇਜੇਗਾ।

25.6 ਵੰਡ ਲਾਇਸੈਂਸੀ ਨੂੰ ਅਨੁਲਗ-1 ਵਿੱਚ ਸੁਨਿਸ਼ਚਿਤ ਕੀਤੇ ਗਏ ਅਨੁਸਾਰ ਸਾਰੇ ਖਪਤਕਾਰਾਂ ਨੂੰ ਸਪਲਾਈ ਲਈ ਕਾਰਜਕੁਸ਼ਲਤਾ ਦੇ ਮਿਆਰ ਕਾਇਮ ਰੱਖਣ (ਮੇਨਟੇਨ) ਦੀ ਜ਼ਰੂਰਤ ਹੋਵੇਗੀ। ਇਹਨਾਂ ਮਿਆਰਾਂ ਵਿੱਚ ਸੁਨਿਸ਼ਚਿਤ ਕੀਤਾ ਗਿਆ ਸਮਾਂ ਖਪਤਕਾਰਾਂ ਨੂੰ ਮੁਹੱਈਆ ਕੀਤੀਆਂ ਜਾਣ ਵਾਲੀਆਂ ਸੇਵਾਵਾਂ ਲਈ ਅਨੁਮਤੀ ਯੋਗ ਵੱਧ ਤੋਂ ਵੱਧ ਸਮਾਂ ਹੈ। ਪਰੰਤੂ ਇਹ ਵੰਡ ਲਾਇਸੈਂਸੀ ਦੀ ਕੋਸ਼ਿਸ਼ ਹੋਵੇਗੀ ਕਿ ਉਹ ਇਹਨਾਂ ਵਿਨਿਯਮਾਂ ਵਿੱਚ ਸੁਨਿਸ਼ਚਿਤ ਕੀਤੀ ਗਈ ਸਮਾਂ ਸੀਮਾ ਤੋਂ ਠੀਕ ਪਹਿਲਾਂ ਵਧੀਆ ਸੰਭਵ ਸੇਵਾਵਾਂ ਦੇਵੇ।

## 26. ਮੁਆਵਜ਼ੇ ਦੀ ਅਦਾਇਗੀ : -

26.1 ਅਨੁਲਗ- 1 ਵਿੱਚ ਦਿੱਤੇ ਗਏ ਕਾਰਜਕੁਸ਼ਲਤਾ ਦੇ ਮਿਆਰਾਂ ਨੂੰ ਪੂਰਾ ਕਰਨ ਵਿੱਚ ਅਸਫਲ ਰਹਿਣ ਦੀ ਸੂਰਤ ਵਿੱਚ, ਵੰਡ ਲਾਇਸੈਂਸੀ ਅਨੁਲਗ- 5 ਵਿੱਚ ਸੁਨਿਸ਼ਚਿਤ ਕੀਤੇ ਗਏ ਅਨੁਸਾਰ ਪ੍ਰਭਾਵਿਤ ਖਪਤਕਾਰ ਨੂੰ ਮੁਆਵਜ਼ੇ ਦੀ ਅਦਾਇਗੀ ਕਰਨ ਦਾ ਜਿੰਮੇਵਾਰ ਹੋਵੇਗਾ।
ਬਸ਼ਰਤੇ ਕਿ ਕਾਰਜਕੁਸ਼ਲਤਾ ਦੇ ਕਿਸੇ ਮਿਆਰ ਦੀ ਉਲੰਘਣਾ ਦੇ ਕੇਸ ਵਿੱਚ ਅਦਾਇਗੀ ਯੋਗ ਮੁਆਵਜ਼ੇ ਦੀ ਅਧਿਕਤਮ ਸੀਮਾ 5000/- ਰੁਪਏ ਹੋਵੇਗੀ। ਜੇਕਰ ਪ੍ਰਭਾਵਿਤ ਖਪਤਕਾਰ ਇਕ ਤੋਂ ਜ਼ਿਆਦਾ ਹਨ ਤਾਂ ਇਸ ਸੀਮਾਂ ਦੇ ਅੰਦਰ ਅੰਦਰ ਮੁਆਵਜ਼ੇ ਦੀ ਰਕਮ ਨੂੰ ਹਰੇਕ ਅਧਿਸੂਚਿਤ ਦਫਤਰ ਲਈ ਸਾਰੇ ਦਾਅਵੇਦਾਰ ਖਪਤਕਾਰਾਂ ਦੁਆਰਾ ਵੰਡੀ ਜਾਵੇਗੀ ਅਤੇ ਇਸ ਰਕਮ ਨੂੰ ਸਾਰੇ ਦਾਅਵੇਦਾਰ ਖਪਤਕਾਰਾਂ, ਜਿਹਨਾਂ ਨੂੰ ਸਮਰੱਥ ਅਥਾਰਟੀ ਦੁਆਰਾ ਮੁਆਵਜ਼ੇ ਦਾ ਫੈਸਲਾ ਦਿੱਤਾ ਗਿਆ ਹੈ, ਵਿਚਕਾਰ ਬਰਾਬਰ ਬਰਾਬਰ ਵੰਡਿਆ ਜਾਵੇਗਾ।

26.2 ਪੀੜਿਤ ਖਪਤਕਾਰ 'ਖਪਤਕਾਰ ਸ਼ਿਕਾਇਤ ਹੈਂਡਲਿੰਗ ਕਾਰਜਵਿਧੀ ( CCHP )' ਵਿੱਚ ਦਿੱਤੀ ਗਈ ਕਾਰਜਵਿਧੀ ਅਨੁਸਾਰ ਝਗੜਾ ਨਿਪਟਾਰਾ ਕਮੇਟੀ ( DSC ) ਦੇ ਨੋਡਲ ਅਫਸਰ ਨੂੰ ਮੁਆਵਜ਼ੇ ਲਈ 'ਖਪਤਕਾਰ ਸ਼ਿਕਾਇਤ ਹੈਂਡਲਿੰਗ ਕਾਰਜਵਿਧੀ' ਵਿੱਚ ਦਿੱਤੇ ਗਏ ਫਾਰਮੇਟ ਵਿੱਚ ਕਲੇਮ ਪੇਸ਼ ਕਰ ਸਕਦਾ ਹੈ।

26.3 ਸਬੰਧਤ / ਪ੍ਰਭਾਵਤ ਖਪਤਕਾਰ (ਰਾਂ) ਨੂੰ ਮੁਆਵਜ਼ੇ ਦਾ ਫੈਸਲਾ ਦੇਣ ਉਪਰ ਤੁਰੰਤ ਉਤਰਵਰਤੀ ਮਹੀਨਿਆਂ ਦੇ ਬਿਜਲੀ ਦੇ ਬਿਲਾਂ ਵਿੱਚ ਸਮਾਧਾਨ ਕਰਨ ਦੇ ਜ਼ਰੀਏ ਸਬੰਧਤ ਅਧਿਸੂਚਿਤ ਕੀਤੇ ਗਏ ਦਫਤਰ ਦੇ ਇੰਚਾਰਜ ਕਰਿੰਦੇ / ਅਫਸਰ ਦੁਆਰਾ ਮੁਆਵਜ਼ੇ ਦੀ ਅਦਾਇਗੀ ਕੀਤੀ ਜਾਵੇਗੀ।

26.4 ਖਪਤਕਾਰ ਪੰ. ਰਾ. ਬਿ. ਰੈ. ਕ. ( ਫੋਰਮ ਅਤੇ ਲੋਕਪਾਲ ) ਵਿਨਿਯਮ, 2005 ਦੇ ਅਨੁਸਾਰ 'ਖਪਤਕਾਰਾਂ ਦੇ ਸ਼ਿਕਵੇ-ਸ਼ਿਕਾਇਤਾਂ ਨੂੰ ਦੂਰ ਕਰਨ ਲਈ ਫੋਰਮ' ( ਫੋਰਮ ) ਅਤੇ ਲੋਕਪਾਲ ਬਿਜਲੀ ਕੋਲ ਆਪਣੇ ਕਲੇਮਾਂ ਦੀ ਅਗੇ ਹੋਰ ਪੈਰਵੀ ਕਰ ਸਕਦਾ ਹੈ।

26.5 ਮੁਆਵਿਜ਼ੇ ਲਈ ਬੇਨਤੀ / ਅਪੀਲ ਦਾਇਰ ਕਰਨ ਵਾਸਤੇ ਅਥਾਰਟੀ ਅਤੇ ਸਮਾਂ ਸੀਮਾਂ ਨਿਮਨ ਅਨੁਸਾਰ ਹੋਵੇਗਾ : -

| **ਅਥਾਰਟੀ** | **ਅਥਾਰਟੀ ਦਾ ਨਾਂ** | **ਸਮਾਂ ਸੀਮਾਂ** |
|---|---|---|
| ਪਹਿਲੀ ਅਪੀਲੀ ਅਥਾਰਟੀ | ਸਬੰਧਤ ਝਗੜਾ ਨਿਪਟਾਰਾ ਕਮੇਟੀ | ਇਕ ਮਹੀਨਾ |
| ਦੂਜੀ ਅਪੀਲੀ ਅਥਾਰਟੀ | ਖਪਤਕਾਰ ਸ਼ਿਕਵੇ-ਸ਼ਿਕਾਇਤ ਦੂਰ ਕਰਨ ਫੋਰਮ | 3 ਮਹੀਨੇ |
| ਅੰਤਮ ਅਪੀਲੀ ਅਥਾਰਟੀ | ਲੋਕਪਾਲ ਬਿਜਲੀ | 1 ਮਹੀਨਾ |

ਜ਼ਾਇਜ਼ ਸਮੱਸਿਆ ਦੇ ਕੇਸ ਵਿੱਚ ਉਪਰੋਕਤ ਸਮੇਂ ਦੀ ਅਪੀਲੀ ਅਥਾਰਟੀ ਦੇ ਚੇਅਰਪਰਸਨ ਦੁਆਰਾ ਛੋਟ ਦਿੱਤੀ ਜਾ ਸਕਦੀ ਹੈ।

26.6 ਵਿਨਿਯਮ 26.1 ਅਧੀਨ ਵੰਡ ਲਾਇਸੈਂਸੀ ਦੁਆਰਾ ਅਤੇ ਇਸ ਦੀ ਅਣਗਹਿਲੀ / ਅਯੋਗਤਾ ਦੇ ਫਲਸਰੂਪ ਅਦਾਇਗੀ ਯੋਗ ਮੁਆਵਜ਼ੇ ਦੀ ਲਾਇਸੈਂਸੀ ਦੀ ਸਮੁੱਚੀ ਮਾਲੀਆ ਮੰਗ ਵਿੱਚ ਅੱਗੇ ਲੰਘਾਉਣ ਯੋਗ ਖਰਚ ( pass through expense ) ਵਜੋਂ ਇਜਾਜ਼ਤ ਨਹੀਂ ਦਿੱਤੀ ਜਾਵੇਗੀ।

## 27. ਕਾਰਜਕੁਸ਼ਲਤਾ ਦੇ ਮਿਆਰਾਂ ਉਤੇ ਜਾਣਕਾਰੀ : -

27.1 ਵੰਡ ਲਾਇਸੈਂਸੀ ਛਿਮਾਹੀ ਰਿਪੋਰਟ ਅਤੇ ਸੰਚਿਤ ਸਾਲਾਨਾ ਰਿਪੋਰਟ ਵਿੱਚ ਕਮਿਸ਼ਨ ਨੂੰ ਨਿਮਨ ਦਰਜ ਜਾਣਕਾਰੀ ਭੇਜੇਗਾ : -

(ੳ) ਉਹਨਾਂ ਦੇ ਜੋ ਅਨੁਲਗ - 6 ੳ ’ਤੇ ਪ੍ਰਫਾਰਮੇ ਅਨੁਸਾਰ ਇਹਨਾਂ ਵਿਨਿਯਮਾਂ ਦੇ ਅਨੁਲਗ - 1 ਵਿੱਚ ਸੁਨਿਸ਼ਚਿਤ ਕੀਤੇ ਗਏ ਹਨ, ਹਵਾਲੇ ਵਿੱਚ ਵੰਡ ਲਾਇਸੈਂਸੀ ਦੁਆਰਾ ਪ੍ਰਾਪਤ ਕੀਤੀ ਗਈ ਕਾਰਜਕੁਸ਼ਲਤਾ ਦੇ ਪੱਧਰ।

(ਅ) ਨਿਊਨਤਮ ਮਿਆਰਾਂ ਦੇ ਅੰਤਰਗਤ ਆਉਂਦੇ ਖੇਤਰਾਂ ਵਿੱਚ ਕਾਰਜਕੁਸ਼ਲਤਾ ਸੁਧਾਰਨ ਲਈ ਵੰਡ ਲਾਇਸੈਂਸੀ ਦੁਆਰਾ ਕੀਤੇ ਗਏ ਉਪਾਅ ਅਤੇ ਆਗਾਮੀ ਸਾਲ ਵਾਸਤੇ ਸੁਧਾਰੇ ਟੀਚਿਆਂ ਉਤੇ ਲਾਇਸੈਂਸੀ ਦੇ ਵਿਚਾਰ ;

(ੲ) ਅਨੁਲਗ-6 ਅ ’ਤੇ ਪ੍ਰਫਾਰਮੇ ਅਨੁਸਾਰ ਕਾਰਜਕੁਸ਼ਲਤਾ ਦੇ ਮਿਆਰਾਂ ਨੂੰ ਪੂਰਾ ਕਰਨ ਵਿੱਚ ਅਸਫਲਤਾ ਵਾਸਤੇ ਖਪਤਕਾਰਾਂ ਦੁਆਰਾ ਤਰਜੀਹ ਕੀਤੇ ਕਲੇਮਾਂ ਦੀ ਗਿਣਤੀ ਅਤੇ ਸਬੰਧਤ ਜਾਣਕਾਰੀ ;

(ਸ) ਇਹਨਾਂ ਵਿਨਿਯਮਾਂ ਦੇ ਅਨੁਲਗ- 2 ਵਿੱਚ ਸੁਨਿਸ਼ਚਿਤ ਕੀਤੇ ਗਏ ਉਹਨਾਂ ਹਵਾਲਿਆਂ ਦੇ ਸੰਦਰਭ ਵਿੱਚ ਪ੍ਰਾਪਤ ਕੀਤੀ ਗਈ ਸਮੁੱਚੀ ਕਾਰਜਕੁਸ਼ਲਤਾ ਦਾ ਪੱਧਰ ;

(ਹ) ਸਮੁੱਚੇ ਮਿਆਰਾਂ ( ਅਨੁਲਗ - 2 ) ਵਿੱਚ ਆਮ ਤੌਰ ’ਤੇ ਕਾਰਜਕੁਸ਼ਲਤਾ ਸੁਧਾਰਨ ਵਾਸਤੇ ਵੰਡ ਲਾਇਸੈਂਸੀ ਦੁਆਰਾ ਕੀਤੇ ਗਏ ਉਪਾਅ ਅਤੇ ਅਗਾਮੀ ਸਾਲ ਲਈ ਸੁਧਾਰੇ ਟੀਚਿਆਂ ਉਤੇ ਲਾਇਸੈਂਸੀ ਦੇ ਵਿਚਾਰ ;

(ਕ) ਕੋਈ ਹੋਰ ਜਾਣਕਾਰੀ ਜੋ ਕਿ ਵਿਸ਼ੇਸ਼ ਤੌਰ ’ਤੇ ਕਮਿਸ਼ਨ ਦੁਆਰਾ ਚਾਹੀ ਜਾ ਸਕਦੀ ਹੈ।

27.2 ਅਪ੍ਰੈਲ- ਸਤੰਬਰ ਦੇ ਸਮੇਂ ਲਈ ਛਿਮਾਹੀ ਰਿਪੋਰਟ ਅਤੇ ਮਾਰਚ ਨੂੰ ਮੁੱਕਣ ਵਾਲੀ ਸੰਚਿਤ ਸਾਲਾਨਾ ਰਿਪੋਰਟ ਕਮਿਸ਼ਨ ਨੂੰ ਉਸ ਸਾਲ ਦੇ ਨਵੰਬਰ ਅਤੇ ਮਈ ਮਹੀਨਿਆਂ ਵਿੱਚ ਭੇਜੀ ਜਾਵੇਗੀ।

27.3 ਕਮਿਸ਼ਨ ਇਹਨਾਂ ਵਿਨਿਯਮਾਂ ਅਧੀਨ ਵੰਡ ਲਾਇਸੈਂਸੀ ਦੁਆਰਾ ਭੇਜੀ ਗਈ ਜਾਣਕਾਰੀ ਨੂੰ ਅਜਿਹੇ ਰੂਪ ਵਿੱਚ, ਢੰਗ ਨਾਲ ਅਤੇ ਆਵ੍ਰਿਤੀ ( ਫਰੀਕੁਐਂਸੀ ) ਵਿੱਚ ਜਿਵੇਂ ਕਿ ਇਹ ਉਚਿਤ ਸਮਝੀ ਜਾਵੇ ਪਰੰਤੂ ਐਕਟ ਦੇ ਪ੍ਰਤਿਕੂਲ ਨਾ ਹੋਵੇ, ਪ੍ਰਚਾਰਨ ਵਾਸਤੇ ਵੰਡ ਲਾਇਸੈਂਸੀ ਨੂੰ ਹਦਾਇਤ ਕਰ ਸਕਦਾ ਹੈ।

## 28. ਛੋਟਾਂ : -

28.1 ਇਹਨਾਂ ਵਿਨਿਯਮਾਂ ਵਿੱਚ ਸੁਨਿਸ਼ਚਿਤ ਕੀਤੀ ਗਈ ਕਾਰਜਕੁਸ਼ਲਤਾ ਦੇ ਮਿਆਰਾਂ ਨੂੰ ਵੱਸੋਂ ਬਾਹਰੀਆਂ ਪਰਿਸਥਿਤੀਆਂ, ਜਿਹਨਾਂ ਵਿੱਚ ਯੁੱਧ, ਵਿਦਰੋਹ, ਸਿਵਲ ਫਸਾਦ, ਦੰਗੇ, ਹੜ੍ਹ, ਤੂਫਾਨ, ਅਸਮਾਨੀ ਬਿਜਲੀ, ਭੂਚਾਲ, ਤਾਲਾਬੰਦੀ ਅਤੇ ਅੱਗ ਸ਼ਾਮਲ ਹਨ, ਜੋ ਲਾਇਸੈਂਸੀ ਦੇ ਸੰਸਥਾਪਨਾਵਾਂ ਜਾਂ ਪ੍ਰਕਿਰਿਆਵਾਂ ਨੂੰ ਪ੍ਰਭਾਵਤ ਕਰ ਸਕਦੇ ਹਨ, ਦੌਰਾਨ ਸਥੱਗਤ ਕੀਤਾ ਜਾ ਸਕਦਾ ਹੈ।

ਵੱਲੋਂ ਬਾਹਰੀਆਂ ਪਰਿਸਥਿਤੀਆਂ ਦੀ ਹੋਂਦ ਦੇ ਸਬੰਧ ਵਿੱਚ ਕਿਸੇ ਵਾਦ-ਵਿਵਾਦ ਦੇ ਕੇਸ ਵਿੱਚ, ਕਮਿਸ਼ਨ ਦਾ ਫੈਸਲਾ ਅੰਤਮ ਹੋਵੇਗਾ।

28.2 ਕਾਰਜਕੁਸ਼ਲਤਾ ਦੇ ਮਿਆਰ ਉਥੇ ਵੀ ਲਾਗੂ ਹੋਣ ਯੋਗ ਨਹੀਂ ਹੋਣਗੇ ਜਿਥੇ ਬਿਜਲੀ ਦੀ ਸਪਲਾਈ ਕਮਿਸ਼ਨ ਦੀ ਪ੍ਰਵਾਨਗੀ ਅਨੁਸਾਰ ਜਾਂ ਉਤਰੀ ਪ੍ਰਾਂਤਕ ਲੋਡ ਡਿਸਪੈਚ ਕੇਂਦਰ (NRLDC ) ਜਾਂ ਰਾਜ ਲੋਡ ਡਿਸਪੈਚ ਕੇਂਦਰ ( SLDC ) ਦੀਆਂ ਹਦਾਇਤਾਂ ਅਧੀਨ ਵੰਡ ਲਾਇਸੈਂਸੀ ਦੁਆਰਾ ਪਾਵਰ ਰੈਗੂਲੇਟਰੀ ਉਪਾਵਾਂ ਨੂੰ ਅਪਣਾਏ ਜਾਣ ਕਰਕੇ ਪ੍ਰਭਾਵਤ ਹੋਈ ਹੋਵੇ।

28.3 ਕਮਿਸ਼ਨ ਵੰਡ ਲਾਇਸੈਂਸੀ ਅਤੇ ਪ੍ਰਭਾਵਿਤ ਖਪਤਕਾਰ (ਰਾਂ) ਦੇ ਪ੍ਰਤਿਨਿਧਾਂ ਨੂੰ ਸੁਣਨ ਮਗਰੋਂ, ਵੰਡ ਲਾਇਸੈਂਸੀ ਨੂੰ ਕਾਰਜਕੁਸ਼ਲਤਾ ਵਿੱਚ ਕਿਸੇ ਕੁਤਾਹੀ ਲਈ ਖਪਤਕਾਰ (ਰਾਂ) ਨੂੰ ਮੁਆਵਜ਼ਾ ਦੇਣ ਦੀ ਦੇਣਦਾਰੀ ਤੋਂ ਰਾਹਤ ਦੇ ਸਕਦਾ ਹੈ, ਜੇਕਰ ਕਮਿਸ਼ਨ ਇਸ ਤੋਂ ਸੰਤੁਸ਼ਟ ਹੋਵੇ ਕਿ ਵੰਡ ਲਾਇਸੈਂਸੀ ਨੇ ਆਪਣੀਆਂ ਜਿੰਮੇਵਾਰੀਆਂ ਨੂੰ ਪੂਰਾ ਕਰਨ ਵਾਸਤੇ ਸਾਰੇ ਉਚਿਤ ਯਤਨ ਕੀਤੇ ਹਨ ਅਤੇ ਕਿ ਅਜਿਹੀ ਕੁਤਾਹੀ ਵੰਡ ਲਾਇਸੈਂਸੀ ਦੇ ਉਚਿਤ ਕੰਟਰੋਲ ਤੋਂ ਬਾਹਰੇ ਕਾਰਨਾਂ ਕਰਕੇ ਹੈ।

# ਅਧਿਆਇ - VII

## ਮੀਟਰ ਰੀਡਿੰਗ, ਬਿਲ ਬਣਾਉਣੇ, ਬਿਲਾਂ ਦੀ ਅਦਾਇਗੀ ਅਤੇ ਝਗੜੇ ਵਾਲੇ ਬਿਲਾਂ ਦਾ ਨਿਪਟਾਰਾ

### 29. ਖਪਤਕਾਰਾਂ ਤੋਂ ਬਿਜਲੀ ਚਾਰਜਿਜ਼ ਦੀ ਵਸੂਲੀ

29.1 ਵੰਡ ਲਾਇਸੈਂਸੀ ਟੈਰਿਫ ਦੀਆਂ ਜਨਰਲ ਸ਼ਰਤਾਂ ਅਤੇ ਟੈਰਿਫ ਦੀਆਂ ਅਨੁਸੂਚੀਆਂ ਅਨੁਸਾਰ ਬਿਜਲੀ ਦੀ ਸਪਲਾਈ ਦੇ ਸਬੰਧ ਵਿੱਚ ਕੋਈ ਵੀ ਖਰਚੇ ( ਚਾਰਜਿਜ਼ ) ਦੀ ਖਪਤਕਾਰ ਤੋਂ ਵਸੂਲੀ ਕਰ ਸਕਦਾ ਹੈ। ਇਸ ਤੋਂ ਇਲਾਵਾ, ਖਪਤਕਾਰ ਜਨਰਲ ਚਾਰਜਿਜ਼ ਦੀ ਅਨੁਸੂਚੀ ਅਨੁਸਾਰ ਵੰਡ ਲਾਇਸੈਂਸੀ ਦੁਆਰਾ ਮੁਹੱਈਆ ਕੀਤੇ ਗਏ ਕਿਸੇ ਵੀ ਬਿਜਲੀ ਦੇ ਮੀਟਰ ਜਾਂ ਬਿਜਲਈ ਪਲਾਂਟ ਦੇ ਸਬੰਧ ਵਿੱਚ ਕਿਰਾਇਆ ਅਤੇ / ਜਾਂ ਹੋਰ ਦੂਜੇ ਖਰਚੇ ਅਦਾ ਕਰਨ ਵਾਸਤੇ ਜਿੰਮੇਵਾਰ ਹੋਵੇਗਾ।

29.2 ਖਪਤਕਾਰ ਟੈਕਸ, ਡਿਊਟੀਆਂ, ਚੂੰਗੀ, ਉਪ ਕਰ ਆਦਿ ਜਿਵੇਂ ਕਿ ਰਾਜ ਸਰਕਾਰ ਜਾਂ ਕਿਸੇ ਹੋਰ ਸਮਰੱਥ ਅਥਾਰਟੀ ਦੁਆਰਾ ਲਾਏ ਜਾ ਸਕਦੇ ਹਨ, ਦੇ ਜ਼ਰੀਏ ਚਾਰਜ ਕਰਨ ਯੋਗ ਰਕਮ ਦੀ ਅਦਾਇਗੀ ਕਰਨ ਵਾਸਤੇ ਵੀ ਜਿੰਮੇਵਾਰ ਹੋਣਗੇ।

29.3 ਸਾਰੇ ਖਪਤਕਾਰ ਵੰਡ ਲਾਇਸੈਂਸੀ ਦੇ ਅਧਿਸੂਚਿਤ ਕੀਤੇ ਦਫਤਰ ਜਾਂ ਕਿਸੇ ਹੋਰ ਸਥਾਨ ’ਤੇ ਜਾਂ ਇਸ ਮੰਤਵ ਲਈ ਵੰਡ ਲਾਇਸੈਂਸੀ ਦੁਆਰਾ ਪ੍ਰਵਾਨਤ ਕਿਸੇ ਏਜੰਸੀ ਰਾਹੀਂ ਵਿਨਿਯਮ 31 ਵਿੱਚ ਸੁਨਿਸ਼ਚਿਤ ਕੀਤੇ ਗਏ ਸਮੇਂ ਦੇ ਅੰਦਰ ਅੰਦਰ ਵੰਡ ਲਾਇਸੈਂਸੀ ਨੂੰ ਹਰੇਕ ਬਿਲ ਚਕਰ (ਸਾਈਕਲ ) ਵਾਸਤੇ ਅਦਾਇਗੀ ਕਰਨਗੇ।

29.4 ਖਪਤਕਾਰ ਦੁਆਰਾ ਮਾਸਿਕ ਨਿਊਨਤਮ ਚਾਰਜਿਜ਼ ( MMC ) ਅਦਾਇਗੀ ਯੋਗ ਹੋਣਗੇ ਇਥੋਂ ਤੱਕ ਕਿ ਜੇਕਰ ਕੋਈ ਵੀ ਬਿਜਲੀ ਦੀ ਵਾਸਤਵ ਵਿੱਚ ਖਪਤ ਨਾ ਕੀਤੀ ਗਈ ਹੋਵੇ ਜਾਂ ਵਾਸਤਵਿਕ ਖਪਤ ਆਧਾਰ ਉਤੇ ਚਾਰਜਿਜ਼ ਕਮਿਸ਼ਨ ਦੁਆਰਾ ਨਿਸ਼ਚਿਤ ਕੀਤੇ ਗਏ ਮਾਸਿਕ ਨਿਊਨਤਮ ਚਾਰਜਿਜ਼ ਨਾਲੋਂ ਘੱਟ ਹੋਣ। ਨਿਊਨਤਮ ਚਾਰਜਿਜ਼ ਦੀ ਉਸ ਸਮੇਂ, ਜਿਸ ਲਈ ਖਪਤਕਾਰ ਦੀ ਤਰਫੋਂ ਕੁਤਾਹੀ ਹੋਣ ਕਰਕੇ ਕੁਨੈਕਸ਼ਨ ਕਟਿਆ ਰਿਹਾ ਹੋਵੇ, ਲਈ ਮੁੜ ਕੁਨੈਕਸ਼ਨ ਜੋੜਨ ਉਤੇ ਵੀ ਅਦਾਇਗੀ ਯੋਗ ਹੋਣਗੇ। ਪਰੰਤੂ ਵੰਡ ਲਾਇਸੈਂਸੀ ਦੁਆਰਾ ਮੁੜ ਕੁਨੈਕਸ਼ਨ ਦੇਣ ਵਿੱਚ ਕਿਸੇ ਵੀ ਦੇਰੀ ਲਈ, ਖਪਤਕਾਰ ਦੇਰੀ ਦੇ ਅਜਿਹੇ ਸਮੇਂ ਵਾਸਤੇ ਮਾਸਿਕ ਨਿਊਨਤਮ ਚਾਰਜਿਜ਼ ਅਦਾ ਕਰਨ ਦਾ ਜਿੰਮੇਵਾਰ ਨਹੀਂ ਹੋਵੇਗਾ।

### 30. ਬਿਜਲੀ ਦੇ ਬਿਲ

#### 30.1 ਬਿਲ ਦੇ ਵੇਰਵੇ

30.1.1 ਖਪਤਕਾਰ ਦੇ ਬਿਲ ਉਤੇ ਬਿਲਿੰਗ ਦਾ ਸਮਾਂ, ਜਦੋਂ ਮੀਟਰ ਦੀ ਪੜਤ ਲਈ ਗਈ ਸੀ ਦੀ ਮਿਤੀ, ਬਿਲ ਜਾਰੀ ਕਰਨ ਦੀ ਮਿਤੀ, ਅਦਾਇਗੀ ਦੀ ਨਿਯਤ ਮਿਤੀ ਅਤੇ ਜੇਕਰ ਅਦਾਇਗੀ ਕਰਨ ਵਿੱਚ ਦੇਰੀ ਹੋ ਜਾਂਦੀ ਹੈ ਤਾਂ ਅਦਾਇਗੀ ਯੋਗ ਅਤਿਰਿਕਤ ਰਕਮ ਪ੍ਰਗਟ ਕੀਤੀ ਜਾਵੇਗੀ। ਬਿਲ ਵਿੱਚ ਹੋਰ ਵੇਰਵੇ ਜਿਵੇਂ ਕਿ ਅਨੁਲਗ– 7 ਵਿੱਚ ਵਿਸਤ੍ਰਿਤ ਕੀਤੇ ਗਏ ਹਨ, ਵੀ ਸ਼ਾਮਲ ਕੀਤੇ ਜਾਣਗੇ।

30.1.2 ਘੱਟ ਨਿਰਧਾਰਣ ਕਰਨ ਦੇ ਕੇਸ ਵਿੱਚ ਬਕਾਇਆਂ ਲਈ ਬਿਲ ਕਮ ਨੋਟਿਸ ਜਾਂ ਚੈਕਿੰਗ ਦੇ ਨਤੀਜੇ ਵਜੋਂ ਲਾਏ ਗਏ ਚਾਰਜਿਜ਼ ਆਦਿ ਮੁਢਲੇ ਰੂਪ ਵਿੱਚ ਅਲਗ ਦਿੱਤੇ ਜਾਣਗੇ ਅਤੇ ਚਲੰਤ ਬਿਜਲੀ ਦੇ ਬਿਲਾਂ ਵਿੱਚ ਇਕੱਠੇ ਨਹੀਂ ਕੀਤੇ ਜਾਣਗੇ। ਬਕਾਏ ਦੇ ਬਿਲ ਕਮ ਨੋਟਿਸ ਵਿੱਚ ਸੰਖੇਪ ਵਿੱਚ ਬਕਾਏ ਦੀ ਕਿਸਮ ਅਤੇ ਸਮੇਂ ਦੇ ਨਾਲ ਅਜਿਹੇ ਬਕਾਇਆਂ

ਦੇ ਹਿਸਾਬ ਦਾ ਵੇਰਵਾ ਦਰਸਾਇਆ ਜਾਵੇਗਾ। ਜੇਕਰ ਬਕਾਇਆਂ ਦਾ ਖਪਤਕਾਰ ਦੁਆਰਾ ਭੁਗਤਾਨ ਨਹੀਂ ਕੀਤਾ ਜਾਂਦਾ ਤਾਂ ਅਜਿਹੇ ਬਕਾਏ ਨਿਯਮਿਤ ਰੂਪ ਵਿੱਚ ਬਾਦ ਦੇ ਬਿਜਲੀ ਦੇ ਬਿਲਾਂ ਵਿੱਚ ਦਰਸਾਏ ਜਾਣਗੇ। ਪਰੰਤੂ ਜੇਕਰ ਬਕਾਇਆ ਬਿਲ ਸਭ ਤੋਂ ਪਹਿਲਾਂ ਹੀ ਚਲੰਤ ਊਰਜਾ ਬਿਲ ਵਿੱਚ ਸ਼ਾਮਲ ਕੀਤਾ ਜਾਂਦਾ ਹੈ ਤਾਂ ਵੰਡ ਲਾਇਸੈਂਸੀ ਚਲੰਤ ਊਰਜਾ ਬਿਲ ਦੇ ਨਾਲ ਅਜਿਹੇ ਬਕਾਏ ਦੀ ਰਕਮ ਦੀ ਅਣ-ਅਦਾਇਗੀ ਵਾਸਤੇ ਖਪਤਕਾਰ ਵਿਰੁੱਧ ਕੋਈ ਸਜ਼ਾਵੀ ( punitive ) ਕਾਰਵਾਈ ਕਰਨ ਦਾ ਹੱਕਦਾਰ ਨਹੀਂ ਹੋਵੇਗਾ।

## 30.2 ਮੀਟਰ ਰੀਡਿੰਗ

30.2.1 ਖਪਤਕਾਰ ਦਾ ਮੀਟਰ ਬਿਲਿੰਗ ਸਮੇਂ ਵਿੱਚ ਤਿੰਨ ਨਿਸ਼ਚਿਤ ਕੀਤੇ ਗਏ ਦਿਨਾਂ ਵਿਚੋਂ ਇਕ ਦਿਨ ਨੂੰ ਪੜਿਆ ਜਾਵੇਗਾ ਅਤੇ ਅਜਿਹੇ ਦਿਨਾਂ ਦਾ ਅਗਾਊਂ ਹੀ ਪ੍ਰਚਾਰ ਕੀਤਾ ਜਾਵੇਗਾ। ਜੇਕਰ ਮੀਟਰ ਖਪਤਕਾਰ ਦੇ ਅਹਾਤੇ ਦੇ ਬਾਹਰ ਸੰਸਥਾਪਿਤ ਹੈ ਅਤੇ ਪ੍ਰਦਰਸ਼ਨ ਯੂਨਿਟ ਨੂੰ ਅਹਾਤੇ ਦੇ ਅੰਦਰ ਸੰਸਥਾਪਿਤ ਕੀਤਾ ਗਿਆ ਹੈ ਤਾਂ ਖਪਤਕਾਰ ਦੇ ਮੀਟਰ ਦੀ ਪੜਤ ਅਤੇ ਨਾ ਕਿ ਪ੍ਰਦਰਸ਼ਨ ਯੂਨਿਟ ਦੀ ਪੜਤ ( ਰੀਡਿੰਗ ) ਨੂੰ ਬਿਲ ਬਣਾਉਣ ਦੇ ਮੰਤਵ ਲਈ ਧਿਆਨ ਵਿੱਚ ਰੱਖਿਆ ਜਾਵੇਗਾ।

30.2.2 ਜੇਕਰ ਮੀਟਰ ਖਪਤਕਾਰ ਦੇ ਅਹਾਤੇ ਦੇ ਬਾਹਰ ਮੀਟਰ ਬਕਸੇ ਜਾਂ ਥੰਮਲੇ ਦੇ ਬਕਸੇ ਵਿੱਚ ਸੰਸਥਾਪਿਤ ਕੀਤਾ ਗਿਆ ਹੋਵੇ ਤਾਂ ਇਹ ਮੀਟਰ ਰੀਡਰ ਦੀ ਡਿਊਟੀ ਹੋਵੇਗੀ ਕਿ ਉਹ ਮੀਟਰ ਬਕਸੇ ਦੀ ਸੀਲ ਜਾਂ ਥੰਮਲੇ ਦੇ ਬਕਸੇ ਦਾ ਤਾਲਾ ਟੁੱਟਣ ਦੀ ਰਿਪੋਰਟ ਅਜਿਹੇ ਮੀਟਰ ਬਕਸੇ/ ਥੰਮਲੇ ਬਕਸੇ ਦੇ ਇੰਚਾਰਜ ਕਰਮਚਾਰੀ ਨੂੰ ਦੇਵੇਗਾ। ਮੀਟਰ ਰੀਡਰ ਤੋਂ ਅਜਿਹੀ ਰਿਪੋਰਟ ਪ੍ਰਾਪਤ ਹੋਣ ਉਤੇ, ਇਹ ਕਰਮਚਾਰੀ ਇੰਚਾਰਜ ਦੀ ਜਿੰਮਵਾਰੀ ਹੋਵੇਗੀ ਕਿ ਉਹ ਕਿਸੇ ਵਿਅਕਤੀ ਦੁਆਰਾ ਗਲਤ ਢੰਗ ਨਾਲ ਜਾਂ ਛੇੜ-ਛਾੜ ਕਰਕੇ ਬਿਜਲੀ ਦੀ ਚੋਰੀ ਆਦਿ ਦਾ ਸ਼ੱਕ ਖਾਰਜ ਕਰਨ ਵਾਸਤੇ ਮੀਟਰ ਬਕਸੇ ਅਤੇ ਥੰਮਲੇ ਦੇ ਬਕਸੇ ਵਿੱਚ ਰੱਖੇ ਸਾਰੇ ਮੀਟਰਾਂ ਦਾ ਨਿਰੀਖਣ ਕਰੇ। ਜੇਕਰ ਕੋਈ ਗਲਤ ਢੰਗ ਨਾਲ ਜਾਂ ਛੇੜ-ਛਾੜ ਕਰਕੇ ਬਿਜਲੀ ਦੀ ਚੋਰੀ ਦਾ ਪਤਾ ਲਗਿਆ ਹੋਵੇ ਤਾਂ ਸਪਲਾਈ ਕੋਡ ਅਨੁਸਾਰ ਅਗਲੇਰੀ ਕਾਰਵਾਈ ਸ਼ੁਰੂ ਕੀਤੀ ਜਾਵੇਗੀ। ਨਿਰੀਖਣ ਮਗਰੋਂ, ਮੀਟਰ ਬਕਸੇ / ਥੰਮਲੇ ਬਕਸੇ ਨੂੰ ਕਰਮਚਾਰੀ ਇੰਚਾਰਜ ਦੁਆਰਾ ਮਜ਼ਬੂਤੀ ਨਾਲ ਸੀਲ ਕੀਤਾ / ਤਾਲਾ ਲਗਾਇਆ ਜਾਵੇਗਾ।

### 30.2.3 <u>ਤਾਲਾ ਲੱਗੇ ਅਹਾਤੇ</u> :-

(ੳ) ਪੂਰਬ- ਅਨੁਮਾਨਤ ਲੰਬੀ ਗੈਰ ਹਾਜ਼ਰੀ ਦੀ ਸੂਰਤ ਵਿੱਚ, ਖਪਤਕਾਰ ਗੈਰ- ਹਾਜ਼ਰੀ ਦੇ ਸਮੇਂ ਲਈ ਐਮ. ਐਮ. ਸੀ ਦੇ ਬਰਾਬਰ ਰਕਮ ਅਤੇ ਮੀਟਰ ਕਿਰਾਏ ਜਾਂ ਕੋਈ ਹੋਰ ਲਾਗੂ ਹੋਣ ਯੋਗ ਚਾਰਜਿਜ਼ ਪੇਸ਼ਗੀ ( in advance ) ਵਿੱਚ ਜਮ੍ਹਾਂ ਕਰਵਾ ਸਕਦਾ ਹੈ।

(ਅ) ਜੇਕਰ ਦੋ ਲੜੀਵਾਰ ਅਨੁਸੂਚਿਤ ਮੀਟਰ ਰੀਡਿੰਗ ਤਾਰੀਖਾਂ ਨੂੰ ਅਹਾਤੇ ਵਿੱਚ ਤਾਲਾ ਲੱਗਿਆ ਪਾਇਆ ਗਿਆ ਹੋਣ ਕਰਕੇ ਮੀਟਰ ਰੀਡਿੰਗ ਨਹੀਂ ਲਈ ਜਾ ਸਕੀ ਤਾਂ ਅਜਿਹੇ ਖਪਤਕਾਰ ਨੂੰ 15 ਦਿਨਾਂ ਦੇ ਅੰਦਰ ਅੰਦਰ ਵੰਡ ਲਾਇਸੈਂਸੀ ਦੇ ਪ੍ਰਤਿਨਿਧ ਦੁਆਰਾ ਰੀਡਿੰਗ ਰਿਕਾਰਡ ਕਰਵਾਉਣ ਲਈ ਨੋਟਿਸ ਭੇਜਿਆ ਜਾਵੇਗਾ, ਅਜਿਹਾ ਕਰਨ ਵਿੱਚ ਅਸਫਲ ਰਹਿਣ ਦੀ ਸੂਰਤ ਵਿੱਚ ਅਹਾਤੇ ਦੇ ਕੁਨੈਕਸ਼ਨ ਨੂੰ ਅਸਥਾਈ ਤੌਰ 'ਤੇ ਕੱਟ ਦਿੱਤਾ ਜਾਵੇਗਾ। ਵੰਡ ਲਾਇਸੈਂਸੀ ਦੁਆਰਾ ਅਧਿਕਾਰਿਤ ਕੀਤਾ ਗਿਆ ਕਰਮਚਾਰੀ ਸਪਲਾਈ ਦੇ ਕੁਨੈਕਸ਼ਨ ਨੂੰ ਅਸਥਾਈ ਤੌਰ 'ਤੇ ਕੱਟਣ ਤੋਂ ਪਹਿਲਾਂ ਨਿੱਜੀ ਤੌਰ ਤੇ ਸਥੱਲ 'ਤੇ ਤੱਥਾਂ ਦੀ ਜਾਂਚ-ਪੜਤਾਲ ਕਰੇਗਾ। ਜੇਕਰ ਅਸਥਾਈ ਤੌਰ 'ਤੇ ਕੁਨੈਕਸ਼ਨ ਕੱਟਣ ਮਗਰੋਂ ਇਕ ਮਹੀਨੇ ਲਈ ਨੋਟਿਸ ਦੀ ਅਪਾਲਣਾ ਜਾਰੀ ਰਹਿੰਦੀ ਹੈ ਤਾਂ ਬਿਨਾਂ ਕਿਸੇ ਹੋਰ ਨੋਟਿਸ ਦੇ ਸਥਾਈ ਤੌਰ ਤੇ ਕੁਨੈਕਸ਼ਨ ਕੱਟ ਦਿੱਤਾ ਜਾਵੇਗਾ। ਪਰੰਤੂ ਜ਼ਰੂਰੀ ਸੇਵਾਵਾਂ ਵਾਲੇ ਖਪਤਕਾਰਾਂ ਦੇ ਕੁਨੈਕਸ਼ਨ ਨੂੰ ਵੰਡ ਲਾਇਸੈਂਸੀ ਦੁਆਰਾ ਉਚਿਤ ਨੋਟਿਸ ਅਤੇ

ਅਧਿਕਾਰਿਤ ਅਫਸਰ ਦੀ ਪ੍ਰਵਾਨਗੀ ਲੈਣ ਤੋਂ ਮਗਰੋਂ ਅਸਥਾਈ ਤੌਰ ਤੇ ਤਾਂ ਹੀ ਕੱਟਿਆ ਜਾ ਸਕਦਾ ਹੈ ਜੇਕਰ ਅਹਾਤਾ ਤਿੰਨ ਉਪਰੋਥਲੀ ਅਨੁਸੂਚਿਤ ਮੀਟਰ ਰੀਡਿੰਗ ਤਾਰੀਖਾਂ ਨੂੰ ਤਾਲਾ ਲੱਗਿਆ ਪਾਇਆ ਜਾਂਦਾ ਹੈ।

(ੲ) ਜਿਸ ਸਮੇਂ ਦੌਰਾਨ ਵੰਡ ਲਾਇਸੈਂਸੀ ਨੂੰ ਸੂਚਿਤ ਕੀਤੇ ਬਿਨਾਂ ਅਹਾਤੇ ਨੂੰ ਤਾਲਾ ਲਗਿਆ ਰਹੇ, ਖਪਤਕਾਰ ਦਾ ਬਿਲ ਵਿਨਿਯਮ 21.5.2 ਵਿੱਚ ਨਿਰਧਾਰਿਤ ਕੀਤੇ ਗਏ ਢੰਗ ਅਨੁਸਾਰ ਬਣਾਇਆ ਜਾਵੇਗਾ। ਜਦੋਂ ਆਖਰਕਾਰ ਮੀਟਰ ਦੀ ਰੀਡਿੰਗ ਲੈ ਲਈ ਜਾਵੇ ਤਾਂ ਬਿਲ ਨੂੰ ਵਾਸਤਵਿਕ ਖਪਤ ਦੇ ਆਧਾਰ ਉਤੇ ਠੀਕ ਕਰ ਲਿਆ ਜਾਵੇਗਾ। ਜੇਕਰ ਬਿਲ ਦੀ ਅਦਾਇਗੀ ਖਪਤਕਾਰ ਦੁਆਰਾ ਨਿਰਧਾਰਿਤ ਕੀਤੇ ਗਏ ਸਮੇਂ ਦੇ ਅੰਦਰ ਅੰਦਰ ਨਹੀਂ ਕੀਤੀ ਜਾਂਦੀ ਤਾਂ ਦੇਰੀ ਨਾਲ ਅਦਾਇਗੀ ਕਰਨ ਲਈ ਸਰਚਾਰਜ ਟੈਰਿਫ ਦੀਆਂ ਜਨਰਲ ਸ਼ਰਤਾਂ ਅਨੁਸਾਰ ਲਾਉਣ ਯੋਗ ਹੋਵੇਗਾ।

## 30.3 ਬਿਜਲੀ ਦੇ ਬਿਲ ਦਾ ਜਾਰੀਕਰਨ

ਵੰਡ ਲਾਇਸੈਂਸੀ ਸਪਲਾਈ ਕੀਤੀ ਗਈ ਬਿਜਲੀ ਲਈ ਜਾਂ ਦਿੱਤੀਆਂ ਗਈਆਂ ਹੋਰ ਦੂਜੀਆਂ ਸੇਵਾਵਾਂ ਲਈ ਨਿਮਨ ਆਵਰਤਨ (periodicity) ਨਾਲ ਖਪਤਕਾਰ ਨੂੰ ਬਿਲ ਜਾਰੀ ਕਰੇਗਾ: –

(ੳ) 50 ਕਿ. ਵਾ. ਤੋਂ ਘੱਟ ਲੋਡ ਵਾਲੇ ਘਰੇਲੂ ਸਪਲਾਈ ( DS ) ਅਤੇ ਗੈਰ ਰਿਹਾਇਸ਼ੀ ਸਪਲਾਈ ( NRS ) ਖਪਤਕਾਰਾਂ ਦੇ ਸਬੰਧ ਵਿੱਚ ਦੋ (2) ਮਹੀਨਿਆਂ ਤੋਂ ਵੱਧ ਨਹੀਂ ;

(ਅ) 50 ਕਿ. ਵਾ. ਅਤੇ ਇਸ ਤੋਂ ਉਪਰ ਦੇ ਲੋਡ ਵਾਲੇ ਘਰੇਲੂ ਸਪਲਾਈ ( DS ) ਅਤੇ ਗੈਰ ਰਿਹਾਇਸ਼ੀ ਸਪਲਾਈ ( NRS ) ਅਤੇ ਖਪਤਕਾਰਾਂ ਦੀਆਂ ਹੋਰ ਦੂਜੀਆਂ ਸਾਰੀਆਂ ਕੈਟਾਗਰੀਆਂ ਸਮੇਤ ਖੇਤੀਬਾੜੀ ਪੰਪ ਸੈੱਟ ( ਮੀਟਰਡ ਸਪਲਾਈ ) ਦੇ ਕੇਸ ਵਿੱਚ ਬਿਲ ਮਾਸਿਕ ਜਾਰੀ ਕੀਤੇ ਜਾਣਗੇ।

(ੲ) ਜਿਥੇ ਸਰਕਾਰ ਦਾ ਖਪਤਕਾਰਾਂ ਦੀ ਕਿਸੇ ਕੈਟਾਗਰੀ ਲਈ ਬਿਜਲੀ ਚਾਰਜਿਜ਼ ਤੋਂ ਪੂਰਨ ਰੂਪ ਵਿੱਚ ਰਿਆਇਤ ਦੇਣ ਦਾ ਇਰਾਦਾ ਹੋਵੇ ਤਾਂ ਬਿਲ ਜਾਰੀ ਨਹੀਂ ਕੀਤਾ ਜਾਵੇਗਾ ਪਰ ਖਪਤ ਕੀਤੀ ਗਈ ਊਰਜਾ ਦਾ ਰਿਕਾਰਡ ਜ਼ਰੂਰ ਰੱਖਿਆ ਜਾਵੇਗਾ ।

ਬਸ਼ਰਤੇ ਕਿ ਬਿਜਲੀ ਦੇ ਚਾਰਜਿਜ਼ ਨੂੰ ਖੇਤੀਬਾੜੀ ਖਪਤਕਾਰਾਂ ਤੋਂ ਫਲੈਟ ਦਰ ’ਤੇ ਚਾਰਜ ਕੀਤੇ ਮਾਸਕ ਆਧਾਰ ’ਤੇ ਉਗਰਾਹਿਆ ਜਾ ਸਕਦਾ ਹੈ ਅਤੇ ਹਰਇਕ ਅਜਿਹੇ ਖਪਤਕਾਰ ਨੂੰ ਵੰਡ ਲਾਇਸੈਂਸੀ ਦੁਆਰਾ ਮੁਹੱਈਆ ਕੀਤੀ ਜਾਣ ਵਾਲੀ ਪਾਸਬੁਕ ਵਿੱਚ ਇਸ ਸਬੰਧੀ ਉਚਿਤ ਇੰਦਰਾਜ ਕੀਤੇ ਜਾਣਗੇ। ਪਾਸਬੁਕ ਵਿੱਚ ਅਜਿਹੇ ਹੋਰ ਦੂਜੇ ਇੰਦਰਾਜ ਜਿਵੇਂ ਕਿ ਵੰਡ ਲਾਇਸੈਂਸੀ ਦੁਆਰਾ ਨਿਰਦਿਸ਼ਟ ਕੀਤੇ ਜਾਣ, ਵੀ ਸ਼ਾਮਲ ਹੋ ਸਕਦੇ ਹਨ।

30.4 ਜਦੋਂ ਨਵੇਂ ਖਪਤਕਾਰ ਨੂੰ ਸਪਲਾਈ ਬਿਲਿੰਗ ਸਾਈਕਲ ਦੇ ਅੱਧ ਵਿਚਕਾਰ ਸ਼ੁਰੂ ਕੀਤੀ ਜਾਂਦੀ ਹੈ ਤਾਂ ਸਾਰੇ ਨਿਸ਼ਚਿਤ ਚਾਰਜਿਜ਼, ਸਮੇਤ ਨਿਊਨਤਮ ਚਾਰਜਿਜ਼ ਉਨੇ ਦਿਨਾਂ, ਜਿਹਨਾਂ ਲਈ ਸਪਲਾਈ ਬਿਲਿੰਗ ਸਾਈਕਲ ਦੌਰਾਨ ਦਿੱਤੀ ਜਾਂਦੀ ਹੈ, ਦੀ ਗਿਣਤੀ ਲਈ ਅਨੁਪਾਤੀ ਆਧਾਰ ਉਤੇ ਲਾਏ ਜਾਣਗੇ।

30.5 ਖਪਤਕਾਰ ਜੇਕਰ ਕੋਈ ਟੈਰਿਫ/ ਹੋਰ ਦੂਜੇ ਚਾਰਜਿਜ਼ ਬਿਲਿੰਗ ਸਾਈਕਲ ਦੇ ਮੱਧ ਵਿੱਚ ਲਾਗੂ ਕੀਤੇ ਗਏ ਹੋਣ ਤਾਂ ਉਹ ਅਨੁਪਾਤੀ ਆਧਾਰ ਉਤੇ ਅਦਾਇਗੀ ਕਰੇਗਾ।

## 30.6 ਸਰਕਾਰੀ ਉਪਦਾਨ

ਰਾਜ ਸਰਕਾਰ ਦੁਆਰਾ ਪੂਰਨ ਰੂਪ ਵਿੱਚ ਜਾਂ ਅੰਸ਼ਿਕ ਰੂਪ ਵਿੱਚ ਰਿਆਇਤਕ੍ਰਿਤ ਹੋਣ ਕਰਕੇ ਖਪਤਕਾਰਾਂ ਦੀ ਕਿਸੇ ਕੈਟਾਗਰੀ ਨੂੰ ਬਿਜਲੀ ਦੀ ਸਪਲਾਈ ਕਰਨ ਦੀ ਸੂਰਤ ਵਿੱਚ ਵੰਡ

ਲਾਇਸੈਂਸੀ ਨੂੰ ਅਜਿਹੇ ਖਪਤਕਾਰਾਂ ਵਾਸਤੇ ਉਪਦਾਨ ਦੀ ਅਦਾਇਗੀ ਕਮਿਸ਼ਨ ਦੁਆਰਾ ਸੁਨਿਸ਼ਚਿਤ ਕੀਤੇ ਗਏ ਢੰਗ ਨਾਲ ਰਾਜ ਸਰਕਾਰ ਦੁਆਰਾ ਕੀਤੀ ਜਾਵੇਗੀ।

### 30.7 ਖੇਤੀਬਾੜੀ ਪੰਪ ਸੈੱਟ ਖਪਤਕਾਰਾਂ ਲਈ ਪਾਸਬੁਕ

ਵੰਡ ਲਾਇਸੈਂਸੀ ਦੁਆਰਾ ਹਰੇਕ ਏ. ਪੀ. ਖਪਤਕਾਰ ਨੂੰ ਬਿਲਾਂ ਨਾਲ ਸਬੰਧਤ ਇੰਦਰਾਜਾਂ ਦਾ ਰਿਕਾਰਡ ਰੱਖਣ ਲਈ ਪਾਸਬੁਕ ਮੁਹੱਈਆ ਕੀਤੀ ਜਾਵੇਗੀ।

### 30.8 ਬਿਲਾਂ ਦੀ ਡਲਿਵਰੀ

ਮੌਕੇ 'ਤੇ ਬਿਲ ਬਣਾਉਣ ਦੇ ਕੇਸ ਵਿੱਚ ਖਪਤਕਾਰਾਂ ਨੂੰ ਤੁਰੰਤ ਅਤੇ ਹੋਰ ਦੂਜੇ ਕੇਸਾਂ ਵਿੱਚ ਮੀਟਰ ਦੀ ਰੀਡਿੰਗ ਲੈਣ ਦੀ ਮਿਤੀ ਤੋਂ ਉਸ ਸਮੇਂ, ਜੋ 15 ਦਿਨਾਂ ਤੋਂ ਵੱਧ ਨਹੀਂ ਹੋਵੇਗਾ, ਦੇ ਅੰਦਰ ਅੰਦਰ ਬਿਲ ਦਿੱਤੇ ( ਡਲਿਵਰ ) ਜਾਣਗੇ।

30.9 ਐਚ. ਟੀ. / ਈ. ਐਚ. ਟੀ. ਤੋਂ ਹੋਰਵੇਂ ਖਪਤਕਾਰਾਂ ਨੂੰ ਜਾਂ ਤਾਂ ਡਾਕ ਦੁਆਰਾ ਜਾਂ ਦਸਤੀ ਡਲਿਵਰੀ / ਕੋਰੀਅਰ ਸਰਵਿਸ ਰਾਹੀਂ ਬਿਲ ਭੇਜਿਆ ਜਾਵੇਗਾ ਅਤੇ ਐਚ. ਟੀ. / ਈ. ਐਚ. ਟੀ. ਖਪਤਕਾਰਾਂ ਦੇ ਕੇਸ ਵਿੱਚ, ਜਾਂ ਤਾਂ ਡਾਕ ਵਿੱਚ ਪਾਉਣ ਦੇ ਸਰਟੀਫਿਕੇਟ ਅਧੀਨ ਜਾਂ ਦਸਤੀ ਡਲਿਵਰੀ / ਕੋਰੀਅਰ ਸੇਵਾਵਾਂ ਰਾਹੀਂ ਬਿਲ ਭੇਜਿਆ ਜਾਵੇਗਾ। ਕਿਸੇ ਖਾਸ ਖੇਤਰ ਦੇ ਖਪਤਕਾਰਾਂ ਨੂੰ ਬਿਲਾਂ ਦੇ ਡਿਸਪੈਚ ਕਰਨ ਦੇ ਤੱਥ ਵੰਡ ਲਾਇਸੈਂਸੀ ਦੇ ਅਧਿਸੂਚਿਤ ਦਫਤਰ ਵਿੱਚ ਬੋਰਡ ਉਤੇ ਪ੍ਰਦਰਸ਼ਿਤ ਕੀਤੇ ਜਾਣਗੇ ਅਤੇ ਅਜਿਹੇ ਕਿਸੇ ਢੰਗ, ਜਿਵੇਂ ਕਿ ਕਮਿਸ਼ਨ ਨਿਰਦੇਸ਼ ਕਰੇ, ਵਿੱਚ ਪ੍ਰਚਾਰ ਵੀ ਕੀਤਾ ਜਾਵੇਗਾ। ਵੰਡ ਲਾਇਸੈਂਸੀ ਖਪਤਕਾਰਾਂ ਦੀ ਜਾਣਕਾਰੀ ਲਈ / ਦੁਆਰਾ ਅਦਾਇਗੀ ਲਈ ਬਿਲਾਂ ਨੂੰ ਆਪਣੀ ਵੈਬਸਾਈਟ ਉਤੇ ਅਪਲੋਡ ਵੀ ਕਰੇਗਾ। ਦਸਤੀ ਡਲਿਵਰੀ ਦੇ ਕੇਸ ਵਿੱਚ ਬਿਲ ਦੀ ਡਲਿਵਰੀ ਦਾ ਰਿਕਾਰਡ ਵੰਡ ਲਾਇਸੈਂਸੀ ਦੇ ਨਿਸ਼ਚਿਤ ਦਫਤਰ 'ਤੇ ਸੰਭਾਲ ਕੇ ਰੱਖਿਆ ( ਮੇਨਟੇਨ ) ਜਾਵੇਗਾ।

### 30.10 ਬਿੱਲ ਦੀ ਪ੍ਰਤਿਲਿਪੀ ( duplicate )

ਵੰਡ ਲਾਇਸੈਂਸੀ ਦੇ ਅਧਿਸੂਚਿਤ ਦਫਤਰ ਜਨਰਲ ਚਾਰਜਿਜ਼ ਦੀ ਅਨੁਸੂਚੀ ਵਿੱਚ ਸੁਨਿਸ਼ਚਿਤ ਕੀਤੇ ਗਏ ਅਨੁਸਾਰ ਲੋੜੀਂਦੀ ਫੀਸ ਦੀ ਅਦਾਇਗੀ ਕਰਨ ਉਤੇ ਖਪਤਕਾਰ ਵੱਲੋਂ ਬੇਨਤੀ ਕਰਨ 'ਤੇ ਤੁਰੰਤ ਬਿਲ ਦੀ ਪ੍ਰਤਿਲਿਪੀ ਦੇਣ ਵਾਸਤੇ ਸਹੂਲਤ ਕਾਇਮ ਕਰੇਗਾ। ਪਰੰਤੂ ਬਿਲ ਦੀ ਅਣ- ਪ੍ਰਾਪਤੀ ਨਿਯਤ ਤਾਰੀਖ ਤੋਂ ਬਾਦ ਅਦਾਇਗੀ ਦੇਰੀ ਨਾਲ ਕਰਨ ਲਈ ਖਪਤਕਾਰ ਨੂੰ ਹੱਕਦਾਰ ਨਹੀਂ ਬਣਾ ਸਕਦੀ।

30.11 ਵੰਡ ਲਾਇਸੈਂਸੀ ਅਗਲੇ ਬਿਲਿੰਗ ਸਾਈਕਲ ਦੇ ਖਤਮ ਹੋਣ ਤੋਂ ਪਹਿਲਾਂ ਬਿਲਿੰਗ ਸਾਈਕਲ ਦੌਰਾਨ ਜਾਰੀ ਕੀਤੇ ਗਏ ਨਵੇਂ ਕੁਨੈਕਸ਼ਨ ਲਈ ਪਹਿਲਾ ਬਿਲ ਜਾਰੀ ਕਰੇਗਾ। ਜੇਕਰ ਵੰਡ ਲਾਇਸੈਂਸੀ ਨਿਸ਼ਚਿਤ ਕੀਤੇ ਗਏ ਸਮੇਂ ਦੇ ਅੰਦਰ ਅੰਦਰ ਬਿਲ ਦੇਣ ਵਿੱਚ ਅਸਫਲ ਰਹਿੰਦਾ ਹੈ ਤਾਂ ਅਜਿਹੇ ਕੇਸਾਂ ਵਿੱਚ, ਖਪਤਕਾਰ ਦੇ ਬੇਨਤੀ ਉਤੇ, ਬਿਲ ਦੀ ਰਕਮ ਦੀ ਵਸੂਲੀ ਬਿਨਾਂ ਕਿਸੇ ਸਰਚਾਰਜ ਦੇ ਕਿਸ਼ਤਾਂ ਵਿੱਚ ਕੀਤੀ ਜਾਵੇਗੀ। ਜੇਕਰ ਖਪਤਕਾਰ ਅਗਲੇ ਬਿਲਿੰਗ ਸਾਈਕਲ ਦੇ ਅੰਤ ਤੱਕ ਪਹਿਲਾ ਬਿਲ ਪ੍ਰਾਪਤ ਨਹੀਂ ਕਰਦਾ ਤਾਂ ਉਹ ਵੰਡ ਲਾਇਸੈਂਸੀ ਦੇ ਅਧਿਸੂਚਿਤ ਕੀਤੇ ਗਏ ਦਫਤਰ ਦੇ ਇੰਚਾਰਜ ਅਧਿਕਾਰੀ / ਕਰਮਚਾਰੀ ਨੂੰ ਸੂਚਿਤ ਕਰੇਗਾ, ਜਿਹੜਾ ਦਸ (10) ਦਿਨਾਂ ਦੇ ਅੰਦਰ ਅੰਦਰ ਬਿਲ ਜਾਰੀ ਕਰਨ ਵਾਸਤੇ ਪ੍ਰਬੰਧ ਕਰੇਗਾ।

### 30.12 ਕਾਬਜ਼ ਦੀ ਬਦਲੀ ( change )

ਇਹ ਅਹਾਤੇ ਦੇ ਮਾਲਕ / ਕਾਬਜ਼ ਦੀ ਜ਼ਿੰਮੇਵਾਰੀ ਹੋਵੇਗੀ ਕਿ ਉਹ ਕਾਬਜ਼ ਦੇ ਬਦਲਣ ਦੇ ਸਮੇਂ 'ਤੇ ਜਾਂ ਅਹਾਤੇ ਦੇ ਖਾਲੀ ਹੋ ਜਾਣ ਉਤੇ ਵੰਡ ਲਾਇਸੈਂਸੀ ਦੁਆਰਾ ਮੀਟਰ ਦੀ ਇਕ ਵਿਸ਼ੇਸ਼ ਰੀਡਿੰਗ ਕਰਵਾਏ। ਮਾਲਕ ਜਾਂ ਕਾਬਜ਼ ਅਜਿਹੀ ਬਦਲੀ ਦੇ ਘੱਟੋ ਘੱਟ 15 ਦਿਨ ਅਗਾਊਂ ਮੀਟਰ ਦੀ ਵਿਸ਼ੇਸ਼ ਰੀਡਿੰਗ ਕਰਨ ਵਾਸਤੇ ਲਿਖਤੀ ਰੂਪ ਵਿੱਚ ਵੰਡ ਲਾਇਸੈਂਸੀ ਨੂੰ ਬੇਨਤੀ ਕਰ

ਸਕਦਾ ਹੈ। ਵੰਡ ਲਾਇਸੈਂਸੀ ਵਿਸ਼ੇਸ਼ ਰੀਡਿੰਗ ਦਾ ਪ੍ਰਬੰਧ ਕਰੇਗਾ ਅਤੇ ਮੀਟਰ ਰੀਡਿੰਗ ਤੋਂ 7 ਦਿਨਾਂ ਦੇ ਅੰਦਰ ਅੰਦਰ ਬਿਲਿੰਗ ਦੀ ਮਿਤੀ ਤੱਕ ਸਾਰੇ ਬਕਾਇਆਂ ਸਮੇਤ ਅੰਤਮ ਬਿਲ ਭੇਜੇਗਾ। ਅੰਤਮ ਬਿਲ ਵਿੱਚ ਵਿਸ਼ੇਸ਼ ਰੀਡਿੰਗ ਦੀ ਮਿਤੀ ਅਤੇ ਅਹਾਤੇ ਦੇ ਤਜਵੀਜ਼ਤ ਖਾਲੀ ਰਹਿਣ ਵਿਚਕਾਰ ਦੇ ਸਮੇਂ ਲਈ ਅਨੁਪਾਤਕ ਆਧਾਰ ਉਤੇ ਅਦਾਇਗੀ ਵੀ ਸ਼ਾਮਲ ਹੋਵੇਗੀ।

30.13 ਜੇਕਰ ਕੋਈ ਖਪਤਕਾਰ ਕਿਸੇ ਉਸ ਅਹਾਤੇ ਨੂੰ ਖਾਲੀ ਕਰਦਾ ਹੈ ਜਿਸ ਨੂੰ ਵੰਡ ਲਾਇਸੈਂਸੀ ਦੁਆਰਾ ਅਜਿਹੀ ਸਪਲਾਈ, ਬਿਜਲੀ ਮੀਟਰ, ਬਿਜਲੀ ਦੀ ਲਾਈਨ ਜਾਂ ਬਿਜਲਈ ਪਲਾਂਟ ਦਾ ਉਪਬੰਧ ਕਰਨ ਦੇ ਸਬੰਧ ਵਿੱਚ ਉਸ ਵੱਲ ਬਣਦੇ ਸਾਰੇ ਚਾਰਜਿਜ਼ ਦੀ ਅਦਾਇਗੀ ਕੀਤੇ ਬਿਨਾਂ ਬਿਜਲੀ ਦੀ ਸਪਲਾਈ ਕੀਤੀ ਗਈ ਹੈ ਤਾਂ ਵੰਡ ਲਾਇਸੈਂਸੀ ਜਦੋਂ ਤੱਕ ਉਹ ਉਸ ਵੱਲ ਬਣਦੀ ਰਕਮ ਦੀ ਅਦਾਇਗੀ ਨਹੀਂ ਕਰ ਦਿੰਦਾ ਉਦੋਂ ਤੱਕ ਕਿਸੇ ਹੋਰ ਅਹਾਤੇ ਵਿੱਚ ਉਸ ਨੂੰ ਸਪਲਾਈ ਦੇਣ ਤੋਂ ਇਨਕਾਰ ਕਰ ਸਕਦਾ ਹੈ ਅਤੇ ਅਜਿਹੇ ਅਹਾਤੇ ਨੂੰ ਜਾਂ ਤਾਂ ਮੌਜੂਦਾ ਖਪਤਕਾਰ ਦੀ ਬੇਨਤੀ ਉਤੇ ਜਾਂ ਕਿਸੇ ਵੀ ਵਿਅਕਤੀ ਦੁਆਰਾ ਨਵੇਂ ਕੁਨੈਕਸ਼ਨ ਵਾਸਤੇ ਬਿਨੈ-ਪੱਤਰ ਦੇਣ ਉਤੇ ਜੋੜਨ (ਕੁਨੈਕਟ) ਤੋਂ ਉਦੋਂ ਤੱਕ ਇਨਕਾਰ ਵੀ ਕਰ ਸਕਦਾ ਹੈ ਜਦੋਂ ਤੱਕ ਉਹ ਸਾਰੇ ਬਣਦੇ ਬਕਾਏ ਅਦਾ ਨਾ ਕਰ ਦੇਵੇ।

30.14 ਵਿਨਿਯਮ 30.12 ਅਧੀਨ ਇਕ ਵਾਰ ਅੰਤਮ ਬਿਲ ਜਾਰੀ ਕੀਤਾ ਜਾਂਦਾ ਹੈ ਤਾਂ ਵੰਡ ਲਾਇਸੈਂਸੀ ਨੂੰ ਅਹਾਤੇ ਦੇ ਨਵੇਂ ਕਾਬਜ਼ ਤੋਂ ਕੋਈ ਵੀ ਹੋਰ ਦੂਜੇ ਚਾਰਜਿਜ਼ ਵਸੂਲ ਕਰਨ ਦਾ ਹੱਕ ਨਹੀਂ ਹੋਵੇਗਾ।

30.15 ਵਿਕਰੀ / ਉਤਰਾਧਿਕਾਰੀ ਦੁਆਰਾ ਸੰਪਤੀ ਦੀ ਤਬਦੀਲੀ ਦੇ ਕੇਸ ਵਿੱਚ, ਖਰੀਦਾਰ/ ਵਾਰਸ ਅਜਿਹੀ ਸੰਪਤੀ ਦੇ ਸਬੰਧ ਵਿੱਚ ਬਣਦੇ ਅਤੇ ਬਾਦ ਵਿੱਚ ਖਪਤਕਾਰ ਤੋਂ ਵਸੂਲੀ ਯੋਗ ਪਾਏ ਗਏ ਸਾਰੇ ਚਾਰਜਿਜ਼ ਅਦਾ ਕਰਨ ਦਾ ਜਿੰਮੇਵਾਰ ਹੋਵੇਗਾ।

## 31. ਬਿਜਲੀ ਦੇ ਬਿਲਾਂ ਦੀ ਅਦਾਇਗੀ

31.1 ਖਪਤਕਾਰਾਂ ਦੀਆਂ ਵੱਖ ਵੱਖ ਕੈਟਾਗਰੀਆਂ ਦੁਆਰਾ ਬਿਲਾਂ ਦੀ ਅਦਾਇਗੀ ਨਿਮਨ ਦਰਜ ਸਮੇਂ ਦੇ ਅੰਦਰ ਅੰਦਰ ਕੀਤੀ ਜਾਵੇਗੀ : -

(ੳ) ਮੌਕੇ ਤੇ ਬਿਲ ਬਣਾਉਣ ਅਤੇ ਜਿਥੇ ਮਾਸਿਕ ਬਿਲ ਜਾਰੀ ਕੀਤੇ ਜਾਂਦੇ ਹਨ, ਦੇ ਅੰਤਰਗਤ ਆਉਂਦੇ ਲਾਰਜ ਸਪਲਾਈ, ਦਰਮਿਆਨੀ ਸਪਲਾਈ, ਸਮਾਲ ਪਾਵਰ ਸਪਲਾਈ, ਉਦਯੋਗਿਕ ਸਪਲਾਈ ਅਤੇ ਘ. ਸ. / ਗੈ. ਰਿ. ਸ. ਦੇ ਕੇਸ ਵਿੱਚ ਬਿਲਾਂ ਦੀ ਡਲਿਵਰੀ ਦੀ ਮਿਤੀ ਤੋਂ 10 ਦਿਨਾਂ ।

(ਅ) ਰੇਲਵੇ ਟ੍ਰੈਕਸ਼ਨ, ਰੇਲਵੇ ਦੇ ਲਾਰਜ ਸਪਲਾਈ/ ਬਲਕ ਸਪਲਾਈ ਕੁਨੈਕਸ਼ਨ ਦੇ ਕੇਸ ਵਿੱਚ ਬਿਲਾਂ ਦੀ ਡਲਿਵਰੀ ਦੀ ਮਿਤੀ ਤੋਂ 21 ਦਿਨਾਂ ।

(ੲ) ਖਪਤਕਾਰਾਂ ਦੀਆਂ ਸਾਰੀਆਂ ਹੋਰ ਦੂਜੀਆਂ ਕੈਟਾਗਰੀਆਂ ਦੇ ਕੇਸ ਵਿੱਚ ਦੀ ਬਿਲਾਂ ਦੀ ਡਲਿਵਰੀ ਦੀ ਮਿਤੀ ਤੋਂ 15 ਦਿਨਾਂ ।

31.2 ਬਿਲਾਂ ਦੀ ਅਦਾਇਗੀ ਇਸ ਮੰਤਵ ਲਈ ਨਿਯਤ ਕੀਤੇ ਗਏ ਘੰਟਿਆਂ ਦੌਰਾਨ ਕਿਸੇ ਵੀ ਕਾਰਜੀ ਦਿਨ ਕਿਸੇ ਵਧੀਕ ਉਗਰਾਹੀ ਫੀਸ ਦੀ ਅਦਾਇਗੀ ਤੋਂ ਬਿਨਾਂ ਵੰਡ ਲਾਇਸੈਂਸੀ ਦੇ ਅਧਿਸੂਚਿਤ ਕੀਤੇ ਗਏ ਸਥਾਨਕ ਉਗਰਾਹੀ ਕੇਂਦਰਾਂ ਜਾਂ ਅਧਿਕਾਰਿਤ ਉਗਰਾਹੀ ਏਜੰਸੀਆਂ ਰਾਹੀਂ ਜਾਂ ਵੰਡ ਲਾਇਸੈਂਸੀ ਦੁਆਰਾ ਅਧਿਸੂਚਿਤ ਕੀਤੇ ਕਿਸੇ ਹੋਰ ਦੂਜੇ ਸਾਧਨਾਂ ਰਾਹੀਂ ਕੀਤੀ ਜਾਵੇਗੀ।

31.3 ਜੇਕਰ ਅਦਾਇਗੀ ਲਈ ਬਿਲ ਵਿੱਚ ਦਰਸਾਈ ਗਈ ਨਿਯਤ ਤਾਰੀਖ ਐਤਵਾਰ ਜਾਂ ਰਾਜ ਸਰਕਾਰ ਦੁਆਰਾ ਘੋਸ਼ਿਤ ਕੀਤੀ ਗਈ ਜਨਤਕ ਛੁੱਟੀ ਹੋਵੇ ਜਾਂ ਜੇਕਰ ਵੰਡ ਲਾਇਸੈਂਸੀ ਦਾ ਦਫਤਰ ਕਿਸੇ ਹੋਰ ਕਾਰਨ ਕਰਕੇ ਬੰਦ ਹੋਵੇ ਤਾਂ ਬਾਦ ਵਿੱਚ ਆਉਣ ਵਾਲੇ ਦਿਨ ਨੂੰ ਨਿਯਤ ਤਾਰੀਖ ਵਜੋਂ ਸਮਝਿਆ ਜਾਵੇਗਾ।

31.4 ਖਪਤਕਾਰ ਅਦਾਇਗੀ ਕਰਨ ਸਮੇਂ 'ਤੇ ਉਸ ਨੂੰ ਦਿੱਤਾ ਗਿਆ ਬਿਲ ਜਾਂ ਬਿਲ ਦੀ ਪ੍ਰਤਿਲਿਪੀ (duplicate ) ਪੇਸ਼ ਕਰੇਗਾ। ਪਰੰਤੂ ਜਿਥੇ ਬਿਨਾਂ ਬਿਲ ਦੇ ਅਦਾਇਗੀ ਪ੍ਰਵਾਨ ਕਰਨੀ ਸੰਭਵ ਹੋਵੇ ਉਥੇ ਬਿਲ ਪੇਸ਼ ਕਰਨ ਲਈ ਜ਼ੋਰ ਨਹੀਂ ਪਾਇਆ ਜਾ ਸਕਦਾ।

31.5 ਖਪਤਕਾਰ ਦੁਆਰਾ ਬਿਲ ਨਕਦ, ਅੰਕਿਤ ਮੁੱਲ ਦੇ ਬਰਾਬਰ ਅਦਾਇਗੀ ਯੋਗ ਚੈੱਕ, ਬੈਂਕਰਸ ਚੈੱਕ, ਡੀਮਾਂਡ ਡਰਾਫਟ, ਬੈਂਕ ਟ੍ਰਾਂਸਫਰ, ਈ-ਬੈਂਕਿਗ / ਕਰੈਡਿਟ/ ਡੈਬਿਟ ਕਾਰਡ ਦੁਆਰਾ, ਜਿਥੇ ਕਿਤੇ ਸੰਭਵ ਹੋਵੇ, ਜਾਂ ਅਜਿਹੇ ਕਿਸੇ ਹੋਰ ਢੰਗ ਨਾਲ ਜਿਵੇਂ ਕਿ ਵੰਡ ਲਾਇਸੈਂਸੀ ਤਜਵੀਜ਼ ਕਰੇ, ਅਦਾ ਕੀਤਾ ਜਾਵੇਗਾ। ਵੰਡ ਲਾਇਸੈਂਸੀ ਈ-ਬੈਂਕਿੰਗ / ਕਰੈਡਿਟ / ਡੈਬਿਟ ਕਾਰਡ ਰਾਹੀਂ ਬਿਲਾਂ ਦੀ ਅਦਾਇਗੀ ਨੂੰ ਉਤਸ਼ਾਹਿਤ ਕਰਨ ਦਾ ਯਤਨ ਕਰੇਗਾ।

ਬਸ਼ਰਤੇ ਕਿ ਜੇਕਰ ਕੁਲ ਅਦਾਇਗੀ ਯੋਗ ਰਕਮ ਦਸ ਹਜ਼ਾਰ (10,000/-) ਰੁਪਏ ਤੋਂ ਵੱਧ ਜਾਂਦੀ ਹੈ ਤਾਂ ਵੰਡ ਲਾਇਸੈਂਸੀ ਨਕਦ ਅਦਾਇਗੀ ਪ੍ਰਵਾਨ ਨਹੀਂ ਕਰ ਸਕਦਾ।

ਅਗੇ ਹੋਰ ਸ਼ਰਤ ਇਹ ਹੈ ਕਿ ਖਪਤਕਾਰ ਕੋਲ ਬਿਲ ਦੀ ਅਦਾਇਗੀ ਲਈ 15 ਦਿਨਾਂ ਦਾ ਜਾਂ ਇਸ ਤੋਂ ਵੱਧ ਸਮਾਂ ਹੈ, ਪਰ ਨਕਦ ਤੋ ਹੋਰਵੇਂ ਕਿਸੇ ਪ੍ਰਵਾਨਤ ਸਾਧਨ ਰਾਹੀਂ ਬਿਲ ਦੀ ਅਦਾਇਗੀ ਅਤੇ ਈ-ਬੈਂਕਿੰਗ ਰਾਹੀਂ ਆਨ ਲਾਈਨ ਬਿਲ ਦੀ ਅਦਾਇਗੀ ਲਈ ਨਿਯਤ ਮਿਤੀ ਉਪਰੋਕਤ ਵਿਨਿਯਮ 31.1 ਅਨੁਸਾਰ ਨਿਯਤ ਮਿਤੀ ਤੋਂ ਦੋ ਕਾਰਜੀ ਦਿਨ ਪਹਿਲਾਂ ਹੋਵੇਗੀ। ਉਹਨਾਂ ਖਪਤਕਾਰਾਂ ਜਿਹਨਾਂ ਕੋਲ 15 ਦਿਨਾਂ ਤੋਂ ਘੱਟ ਅਦਾਇਗੀ ਲਈ ਸਮਾਂ ਹੈ ਤਾਂ ਨਕਦ ਅਤੇ ਕਿਸੇ ਹੋਰ ਦੂਜੇ ਮੰਨਣਯੋਗ ਸਾਧਨ ਰਾਹੀਂ ਨਿਯਤ ਤਾਰੀਖ ਉਹੀ ਹੋਵੇਗੀ।

31.6 ਵੰਡ ਲਾਇਸੈਂਸੀ ਜਾਂ ਉਸਦੀ ਅਧਿਕਾਰਿਤ ਉਗਰਾਉਣ ਏਜੰਸੀ ਬਿਲ ਦੀ ਅਦਾਇਗੀ ਲਈ ਖਪਤਕਾਰ ਨੂੰ ਰਸੀਦ ਜਾਰੀ ਕਰੇਗੀ। ਚੈੱਕ ਦੁਆਰਾ ਕੀਤੀ ਗਈ ਅਦਾਇਗੀ ਦੇ ਕੇਸ ਵਿੱਚ, ਵੰਡ ਲਾਇਸੈਂਸੀ ਚੈੱਕ ਦੀ ਪ੍ਰਾਪਤੀ ਦੀ ਪਹੁੰਚ ਰਸੀਦ ( acknowledgement ) ਜਾਰੀ ਕਰੇਗਾ। ਲਾਇਸੈਂਸੀ ਦੇ ਖਾਤੇ ਵਿੱਚ ਪੈਸਿਆਂ ਦੀ ਬਦਲੀ ਦਰਸਾਉਂਦਾ ਇਕ ਬੈਂਕ ਸਰਟੀਫਿਕੇਟ ਅਦਾਇਗੀ ਦਾ ਪ੍ਰਯਾਪਤ ਸਬੂਤ ਹੋਵੇਗਾ।

31.7 ਜੇਕਰ ਖਪਤਕਾਰ ਦੁਆਰਾ ਦਿੱਤਾ ਗਿਆ ਚੈੱਕ ਅਸਵੀਕਾਰ ਹੋ ਜਾਵੇ ਤਾਂ ਇਹ ਕਾਨੂੰਨ ਅਧੀਨ ਕੋਈ ਵੀ ਕਾਰਵਾਈ ਕਰਨ ਵਾਸਤੇ ਵੰਡ ਲਾਇਸੈਂਸੀ ਦੇ ਅਧਿਕਾਰ ਨੂੰ ਨੁਕਸਾਨ ਪਹੁੰਚਾਏ ਬਿਨਾਂ ਅਣ-ਅਦਾਇਗੀ ਦੇ ਕੇਸ ਵਜੋਂ ਸਮਝਿਆ ਜਾਵੇਗਾ ਅਤੇ ਵੰਡ ਲਾਇਸੈਂਸੀ ਦੁਆਰਾ ਕਾਰਵਾਈ ਸ਼ੁਰੂ ਕੀਤੀ ਜਾ ਸਕਦੀ ਹੈ। ਜੇਕਰ ਅਜਿਹੀ ਕੁਤਾਹੀ ਉਸੇ ਵਿਤੀ ਸਾਲ ਦੌਰਾਨ ਦੁਹਰਾਈ ਜਾਂਦੀ ਹੈ ਤਾਂ ਲਾਇਸੈਂਸੀ ਅਜਿਹੇ ਖਪਤਕਾਰਾਂ ਤੋਂ ਦੂਜੀ ਵਾਰੀ ਕੁਤਾਹੀ ਦੇ ਬਿਲਿੰਗ ਮਹੀਨੇ ਤੋਂ ਇਕ ਸਾਲ ਦੇ ਸਮੇਂ ਵਾਸਤੇ ਚੈੱਕ ਰਾਹੀਂ ਅਗਲੀ ਅਦਾਇਗੀ ਪ੍ਰਵਾਨ ਨਹੀਂ ਕਰੇਗਾ ਅਤੇ ਖਪਤਕਾਰ ਨੂੰ ਬਿਲ ਦੀ ਅਦਾਇਂਗੀ ਕੇਵਲ ਨਕਦੀ ਵਿੱਚ ਜਾਂ ਡੀਮਾਂਡ ਡਰਾਫਟ ਦੁਆਰਾ ਜਾਂ ਐਨ. ਈ. ਐਫ. ਟੀ. / ਆਰ. ਟੀ. ਜੀ. ਐਸ. ( NEFT / RTGS ) ਰਾਹੀਂ ਕਰਨੀ ਪੈ ਸਕਦੀ ਹੈ।

### 31.8 ਬਿਜਲੀ ਦੇ ਬਿਲਾਂ ਦੀ ਪੇਸ਼ਗੀ ਅਦਾਇਗੀ

ਖਪਤਕਾਰ ਭਵਿੱਖ ਦੇ ਬਿਲਾਂ ਦੀ ਪੇਸ਼ਗੀ ਅਦਾਇਗੀ ਜਮ੍ਹਾਂ ਕਰਵਾ ਸਕਦਾ ਹੈ ਜਿਹੜੀ ਕਿ ਉਤਰਵਰਤੀ ਮਹੀਨਿਆਂ ਵਿੱਚ ਸਮਾਧਾਨ ਕਰ ਦਿੱਤੀ ਜਾਵੇਗੀ। ਪਰੰਤੂ ਵੰਡ ਲਾਇਸੈਂਸੀ ਮਾਸਿਕ/ ਦੋਮਾਸਿਕ ਬਿਲ ਜਾਰੀ ਕਰਨੇ ਜਾਰੀ ਰੱਖੇਗਾ ਜਿਸ ਵਿੱਚ ਸਮਾਧਾਨ ਕੀਤੀ ਗਈ ਰਕਮ ਅਤੇ ਪੇਸ਼ਗੀ ਅਦਾਇਗੀ ਦੀ ਬਕਾਇਆ ਰਕਮ ਦਰਸਾਈ ਜਾਵੇਗੀ। ਵੰਡ ਲਾਇਸੈਂਸੀ ਪੇਸ਼ਗੀ ਅਦਾਇਗੀ ਉਤੇ 1.00 % ਪ੍ਰਤਿ ਮਹੀਨਾ ਦੀ ਦਰ 'ਤੇ ਵਿਆਜ ਦੇਵੇਗਾ। ਅਜਿਹੀ ਪੇਸ਼ਗੀ ਅਦਾਇਗੀ ਲਈ ਵਿਆਜ ਦਾ ਰਿਣ (ਕਰੈਡਿਟ) ਉਦੋਂ ਦਿੱਤਾ ਜਾਵੇਗਾ ਜਦੋਂ ਪੇਸ਼ਗੀ ਨਿਲ ਬਣ ਜਾਵੇ ਜਾਂ 31 ਮਾਰਚ ਨੂੰ, ਜਿਹੜਾ ਵੀ ਪਹਿਲਾਂ ਆਵੇ।

### 31.9 ਦੇਰੀ ਨਾਲ ਅਦਾਇਗੀ ਕਰਨ 'ਤੇ ਸਰਚਾਰਜ

31.9.1 ਜੇਕਰ ਕੋਈ ਖਪਤਕਾਰ ਨਿਯਤ ਮਿਤੀ ਤੱਕ ਬਿਲ ਦੀ ਜਾਂ ਬਕਾਇਆਂ ਦੀ ਅਦਾਇਗੀ ਨਹੀਂ ਕਰਦਾ ਤਾਂ ਦੇਰੀ ਨਾਲ ਅਦਾਇਗੀ ਕਰਨ ਦਾ ਸਰਚਾਰਜ ਸਮੇਂ ਸਮੇਂ 'ਤੇ ਸੋਧੇ ਗਏ ਕਮਿਸ਼ਨ ਦੁਆਰਾ ਪ੍ਰਵਾਨਤ ਟੈਰਿਫ ਦੀਆਂ ਜਨਰਲ ਸ਼ਰਤਾਂ ਅਨੁਸਾਰ ਅਦਾਇਗੀ ਯੋਗ ਹੋਵੇਗਾ।

31.9.2 ਬਕਾਇਆ / ਚਲੰਤ ਬਿਲ ਆਦਿ ਦੀ ਅਣ-ਅਦਾ ਕੀਤੀ ਰਕਮ ਨੂੰ ਅਗਲੇ ਬਿਲ ਦੇ ਹਿੱਸੇ ਵਜੋਂ ਸਮਝਿਆ ਜਾਵੇਗਾ ਅਤੇ ਬਿਲ ਵਿੱਚ ਬਕਾਇਆਂ ਵਜੋਂ ਦਿਖਾਇਆ ਜਾਵੇਗਾ।

### 31.10 ਅਦਾ ਕੀਤੀਆਂ ਰਕਮਾਂ ਦਾ ਸਮਾਧਾਨ

ਬਿਲ ਵਿਰੁੱਧ ਖਪਤਕਾਰ ਦੁਆਰਾ ਅਦਾ ਕੀਤੀ ਗਈ ਰਕਮ ਨੂੰ ਇਥੇ ਹੇਠਾਂ ਦਿੱਤੀ ਗਈ ਅਗੇਤਤਾ ਅਨੁਸਾਰ ਸਮਾਧਾਨ ਕੀਤਾ ਜਾਵੇਗਾ : –

(ੳ) ਪਿਛਲੇ ਵਿਤੀ ਸਾਲ ਦੀ ਇਕੱਤੀ (31) ਮਾਰਚ ਅਨੁਸਾਰ ਬਕਾਏ ;

(ਅ) ਚਲੰਤ ਵਿਤੀ ਸਾਲ ਦੀ ਪਹਿਲੀ ਅਪ੍ਰੈਲ ਤੋਂ ਬਿਲ ਦੀ ਨਿਯਤ ਮਿਤੀ ਤੱਕ ਜਮ੍ਹਾਂ ਹੋਏ ਬਕਾਏ ;

(ੲ) ਚਲੰਤ ਬਿਲਿੰਗ ਸਾਈਕਲ ਲਈ ਬਿਜਲੀ ਚਾਰਜਿਜ਼ ; ਅਤੇ

(ਸ) ਕੋਈ ਹੋਰ ਚਾਰਜਿਜ਼ ਜਾਂ ਮਸੂਲ ।

## 32. ਸਪਲਾਈ ਦਾ ਕੱਟਿਆ ਜਾਣਾ

32.1 ਜਿਥੇ ਖਪਤਕਾਰ ਬਿਲ ਵਿੱਚ ਦੱਸੀ ਗਈ ਨਿਯਤ ਮਿਤੀ ਤੱਕ ਵੰਡ ਲਾਇਸੈਂਸੀ ਕੋਲ ਬਣਾਈ ਗਈ ਬਿਲ ਦੀ ਰਕਮ ਜਮ੍ਹਾਂ ਕਰਵਾਉਣ ਵਿੱਚ ਅਸਫਲ ਰਹਿੰਦਾ ਹੈ ਤਾਂ ਵੰਡ ਲਾਇਸੈਂਸੀ ਅਜਿਹੇ ਖਪਤਕਾਰ ਨੂੰ ਲਿਖਤੀ ਵਿੱਚ ਨੋਟਿਸ, ਜੋ ਸਪਸ਼ਟ ਪੰਦਰਾਂ (15) ਦਿਨਾਂ ਤੋਂ ਘੱਟ ਦਾ ਨਹੀਂ ਹੋਵੇਗਾ, ਦੇਣ ਮਗਰੋਂ ਮੁਕੱਦਮੇ ਦੁਆਰਾ ਅਜਿਹੀ ਰਕਮ ਦੀ ਵਸੂਲੀ ਕਰਨ ਦੇ ਉਸ ਦੇ ਹੋਰ ਦੂਜੇ ਅਧਿਕਾਰਾਂ ਦਾ ਪੱਖ-ਪਾਤ ਕੀਤੇ ਬਿਨਾਂ, ਖਪਤਕਾਰ ਦੀ ਸਪਲਾਈ ਉਦੋਂ ਤੱਕ ਕੱਟ ਸਕਦਾ ਹੈ ਅਤੇ ਉਸ ਮੰਤਵ ਲਈ ਅਜਿਹੇ ਵੰਡ ਲਾਇਸੈਂਸੀ ਦੀ ਸੰਪਤੀ ਹੋਣ ਕਰਕੇ ਕਿਸੇ ਵੀ ਬਿਜਲੀ ਦੀ ਸਪਲਾਈ ਲਾਈਨ ਜਾਂ ਹੋਰ ਦੂਜੇ ਕਾਰਜਾਂ ਨੂੰ ਕੱਟ ਸਕਦਾ ਹੈ ਜਦੋਂ ਤੱਕ ਅਜਿਹੇ ਚਾਰਜਿਜ਼ ਜਾਂ ਹੋਰ ਰਕਮ ਸਮੇਤ ਸਪਲਾਈ ਦਾ ਕੁਨੈਕਸ਼ਨ ਕੱਟਣ ਅਤੇ ਮੁੜ ਜੋੜਨ ਵਿੱਚ ਵੰਡ ਲਾਇਸੈਂਸੀ ਦੁਆਰਾ ਕੀਤੇ ਗਏ ਕੋਈ ਵੀ ਖਰਚੇ ਅਦਾ ਨਹੀਂ ਕੀਤੇ ਜਾਂਦੇ।

ਬਸ਼ਰਤੇ ਕਿ ਜੇਕਰ ਖਪਤਕਾਰ ਇਹਨਾਂ ਵਿਨਿਯਮਾਂ ਦੇ ਵਿਨਿਯਮ 35.1 ਅਨੁਸਾਰ ਰੋਸ ( protest ) ਅਧੀਨ ਅਦਾਇਗੀ ਕਰ ਦਿੰਦਾ ਹੈ ਤਾਂ ਬਿਜਲੀ ਦੀ ਸਪਲਾਈ ਕੱਟੀ ਨਹੀਂ ਕੱਟੀ ਜਾਵੇਗੀ।

ਅਗੇ ਹੋਰ ਬਸ਼ਰਤੇ ਕਿ ਬਿਜਲੀ ਦੀ ਚੋਰੀ ਦੇ ਕੇਸ ਵਿੱਚ ਤੋਂ ਛੁੱਟ ਖਪਤਕਾਰ ਨੂੰ ਬਿਜਲੀ ਦੀ ਸਪਲਾਈ ਉਸ ਦਿਨ ਨਹੀਂ ਕੱਟੀ ਜਾਵੇਗੀ ਜਿਸ ਦਿਨ ਤੋਂ ਅਗਲੇ ਦਿਨ ਨੂੰ ਵੰਡ ਲਾਇਸੈਂਸੀ ਦੇ ਦਫਤਰ ਵਿੱਚ ਛੁੱਟੀ ਹੋਵੇ।

32.2 ਹਾਲ ਦੀ ਘੜੀ ਲਾਗੂ ਕਿਸੇ ਵੀ ਹੋਰ ਕਾਨੂੰਨ ਵਿੱਚ ਕੁਝ ਵੀ ਦਿੱਤੇ ਹੋਣ ਦੇ ਬਾਵਜੂਦ, ਵਿਨਿਯਮ 32.1 ਅਧੀਨ ਕਿਸੇ ਵੀ ਖਪਤਕਾਰ ਤੋਂ ਕੋਈ ਵੀ ਬਣਦੀ ਰਕਮ ਜਦੋਂ ਅਜਿਹੀ ਰਕਮ ਪਹਿਲੀ ਵਾਰ ਬਕਾਇਆ ਬਣੀ ਸੀ ਦੀ ਮਿਤੀ ਤੋਂ ਦੋ ਸਾਲਾਂ ਦੇ ਸਮੇਂ ਮਗਰੋਂ ਵਸੂਲੀਯੋਗ ਨਹੀਂ ਹੋਵੇਗੀ ਜਦੋਂ ਤੱਕ ਅਜਿਹੀ ਰਕਮ ਨੂੰ ਸਪਲਾਈ ਕੀਤੀ ਗਈ ਬਿਜਲੀ ਲਈ ਚਾਰਜਿਜ਼ ਦੇ ਬਕਾਇਆਂ ਵਜੋਂ ਵਸੂਲੀਯੋਗ ਵਜੋਂ ਨਿਰੰਤਰ ਦਿਖਾਇਆ ਨਾ ਗਿਆ ਹੋਵੇ ਅਤੇ ਵੰਡ ਲਾਇਸੈਂਸੀ ਅਜਿਹੇ ਕੇਸਾਂ ਵਿੱਚ ਬਿਜਲੀ ਦੀ ਸਪਲਾਈ ਨਹੀਂ ਕੱਟੇਗਾ।

32.3 ਬਿਲਾਂ ਦੀ ਅਣ-ਅਦਾਇਗੀ ਦੇ ਕੇਸ ਵਿੱਚ, ਆਵੱਸ਼ਕ ਸੇਵਾਵਾਂ ਦੀ ਸਪਲਾਈ ਦਾ ਵੰਡ ਲਾਇਸੈਂਸੀ ਦੁਆਰਾ ਇਸ ਤਰ੍ਹਾਂ ਅਧਿਕਾਰਿਤ ਕੀਤੇ ਗਏ ਅਫਸਰ ਦੀ ਪੂਰਵ ਪ੍ਰਵਾਨਗੀ ਨਾਲ ਹੀ ਕੇਵਲ ਕੁਨੈਸ਼ਨ ਕੱਟਿਆ ਜਾਵੇਗਾ।

32.4 ਵੰਡ ਲਾਇਸੈਂਸੀ ਖਪਤਕਾਰ ਨੂੰ ਬਿਜਲੀ ਦੀ ਸਪਲਾਈ ਉਦੋਂ ਤੱਕ ਬਹਾਲ ਨਹੀਂ ਕਰੇਗਾ ਜਦੋਂ ਤੱਕ ਅਜਿਹੀ ਬਕਾਇਆ ਰਕਮ ਸਮੇਤ ਸਪਲਾਈ ਦਾ ਕੁਨੈਕਸ਼ਨ ਕੱਟਣ ਅਤੇ ਮੁੜ ਜੋੜਨ ਵਾਸਤੇ ਚਾਰਜਿਜ਼, ਜੇਕਰ ਕੋਈ ਹੋਣ, ਜੋ ਕਮਿਸ਼ਨ ਦੁਆਰਾ ਪ੍ਰਵਾਨਤ ਜਨਰਲ ਚਾਰਜਿਜ਼ ਦੀ ਅਨੁਸੂਚੀ ਵਿੱਚ ਸੁਨਿਸ਼ਚਿਤ ਕੀਤੇ ਗਏ ਹੋਣ, ਅਦਾ ਨਹੀਂ ਕੀਤੇ ਜਾਂਦੇ।

32.5 ਲਾਇਸੈਂਸੀ ਉਪਰੋਕਤ ਉਪਬੰਧ ਕੀਤੇ ਗਏ ਅਨੁਸਾਰ ਅਹਾਤੇ ਜਿਹਨਾਂ ਦਾ ਕੁਨੈਕਸ਼ਨ ਕੱਟਿਆ ਜਾ ਚੁੱਕਾ ਹੈ, ਦਾ ਅਣਅਧਿਕਾਰਤ ਮੁੜ ਕੁਨੈਸ਼ਨ ਜੋੜਨ ਨੂੰ ਰੋਕਣ ਵਾਸਤੇ ਕਦਮ ਵੀ ਚੁਕੇਗਾ। ਜਦੋਂ ਕਦੇ ਵੰਡ ਲਾਇਸੈਂਸੀ ਪਤਾ ਲਾ ਲੈਂਦਾ ਹੈ ਕਿ ਕੁਨੈਕਸ਼ਨ ਅਣਅਧਿਕਾਰਤ ਤਰੀਕੇ ਨਾਲ ਮੁੜ ਜੋੜ ਲਿਆ ਗਿਆ ਹੈ ਤਾਂ ਲਾਇਸੈਂਸੀ ਐਕਟ ਦੀ ਧਾਰਾ 138 ਦੇ ਉਪਬੰਧਾਂ ਅਨੁਸਾਰ ਕਾਰਵਾਈ ਸ਼ੁਰੂ ਕਰ ਸਕਦਾ ਹੈ।

## 33. ਇਕਰਾਰਨਾਮੇ ਦੀ ਸਮਾਪਤੀ

33.1 ਜੇਕਰ 6 ਮਹੀਨਿਆਂ ਤੋਂ ਵੱਧ ਸਮੇਂ ਲਈ ਕਿਸੇ ਖਪਤਕਾਰ ਦੁਆਰਾ ਵੰਡ ਲਾਇਸੈਂਸੀ ਨੂੰ ਬਕਾਇਆ ਕਿਸੇ ਵੀ ਰਕਮ ਦੀ ਅਦਾਇਗੀ ਵਿੱਚ ਕੁਤਾਹੀ ਜਾਰੀ ਰਹਿੰਦੀ ਹੈ ਤਾਂ ਵੰਡ ਲਾਇਸੈਂਸੀ ਖਪਤਕਾਰ ਨਾਲ ਤਾਮੀਲ ਕੀਤਾ ਗਿਆ ਇੰਕਰਾਰਨਾਮਾ ਸਮਾਪਤ ਕਰ ਦੇਵੇਗਾ ਅਤੇ ਖਪਤਕਾਰ ਨੂੰ ਬਿਜਲੀ ਦੀ ਸਪਲਾਈ ਨਾਲ ਜੁੜੀ ਬਿਜਲੀ ਦੀ ਲਾਈਨ ਜਾਂ ਕਾਰਜ ਹਟਾ ਸਕਦਾ ਹੈ।

33.2 ਖਪਤਕਾਰ ਭਵਿਖ ਦੀ ਤਾਰੀਖ ਤੋਂ ਸਪਲਾਈ ਕੱਟਣ ਅਤੇ ਇਕਰਾਰਨਾਮਾ ਸਮਾਪਤ ਕਰਨ ਵਾਸਤੇ ਵੰਡ ਲਾਇਸੈਂਸੀ ਨੂੰ ਬੇਨਤੀ ਵੀ ਕਰ ਸਕਦਾ ਹੈ। ਅਜਿਹੀ ਬੇਨਤੀ ਦੀ ਪ੍ਰਾਪਤੀ ਉਤੇ, ਸਪਲਾਈ ਨੂੰ ਵੰਡ ਲਾਇਸੈਂਸੀ ਦੁਆਰਾ ਬੇਨਤੀ ਕਰਨ ਦੀ ਤਾਰੀਖ ਤੋਂ ਕੱਟ ਦਿੱਤਾ ਜਾਵੇਗਾ ਅਤੇ ਖਪਤਕਾਰ ਨੂੰ ਇਸ ਦੀ ਸਮਾਪਤੀ ਦੀ ਤਾਰੀਖ ਤੱਕ ਦੇ ਸਮੇਂ ਲਈ ਬਿਲ ਦਿੱਤਾ ਜਾਵੇਗਾ।

33.3 ਉਪਰੋਕਤ ਦੱਸੇ ਗਏ ਇਕਰਾਰਨਾਮੇ ਦੀ ਸਮਾਪਤੀ ਉਤੇ, ਖਪਤਕਾਰ ਵੰਡ ਲਾਇਸੈਂਸੀ ਨੂੰ ਇਸ ਦੀ ਸਮਾਪਤੀ ਦੀ ਮਿਤੀ ਅਨੁਸਾਰ ਪੁਰਾਣੇ ਇਕਰਾਰਨਾਮੇ ਅਧੀਨ ਬਣਦੀ ਸਾਰੀ ਰਕਮ ਅਦਾ ਕਰੇਗਾ।

33.4 ਜਿਥੇ ਬਿਜਲੀ ਦੀ ਸਪਲਾਈ ਲਈ ਇਕਰਾਰਨਾਮਾ ਸਪਲਾਈ ਕੋਡ ਦੇ ਉਪਬੰਧਾਂ ਅਨੁਸਾਰ ਸਮਾਪਤ ਹੋ ਜਾਂਦਾ ਹੈ ਤਾਂ ਵੰਡ ਲਾਇਸੈਂਸੀ ਇਕਰਾਰਨਾਮੇ ਦੀ ਸਮਾਪਤੀ ਦੀ ਤਾਰੀਖ ਤੋਂ ਇਕ ਮਹੀਨੇ ਦੇ ਅੰਦਰ ਅੰਦਰ ਖਪਤਕਾਰ ਵਿਰੁੱਧ ਬਾਕੀ ਖੜੀ ਰਕਮ ਦਾ ਸਮਾਧਾਨ ਕਰਨ ਮਗਰੋਂ ਸਿਕਿਉਰਟੀ ( ਖਪਤ ) ਅਤੇ ਸਿਕਿਉਰਟੀ ( ਮੀਟਰ ) ਵਾਪਸ ਕਰ ਦੇਵੇਗਾ। ਜੇਕਰ ਬਣਦੀ ਵਾਪਸ ਕਰਨ ਵਾਲੀ ਰਕਮ ਇਕਰਾਰਨਾਮੇ ਦੇ ਸਮਾਪਤ ਹੋਣ ਤੋਂ ਇਕ ਮਹੀਨੇ ਦੇ ਸਮੇਂ ਬਾਦ ਦੇਰੀ ਨਾਲ ਵਾਪਸ ਕੀਤੀ ਜਾਂਦੀ ਹੈ ਤਾਂ ਵੰਡ ਲਾਇਸੈਂਸੀ, ਖਪਤਕਾਰ ਦੇ ਹੋਰ ਅਧਿਕਾਰਾਂ ਦਾ ਪਖ-ਪਾਤ ਕੀਤੇ ਬਿਨਾਂ, ਅਜਿਹੀ ਵਾਪਸੀ ਦੀ ਰਕਮ ਉਤੇ ਅਜਿਹੇ ਦੇਰੀ ਦੇ ਸਮੇਂ ਲਈ ਸਬੰਧਤ ਸਾਲ ਦੀ ਪਹਿਲੀ ਅਪ੍ਰੈਲ ਨੂੰ ਪ੍ਰਚਲਤ ਐਸ. ਬੀ. ਆਈ ਦੇ ਆਧਾਰ ਦਰ ਦਾ ਦੁਗਣਾ ਜਮ੍ਹਾਂ 2% ’ਤੇ ਵਿਆਜ ਅਦਾ ਕਰੇਗਾ।

## 34. ਬਿਜਲੀ ਦੀ ਸਪਲਾਈ ਦੀ ਬਹਾਲੀ

34.1 ਜੇਕਰ ਵੰਡ ਲਾਇਸੈਂਸੀ ਨੂੰ ਉਚਿਤ ਰੂਪ ਵਿੱਚ ਇਹ ਵਿਸ਼ਵਾਸ਼ ਹੋਵੇ ਕਿ ਉਹ ਪਰਿਸਥਿਤੀਆਂ ਜਿਹਨਾਂ ਕਰਕੇ ਕੁਨੈਕਸ਼ਨ ਕੱਟਿਆ ਗਿਆ, ਵਾਸਤਵ ਵਿੱਚ ਵੰਡ ਲਾਇਸੈਂਸੀ ਦੀ ਤਰਫੋਂ ਇਕ ਕੁਤਾਹੀ ਸੀ ਤਾਂ ਖਪਤਕਾਰ ਨੂੰ ਸਪਲਾਈ ਤੁਰੰਤ ਮੁੜ ਜੋੜ ( reconnected ) ਦਿੱਤੀ ਜਾਵੇਗੀ।

ਅਜਿਹੇ ਮੌਕੇ ਉਤੇ, ਕਿਸੇ ਵੀ ਕਾਰਨ ਕਰਕੇ ਕੋਈ ਵੀ ਚਾਰਜਿਜ਼ ਖਪਤਕਾਰ ਤੋਂ ਵਸੂਲੀ ਯੋਗ ਨਹੀਂ ਹੋਣਗੇ।

34.2 ਜਿਥੇ ਵੰਡ ਲਾਇਸੈਂਸੀ ਨੇ ਖਪਤਕਾਰ ਦੀ ਤਰਫੋਂ ਕਿਸੇ ਕੁਤਾਹੀ ਕਰਨ ਦੇ ਫਲਸਰੂਪ ਕਿਸੇ ਅਹਾਤੇ ਦੀ ਬਿਜਲੀ ਦੀ ਸਪਲਾਈ ਦਾ ਕੁਨੈਕਸ਼ਨ ਕੱਟ ਦਿੱਤਾ ਹੈ ਅਤੇ ਜੇਕਰ ਖਪਤਕਾਰ ਕੁਨੈਕਸ਼ਨ ਕੱਟਣ ਦੀ ਮਿਤੀ ਤੋਂ 6 ਮਹੀਨਿਆਂ ਦੇ ਅੰਦਰ ਅੰਦਰ ਮੁੜ ਕੁਨੈਕਸ਼ਨ ਚਾਹੁੰਦਾ ਹੈ ਬਸ਼ਰਤੇ ਕਿ ਸਰਵਿਸ ਲਾਈਨ ਨੂੰ ਉਖਾੜ ਨਾ ਦਿੱਤਾ ਗਿਆ ਹੋਵੇ, ਤਦ ਵੰਡ ਲਾਇਸੈਂਸੀ ਉਸ ਸਮੇਂ ਤੋਂ ਚੌਵੀ (24) ਘੰਟਿਆਂ ਦੇ ਅੰਦਰ ਅੰਦਰ ਬਿਜਲੀ ਦੀ ਸਪਲਾਈ (ਚੋਰੀ ਦੇ ਕੇਸਾਂ ਤੋਂ ਹੋਰਵੇਂ) ਬਹਾਲ ਕਰ ਦੇਵੇਗਾ ਜਿਸ ਸਮੇਂ ਤੋਂ ਖਪਤਕਾਰ : –

(ੳ) ਕੁਤਾਹੀ ਨੂੰ ਠੀਕ ਕਰੇ ਅਤੇ ਬਾਕੀ ਖੜੀ ਰਕਮ ਦੀ ਪਹਿਲੀ ਕਿਸ਼ਤ (ਜੇਕਰ ਕਿਸ਼ਤਾਂ ਵਿੱਚ ਚਾਰਜਿਜ਼ ਜਮ੍ਹਾਂ ਕਰਾਉਣ ਦੀ ਇਜਾਜ਼ਤ ਦਿੱਤੀ ਗਈ ਹੋਵੇ) ਦੀ ਅਦਾਇਗੀ ਕਰੇ। ਪਰੰਤੂ ਜੇਕਰ ਖਪਤਕਾਰ ਦੂਜੀ ਕਿਸ਼ਤ ਜਮ੍ਹਾਂ ਕਰਵਾਉਣ ਵਿੱਚ ਉਕਾਈ ਕਰ ਦੇਵੇ ਤਾਂ ਕੁਨੈਕਸ਼ਨ ਦੁਬਾਰਾ ਕੱਟ ਦਿੱਤਾ ਜਾਵੇਗਾ ਅਤੇ ਤਦ ਸਪਲਾਈ ਕੁਲ ਬਾਕੀ ਖੜੀ ਰਕਮ ਦੀ ਵਸੂਲੀ ਮਗਰੋਂ ਹੀ ਕੇਵਲ ਬਹਾਲ ਕੀਤੀ ਜਾਵੇਗੀ। ਜੇਕਰ ਖਪਤਕਾਰ ਬਿਜਲੀ ਦੀ ਚੋਰੀ ਦਾ ਸਹਾਰਾ ਲੈਂਦਾ ਪਾਇਆ ਗਿਆ ਤਾਂ ਸਪਲਾਈ ਵਿਨਿਯਮ 37.2.3 (ੲ) ਵਿੱਚ ਸੁਨਿਸ਼ਚਿਤ ਕੀਤੇ ਗਏ ਅਨੁਸਾਰ ਸਮੁੱਚੀ ਰਕਮ ਦੀ ਵਸੂਲੀ ਕਰਨ ਮਗਰੋਂ ਹੀ ਕੇਵਲ ਬਹਾਲ ਕੀਤੀ ਜਾਵੇਗੀ।

(ਅ) ਬਿਜਲੀ ਦੀ ਸਪਲਾਈ ਦਾ ਕੁਨੈਕਸ਼ਨ ਕੱਟਣ ਅਤੇ ਮੁੜ ਜੋੜਨ ਲਈ ਜਨਰਲ ਚਾਰਜਿਜ਼ ਦੀ ਅਨੁਸੂਚੀ ਅਨੁਸਾਰ ਨਿਰਧਾਰਿਤ ਰਕਮ, ਜੇਕਰ ਕੋਈ ਹੋਵੇ, ਦੀ ਅਦਾਇਗੀ ਕਰੇ ; ਅਤੇ

(ੲ) ਬਿਜਲੀ ਦੀ ਸਪਲਾਈ ਦੇ ਕੱਟੇ ਗਏ ਕੁਨੈਕਸ਼ਨ ਦੇ ਸਮੇਂ ਲਈ ਮਾਸਿਕ ਨਿਊਨਤਮ ਚਾਰਜਿਜ਼/ ਨਿਸ਼ਚਿਤ ਚਾਰਜਿਜ਼ ਦੀ ਅਤੇ ਦੇਰੀ ਨਾਲ ਅਦਾਇਗੀ ਕਰਨ ਲਈ ਅਤਿਰਿਕਤ ਚਾਰਜਿਜ਼ ਦੀ ਅਦਾਇਗੀ ਕਰੇ।

ਪਰੰਤੂ ਬਸ਼ਰਤੇ ਕਿ ਜੇਕਰ ਖਪਤਕਾਰ ਨੂੰ ਬਿਜਲੀ ਦੀ ਸਪਲਾਈ ਕਰ ਰਹੀ ਬਿਜਲੀ ਦੀ ਲਾਈਨ ਜਾਂ ਪਲਾਂਟ ਨੂੰ ਕੁਨੈਕਸ਼ਨ ਕੱਟ ਦਿੱਤੇ ਜਾਣ ਕਰਕੇ ਹਟਾ ਦਿੱਤਾ ਗਿਆ ਹੈ ਤਾਂ ਵੰਡ ਲਾਇਸੈਂਸੀ ਨਵੇਂ ਕੁਨੈਕਸ਼ਨ ਦੇ ਕੇਸ ਵਿੱਚ ਸੁਨਿਸ਼ਚਿਤ ਕੀਤੇ ਗਏ ਸਮੇਂ ਦੇ ਅੰਦਰ ਅੰਦਰ ਬਿਜਲੀ ਦੀ ਲਾਈਨ ਜਾਂ ਪਲਾਂਟ ਮੁਹੱਈਆ ਕਰਨ ਵਾਸਤੇ ਕਾਰਜ ਹੱਥ ਵਿੱਚ ਲੈਣ ਮਗਰੋਂ ਸਪਲਾਈ ਬਹਾਲ ਕਰ ਦੇਵੇਗਾ ਅਤੇ ਖਪਤਕਾਰ ਚਾਰਜਿਜ਼ ਇਵੇਂ ਜਮ੍ਹਾਂ ਕਰਵਾਏਗਾ ਜਿਵੇਂ ਜੇਕਰ ਨਵਾਂ ਕੁਨੈਕਸ਼ਨ ਜਾਰੀ ਕੀਤਾ ਜਾ ਰਿਹਾ ਹੋਵੇ।

34.3 ਜਿਥੇ ਖਪਤਕਾਰ ਦਾ ਕੁਨੈਕਸ਼ਨ 6 ਮਹੀਨਿਆਂ ਤੋਂ ਜ਼ਿਆਦਾ ਸਮੇਂ ਤੋਂ ਕੱਟਿਆ ਗਿਆ ਹੋਵੇ ਪਰੰਤੂ ਵੋਲਟਤਾ ਦੇ ਬਾਵਜੂਦ ਉਸ ਦੀ ਸਰਵਿਸ ਲਾਈਨ / ਫੀਡਿੰਗ ਲਾਈਨ ਉਖਾੜੀ ਨਾ ਗਈ ਹੋਵੇ ਤਾਂ ਕੁਨੈਕਸ਼ਨ ਕੁਤਾਹੀ ਦੀ ਕਲੀਅਰੈਂਸ ਕਰਨ ਮਗਰੋਂ ਅਤੇ ਨਿਮਨ ਦਰਜ ਚਾਰਜਿਜ਼ ਦੀਆਂ ਵਸੂਲੀਆਂ ਕਰਨ ਮਗਰੋਂ ਹੀ ਜੋੜਿਆ ਜਾਵੇਗਾ : –

(ੳ) ਸਮੁੱਚੀ ਬਾਕੀ ਖੜੀ ਰਕਮ ;
(ਅ) ਕੁਨੈਕਸ਼ਨ ਕੱਟਣ ਦੇ ਸਮੇਂ ਲਈ ਮਾਸਿਕ ਨਿਊਨਤਮ ਚਾਰਜਿਜ਼ ; ਅਤੇ
(ੲ) ਜਨਰਲ ਚਾਰਜਿਜ਼ ਦੀ ਅਨੁਸੂਚੀ ਦੇ ਅਨੁਸਾਰ ਲਾਗੂ ਹੋਣ ਯੋਗ ਅਨੁਸਾਰ ਸਿਕਿਉਰਟੀ (ਖਪਤ) ਅਤੇ ਕੁਨੈਕਸ਼ਨ ਜੋੜਨ ਫੀਸ।

ਬਸ਼ਰਤੇ ਕਿ ਕੁਨੈਕਸ਼ਨ ਨੂੰ ਸਿਸਟਮ ਦੀ ਬਿਨਾਂ ਕਿਸੇ ਆਗਮੈਨਟੇਸ਼ਨ ਦੇ ਅਰਥਾਤ ਮੌਜੂਦਾ ਸਿਸਟਮ ਤੋਂ ਕੁਨੈਕਸ਼ਨ ਮੁੜ ਜੋੜਨਾ ਤਕਨੀਕੀ ਤੌਰ ਤੇ ਸੰਭਵ ਹੋਵੇ, ਤਾਂ ਮੁੜ ਜੋੜਿਆ ਜਾ ਸਕਦਾ ਹੈ।

## 35. ਵਾਦ-ਵਿਵਾਦ ਵਾਲੇ ਬਿਜਲੀ ਦੇ ਬਿਲ

### 35.1. ਚਲੰਤ ਊਰਜਾ ਬਿਲ

35.1.1 ਖਪਤਕਾਰ ਬਿਲ ਦੀ ਰਕਮ ਦੀ ਪੂਰੀ ਅਦਾਇਗੀ ਕਰੇਗਾ ਇਥੋਂ ਤੱਕ ਕਿ ਜੇਕਰ ਇਹ ਵਾਦ-ਵਿਵਾਦ ਵਾਲਾ ਹੋਵੇ, ਅਸਫਲ ਹੋਣ ਦੀ ਸੂਰਤ ਵਿੱਚ, ਵੰਡ ਲਾਇਸੈਂਸੀ ਇਸ ਨੂੰ ਅਣ-ਅਦਾਇਗੀ ਦੇ ਕੇਸ ਵਜੋਂ ਸਮਝਦਿਆਂ ਕਾਰਵਾਈ ਸ਼ੁਰੂ ਕਰ ਸਕਦਾ ਹੈ।

ਬਸ਼ਰਤੇ ਕਿ ਜੇਕਰ ਅਜਿਹਾ ਖਪਤਕਾਰ ਰੋਸ ਅਧੀਨ ਨਿਮਨ ਰਕਮ ਜਮ੍ਹਾਂ ਕਰਵਾਉਂਦਾ ਹੈ ਤਾਂ ਕੋਈ ਕਾਰਵਾਈ ਸ਼ੁਰੂ ਨਹੀਂ ਕੀਤੀ ਜਾਵੇਗੀ : -

(ੳ) ਉਸ ਤੋਂ ਕਲੇਮ ਕੀਤੀ ਗਈ ਰਕਮ ਦੇ ਬਰਾਬਰ ਰਕਮ ; ਜਾਂ

(ਅ) ਉਸ ਦੇ ਅਤੇ ਵੰਡ ਲਾਇਸੈਂਸੀ ਵਿਚਕਾਰ ਕਿਸੇ ਵਿਵਾਦ ਦਾ ਨਿਪਟਾਰਾ ਹੋਣ ਤੱਕ ਪੂਰਵਵਰਤੀ ਛੇ (6) ਮਹੀਨਿਆਂ ਦੌਰਾਨ ਉਸ ਦੁਆਰਾ ਅਦਾ ਕੀਤੇ ਗਏ ਬਿਜਲੀ ਲਈ ਔਸਤ ਚਾਰਜ ਦੇ ਆਧਾਰ ਉਤੇ ਗਿਣੇ ਗਏ ਹਰੇਕ ਮਹੀਨੇ ਲਈ ਬਿਜਲੀ ਦੇ ਚਾਰਜਿਜ਼, ਜਿਹੜੇ ਵੀ ਘੱਟ ਹੋਣ।

35.1.2 ਵੰਡ ਲਾਇਸੈਂਸੀ ਇਸ ਦੇ ਅਧਿਸੂਚਿਤ ਕੀਤੇ ਦਫਤਰ ਵਿੱਚ ਖਪਤਕਾਰ ਤੋਂ ਸ਼ਿਕਾਇਤ ਦੀ ਪ੍ਰਾਪਤੀ ਮਗਰੋਂ, ਵਿਵਾਦ ਵਾਲੇ ਬਿਲ ਉਤੇ ਫੈਸਲਾ ਜੇਕਰ ਕੋਈ ਅਤਿਰਿਕਤ ਜਾਣਕਾਰੀ ਦੀ ਲੋੜ ਨਹੀਂ ਹੈ ਤਾਂ ਚੌਵੀ (24) ਘੰਟਿਆਂ ਦੇ ਅੰਦਰ ਅੰਦਰ ਅਤੇ ਜੇਕਰ ਕਿਸੇ ਅਤਿਰਿਕਤ ਜਾਣਕਾਰੀ ਦੀ ਲੋੜ ਹੋਵੇ ਤਾਂ ਸਤ (7) ਕਾਰਜੀ ਦਿਨਾਂ ਦੇ ਅੰਦਰ ਅੰਦਰ ਕਰੇਗਾ।

35.1.3 ਜੇਕਰ ਸ਼ਿਕਾਇਤ ਦੀ ਜਾਂਚ-ਪੜਤਾਲ ਕਰਨ ਉਤੇ, ਵੰਡ ਲਾਇਸੈਂਸੀ ਬਿਲ ਗਲਤ ਪਾਉਂਦਾ ਹੈ ਤਾਂ ਇਕ ਸੋਧਿਆ ਬਿਲ ਅਦਾਇਗੀ ਦੀ ਸੋਧੀ ਨਿਯਤ ਮਿਤੀ ਦਰਸਾਉਂਦਾ ਖਪਤਕਾਰ ਨੂੰ ਜਾਰੀ ਕੀਤਾ ਜਾਵੇਗਾ, ਜਿਹੜੀ (ਮਿਤੀ) ਕਿ ਖਪਤਕਾਰ ਨੂੰ ਸੋਧੇ ਬਿਲ ਦੀ ਡਲਿਵਰੀ ਦੀ ਮਿਤੀ ਤੋਂ 7 ਦਿਨਾਂ ਤੋਂ ਪਹਿਲਾਂ ਦੀ ਨਹੀਂ ਹੋਵੇਗੀ। ਜੇਕਰ ਵਿਨਿਯਮ 35.1.1 ਅਧੀਨ ਖਪਤਕਾਰ ਦੁਆਰਾ ਅਦਾ ਕੀਤੀ ਗਈ ਰਕਮ ਸੋਧੇ ਬਿਲ ਤੋਂ ਵਧੀਕ ਹੈ ਤਾਂ ਅਜਿਹੀ ਵਧੀਕ ਰਕਮ ਪਹਿਲਾਂ ਵੰਡ ਲਾਇਸੈਂਸੀ ਵੱਲ ਬਾਕੀ ਖੜੀ ਕਿਸੇ ਵੀ ਰਕਮ ਵਿਰੁੱਧ ਅਤੇ ਤਦ ਉਸ ਮਗਰੋਂ ਤੁਰੰਤ ਵੰਡ ਲਾਇਸੈਂਸੀ ਵੱਲ ਬਕਾਇਆ ਬਣ ਰਹੀ ਰਕਮ ਵਿਰੁੱਧ ਸਮਾਧਾਨ ਕਰਨ ਰਾਹੀਂ ਵਾਪਸ ਕੀਤੀ ਜਾਵੇਗੀ। ਵੰਡ ਲਾਇਸੈਂਸੀ ਅਜਿਹੇ ਖਪਤਕਾਰ ਨੂੰ ਅਦਾਇਗੀ ਦੀ ਮਿਤੀ ਤੋਂ ਉਸ ਸਮੇਂ ਤੱਕ ਜਦੋਂ ਤੱਕ ਕਿ ਵਧੀਕ ਰਕਮ ਸਮਾਧਾਨ ਨਾ ਹੋ ਜਾਵੇ, ਵਧੀਕ ਰਕਮ ਉਤੇ ਸਬੰਧਤ ਸਾਲ ਦੀ ਪਹਿਲੀ ਅਪ੍ਰੈਲ ਨੂੰ ਪ੍ਰਚਲਤ ਐਸ. ਬੀ. ਆਈ ਦੇ ਆਧਾਰ ਦਰ ਦਾ ਦੁਗਣਾ ਜਮ੍ਹਾਂ 2% 'ਤੇ ਵਿਆਜ ਅਦਾ ਕਰੇਗਾ।

35.1.4 ਜੇਕਰ ਵੰਡ ਲਾਇਸੈਂਸੀ ਬਿਲ ਨੂੰ ਠੀਕ ਹੋਣਾ ਪਾਉਂਦਾ ਹੈ ਤਾਂ ਖਪਤਕਾਰ ਨੂੰ ਇਸ ਅਨੁਸਾਰ ਸੂਚਿਤ ਕੀਤਾ ਜਾਵੇਗਾ ਅਤੇ ਬਕਾਇਆ ਰਕਮ, ਜੇਕਰ ਕੋਈ ਹੋਵੇ, ਅਤੇ ਇਸ ਦੇ ਨਾਲ ਬਿਲ ਵਿੱਚ ਮੁੱਢਲੇ ਤੌਰ ਤੇ ਦਰਸਾਈ ਗਈ ਨਿਯਮ ਮਿਤੀ ਤੋਂ ਦੇਰੀ ਨਾਲ ਅਦਾਇਗੀ ਕਰਨ ਵਾਸਤੇ ਅਤਿਰਿਕਤ ਚਾਰਜਿਜ਼ ਦੀ ਅਦਾਇਗੀ ਕਰਨੀ ਪਵੇਗੀ।

35.1.5 ਜੇਕਰ ਖਪਤਕਾਰ ਵੰਡ ਲਾਇਸੈਂਸੀ ਦੇ ਫੈਸਲੇ ਤੋਂ ਸੰਤੁਸ਼ਟ ਨਹੀਂ ਹੈ ਤਾਂ ਉਹ ਵਿਨਿਯਮ 35.1.1 ਅਨੁਸਾਰ ਅਦਾਇਗੀ ਕਰਨ ਮਗਰੋਂ, ਕਮਿਸ਼ਨ ਦੁਆਰਾ ਅਧਿਸੂਚਿਤ ਖਪਤਕਾਰ ਸ਼ਿਕਾਇਤ ਹੈਂਡਲਿੰਗ ਕਾਰਜਵਿਧੀ ਅਤੇ/ ਜਾਂ ਪੰ. ਰਾ. ਬਿ. ਰੈ. ਕ. (ਫੋਰਮ ਅਤੇ ਲੋਕਪਾਲ) ਵਿਨਿਯਮ, 2005 ਅਨੁਸਾਰ ਨਿਵਿਰਤੀ ਦੀ ਮੰਗ ਕਰ ਸਕਦਾ ਹੈ।

35.2 **ਬਕਾਏ ਦੇ ਬਿਲ**

ਬਿਜਲੀ ਦੀ ਅਣਅਧਿਕਾਰਿਤ ਵਰਤੋਂ (ਯੂ. ਯੂ. ਈ.) ਅਤੇ ਬਿਜਲੀ ਦੀ ਚੋਰੀ ਲਈ ਚਾਰਜਿਜ਼ ਤੋਂ ਹੋਰਵੇਂ ਬਕਾਇਆਂ ਬਿਲਾਂ ਦੇ ਕੇਸ ਵਿੱਚ, ਜਿਥੇ ਅਨੁਪੂਰਕ ਰਕਮ ਪਹਿਲੇ ਸਮੇਂ ਨਾਲ ਸਬੰਧਤ ਹੈ ਅਤੇ ਖਪਤਕਾਰ ਅਜਿਹੀ ਮੰਗ ਨਾਲ ਸੰਤੁਸ਼ਟ ਨਹੀਂ ਹੈ ਤਾਂ ਉਹ ਕਮਿਸ਼ਨ ਦੁਆਰਾ ਪ੍ਰਵਾਨਤ ਖਪਤਕਾਰ ਸ਼ਿਕਾਇਤ ਹੈਂਡਲਿੰਗ ਕਾਰਜਵਿਧੀ ਅਤੇ / ਜਾਂ ਖਪਤਕਾਰ ਦੇ ਸ਼ਿਕਵੇ-ਸ਼ਿਕਾਇਤ ਦੀ ਨਿਵਿਰਤੀ ਲਈ ਫੋਰਮ ਅਧੀਨ ਆਪਣੇ ਕੇਸ ਦੀ ਨਿਵਿਰਤੀ ਦੀ ਮੰਗ ਕਰ ਸਕਦਾ ਹੈ।

# ਅਧਿਆਇ – VIII

## ਬਿਜਲੀ ਦੀ ਅਣ–ਅਧਿਕਾਰਿਤ ਵਰਤੋਂ ਅਤੇ ਬਿਜਲੀ ਦੀ ਚੋਰੀ

### 36. ਬਿਜਲੀ ਦੀ ਅਣ–ਅਧਿਕਾਰਿਤ ਵਰਤੋਂ

ਐਕਟ ਦੀ ਧਾਰਾ 126 ਅਧੀਨ, ਬਿਜਲੀ ਦੀ ਅਣ-ਅਧਿਕਾਰਿਤ ਵਰਤੋਂ ਦਾ ਭਾਵ ਬਿਜਲੀ ਦੀ ਨਿਮਨ ਅਨੁਸਾਰ ਵਰਤੋਂ : –

(ੳ) ਕਿਸੇ ਬਨਾਵਟੀ ਸਾਧਨ ਦੁਆਰਾ ; ਜਾਂ

(ਅ) ਸਬੰਧਤ ਵਿਅਕਤੀ ਜਾਂ ਅਥਾਰਟੀ ਜਾਂ ਲਾਇਸੈਂਸੀ ਦੁਆਰਾ ਅਧਿਕਾਰਿਤ ਨਾ ਕੀਤੇ ਸਾਧਨਾਂ ਦੁਆਰਾ ਜਾਂ

(ੲ) ਮੀਟਰ ਦੀ ਛੇੜ–ਛਾੜ ਰਾਹੀਂ ; ਜਾਂ

(ਸ) ਜਿਸ ਲਈ ਬਿਜਲੀ ਦੀ ਵਰਤੋਂ ਅਧਿਕਾਰਿਤ ਸੀ ਤੋਂ ਹੋਰ ਕਿਸੇ ਮੰਤਵ ਲਈ ; ਜਾਂ

(ਹ) ਉਹਨਾਂ ਅਹਾਤਿਆਂ ਜਾਂ ਖੇਤਰਾਂ ਲਈ ਜਿਹਨਾਂ ਲਈ ਬਿਜਲੀ ਦੀ ਸਪਲਾਈ ਅਧਿਕਾਰਿਤ ਸੀ ਤੋਂ ਹੋਰਵੇਂ ਅਹਾਤਿਆਂ ਜਾਂ ਖੇਤਰਾਂ ਲਈ।

#### 36.1 ਬਿਜਲੀ ਦੀ ਅਣ–ਅਧਿਕਾਰਿਤ ਵਰਤੋਂ ਦੇ ਕੇਸ ਵਿੱਚ ਕਾਰਜਵਿਧੀ

36.1.1 ਇਕ ਨਿਰਧਾਰਣ ਅਧਿਕਾਰੀ, ਜਿਸ ਨੂੰ ਰਾਜ ਸਰਕਾਰ ਦੁਆਰਾ ਇਸ ਤਰ੍ਹਾਂ ਉਪਾਧਿਤ (designated) ਕੀਤਾ ਗਿਆ ਹੈ (ਅਨੁਲਗ - 9), ਕਿਸੇ ਵੀ ਸਥਾਨ ਜਾਂ ਅਹਾਤੇ ਵਿੱਚ ਬਿਜਲੀ ਦੀ ਅਣਅਧਿਕਾਰਿਤ ਵਰਤੋਂ ਦੇ ਸਬੰਧ ਵਿੱਚ ਆਪਣੇ ਆਪ ਜਾਂ ਸੂਚਨਾ/ ਸ਼ਿਕਾਇਤ ਦੇ ਪ੍ਰਾਪਤ ਹੋਣ ਉਤੇ ਅਜਿਹੇ ਸਥਾਨ/ ਅਹਾਤੇ ਦਾ ਤੁਰੰਤ ਨਿਰੀਖਣ ਕਰੇਗਾ।

36.1.2 ਨਿਰਧਾਰਣ ਅਧਿਕਾਰੀ ਅਤੇ ਉਸ ਦੀ ਟੀਮ ਦੇ ਹੋਰ ਮੈਂਬਰ ਨਿਰੀਖਣ ਦੇ ਸਮੇਂ ’ਤੇ ਆਪਣੇ ਨਾਲ ਸ਼ਨਾਖਤੀ ਕਾਰਡ ਰੱਖਣਗੇ, ਜਿਹੜਾ ਕਿ ਮੰਗ ਕਰਨ ’ਤੇ ਅਹਾਤੇ ਵਿੱਚ ਪ੍ਰਵੇਸ਼ ਕਰਨ ਤੋਂ ਪਹਿਲਾਂ ਸਥੱਲ ’ਤੇ ਮੌਜੂਦ ਵਿਅਕਤੀ ਨੂੰ ਦਿਖਾਇਆ ਜਾਵੇਗਾ।

36.1.3 ਨਿਰੀਖਣ ਰਿਪੋਰਟ

ਜੇਕਰ ਅਹਾਤਿਆਂ / ਸਥਾਨ ਦਾ ਨਿਰੀਖਣ ਕਰਨ ਉਤੇ ਜਾਂ ਉਪਕਰਣ, ਗੈਜੇਟਾਂ, ਮਸ਼ੀਨਾਂ, ਯੰਤਰਾਂ ਦੇ ਨਿਰੀਖਣ ਮਗਰੋਂ ਜੋੜੇ ਗਏ ਜਾਂ ਵਰਤੇ ਗਏ ਪਾਏ ਗਏ ਜਾਂ ਵਿਅਕਤੀ ਦੁਆਰਾ ਰੱਖ ਗਏ ( ਮੇਨਟੇਨ ਕੀਤੇ ) ਰਿਕਾਰਡਾਂ ਦਾ ਨਿਰੀਖਣ ਕਰਨ ਮਗਰੋਂ, ਨਿਰਧਾਰਣ ਅਫਸਰ ਇਸ ਸਿੱਟੇ ’ਤੇ ਪਹੁੰਚਦਾ ਹੈ ਕਿ ਅਜਿਹਾ ਵਿਅਕਤੀ ਐਕਟ ਦੀ ਧਾਰਾ 126 ਅਨੁਸਾਰ ਬਿਜਲੀ ਦੀ ਅਣਅਧਿਕਾਰਿਤ ਵਰਤੋਂ ਕਰਨ ਵਿੱਚ ਰੁਝਿਆ ਹੋਇਆ ਹੈ ਤਾਂ ਉਹ ਕੁਨੈਕਟਿਡ ਲੋਡ ਅਤੇ ਅਜਿਹੇ ਵਿਅਕਤੀ ਦੁਆਰਾ ਅਣਅਧਿਕਾਰਿਤ ਤੌਰ ਤੇ ਵਰਤੇ ਜਾ ਰਹੇ ਲੋਡ ਦਰਸਾਂਦੇ ਹੋਏ ਹੋਰਨਾਂ ਗਲਾਂ ਦੇ ਨਾਲ ਨਾਲ ਇਕ ਨਿਰੀਖਣ ਰਿਪੋਰਟ ਵੀ ਤਿਆਰ ਕਰਨਗੇ। ਨਿਰੀਖਣ ਰਿਪੋਰਟ ਵਿੱਚ ਸੀਲਾਂ/ ਮੀਟਰ ਦੀ ਹਾਲਤ ਦਸੀ ਜਾਵੇਗੀ ਅਤੇ ਬਿਜਲੀ ਦੀ ਅਣਅਧਿਕਾਰਿਤ ਵਰਤੋਂ ਨੂੰ ਪ੍ਰਮਾਣਤ ਕਰਦੇ ਸਬੂਤ ਦੇ ਵੇਰਵੇ ਵੀ ਦਿੱਤੇ ਜਾਣਗੇ। ਨਿਰਧਾਰਣ ਅਧਿਕਾਰੀ ਜਿਥੇ ਕਿਤੇ ਸੰਭਵ ਹੋਵੇ ਅਜਿਹੀ ਅਣਅਧਿਕਾਰਿਤ ਵਰਤੋਂ ਦੇ ਸਾਧਨਾਂ ਦੇ ਫੋਟੋਗ੍ਰਾਫ ਅਤੇ ਵੀਡੀਓਗ੍ਰਾਫ ਵੀ ਲਵੇਗਾ।

36.1.4 ਨਿਰੀਖਣ ਰਿਪੋਰਟ ਨਿਰਧਾਰਣ ਅਧਿਕਾਰੀ ਦੁਆਰਾ ਹਸਤਾਖਰ ਕੀਤੀ ਜਾਵੇਗੀ ਅਤੇ ਉਸ ਦੀ ਇਕ ਕਾਪੀ ਸਥੱਲ 'ਤੇ ਮੌਜੂਦ ਵਿਅਕਤੀ / ਖਪਤਕਾਰ ਜਾਂ ਉਸ ਦੇ ਪ੍ਰਤਿਨਿਧ ਨੂੰ ਵੀ ਸੌਂਪੀ ਜਾਵੇਗੀ। ਰਿਪੋਰਟ ਨੂੰ ਪ੍ਰਵਾਨ ਕਰਨ ਤੋਂ ਇਨਕਾਰ ਕਰਨ ਦੀ ਸੂਰਤ ਵਿੱਚ, ਨਿਰੀਖਣ ਰਿਪੋਰਟ ਦੀ ਇਕ ਕਾਪੀ ਅਹਾਤੇ ਦੇ ਵਿੱਚ / ਬਾਹਰ ਕਿਸੇ ਆਕਰਸ਼ਕ ਸਥਾਨ 'ਤੇ ਚਿਪਕਾ ਦਿੱਤੀ ਜਾਵੇਗੀ ਅਤੇ ਹੋਰ ਦੂਜੀ ਰਜਿਸਟਰਡ ਡਾਕ ਅਧੀਨ ਭੇਜ ਦਿੱਤੀ ਜਾਵੇਗੀ। ਨਿਰੀਖਣ ਰਿਪੋਰਟ ਸਥੱਲ 'ਤੇ ਮੌਜੂਦ ਵਿਅਕਤੀ ਦੁਆਰਾ ਵੀ ਹਸਤਾਖਰ ਕੀਤੀ ਜਾਵੇਗੀ।

36.1.5 ਜੇਕਰ ਬਿਜਲੀ ਦੀ ਚੋਰੀ ਵਿਨਿਯਮ 36.1.1 ਅਧੀਨ ਨਿਰੀਖਣ ਦੇ ਸਮੇਂ 'ਤੇ ਨਿਰਧਾਰਣ ਅਧਿਕਾਰੀ ਦੁਆਰਾ ਸੰਦੇਹਜਨਕ ਹੈ ਅਤੇ ਜੇਕਰ ਨਿਰਧਾਰਣ ਅਧਿਕਾਰੀ ਆਪ ਐਕਟ ਦੀ ਧਾਰਾ 135 ਅਧੀਨ ਇਕ ਅਧਿਕਾਰਿਤ ਅਧਿਕਾਰੀ ਨਹੀਂ ਹੈ ਤਾਂ ਤੱਥਾਂ ਦੀ ਰਿਪੋਰਟਿੰਗ ਕਰਦਾ ਇਕ ਤੁਰੰਤ ਹਵਾਲਾ ਵਿਨਿਯਮ 37 ਅਧੀਨ ਅਗਲੇਰੀ ਕਾਰਵਾਈ ਕਰਨ ਲਈ ਅਧਿਕਾਰਿਤ ਅਧਿਕਾਰੀ ਨੂੰ ਕੀਤਾ ਜਾਵੇਗਾ। ਨਿਰਧਾਰਣ ਅਧਿਕਾਰੀ ਇਹ ਯਕੀਨੀ ਬਣਾਉਣ ਲਈ ਮੁਨਾਸਬ ਉਪਾਅ ਵੀ ਕਰੇਗਾ ਕਿ ਚੋਰੀ ਲਈ ਅਪਣਾਏ ਗਏ ਸਾਧਨਾਂ ਦੀ ਸਥਿਤੀ ਨੂੰ ਅਧਿਕਾਰਿਤ ਅਧਿਕਾਰੀ ਦੁਆਰਾ ਜਾਂਚ-ਪੜਤਾਲ ਸ਼ੁਰੂ ਕਰਨ ਤੱਕ ਅਹਾਤੇ 'ਤੇ "ਪਾਈ ਗਈ ਸਥਿਤੀ" ਵਿੱਚ ਰੱਖਿਆ ਗਿਆ ਹੈ।

36.1.6 ਆਰਜ਼ੀ ਨਿਰਧਾਰਣ

ਨਿਰਧਾਰਣ ਅਧਿਕਾਰੀ ਇਹਨਾਂ ਵਿਨਿਯਮਾਂ ਦੇ ਅਨੁਲਗ- 8 ਵਿੱਚ ਉਲੇਖ ਕੀਤੀ ਗਈ ਕਾਰਜਵਿਧੀ ਦੇ ਅਨੁਸਾਰ ਬਿਜਲੀ ਦੀ ਅਣਅਧਿਕਾਰਿਤ ਵਰਤੋਂ ਦੁਆਰਾ ਫਾਇਦਾ ਉਠਾਉਣ ਵਾਲੇ ਅਜਿਹੇ ਵਿਅਕਤੀ ਜਾਂ ਕਿਸੇ ਹੋਰ ਵਿਅਕਤੀ ਦੁਆਰਾ ਅਦਾਇਗੀ ਯੋਗ ਬਿਜਲੀ ਚਾਰਜਿਜ਼ ਦਾ ਆਪਣੀ ਬੇਹਤਰ ਜਜਮੈਂਟ ਨਾਲ ਆਰਜ਼ੀ ਤੌਰ 'ਤੇ ਨਿਰਧਾਰਣ ਕਰੇਗਾ।

36.1.7 ਆਰਜ਼ੀ ਨਿਰਧਾਰਣ ਆਦੇਸ਼ ਨੂੰ ਨਿਰੀਖਣ ਦੇ ਬਹੱਤਰ (72) ਘੰਟਿਆਂ ਦੇ ਅੰਦਰ ਅੰਦਰ ਜਾਰੀ ਕੀਤਾ ਜਾਵੇਗਾ ਅਤੇ ਸਥਾਨ ਦੇ ਵਿਵਸਾਏ ਵਿੱਚ, ਕਾਬਜ਼ ਜਾਂ ਇੰਚਾਰਜ ਖਪਤਕਾਰ / ਵਿਅਕਤੀ ਨੂੰ ਦਿੱਤਾ ਜਾਵੇਗਾ। ਨਿਰਧਾਰਣ ਆਦੇਸ਼ ਵਿੱਚ ਸਪਸ਼ਟ ਰੂਪ ਵਿੱਚ ਮਿਤੀ ਅਤੇ ਸਮਾਂ ਜਿਸ ਤੱਕ ਅਤੇ ਨਿਰਧਾਰਣ ਅਧਿਕਾਰੀ, ਜਿਸ ਨੂੰ ਜਵਾਬ ਪੇਸ਼ ਕੀਤਾ ਜਾਣਾ ਹੈ, ਦਾ ਅਹੁਦਾ ਅਤੇ ਪਤਾ ਦਸਿਆ ਜਾਣਾ ਚਾਹੀਦਾ ਹੈ।

36.1.8 ਖਪਤਕਾਰ / ਵਿਅਕਤੀ, ਜਿਸ ਨੂੰ ਆਰਜ਼ੀ ਨਿਰਧਾਰਣ ਦਾ ਆਦੇਸ਼ ਦਿੱਤਾ ਗਿਆ ਹੈ, ਅਜਿਹੇ ਨਿਰਧਾਰਣ ਨੂੰ ਪ੍ਰਵਾਨ ਕਰੇ ਅਤੇ ਉਸ ਨੂੰ ਦਿੱਤੇ ਜਾ ਰਹੇ ਆਦੇਸ਼ ਤੋਂ 7 ਦਿਨਾਂ ਦੇ ਅੰਦਰ ਅੰਦਰ ਵੰਡ ਲਾਇਸੈਂਸੀ ਕੋਲ ਨਿਰਧਾਰਣ ਕੀਤੀ ਗਈ ਰਕਮ ਜਮ੍ਹਾਂ ਕਰਵਾਏ।

## 36.2 ਅੰਤਮ ਨਿਰਧਾਰਣ

36.2.1 ਕੋਈ ਵੀ ਖਪਤਕਾਰ / ਵਿਅਕਤੀ, ਜੋ ਆਰਜ਼ੀ ਨਿਰਧਾਰਣ ਨਾਲ ਸੰਤੁਸ਼ਟ ਨਹੀਂ ਹੈ ਤਾਂ ਉਹ ਉਸ ਨੂੰ ਦਿੱਤੇ ਗਏ ਆਦੇਸ਼ ਦੇ ਸਤ (7) ਦਿਨਾਂ ਦੇ ਅੰਦਰ ਅੰਦਰ ਨਿਰਧਾਰਣ ਅਧਿਕਾਰੀ ਸਨਮੁੱਖ ਆਰਜ਼ੀ ਨਿਰਧਾਰਣ ਆਦੇਸ਼ ਵਿਰੁੱਧ ਇਤਰਾਜ਼, ਜੇਕਰ ਕੋਈ ਹੋਣ, ਦਾਇਰ ਕਰਨ ਦਾ ਹੱਕਦਾਰ ਹੋਵੇਗਾ।

36.2.2 ਇਤਰਾਜ਼ਾਂ ਦੇ ਪੇਸ਼ ਕਰਨ ਦੇ ਸਤ (7) ਦਿਨਾਂ ਦੇ ਅੰਦਰ ਅੰਦਰ, ਨਿਰਧਾਰਣ ਅਧਿਕਾਰੀ ਕੇਸ ਦੀ ਛਾਣਬੀਣ ਕਰੇਗਾ ਅਤੇ ਜੇਕਰ ਬਿਜਲੀ ਦੀ ਕੋਈ ਅਣਅਧਿਕਾਰਿਤ ਵਰਤੋਂ ਸਥਾਪਿਤ ਨਹੀਂ ਹੁੰਦੀ ਤਾਂ ਕੇਸ ਨੂੰ ਤੁਰੰਤ ਖਤਮ ( droped ) ਕਰ ਦਿੱਤਾ ਜਾਵੇਗਾ ਅਤੇ ਇਸ ਅਨੁਸਾਰ ਵਿਅਕਤੀ / ਖਪਤਕਾਰ ਨੂੰ ਸੂਚਿਤ ਕੀਤਾ ਜਾਵੇਗਾ।

36.2.3 ਜੇਕਰ ਨਿਰਧਾਰਣ ਵਿਅਕਤੀ ਦਾ ਅੱਜੇ ਵੀ ਇਹ ਵਿਚਾਰ ਹੋਵੇ ਕਿ ਬਿਜਲੀ ਦੀ ਅਣਅਧਿਕਾਰਿਤ ਵਰਤੋਂ ਹੋਈ ਹੈ ਤਾਂ ਉਹ ਅਜਿਹੇ ਵਿਅਕਤੀ ਨੂੰ ਸੁਣਵਾਈ ਦੇ ਉਚਿਤ ਮੌਕੇ ਦੇਣ ਮਗਰੋਂ ਆਰਜ਼ੀ ਨਿਰਧਾਰਣ ਦਾ ਅਜਿਹਾ ਆਦੇਸ਼ ਦੇਣ ਦੀ ਮਿਤੀ ਤੋਂ ਤੀਹ (30) ਦਿਨਾਂ ਦੇ ਅੰਦਰ ਅੰਦਰ ਨਿਰਧਾਰਣ ਦਾ ਅੰਤਮ ਆਦੇਸ਼ ਪਾਸ ਕਰੇਗਾ। ਅਜਿਹੇ ਕੇਸ ਵਿੱਚ, ਨਿਰਧਾਰਣ ਅਧਿਕਾਰੀ ਇਹਨਾਂ ਵਿਨਿਯਮਾਂ ਦੇ ਅਨੁਲਗ- 8 ਵਿੱਚ ਦਿੱਤੀ ਗਈ ਕਾਰਜਵਿਧੀ ਦੇ ਅਨੁਸਾਰ ਬਿਜਲੀ ਖਪਤ ਅਤੇ ਬਿਜਲੀ ਦੇ ਚਾਰਜਿਜ਼ ਦਾ ਨਿਰਧਾਰਣ ਕਰੇਗਾ। ਅੰਤਮ ਨਿਰਧਾਰਣ ਆਦੇਸ਼ ਵਿੱਚ, ਇਹ ਸਪਸ਼ਟ ਰੂਪ ਵਿੱਚ ਦਸਿਆ ਜਾਵੇਗਾ ਕਿ ਉਕਤ ਅੰਤਮ ਆਦੇਸ਼ ਦੇ 30 ਦਿਨਾਂ ਦੇ ਅੰਦਰ ਅੰਦਰ ਐਕਟ ਦੀ ਧਾਰਾ 127 ਅਧੀਨ ਆਦੇਸ਼ ਅਪੀਲੀ ਅਥਾਰਟੀ ਸਨਮੁੱਖ ਚੁਣੋਤੀ ਦੇਣ ਯੋਗ ਹੈ, ਜੇਕਰ ਵਿਅਕਤੀ ਦੁਆਰਾ ਇਸ ਤਰ੍ਹਾਂ ਚਾਹਿਆ ਜਾਂਦਾ ਹੈ।

36.2.4 <u>ਨਿਰਧਾਰਣ ਕੀਤੀ ਗਈ ਰਕਮ ਦੀ ਅਦਾਇਗੀ</u>

ਖਪਤਕਾਰ / ਵਿਅਕਤੀ, ਜਿਸ ਨੂੰ ਨਿਰਧਾਰਣ ਦਾ ਅੰਤਮ ਆਦੇਸ਼ ਦਿੱਤਾ ਗਿਆ ਹੈ, ਇਸ ਨੂੰ ਪ੍ਰਵਾਨ ਕਰੇ ਅਤੇ ਨਿਰਧਾਰਣ ਦੇ ਅੰਤਮ ਆਦੇਸ਼ ਦੀ ਪ੍ਰਾਪਤੀ ਤੋਂ ਤੀਹ (30) ਦਿਨਾਂ ਦੇ ਅੰਦਰ ਅੰਦਰ ਵੰਡ ਲਾਇਸੈਂਸੀ ਕੋਲ ਨਿਰਧਾਰਿਤ ਕੀਤੀ ਰਕਮ ਜਮ੍ਹਾਂ ਕਰਵਾਏ। ਵੰਡ ਲਾਇਸੈਂਸੀ ਨਿਰਧਾਰਿਤ ਕੀਤੇ ਗਈ ਰਕਮ ਦੀ ਅਦਾਇਗੀ ਦੀ ਤਾਰੀਖ ਵਧਾ ਸਕਦਾ ਹੈ ਅਤੇ ਤੀਹ (30) ਦਿਨਾਂ ਤੋਂ ਬਾਅਦ ਵਧਾਏ ਗਏ ਸਮੇਂ ਲਈ ਅਣਅਦਾ ਕੀਤੀ ਰਕਮ ਉਤੇ ਸਬੰਧਤ ਸਾਲ ਦੀ ਪਹਿਲੀ ਅਪ੍ਰੈਲ ਨੂੰ ਪ੍ਰਚਲਤ ਐਸ. ਬੀ. ਆਈ ਦੇ ਆਧਾਰ ਦਰ ਜਮ੍ਹਾਂ 2% 'ਤੇ ਵਿਆਜ ਦੀ ਅਦਾਇਗੀ ਦੀ ਸ਼ਰਤ ਅਧੀਨ ਕਿਸ਼ਤਾਂ ਵਿੱਚ ਅਦਾਇਗੀ ਕਰਨ ਦੀ ਇਜਾਜ਼ਤ ਦੇ ਸਕਦਾ ਹੈ।

## 36.3 ਅਪੀਲੀ ਅਥਾਰਟੀ ਨੂੰ ਅਪੀਲ

36.3.1 ਵਿਨਿਯਮ 36.2 ਅਧੀਨ ਦਿੱਤੇ ਗਏ ਅੰਤਮ ਨਿਰਧਾਰਣ ਆਦੇਸ਼ ਦੁਆਰਾ ਪੀੜਤ ਖਪਤਕਾਰ / ਵਿਅਕਤੀ ਉਕਤ ਆਦੇਸ਼ ਦੇ ਤੀਹ (30) ਦਿਨਾਂ ਦੇ ਅੰਦਰ ਅੰਦਰ, "ਪੰ. ਰਾ. ਬਿ. ਰੈ. ਕ. ( ਅਪੀਲੀ ਅਥਾਰਟੀ ਸਨਮੁੱਖ ਅਪੀਲ ਦਾਇਰ ਕਰਨ ਦੀ ਕਾਰਜਵਿਧੀ )" ਵਿਨਿਯਮ, 2005 ਵਿੱਚ ਸੁਨਿਸ਼ਚਿਤ ਕੀਤੇ ਗਏ ਅਨੁਸਾਰ ਅਜਿਹੇ ਢੰਗ ਨਾਲ ਤਸਦੀਕ ਕੀਤੇ ਅਪੀਲ ਦੇ ਫਾਰਮ ( ਅਨੁਲਗ- 10 ) ਵਿੱਚ ਅਤੇ ਫੀਸ ਸਮੇਤ ਰਾਜ ਸਰਕਾਰ ਦੁਆਰਾ ਉਪਾਧਿਤ ਅਪੀਲੀ ਅਥਾਰਟੀ (ਅਨੁਲਗ- 9) ਸਨਮੁੱਖ ਅਪੀਲ ਦੇਣ ਨੂੰ ਤਰਜੀਹ ਦੇ ਸਕਦਾ ਹੈ।

36.3.2 ਕੋਈ ਵੀ ਅਪੀਲ ਅਪੀਲੀ ਅਥਾਰਟੀ ਦੁਆਰਾ ਉਦੋਂ ਤੱਕ ਵਿਚਾਰੀ ਨਹੀਂ ਜਾਵੇਗੀ ਜਦੋਂ ਤੱਕ ਖਪਤਕਾਰ / ਵਿਅਕਤੀ ਵਿਨਿਯਮ 36.2.4 ਅਨੁਸਾਰ ਪਹਿਲਾਂ ਹੀ ਜਮ੍ਹਾਂ ਕਰਵਾਈ ਗਈ ਰਕਮ ਸਮੇਤ ਨਿਰਧਾਰਣ ਕੀਤੀ ਗਈ ਰਕਮ ਦੇ ਅੱਧ ਦੇ ਬਰਾਬਰ ਰਕਮ ਵੰਡ ਲਾਇਸੈਂਸੀ ਕੋਲ ਜਮਾਂ ਨਹੀਂ ਕਰਵਾਉਂਦਾ ਅਤੇ ਅਪੀਲ ਦੇ ਨਾਲ ਅਜਿਹੀ ਰਕਮ ਜਮ੍ਹਾਂ ਕਰਵਾਉਣ ਦਾ ਦਸਤਾਵੇਜ਼ੀ ਸਬੂਤ ਨੱਥੀ ਨਹੀਂ ਕਰਦਾ।

36.3.3 ਅਪੀਲੀ ਅਥਾਰਟੀ ਦਾਖਲ ਕੀਤੀ ਅਪੀਲ ਦੇ ਨੱਬੇ (90) ਦਿਨਾਂ ਦੇ ਅੰਦਰ ਅੰਦਰ ਇਕ ਉਚਿਤ ਆਦੇਸ਼ ਪਾਸ ਕਰੇਗਾ ਅਤੇ ਉਸ ਦੀਆਂ ਕਾਪੀਆਂ ਲਾਇਸੈਂਸੀ, ਨਿਰਧਾਰਣ ਅਧਿਕਾਰੀ ਅਤੇ ਅਪੀਲਕਾਰ ਨੂੰ ਭੇਜੇਗਾ। ਅਪੀਲੀ ਅਥਾਰਟੀ ਦਾ ਆਦੇਸ਼ ਅੰਤਮ ਹੋਵੇਗਾ।

36.3.4 ਜੇਕਰ ਅਪੀਲੀ ਅਥਾਰਟੀ ਇਹ ਰਾਇ ਰੱਖਦਾ ਹੈ ਕਿ ਬਿਜਲੀ ਦੀ ਅਣਅਧਿਕਾਰਿਤ ਵਰਤੋਂ ਦਾ ਕੋਈ ਕੇਸ ਸਥਾਪਿਤ ਨਹੀਂ ਹੋਇਆ ਹੈ ਤਾਂ ਵੰਡ ਲਾਇਸੈਂਸੀ ਦੁਆਰਾ ਕੋਈ ਹੋਰ ਅਗਲੇਰੀ ਕਾਰਵਾਈ ਸ਼ੁਰੂ ਨਹੀਂ ਕੀਤੀ ਜਾਵੇਗੀ ਅਤੇ ਅਪੀਲਕਾਰ ਦੁਆਰਾ ਜਮ੍ਹਾਂ

ਕਰਵਾਈ ਗਈ ਰਕਮ ਨੂੰ ਜਮ੍ਹਾਂ ਕਰਵਾਉਣ ਦੀ ਤਾਰੀਖ ਤੋਂ ਵਾਪਸ ਕਰਨ ਦੀ ਮਿਤੀ ਤੱਕ ਦੇ ਸਮੇਂ ਲਈ ਸਬੰਧਤ ਸਾਲ ਦੀ ਪਹਿਲੀ ਅਪ੍ਰੈਲ ਨੂੰ ਪ੍ਰਚਲਤ ਐਸ. ਬੀ. ਆਈ ਦੇ ਆਧਾਰ ਦਰ ਜਮ੍ਹਾਂ 2% ’ਤੇ ਵਿਆਜ ਸਹਿਤ ਖਪਤਕਾਰ / ਵਿਅਕਤੀ ਦੀ ਹਦਾਇਤ ਅਨੁਸਾਰ ਚੈੱਕ ਰਾਹੀਂ ਜਾਂ ਤੁਰੰਤ ਉਤਰਵਰਤੀ ਮਹੀਨਿਆਂ ਦੇ ਬਿਜਲੀ ਦੇ ਬਿਲਾਂ ਵਿੱਚ ਸਮਾਧਾਨ ਕਰਨ ਰਾਹੀਂ ਵਾਪਸ ਕੀਤਾ ਜਾਵੇਗਾ।

36.3.5 ਜਿਥੇ ਬਿਜਲੀ ਦੀ ਅਣਅਧਿਕਾਰਿਤ ਵਰਤੋਂ ਦਾ ਕੋਈ ਕੇਸ ਸਥਾਪਿਤ ਹੋ ਜਾਂਦਾ ਹੈ ਤਾਂ ਖਪਤਕਾਰ / ਵਿਅਕਤੀ ਅਪੀਲੀ ਆਦੇਸ਼ ਅਨੁਸਾਰ ਤੀਹ (30) ਦਿਨਾਂ ਦੇ ਅੰਦਰ ਅੰਦਰ ਬਕਾਇਆ ਰਕਮ ਦੀ ਅਦਾਇਗੀ ਕਰੇਗਾ। ਬਿਜਲੀ ਦੀ ਅਣਅਧਿਕਾਰਿਤ ਵਰਤੋਂ ਵਿੱਚ ਰੁਝੇ ਹੋਏ ਵਿਅਕਤੀ ਨੂੰ ਬਿਜਲੀ ਦੀ ਅਜਿਹੀ ਅਣਅਧਿਕਾਰਿਤ ਵਰਤੋਂ ਨੂੰ ਰੋਕਣ ਦੀ ਹਦਾਇਤ ਕੀਤੀ ਜਾਵੇਗੀ ਅਤੇ ਅਜਿਹਾ ਕਰਨ ਵਿੱਚ ਅਸਫਲ ਰਹਿਣ ’ਤੇ ਕੁਨੈਕਸ਼ਨ ਕੱਟ ਦਿੱਤੇ ਜਾਣ ਦੇ ਯੋਗ ਹੋਵੇਗਾ।

36.3.6 ਜੇਕਰ ਅਪੀਲੀ ਅਥਾਰਟੀ ਦੁਆਰਾ ਨਿਰਧਾਰਿਤ ਕੀਤੇ ਗਏ ਅਨੁਸਾਰ ਅਦਾਇਗੀ ਦੀ ਰਕਮ ਖਪਤਕਾਰ / ਵਿਅਕਤੀ ਦੁਆਰਾ ਪਹਿਲਾਂ ਹੀ ਜਮ੍ਹਾਂ ਕਰਵਾਈ ਗਈ ਰਕਮ ਤੋਂ ਘੱਟ ਹੈ ਤਾਂ ਵਧੀਕ ਰਕਮ ਨੂੰ ਅਜਿਹੀ ਵਧੀਕ ਜਮ੍ਹਾ ਕਰਵਾਈ ਰਕਮ ਦੀ ਮਿਤੀ ਤੋਂ ਵਾਸਤਵ ਵਿੱਚ ਸਮਾਧਾਨ ਕਰਨ ਦੀ ਮਿਤੀ ਤੱਕ ਦੇ ਸਮੇਂ ਲਈ ਸਬੰਧਤ ਸਾਲ ਦੀ ਪਹਿਲੀ ਅਪ੍ਰੈਲ ਨੂੰ ਪ੍ਰਚਲਤ ਐਸ. ਬੀ. ਆਈ ਦੇ ਆਧਾਰ ਦਰ ਜਮ੍ਹਾਂ 2% ’ਤੇ ਵਿਆਜ ਸਹਿਤ ਉਤਰਵਰਤੀ ਮਹੀਨਿਆਂ ਦੇ ਬਿਜਲੀ ਦੇ ਬਿਲਾਂ ਵਿੱਚ ਸਮਾਧਾਨ ਕਰਨ ਰਾਹੀਂ ਵਾਪਸ ਕੀਤਾ ਜਾਵੇਗਾ।

### 36.4 ਨਿਰਧਾਰਣ ਕੀਤੀ ਰਕਮ ਦੀ ਅਦਾਇਗੀ ਵਿੱਚ ਕੁਤਾਹੀ

ਖਪਤਕਾਰ ਦੁਆਰਾ ਨਿਰਧਾਰਿਤ ਕੀਤੀ ਗਈ ਰਕਮ ਜਾਂ ਉਸ ਦੀ ਕਿਸੇ ਕਿਸ਼ਤ ਦੀ ਅਦਾਇਗੀ ਵਿੱਚ ਕੁਤਾਹੀ ਦੇ ਕੇਸ ਵਿੱਚ, ਵੰਡ ਲਾਇਸੈਂਸੀ ਬਿਨਾਂ ਕਿਸੇ ਨੋਟਿਸ ਦੇ ਬਿਜਲੀ ਦੀ ਸਪਲਾਈ ਦਾ ਕੁਨੈਕਸ਼ਨ ਕੱਟ ਦੇਵੇਗਾ। ਕੁਤਾਹੀਕਾਰ ਨਿਰਧਾਰਣ ਦੇ ਅੰਤਮ ਆਦੇਸ਼ ਜਾਂ ਅਪੀਲ ਦੇ ਫੈਸਲੇ ਤੋਂ, ਜਿਵੇਂ ਵੀ ਕੇਸ ਹੋਵੇ, ਤੀਹ (30) ਦਿਨਾਂ ਦੇ ਖਤਮ ਹੋ ਜਾਣ ਉਤੇ ਬਾਕੀ ਖੜੀ ਰਕਮ ਉਤੇ ਨਿਰਧਾਰਣ ਰਕਮ ਦੀ ਅੰਤਮ ਅਦਾਇਗੀ ਕਰਨ ਤੱਕ ਸੋਲਾਂ ਪ੍ਰਤਿਸ਼ਤ (16 %) ਪ੍ਰਤਿ ਸਾਲ ਹਰ ਛੇਵੇਂ (6) ਮਹੀਨੇ ਮਿਸ਼ਰਤ ਦੀ ਦਰ ’ਤੇ ਵਿਆਜ ਅਦਾ ਕੀਤੇ ਜਾਣ ਦੇ ਵੀ ਯੋਗ ਹੋਵੇਗਾ।

## 37. ਬਿਜਲੀ ਦੀ ਚੋਰੀ

ਖਪਤਕਾਰ ਜਾਂ ਕੋਈ ਵਿਅਕਤੀ ਐਕਟ ਦੀ ਧਾਰਾ 135 ਦੇ ਅਰਥਾਂ ਦੇ ਅੰਦਰ ਅੰਦਰ ਬਿਜਲੀ ਦੀ ਚੋਰੀ ਦਾ ਦੋਸ਼ੀ ਹੋਵੇਗਾ, ਜੋ ਕੋਈ ਵੀ ਬੇਈਮਾਨੀ ਨਾਲ : –

(ੳ) ਲਾਇਸੈਂਸੀ ਜਾਂ ਸਪਲਾਈ-ਕਰਤਾ ਦੀਆਂ ਓਵਰਹੈੱਡ, ਜਮੀਨਦੋਜ਼ ਜਾਂ ਪਾਣੀ ਹੇਠ ਲਾਈਨਾਂ ਜਾਂ ਕੇਬਲਾਂ ਜਾਂ ਸਰਵਿਸ ਤਾਰਾਂ, ਜਾਂ ਸਰਵਿਸ ਸਹੂਲਤਾਂ, ਜਿਵੇਂ ਵੀ ਕੇਸ ਹੋਵੇ, ਨਾਲ ਕਿਸੇ ਕੁਨੈਕਸ਼ਨ ਦਾ ਸੰਪਰਕ ( tap ), ਕਰਦਾ ਹੈ ਜਾਂ ਕਰਨ ਦਾ ਕਾਰਨ ਬਣਦਾ ਹੈ ; ਜਾਂ

(ਅ) ਮੀਟਰਾ ਨਾਲ ਛੇੜ-ਛਾੜ, ਹੇਰ ਫੇਰ ਵਾਲੇ ਮੀਟਰ ਦੀ ਸੰਸਥਾਪਨਾ ਜਾਂ ਵਰਤੋ ਕਰਦਾ ਹੈ, ਕਰੰਟ ਪਰਤਾਉਣ ਟ੍ਰਾਂਸਫਾਰਮਰ, ਲੂਪ ਕੁਨੈਕਸ਼ਨ ਜਾਂ ਕੋਈ ਹੋਰ ਯੰਤਰ ਜਾਂ ਤਰੀਕਾ ਵਰਤਦਾ ਹੈ, ਜਿਹੜਾ ਸਹੀ ਜਾਂ ਉਚਿਤ ਰਜਿਸਟ੍ਰੇਸ਼ਨ, ਦਰਜਾਬੰਦੀ ਜਾਂ ਬਿਜਲੀ ਦੇ ਕਰੰਟ ਦੀ ਮੀਟਰਰਿੰਗ ਨਾਲ ਦਖਲ ਅੰਦਾਜ਼ੀ ਕਰੇ ਜਾਂ ਹੋਰਵੇਂ ਇਸ ਢੰਗ ਨਾਲ ਨਤੀਜੇ ਨਿਕਲਣ ਕਿ ਜਿਵੇਂ ਕਿ ਬਿਜਲੀ ਦੀ ਚੋਰੀ ਹੋ ਰਹੀ ਹੈ ਜਾਂ ਫਜ਼ੂਲ ਖਰਚੀ ਹੋ ਰਹੀ ਹੈ ; ਜਾਂ

(ੲ) ਬਿਜਲੀ ਦੀ ਉਚਿਤ ਜਾਂ ਬਿਲਕੁੱਲ ਸਹੀ ਮੀਟਰਿੰਗ ਨਾਲ ਦਖਲਅੰਦਾਜ਼ੀ ਕਰਨ ਦੇ ਸਬੰਧ ਵਿੱਚ ਬਿਜਲੀ ਦੇ ਮੀਟਰ, ਸੰਦ, ਉਪਕਰਣ ਜਾਂ ਤਾਰ ਨੂੰ ਨੁਕਸਾਨ ਜਾਂ ਨਸ਼ਟ ਕਰਦਾ ਹੈ ਜਾਂ

ਇਸ ਤਰ੍ਹਾਂ ਨੁਕਸਾਨ ਪਹੁੰਚਾਉਣ ਜਾਂ ਨਸ਼ਟ ਕਰਨ ਲਈ ਉਹਨਾਂ ਵਿਚੋਂ ਕੋਈ ਵੀ ਕਾਰਨ ਬਣਦਾ ਹੈ ਜਾਂ ਇਜਾਜ਼ਤ ਦਿੰਦਾ ਹੈ ; ਜਾਂ

(ਸ) ਕਿਸੇ ਛੇੜ-ਛਾੜ ਵਾਲੇ ਮੀਟਰ ਰਾਹੀਂ ਬਿਜਲੀ ਦੀ ਵਰਤੋਂ ; ਜਾਂ

(ਹ) ਉਸ ਮੰਤਵ, ਜਿਸ ਵਾਸਤੇ ਬਿਜਲੀ ਦੀ ਵਰਤੋਂ ਅਧਿਕਾਰਿਤ ਸੀ, ਤੋਂ ਹੋਰਵੇਂ ਕਿਸੇ ਮੰਤਵ ਲਈ ਬਿਜਲੀ ਦੀ ਵਰਤੋਂ ।

ਇਹਨਾਂ ਨੁਕਤਿਆਂ ਮੁਤਾਬਿਕ ਬਿਜਲੀ ਨੂੰ ਖਿੱਚਣਾ, ਖਪਤ ਜਾਂ ਵਰਤੋਂ ਕਰਨੀ ਸਜ਼ਾ ਯੋਗ ਹੋਵੇਗੀ ਅਤੇ ਇਹ ਸਜ਼ਾ ਉਸ ਅਵਧੀ ਲਈ ਕੈਦ ਜਿਹੜੀ ਤਿੰਨ ਸਾਲਾਂ ਤੱਕ ਵਧਾਈ ਜਾ ਸਕਦੀ ਹੈ ਜਾਂ ਜੁਰਮਾਨਾ ਜਾਂ ਦੋਵੇਂ ਹੋ ਸਕਦੇ ਹਨ।

## 37.1 ਬਿਜਲੀ ਦੀ ਚੋਰੀ ਦੇ ਕੇਸ ਵਿੱਚ ਕਾਰਜਵਿਧੀ

37.1.1 ਐਕਟ ਦੀ ਧਾਰਾ 135 ( ਅਨੁਲਗ- 11 ) ਅਧੀਨ ਪੰਜਾਬ ਸਰਕਾਰ ਦੁਆਰਾ ਉਪਾਧਿਤ ਅਧਿਕਾਰਿਤ ਅਫਸਰ, ਐਕਟ ਦੀ ਧਾਰਾ 135 (2) ਅਨੁਸਾਰ ਕਿਸੇ ਵੀ ਸਥਾਨ ਜਾਂ ਅਹਾਤੇ ਵਿੱਚ ਪ੍ਰਵੇਸ਼, ਨਿਰੀਖਣ, ਤੋੜ ਕੇ ਖੋਲ ਅਤੇ ਖੋਜ ਕਰ ਸਕਦਾ ਹੈ, ਜਿਸ ਵਿੱਚ ਉਸ ਕੋਲ ਵਿਸ਼ਵਾਸ਼ ਕਰਨ ਲਈ ਕਾਰਨ ਹੋਣ ਜਾਂ ਵਿਨਿਯਮ 36.1.5 ਅਧੀਨ ਨਿਰਧਾਰਣ ਅਧਿਕਾਰੀ ਦੁਆਰਾ ਸੂਚਿਤ ਕੀਤਾ ਗਿਆ ਹੋਵੇ ਕਿ ਬਿਜਲੀ ਦੀ ਚੋਰੀ ਹੋਈ ਹੈ ਜਾਂ ਹੋ ਰਹੀ ਹੈ।

37.1.2 ਅਧਿਕਾਰਿਤ ਅਫਸਰ ਅਤੇ ਉਸ ਦੀ ਟੀਮ ਦੇ ਹੋਰ ਮੈਂਬਰ ਨਿਰੀਖਣ ਦੇ ਸਮੇਂ ’ਤੇ ਸ਼ਨਾਖਤੀ ਕਾਰਡ ਰੱਖਣਗੇ, ਜਿਹੜਾ ਕਿ ਸਥਾਨ / ਅਹਾਤੇ ਵਿੱਚ ਪ੍ਰਵੇਸ਼ ਕਰਨ ਤੋਂ ਪਹਿਲਾਂ ਸਥੱਲ ਉਤੇ ਮੌਜੂਦ ਵਿਅਕਤੀ ਨੂੰ ਮੰਗ ਕਰਨ ਉਤੇ ਦਿਖਾਇਆ ਜਾਵੇਗਾ।

ਬਸ਼ਰਤੇ ਕਿ ਕਿਸੇ ਵੀ ਘਰੇਲੂ ਸਥਾਨ ਜਾਂ ਅਹਾਤੇ ਦਾ ਕੋਈ ਵੀ ਨਿਰੀਖਣ, ਖੋਜ ਅਤੇ ਜ਼ਬਤੀ ਅਜਿਹੇ ਅਹਾਤੇ ਦੇ ਕਾਬਜ਼ ਨਾਬਾਲਗ ਪੁਰਸ਼ ਮੈਂਬਰ ਦੀ ਮੌਜੂਦਗੀ ਤੋਂ ਛੁੱਟ ਸੂਰਜ ਡੁੱਬਣ ਅਤੇ ਸੂਰਜ ਨਿਕਲਣ ਦੇ ਵਿਚਕਾਰ ਨਹੀਂ ਕੀਤੀ ਜਾਵੇਗੀ।

37.1.3 <u>ਨਿਰੀਖਣ ਰਿਪੋਰਟ</u>

ਅਧਿਕਾਰਿਤ ਅਫਸਰ ਹੋਰਨਾਂ ਗਲਾਂ ਦੇ ਨਾਲ ਨਾਲ ਅਜਿਹੇ ਅਹਾਤੇ ਵਿੱਚ ਕੁਨੈਕਟਿਡ ਲੋਡ, ਮੀਟਰ / ਮੀਟਰਿੰਗ ਉਪਕਰਣ, ਮੀਟਰ ਦੀ ਹਾਲਤ ਅਤੇ ਸੀਲਾਂ ਅਤੇ ਧਿਆਨ ਵਿੱਚ ਆਈ ਕੋਈ ਹੋਰ ਬੇਕਾਇਦਗੀ ( ਜਿਵੇਂ ਕਿ ਬਿਜਲੀ ਦੀ ਚੋਰੀ ਲਈ ਅਪਣਾਏ ਗਏ ਸਾਧਨ ) ਦਰਸਾਂਦਿਆਂ ਇਕ ਨਿਰੀਖਣ ਰਿਪੋਰਟ ਤਿਆਰ ਕਰੇਗਾ।

37.1.4 ਅਧਿਕਾਰਿਤ ਅਫਸਰ ਅਹਾਤੇ ਵਿੱਚ ਬਿਜਲੀ ਦੀ ਵਾਸਤਵਿਕ ਚੋਰੀ ਦੇ ਸਬੂਤ ਰਿਕਾਰਡ ਕਰੇਗਾ ਅਤੇ ਜਿਥੇ ਕਿਤੇ ਸੰਭਵ ਹੋਵੇ ਕੈਮਰੇ, ਜਿਸ ਵਿੱਚ ਵਾਕਿਆ ਦੀ ਮਿਤੀ ਅਤੇ ਸਮਾਂ ਰਿਕਾਰਡ ਕਰਨ ਦੀ ਸਹੂਲਤ ਹੋਵੇ, ਨਾਲ ਬਿਜਲੀ ਦੀ ਚੋਰੀ ਕਰਨ ਦੇ ਸਾਧਨਾਂ ਦੀ ਫੋਟੋਗ੍ਰਾਫੀ / ਵੀਡੀਓਗ੍ਰਾਫੀ ਵੀ ਕਰੇਗਾ। ਜਿਥੇ ਬਿਜਲੀ ਦੀ ਚੋਰੀ ਮੀਟਰ ਨਾਲ ਛੇੜ-ਛਾੜ ਰਾਹੀਂ ਕੀਤੀ ਗਈ ਹੋਵੇ, ਅਜਿਹੇ ਮੀਟਰ ਦੀ ਜ਼ਬਤੀ ਕਰ ਲਈ ਜਾਵੇਗੀ। ਕੇਵਲ ਮੀਟਰ ਉਤੇ ਸੀਲਾਂ ਦੇ ਗੁੰਮ ਹੋਣ ਜਾਂ ਛੇੜ-ਛਾੜ ਜਾਂ ਖਿੜਕੀ ਦਾ ਸ਼ੀਸ਼ਾ ਟੁੱਟਣ ਦੇ ਕਾਰਨ ਕਰਕੇ ਉਦੋਂ ਤੱਕ ਕੋਈ ਵੀ ਕੇਸ ਚੋਰੀ ਲਈ ਨਿਯਤ ਨਹੀਂ ਕੀਤਾ ਜਾਵੇਗਾ ਜਦੋਂ ਤੱਕ ਇਹਨਾਂ ਸਾਧਨਾ ਰਾਹੀਂ ਬਿਜਲੀ ਦੀ ਕਪਟ ਨਾਲ ਚੋਰੀ ਖਪਤਕਾਰ ਦੇ ਖਪਤ ਪੈਟਰਨ ਦੁਆਰਾ ਅਤੇ ਅਜਿਹੇ ਹੋਰ ਸਬੂਤ, ਜਿਵੇਂ ਕਿ ਉਪਲਬਧ ਹੋਣ, ਨਾਲ ਪ੍ਰੋੜਤਾ ਨਹੀਂ ਹੋ ਜਾਂਦੀ।

37.1.5 ਖੋਜ ਦੇ ਸਥਾਨ ਦਾ ਕਾਬਜ਼ ਜਾਂ ਉਸ ਦੀ ਤਰਫੋਂ ਕੋਈ ਵਿਅਕਤੀ ਖੋਜ ਦੇ ਦੌਰਾਨ ਮੌਜੂਦ ਰਹੇਗਾ ਅਤੇ ਅਜਿਹੀ ਖੋਜ ਦੇ ਦੌਰ ਵਿੱਚ ਜ਼ਬਤ ਕੀਤੀਆਂ ਸਾਰੀਆਂ ਆਈਟਮਾਂ ਦੀ ਸੂਚੀ ਤਿਆਰ ਕੀਤੀ ਜਾਵੇਗੀ ਅਤੇ ਅਜਿਹੇ ਕਾਬਜ਼ ਜਾਂ ਵਿਅਕਤੀ ਨੂੰ ਦਿੱਤੀ ਜਾਵੇਗੀ ਜੋ ਸੂਚੀ ਉਤੇ ਹਸਤਾਖਰ ਕਰੇਗਾ।

37.1.6 ਅਧਿਕਾਰਿਤ ਅਫਸਰ ਨਿਰੀਖਣ ਰਿਪੋਰਟ ਉਤੇ ਹਸਤਾਖਰ ਕਰੇਗਾ ਅਤੇ ਖੋਜ ਅਤੇ ਜ਼ਬਤੀ ਦੌਰਾਨ ਉਥੇ ਮੌਜੂਦ ਵਿਅਕਤੀ / ਕਾਬਜ਼ ਦੇ ਹਸਤਾਖਰ ਵੀ ਲਏਗਾ। ਨਿਰੀਖਣ ਦੀ ਇਕ ਕਾਪੀ ਅਤੇ ਜ਼ਬਤੀ ਮੀਮੋ ਖੋਜ ਦੌਰਾਨ ਅਹਾਤੇ 'ਤੇ ਮੌਜੂਦ ਕਾਬਜ਼ / ਵਿਅਕਤੀ ਨੂੰ ਵੀ ਸੌਂਪੀ ਜਾਵੇਗੀ। ਰਿਪੋਰਟ ਨੂੰ ਪ੍ਰਵਾਨ ਕਰਨ ਤੋਂ ਇਨਕਾਰ ਕਰਨ ਦੀ ਸੂਰਤ ਵਿੱਚ, ਨਿਰੀਖਣ ਰਿਪੋਰਟ ਦੀ ਇਕ ਕਾਪੀ ਅਹਾਤੇ ਦੇ ਵਿੱਚ / ਬਾਹਰ ਕਿਸੇ ਆਕਰਸ਼ਕ ਸਥਾਨ 'ਤੇ ਚਿਪਕਾ ਦਿੱਤੀ ਜਾਵੇਗੀ ਅਤੇ ਹੋਰ ਦੂਜੀ ਕਾਪੀ ਰਜਿਸਟਰਡ ਡਾਕ ਅਧੀਨ ਕਾਬਜ਼ / ਵਿਅਕਤੀ ਨੂੰ ਭੇਜ ਦਿੱਤੀ ਜਾਵੇਗੀ। ਜੇਕਰ ਬਿਜਲੀ ਦੀ ਚੋਰੀ ਸੰਦੇਹਜਨਕ ਹੈ ਤਾਂ ਨਿਰੀਖਣ ਰਿਪੋਰਟ ਵਿੱਚ ਉਹ ਸਮਾਂ ਵੀ ਦੱਸਿਆ ਜਾਵੇਗਾ ਜਿਸ ਵਿੱਚ ਕਾਬਜ਼ / ਵਿਅਕਤੀ ਵਿਨਿਯਮ 37.1.7 (ਅ) ਦੇ ਅਨੁਸਾਰ ਆਪਣੀਆਂ ਲਭਤਾਂ ਦੇਣ ਲਈ ਅਧਿਕਾਰਿਤ ਅਫਸਰ ਸਨਮੁੱਖ ਉਕਤ ਰਿਪੋਰਟ ਦਾ ਜਵਾਬ ਦੇ ਸਕਦਾ ਹੈ।

37.1.7 <u>ਬਿਜਲੀ ਦੀ ਚੋਰੀ ਦਾ ਸੰਦੇਹਜਨਕ ਕੇਸ</u>

(ੳ) ਜੇਕਰ ਜਿਥੇ ਖਪਤਕਾਰ ਮੀਟਰ/ ਮੀਟਰਿੰਗ ਉਪਕਰਣ ਅਤੇ / ਜਾਂ ਇਸ ਦੀਆਂ ਸੀਲਾਂ ਜਾਂ ਹੋਰ ਕਿਸੇ ਢੰਗ ਨਾਲ ਛੇੜ-ਛਾੜ ਕਰਕੇ ਬਿਜਲੀ ਦੀ ਚੋਰੀ ਕਰਨ ਵਿੱਚ ਰੁਝਿਆ ਹੋਇਆ ਹੈ / ਜਾਂ ਰੁਝਣ ਵਿੱਚ ਸੰਦੇਹਜਨਕ ਹੈ ਤਦ ਅਜਿਹੇ ਉਪਕਰਣ ਨੂੰ ਅਧਿਕਾਰਿਤ ਅਫਸਰ ਦੁਆਰਾ ਸੀਲ ਕੀਤਾ ਜਾਵੇਗਾ ਤਾਂ ਕਿ ਇਸ ਨੂੰ 'ਜਿਵੇਂ ਪਾਇਆ ਗਿਆ ਦੀ ਹਾਲਤ' ਵਿੱਚ ਰੱਖਿਆ ਜਾ ਸਕੇ। ਪਰੰਤੂ, ਅਜਿਹੇ ਖਪਤਕਾਰ ਦੀ ਸਪਲਾਈ ਨਵੇਂ ਮੀਟਰ ਨਾਲ ਜਾਰੀ ਰੱਖੀ ਜਾਵੇਗੀ। ਖਪਤਕਾਰ ਜਾਂ ਉਸ ਦੇ ਪ੍ਰਤਿਨਿਧ ਨੂੰ ਉਸ ਸਮੇਂ 'ਤੇ ਆਪਣੀ ਸੀਲ ਵੀ ਚਿਪਕਾਉਣ ਲਈ ਅਨੁਮਤੀ ਵੀ ਦਿੱਤੀ ਜਾਵੇਗੀ।

(ਅ) ਵਿਨਿਯਮ 37.1.7 (ੳ) ਦੇ ਅੰਤਰਗਤ ਆਉਂਦੇ ਬਿਜਲੀ ਦੀ ਸੰਦੇਹਜਨਕ ਚੋਰੀ ਦੇ ਸਾਰੇ ਕੇਸਾਂ ਵਿੱਚ, ਅਧਿਕਾਰਿਤ ਅਫਸਰ ਸੁਣੇ ਜਾਣ ਲਈ ਇਕ ਮੌਕਾ ਖਪਤਕਾਰ/ ਵਿਅਕਤੀ ਨੂੰ ਦੇਣ ਮਗਰੋਂ, ਸਤ (7) ਦਿਨਾਂ ਦੇ ਅੰਦਰ ਅੰਦਰ ਇਹ ਨਿਰਧਾਰਣ ਕਰੇਗਾ ਕਿ ਕੀ ਉਥੇ ਇਹ ਸਿਟਾ ਕੱਢਣ ਲਈ ਕਾਫੀ ਸਬੂਤ ਹਨ ਜਾਂ ਨਹੀਂ ਕਿ ਬਿਜਲੀ ਦੀ ਚੋਰੀ ਦਾ ਕੇਸ ਐਕਟ ਦੀ ਧਾਰਾ 135 ਅਨੁਸਾਰ ਪਹਿਲੀ ਨਜ਼ਰੇ ਸਥਾਪਿਤ ਹੁੰਦਾ ਹੈ।

(ੲ) ਵਿਨਿਯਮ 37.1.7 (ੳ) ਅਨੁਸਾਰ ਪਤਾ ਲਗੀ ਮੀਟਰ / ਮੀਟਰਿੰਗ ਉਪਕਰਣ ਜਾਂ ਇਸ ਦੀਆਂ ਸੀਲਾਂ ਜਾਂ ਹੋਰਵੇਂ ਛੇੜ-ਛਾੜ ਕਰਦਿਆਂ ਬਿਜਲੀ ਦੀ ਸੰਦੇਹਜਨਕ ਚੋਰੀ ਸਥਾਪਿਤ ਨਾ ਹੋਣ ਦੇ ਕੇਸ ਵਿੱਚ, ਅਧਿਕਾਰਿਤ ਅਫਸਰ ਉਸ ਦੇ ਕਾਰਨ ਰਿਕਾਰਡ ਕਰੇਗਾ ਜਿਸ ਮਗਰੋਂ ਅਗਲੇਰੀਆਂ ਕਾਰਵਾਈਆਂ ਬੰਦ ਕਰ ਦਿੱਤੀਆਂ ਜਾਣਗੀਆਂ ਅਤੇ ਖਪਤਕਾਰ / ਵਿਅਕਤੀ ਨੂੰ ਇਸ ਅਨੁਸਾਰ ਸੂਚਿਤ ਕੀਤਾ ਜਾਵੇਗਾ।

(ਸ) ਜੇਕਰ ਮੀਟਰ / ਮੀਟਿਰਿੰਗ ਉਪਕਰਣ ਜਾਂ ਇਸ ਦੀਆਂ ਸੀਲਾਂ ਜਾਂ ਹੋਰਵੇਂ ਛੇੜ-ਛਾੜ ਕਰਦਿਆਂ ਬਿਜਲੀ ਦੀ ਸੰਦੇਹਜਨਕ ਚੋਰੀ ਐਕਟ ਦੀ ਧਾਰਾ 135 ਅਨੁਸਾਰ ਪਹਿਲੀ ਨਜ਼ਰੇ ਸਥਾਪਿਤ ਹੋ ਜਾਂਦੀ ਹੈ ਤਦ ਅਗਲੇਰੀ ਕਾਰਵਾਈ ਵਿਨਿਯਮ 37.2 ਦੇ ਅਨੁਸਾਰ ਤੁਰੰਤ ਸ਼ੁਰੂ ਕਰ ਦਿੱਤੀ ਜਾਵੇਗੀ।

## 37.2 ਬਿਜਲੀ ਦੀ ਚੋਰੀ ਦੇ ਪਰਿਣਾਮ

### 37.2.1 ਅਹਾਤਿਆਂ ਦਾ ਕੁਨੈਕਸ਼ਨ ਕੱਟਣਾ

ਜੇਕਰ ਖਪਤਕਾਰ / ਵਿਅਕਤੀ ਦੁਆਰਾ ਬਿਜਲੀ ਦੀ ਚੋਰੀ ਐਕਟ ਦੀ ਧਾਰਾ 135 ਅਨੁਸਾਰ ਪਹਿਲੀ ਨਜ਼ਰੇ ਸਥਾਪਿਤ ਹੋ ਜਾਂਦੀ ਹੈ ਤਦ ਅਜਿਹੇ ਅਹਾਤੇ (ਤਿਆਂ) ਦੀ ਸਪਲਾਈ ਦੇ ਕੁਨੈਕਸ਼ਨ ਨੂੰ ਕਮਿਸ਼ਨ ਦੁਆਰਾ ਇਸ ਮੰਤਵ ਲਈ ਅਧਿਕਾਰਿਤ ਕੀਤੇ ਗਏ ਵੰਡ ਲਾਇਸੈਂਸੀ ਦੇ ਇਕ ਅਫਸਰ (ਅਨੁਲਗ- 11) ਜਾਂ ਕਮਿਸ਼ਨ ਦੁਆਰਾ ਇਸ ਤਰ੍ਹਾਂ ਅਧਿਕਾਰਿਤ ਕੀਤੇ ਗਏ ਅਫਸਰ ਦੇ ਰੈਂਕ ਤੋਂ ਉਚੇਰੇ ਰੈਂਕ ਦੇ ਵੰਡ ਲਾਇਸੈਂਸੀ ਦੇ ਕਿਸੇ ਹੋਰ ਦੂਜੇ ਅਫਸਰ ਦੇ ਆਦੇਸ਼ ਦੁਆਰਾ ਤੁਰੰਤ ਕੱਟ ਦਿੱਤਾ ਜਾਵੇਗਾ। ਅਜਿਹੇ ਕੇਸ ਵਿੱਚ, ਸਪਲਾਈ ਦਾ ਕੁਨੈਕਸ਼ਨ ਕੱਟਣ ਲਈ ਆਦੇਸ਼ ਦੇਣ ਵਾਸਤੇ ਅਧਿਕਾਰਿਤ ਕੀਤਾ ਗਿਆ ਅਫਸਰ ਅਜਿਹੇ ਕੁਨੈਕਸ਼ਨ ਕੱਟਣ ਦੇ ਸਮੇਂ ਤੋਂ ਚੌਵੀ (24) ਘੰਟਿਆਂ ਦੇ ਅੰਦਰ ਅੰਦਰ ਉਸ ਖੇਤਰ ਦੇ ਅਧਿਕਾਰ ਵਾਲੇ ਪੁਲਿਸ ਸਟੇਸ਼ਨ ਨੂੰ ਅਜਿਹੇ ਅਪਰਾਧ ਦੇ ਸਬੰਧਤ ਕਮਿਸ਼ਨ ਕੋਲ ਲਿਖਤੀ ਰੂਪ ਵਿੱਚ ਸ਼ਿਕਾਇਤ ਦਰਜ ਕਰਵਾਏਗਾ।

### 37.2.2 ਚਾਰਜਿਜ਼ ਦਾ ਨਿਰਧਾਰਣ

(ੳ) ਜਿਥੇ ਅਹਾਤੇ ਵਿੱਚ ਬਜਲੀ ਦੀ ਚੋਰੀ ਐਕਟ ਦੀ ਧਾਰ 135 ਅਨੁਸਾਰ ਪਹਿਲੀ ਨਜ਼ਰੇ ਹੀ ਸਥਾਪਿਤ ਹੋ ਜਾਂਦੀ ਹੈ, ਤਦ ਫੌਜਦਾਰੀ ਕਾਰਵਾਈਆਂ ਜਿਹੜੀਆਂ ਕਿ ਐਕਟ ਦੀ ਧਾਰਾ 135 ਅਧੀਨ ਸ਼ੁਰੂ ਕੀਤੀਆਂ ਜਾ ਸਕਦੀ ਹਨ, ਦਾ ਪੱਥ-ਪਾਤ ਕੀਤੇ ਬਿਨਾਂ ਅਧਿਕਾਰਿਤ ਅਫਸਰ ਅਨੁਲਗ- 8 ਵਿੱਚ ਸੁੰਨਿਸ਼ਚਿਤ ਕੀਤੀ ਗਈ ਕਾਰਜਵਿਧੀ ਅਨੁਸਾਰ ਅਜਿਹੇ ਖਪਤਕਾਰ/ ਵਿਅਕਤੀ ਦੁਆਰਾ ਅਦਾਇਗੀ ਯੋਗ ਬਿਜਲੀ ਦੇ ਚਾਰਜਿਜ਼ ਦਾ ਨਿਰਧਾਰਣ ਕਰੇਗਾ। ਨਿਰਧਾਰਣ ਆਦੇਸ਼ ਉਹਨਾਂ ਆਧਾਰਾਂ, ਜਿਹਨਾਂ ਉਤੇ ਬਿਜਲੀ ਦੀ ਚੋਰੀ ਸਥਾਪਿਤ ਕੀਤੀ ਗਈ ਹੈ, ਬਾਰੇ ਸਪਸ਼ਟ ਰੂਪ ਵਿੱਚ ਦਸਦਿਆਂ ਬੋਲਣ ਵਾਲੇ ਆਦੇਸ਼ ਹੋਣਗੇ। ਅਧਿਕਾਰਿਤ ਅਫਸਰ ਲਿਖਤੀ ਰੂਪ ਵਿੱਚ ਕਾਰਨ ਰਿਕਾਰਡ ਕਰਨ ਮਗਰੋਂ, ਅਨੁਲਗ- 8 ਵਿੱਚ ਸੁਨਿਸ਼ਚਿਤ ਕੀਤੇ ਗਏ ਅਨੁਸਾਰ ਬਿਜਲੀ ਦੀ ਚੋਰੀ ਦੇ ਸੰਭਾਵੀ ਸਮੇਂ ਨੂੰ ਉਚਿਤ ਰੂਪ ਵਿੱਚ ਤਾਂ ਘਟਾ ਸਕਦਾ ਹੈ ਜੇਕਰ ਉਹ ਇਸ ਗਲ ਤੋਂ ਸੰਤੁਸ਼ਟ ਹੈ ਕਿ ਅਜਿਹੀ ਚੋਰੀ ਵਾਸਤਵ ਵਿੱਚ ਘੱਟ ਸਮੇਂ ਲਈ ਹੋਈ ਹੈ। ਨਿਰਧਾਰਣ ਦਾ ਅਜਿਹਾ ਆਦੇਸ਼ ਬਿਜਲੀ ਦੀ ਚੋਰੀ ਸਥਾਪਿਤ ਹੋ ਜਾਣ ਤੋਂ ਚੌਵੀ (24) ਘੰਟਿਆਂ ਦੇ ਅੰਦਰ ਅੰਦਰ ਸਬੰਧਤ ਖਪਤਕਾਰ/ ਵਿਅਕਤੀ ਨੂੰ ਦੇ ਦਿੱਤਾ ਜਾਵੇਗਾ।

(ਅ) ਵਿਨਿਯਮ 37.2.2 ਅਧੀਨ ਅਧਿਕਾਰਿਤ ਅਫਸਰ ਖਪਤਕਾਰ/ ਵਿਅਕਤੀ ਅਤੇ ਵੰਡ ਲਾਇਸੈਂਸੀ ਨੂੰ ਨਿਰਧਾਰਣ ਦੇ ਆਦੇਸ਼ ਦੀ ਇਕ ਇਕ ਕਾਪੀ ਭੇਜੇਗਾ। ਵੰਡ ਲਾਇਸੈਂਸੀ ਪੁਲਿਸ ਦੁਆਰਾ ਚਲਾਨ ਪੇਸ਼ ਕਰਨ ਦੇ ਤੁਰੰਤ ਮਗਰੋਂ ਵਿਸ਼ੇਸ਼ ਅਦਾਲਤ ਵਿੱਚ ਨਿਰਧਾਰਣ ਦੇ ਆਦੇਸ਼ ਦੀ ਇਕ ਕਾਪੀ ਪੇਸ਼ ਕਰੇਗਾ।

### 37.2.3 ਨਿਰਧਾਰਣ ਕੀਤੀ ਗਈ ਰਕਮ ਦੀ ਅਦਾਇਗੀ

(ੳ) ਖਪਤਕਾਰ / ਵਿਅਕਤੀ ਨਿਰਧਾਰਣ ਕਰਨ ਦੇ ਪੰਦਰਾਂ (15) ਦਿਨਾਂ ਦੇ ਅੰਦਰ ਅੰਤਰ ਵਿਨਿਯਮ 37.2.2 ਅਧੀਨ ਨਿਰਧਾਰਣ ਕੀਤੀ ਰਕਮ ਵੰਡ ਲਾਇਸੈਂਸੀ ਕੋਲ ਜਮ੍ਹਾਂ ਕਰਵਾਏਗਾ।

(ਅ) ਵੰਡ ਲਾਇਸੈਂਸੀ ਨਿਰਧਾਰਣ ਕੀਤੀ ਰਕਮ ਦੀ ਅਦਾਇਗੀ ਦੀ ਆਖਰੀ ਤਾਰੀਖ ਨੂੰ ਵਧਾ ਸਕਦਾ ਹੈ ਜਾਂ ਖਪਤਕਾਰ ਨੂੰ ਪੰਦਰਾਂ (15) ਦਿਨਾਂ ਤੋਂ ਬਾਦ ਵਧਾਏ ਗਏ ਸਮੇਂ ਲਈ ਅਣ- ਅਦਾ ਕੀਤੀ ਰਕਮ ਲਈ ਸਬੰਧਤ ਸਾਲ ਦੀ ਪਹਿਲੀ ਅਪ੍ਰੈਲ ਨੂੰ ਪ੍ਰਚਲਤ ਸਟੇਟ

ਬੈਂਕ ਆਫ ਇੰਡੀਆ ਦੀ ਆਧਾਰਾ ਦਰ ਜਮ੍ਹਾਂ 2% ਦੀ 'ਤੇ ਵਿਆਜ ਦੀ ਅਦਾਇਗੀ ਦੀ ਸ਼ਰਤ ਅਧੀਨ ਕਿਸ਼ਤਾਂ ਵਿੱਚ ਅਦਾਇਗੀ ਕਰਨ ਲਈ ਖਪਤਕਾਰ ਨੂੰ ਇਜਾਜ਼ਤ ਦੇ ਸਕਦਾ ਹੈ।

(ੲ) ਖਪਤਕਾਰ ਦੁਆਰਾ ਨਿਰਧਾਰਣ ਦੀ ਪੂਰੀ ਰਕਮ ਜਮ੍ਹਾਂ ਕਰਵਾ ਦੇਣ ਮਗਰੋਂ, ਵੰਡ ਲਾਇਸੈਂਸੀ ਅਜਿਹੀ ਰਕਮ ਜਮ੍ਹਾਂ ਕਰਵਾਉਣ ਤੋਂ ਅਠਤਾਲੀ (48) ਘੰਟਿਆਂ ਦੇ ਅੰਦਰ ਅੰਦਰ ਅਹਾਤੇ ਵਿੱਚ ਬਿਜਲੀ ਦੀ ਸਪਲਾਈ ਬਹਾਲ ਕਰ ਦੇਵੇਗਾ।

37.2.4 ਵਿਅਕਤੀ, ਜਿਹੜਾ ਇਕ ਮੌਜੂਦਾ ਖਪਤਕਾਰ ਨਹੀਂ ਹੈ, ਦੁਆਰਾ ਨਿਰਧਾਰਣ ਦੀ ਰਕਮ ਜਮ੍ਹਾਂ ਕਰਵਾਉਣ ਮਗਰੋਂ, ਉਸ ਦੇ ਅਹਾਤੇ ਦੇ ਕੁਨੈਕਸ਼ਨ ਨੂੰ ਇਸ ਨੂੰ ਨਵੇਂ ਕੁਨੈਕਸ਼ਨ ਦੇ ਜਾਰੀ ਕਰਨ ਦੇ ਕੇਸ ਵਜੋਂ ਸਮਝਦਿਆਂ ਜਾਰੀ ਕੀਤਾ ਜਾਵੇਗਾ।

## 37.3 ਰਾਜ਼ੀਨਾਮਾ

37.3.1 ਰਾਜ ਸਰਕਾਰ ਜਾਂ ਇਸ ਦੁਆਰਾ ਕੋਈ ਵੀ ਅਧਿਕਾਰਿਤ ਅਫਸਰ ( ਅਨੁਲਗ- 11) ਕਿਸੇ ਵੀ ਖਪਤਕਾਰ / ਵਿਅਕਤੀ, ਜਿਸ ਨੇ ਬਿਜਲੀ ਦੀ ਚੋਰੀ ਕੀਤੀ ਹੈ ਜਾਂ ਉਚਿਤ ਰੂਪ ਵਿੱਚ ਸੰਦੇਹਜਨਕ ਹੈ, ਤੋਂ ਰਾਜ ਸਰਕਾਰ ਦੁਆਰਾ ਅਧਿਸੂਚਿਤ ਕੀਤੇ ਦਰਾਂ 'ਤੇ (ਅਨੁਲਗ- 11) ਰਾਜ਼ੀਨਾਮਾ ਫੀਸ ਵਜੋਂ ਰਕਮ ਪ੍ਰਵਾਨ ਕਰ ਸਕਦਾ ਹੈ।

37.3.2 ਵਿਨਿਯਮ 37.3.1 ਦੇ ਅਨੁਸਾਰ ਅਜਿਹੀ ਰਕਮ ਦੀ ਪ੍ਰਾਪਤੀ ਉਤੇ, ਉਸ ਅਪਰਾਧ ਦੇ ਸਬੰਧ ਵਿੱਚ ਹਿਰਾਸਤ ਵਿੱਚ ਕਿਸੇ ਵੀ ਵਿਅਕਤੀ ਨੂੰ ਆਜ਼ਾਦ ਕੀਤਾ ਜਾ ਸਕਦਾ ਹੈ ਅਤੇ ਕਿਸੇ ਵੀ ਫੌਜਦਾਰੀ ਅਦਾਲਤ ਵਿੱਚ ਅਜਿਹੇ ਖਪਤਕਾਰ ਜਾਂ ਵਿਅਕਤੀ ਵਿਰੁੱਧ ਕੋਈ ਵੀ ਕਾਰਵਾਈ ਸ਼ੁਰੂ ਨਹੀਂ ਕੀਤੀ ਜਾਂ ਜਾਰੀ ਨਹੀਂ ਰੱਖੀ ਜਾਵੇਗੀ। ਰਾਜ਼ੀਨਾਮਾ ਫੀਸ ਦੀ ਅਦਾਇਗੀ ਵਿਨਿਯਮ 37.2.2. ਜਾਂ 37.4 ਅਧੀਨ ਜਮ੍ਹਾਂ ਹੋਈ ਕੋਈ ਵੀ ਨਿਰਧਾਰਿਤ ਕੀਤੀ ਰਕਮ / ਸਿਵਲ ਦੇਣਦਾਰੀ ਤੋਂ ਇਲਾਵਾ ਹੋਵੇਗੀ।

37.3.3 ਬਿਜਲੀ ਦੀ ਚੋਰੀ ਦੇ ਅਪਰਾਧ ਦੀ ਮੁਆਫੀ ਦੀ ਕਿਸੇ ਖਪਤਕਾਰ / ਵਿਅਕਤੀ ਨੂੰ ਕੇਵਲ ਇਕ ਵਾਰ ਇਜਾਜ਼ਤ ਦਿੱਤੀ ਜਾਵੇਗੀ।

## 37.4 ਵਿਸ਼ੇਸ਼ ਅਦਾਲਤ ਦੀ ਕਾਰਜਵਿਧੀ

37.4.1 ਧਾਰਾ 137 ਅਧੀਨ ਬਿਜਲੀ ਦੀ ਚੋਰੀ ਦਾ ਹਰੇਕ ਅਪਰਾਧ ਵਿਸ਼ੇਸ਼ ਅਦਾਲਤ, ਜਿਸ ਦੇ ਅਧਿਕਾਰ ਖੇਤਰ ਵਿੱਚ ਅਜਿਹਾ ਅਪਰਾਧ ਹੋਇਆ ਹੈ, ਵਿੱਚ ਮੁਕੱਦਮਾ ਚਲਾਉਣ ਯੋਗ ਹੋਵੇਗਾ।

37.4.2 ਵਿਸ਼ੇਸ਼ ਅਦਾਲਤ ਊਰਜਾ ਦੀ ਚੋਰੀ ਲਈ ਪੈਸਿਆਂ ਦੇ ਰੂਪ ਵਿੱਚ ਖਪਤਕਾਰ ਜਾਂ ਵਿਅਕਤੀ ਵਿਰੁੱਧ ਦਿਵਾਨੀ (ਸਿਵਲ) ਦੇਣਦਾਰੀ ਨਿਰਧਾਰਤ ਕਰੇਗਾ ਜਿਹੜੀ ਕਿ ਬਿਜਲੀ ਦੀ ਚੋਰੀ ਪਤਾ ਲੱਗਣ ਦੀ ਮਿਤੀ ਜਾਂ ਜੇਕਰ ਨਿਰਧਾਰਿਤ ਕੀਤੀ ਗਈ ਐਨ ਓਹੀ ਮਿਤੀ (exact) ) ਤੋਂ ਬਾਰਾਂ (12) ਮਹੀਨੇ ਪੂਰਵ ਦੇ ਸਮੇਂ ਲਈ ਲਾਗੂ ਹੋਣ ਯੋਗ ਟੈਰਿਫ ਦਰ ਦੀ ਦੁਗਣੀ ਦੇ ਬਰਾਬਰ ਰਕਮ, ਜਿਹੜੀ ਵੀ ਘੱਟ ਹੋਵੇ, ਤੋਂ ਘੱਟ ਨਹੀਂ ਹੋਵੇਗੀ ਅਤੇ ਇਸ ਤਰ੍ਹਾਂ ਨਿਰਧਾਰਿਤ ਕੀਤੀ ਗਈ ਦਿਵਾਨੀ ਦੇਣਦਾਰੀ ਦੀ ਰਕਮ ਨੂੰ ਵਸੂਲ ਕੀਤਾ ਜਾਵੇਗਾ ਜਿਵੇਂ ਕਿ ਜੇਕਰ ਇਹ ਦਿਵਾਨੀ ਅਦਾਲਤ ਦੀ ਡਿਗਰੀ (decree) ਸੀ।

37.4.3 ਜੇਕਰ ਵਿਸ਼ੇਸ਼ ਅਦਾਲਤ ਦੁਆਰਾ ਅੰਤਮ ਤੌਰ ਤੇ ਇਸ ਤਰ੍ਹਾਂ ਨਿਰਧਾਰਣ ਕੀਤੀ ਗਈ 'ਦਿਵਾਨੀ ਦੇਣਦਾਰੀ' ਵਿਨਿਯਮ 37.2 ਦੇ ਅਧੀਨ ਖਪਤਕਾਰ ਜਾਂ ਵਿਅਕਤੀ ਦੁਆਰਾ ਜਮ੍ਹਾਂ ਕਰਵਾਈ ਗਈ ਰਕਮ ਤੋਂ ਘੱਟ ਹੈ ਤਾਂ ਖਪਤਕਾਰ ਜਾਂ ਵਿਅਕਤੀ ਦੁਆਰਾ ਇਸ ਤਰ੍ਹਾਂ ਜਮ੍ਹਾਂ ਕਰਵਾਈ ਗਈ ਵਧੀਕ ਰਕਮ ਵੰਡ ਲਾਇਸੈਂਸੀ ਨੂੰ ਵਿਸ਼ੇਸ਼ ਅਦਾਲਤ ਦੇ

ਆਦੇਸ਼ ਸੂਚਿਤ ਕਰਨ ਦੀ ਮਿਤੀ ਤੋਂ ਪੰਦਰਾਂ (15) ਦਿਨਾਂ ਦੇ ਅੰਦਰ ਅੰਦਰ ਅਜਿਹੀ ਜਮ੍ਹਾਂ ਕਰਵਾਈ ਰਕਮ ਦੀ ਮਿਤੀ ਤੋਂ ਅਦਾਇਗੀ ਦੀ ਮਿਤੀ ਤੱਕ ਦੇ ਸਮੇਂ ਲਈ ਸਬੰਧਤ ਸਾਲ ਦੀ ਪਹਿਲੀ ਅਪ੍ਰੈਲ ਨੂੰ ਪ੍ਰਚਲਤ ਸਟੇਟ ਬੈਂਕ ਆਫ ਇੰਡੀਆ ਦੀ ਅਧਾਰ ਦਰ ਜਮ੍ਹਾਂ 2% 'ਤੇ ਵਿਆਜ ਸਹਿਤ ਵਾਪਸ ਕੀਤੀ ਜਾਵੇਗੀ।

## 38. ਬਿਜਲਈ ਪਲਾਂਟ ਅਤੇ ਲਾਈਨਾਂ ਨੂੰ ਨੁਕਸਾਨ

38.1 ਜੇਕਰ ਕੋਈ ਵਿਅਕਤੀ ਵੰਡ ਲਾਇਸੈਂਸੀ ਦੇ ਨਾਲ ਸਬੰਧਤ ਕਿਸੇ ਬਿਜਲਈ ਪਲਾਂਟ ਜਾਂ ਬਿਜਲੀ ਦੀ ਲਾਈਨ ਨੂੰ ਜਾਣ ਬੁਝ ਕੇ ਜਾਂ ਅਣਗਹਿਲੀ ਦੁਆਰਾ ਨੁਕਸਾਨ ਪਹੁੰਚਾਉਂਦਾ ਹੈ ਜਾਂ ਨੁਕਸਾਨ ਪਹੁੰਚਾਉਣ ਦੀ ਇਜਾਜ਼ਤ ਦਿੰਦਾ ਹੈ, ਤਾਂ ਉਹ ਐਕਟ ਅਧੀਨ ਕਿਸੇ ਹੋਰ ਕਾਰਵਾਈ ਕਰਨ ਵਾਸਤੇ ਵੰਡ ਲਾਇਸੈਂਸੀ ਦੇ ਅਧਿਕਾਰ ਨਾਲ ਬਿਨਾਂ ਪੱਖ-ਪਾਤ ਕੀਤਿਆਂ ਵੰਡ ਲਾਇਸੈਂਸੀ ਦੁਆਰਾ ਨਿਰਧਾਰਣ ਕੀਤੇ ਗਏ ਅਨੁਸਾਰ ਅਜਿਹੇ ਪਲਾਂਟ/ ਲਾਈਨ ਦੀ ਮੁਰੰਮਤ ਜਾਂ ਬਦਲਾਈ ਉਤੇ ਕੀਤੇ ਜਾਣ ਵਾਲੇ ਸੰਭਾਵੀ ਖਰਚ ਦੀ ਅਦਾਇਗੀ ਕਰਨ ਵਾਸਤੇ ਜ਼ਿੰਮੇਵਾਰ ਹੋਵੇਗਾ।

38.2 ਵੰਡ ਲਾਇਸੈਂਸੀ ਕਿਸੇ ਬਿਜਲੀ ਦੀ ਲਾਈਨ ਜਾਂ ਪਲਾਂਟ ਨੂੰ ਪਹੁੰਚੇ ਅਜਿਹੇ ਨੁਕਸਾਨ ਦੇ ਚੌਵੀ (24) ਘੰਟਿਆਂ ਦੇ ਅੰਦਰ ਅੰਦਰ ਇਹ ਪ੍ਰਬੰਧ ਕਰੇਗਾ ਕਿ ਉਸ ਦੀ ਮੁਰੰਮਤ/ ਬਦਲਾਈ ਲਈ ਸੰਭਾਵਿਤ ਖਰਚ ਦਾ ਆਰਜ਼ੀ ਤੌਰ ਤੇ ਨਿਰਧਾਰਣ ਕੀਤਾ ਗਿਆ ਹੈ। ਸਬੰਧਤ ਵਿਅਕਤੀ ਨੂੰ ਨਿਰਧਾਰਣ ਦੀ ਸੂਚਨਾ ਦੇ ਦੋ (2) ਦਿਨਾਂ ਦੇ ਅੰਦਰ ਅੰਦਰ ਆਰਜ਼ੀ ਤੌਰ ਤੇ ਨਿਰਧਾਰਣ ਕੀਤੀ ਗਈ ਰਕਮ ਨੂੰ ਜਮ੍ਹਾਂ ਕਰਵਾਉਣਾ ਪਵੇਗਾ। ਵਿਅਕਤੀ ਦੇ ਆਰਜ਼ੀ ਤੌਰ ਤੇ ਨਿਰਧਾਰਣ ਕੀਤੀ ਗਈ ਰਕਮ ਨਾਲ ਸੰਤੁਸ਼ਟ ਨਾ ਹੋਣ ਦੀ ਸੂਰਤ ਵਿੱਚ, ਉਹ ਅਜਿਹੀ ਰਕਮ ਨੂੰ ਜਮ੍ਹਾਂ ਕਰਵਾਉਣ ਮਗਰੋਂ ਵੰਡ ਲਾਇਸੈਂਸੀ ਦੁਆਰਾ ਇਸ ਤਰ੍ਹਾਂ ਉਪਾਧਿਤ ਉਚੇਰੀ ਅਥਾਰਟੀ ਨੂੰ ਪ੍ਰਤਿਬੇਨਤੀ ਪੇਸ਼ ਕਰੇਗਾ, ਜਿਹੜਾ ਕਿ ਸਬੰਧਤ ਵਿਅਕਤੀ ਨੂੰ ਸੁਣੇ ਜਾਣ ਦਾ ਮੌਕਾ ਦੇਣ ਮਗਰੋਂ ਸਤ (7) ਦਿਨਾਂ ਦੇ ਅੰਦਰ ਅੰਦਰ ਅੰਤਮ ਨਿਰਧਾਰਣ ਕਰੇਗਾ।

38.3 ਜੇਕਰ ਵਿਅਕਤੀ ਦੁਆਰਾ ਜਮ੍ਹਾਂ ਕਰਵਾਈ ਗਈ ਰਕਮ ਅੰਤਮ ਤੌਰ ਤੇ ਨਿਰਧਾਰਣ ਕੀਤੀ ਗਈ ਰਕਮ ਨਾਲੋਂ ਵੱਧ ਜਾਂਦੀ ਹੈ ਤਾਂ ਅਜਿਹੀ ਵਧੀਕ ਰਕਮ ਨੂੰ ਵੰਡ ਲਾਇਸੈਂਸੀ ਦੁਆਰਾ ਅੰਤਮ ਨਿਰਧਾਰਣ ਦੇ ਦੋ (2) ਕਾਰਜੀ ਦਿਨਾਂ ਦੇ ਅੰਦਰ ਅੰਦਰ ਵਾਪਸ ਕੀਤੀ ਜਾਵੇਗੀ। ਜਿਥੇ ਵਿਅਕਤੀ ਖਪਤਕਾਰ ਹੈ ਤਾਂ ਰਕਮ ਦੀ ਵਾਪਸੀ ਦੀ ਤੁਰੰਤ ਉਤਰਵਰਤੀ ਮਹੀਨਿਆਂ ਦੇ ਬਿਜਲੀ ਦੇ ਬਿਲਾਂ ਵਿੱਚ ਸਮਾਧਾਨ ਰਾਹੀਂ ਇਜਾਜ਼ਤ ਦਿੱਤੀ ਜਾਵੇਗੀ।

38.4 ਵਿਅਕਤੀ ਦੇ ਅੱਜੇ ਵੀ ਅੰਤਮ ਨਿਰਧਾਰਣ ਨਾਲ ਸੰਤੁਸ਼ਟ ਨਾ ਹੋਣ ਦੀ ਸੂਰਤ ਵਿੱਚ, ਉਹ ਕਮਿਸ਼ਨ ਦੁਆਰਾ ਪ੍ਰਵਾਨ ਕੀਤੀ ਗਈ ਵੰਡ ਲਾਇਸੈਂਸੀ ਦੀ ਖਪਤਕਾਰ ਸ਼ਿਕਾਇਤ ਹੈਂਡਲਿੰਗ ਕਾਰਜਵਿਧੀ ਅਨੁਸਾਰ ਨਿਵਿਰਤੀ ਦੀ ਮੰਗ ਕਰ ਸਕਦਾ ਹੈ।

38.5 ਵੰਡ ਲਾਇਸੈਂਸੀ ਖਪਤਕਾਰ ਨੂੰ ਬਿਜਲੀ ਦੀ ਸਪਲਾਈ ਉਦੋਂ ਤੱਕ ਬੰਦ ਕਰ ਸਕਦਾ ਹੈ ਜਦੋਂ ਤੱਕ ਕਿ ਅੰਤਮ ਤੌਰ 'ਤੇ ਨਿਰਧਾਰਣ ਕੀਤੇ ਗਏ ਖਰਚ ਜਮ੍ਹਾਂ ਨਾ ਕਰਵਾ ਦਿੱਤੇ ਗਏ ਹੋਣ ਜਾਂ ਖਪਤਕਾਰ 'ਖਪਤਕਾਰ ਸ਼ਿਕਾਇਤ ਹੈਂਡਲਿੰਗ ਕਾਰਜਵਿਧੀ' ਦੇ ਸਬੰਧਤ ਉਪਬੰਧਾਂ ਅਧੀਨ ਕਾਰਜਵਿਧੀ ਦੀ ਪਾਲਣਾ ਨਹੀਂ ਕਰਦਾ।

## 39. ਕਿਸੇ ਅਹਾਤੇ ਵਿੱਚ ਪ੍ਰਵੇਸ਼ ਕਰਨ ਲਈ ਲਾਇੰਸੈਂਸੀ ਦੇ ਅਖਤਿਆਰ

39.1 ਲਾਇਸੈਂਸੀ ਦੁਆਰਾ ਵਿਧੀ ਪੂਰਵਕ ਅਧਿਕਾਰਿਤ ਕੀਤਾ ਗਿਆ ਇਕ ਲਾਇਸੈਂਸੀ ਜਾਂ ਕੋਈ ਵਿਅਕਤੀ ਕਿਸੇ ਵੀ ਉਚਿਤ ਸਮੇ ’ਤੇ ਅਤੇ ਆਪਣੇ ਮਨਸ਼ੇ ਬਾਰੇ ਕਾਬਜ਼ ਨੂੰ ਸੂਚਨਾ ਦੇਣ ਉਤੇ, ਕਿਸੇ ਵੀ ਅਹਾਤੇ, ਜਿਸ ਨੂੰ ਉਸ ਦੁਆਰਾ ਬਿਜਲੀ ਦੀ ਸਪਲਾਈ ਦਿੱਤੀ ਜਾਂਦੀ ਹੈ ਜਾਂ ਦਿੱਤੀ ਗਈ ਹੈ, ਜਾਂ ਕਿਸੇ ਵੀ ਅਹਾਤੇ ਜਾਂ ਜਮੀਨ ਵਿੱਚ ਜਿਸ ਅਧੀਨ, ਉਪਰੋਂ, ਨਾਲ ਜਾਂ ਆਰ-ਪਾਰ, ਵਿੱਚ ਜਾਂ ਉਤੇ ਬਿਜਲੀ ਦੀਆਂ ਸਪਲਾਈ ਕਰਨ ਦੀਆਂ ਲਾਈਨਾਂ ਜਾਂ ਹੋਰ ਦੂਜੇ ਕਾਰਜਾਂ ਨੂੰ ਹੇਠ ਲਿਖੇ ਮੰਤਵਾਂ ਲਈ ਉਸ ਦੁਆਰਾ ਕਾਨੂੰਨੀ ਤੌਰ ਤੇ ਲਗਾਇਆ ਗਿਆ ਹੈ, ਪ੍ਰਵੇਸ਼ ਕਰ ਸਕਦਾ ਹੈ : -

39.1.1 ਲਾਇਸੈਂਸੀ ਦੇ ਨਾਲ ਸਬੰਧਤ ਬਿਜਲੀ ਦੀ ਸਪਲਾਈ ਲਈ ਬਿਜਲੀ ਸਪਲਾਈ ਦੀਆਂ ਲਾਈਨਾਂ, ਮੀਟਰਾਂ, ਫਿਟਿੰਗਾਂ, ਕਾਰਜਾਂ ਅਤੇ ਯੰਤਰਾਂ ਦਾ ਨਿਰੀਖਣ, ਟੈੱਸਟਿੰਗ, ਮੁਰੰਮਤ ਕਰਨ ਜਾਂ ਬਦਲਣ ਲਈ ; ਜਾਂ

39.1.2 ਸਪਲਾਈ ਕੀਤੀ ਗਈ ਮਾਤਰਾ ਜਾਂ ਸਪਲਾਈ ਵਿੱਚ ਦਿੱਤੀ ਗਿਈ ਬਿਜਲਈ ਮਿਕਦਾਰ ਜਾਂਚਣ ਲਈ ; ਅਤੇ

39.1.3 ਜਿਥੇ ਬਿਜਲੀ ਦੀ ਸਪਲਾਈ ਦੀ ਹੁਣ ਲੋੜ ਨਹੀਂ ਜਾਂ ਜਿਥੇ ਲਾਇਸੈਂਸੀ ਨਾਲ ਸਬੰਧਤ ਅਜਿਹੀ ਸਪਲਾਈ, ਕਿਸੇ ਬਿਜਲੀ ਦੀਆਂ ਲਾਈਨਾਂ, ਮੀਟਰਾਂ, ਫਿਟਿੰਗਾਂ, ਕਾਰਜਾਂ ਜਾਂ ਯੰਤਰਾਂ ਨੂੰ ਲਾਇਸੈਂਸੀ ਕੱਢਣ (take away) ਅਤੇ ਕੱਟਣ ਵਾਸਤੇ ਅਧਿਕਾਰਿਤ ਹੈ, ਨੂੰ ਹਟਾਉਣ ਲਈ।

39.2 ਉਕਤ ਦੱਸੇ ਗਏ ਅਨੁਸਾਰ ਅਧਿਕਾਰਿਤ ਕੀਤਾ ਗਿਆ ਲਾਇਸੈਂਸੀ ਜਾਂ ਵਿਅਕਤੀ ਕਾਰਜਕਾਰੀ ਮੈਜਿਸਟਰੇਟ ਦੁਆਰਾ ਕੀਤੇ ਗਏ ਇਸ ਦੀ ਤਰਫੋਂ ਵਿਸ਼ੇਸ਼ ਆਦੇਸ਼ ਦੀ ਪਾਲਣਾ ਵਿੱਚ ਅਤੇ ਕਾਬਜ਼ ਨੂੰ ਲਿਖਤੀ ਰੂਪ ਵਿੱਚ ਨੋਟਿਸ, ਜੋ ਚੌਵੀ (24) ਘੰਟਿਆਂ ਤੋਂ ਘੱਟ ਨਹੀਂ ਹੋਵੇਗਾ, ਦੇਣ ਮਗਰੋਂ : -

39.2.1 ਵਿਨਿਯਮ 39.1 ਵਿੱਚ ਹਵਾਲਾ ਕੀਤੇ ਗਏ ਕਿਸੇ ਵੀ ਅਹਾਤੇ ਜਾਂ ਜਮੀਨ ’ਤੇ ਉਸ ਵਿੱਚ ਦੱਸੇ ਗਏ ਕਿਸੇ ਵੀ ਮੰਤਵ ਲਈ ਪ੍ਰਵੇਸ਼ ਕਰ ਸਕਦਾ ਹੈ ; ਅਤੇ

39.2.2 ਕਿਸੇ ਵੀ ਅਹਾਤੇ, ਜਿਸ ਵਿੱਚ ਉਸ ਦੁਆਰਾ ਬਿਜਲੀ ਦੀ ਸਪਲਾਈ ਦਿੱਤੀ ਜਾਣੀ ਹੈ, ਵਿੱਚ ਖਪਤਕਾਰ ਨਾਲ ਸਬੰਧਤ ਬਿਜਲੀ ਦੀ ਵਰਤੋਂ ਵਾਸਤੇ ਬਿਜਲੀ ਦੀਆਂ ਤਾਰਾਂ, ਫਿਟਿੰਗਾਂ, ਕਾਰਜਾਂ ਅਤੇ ਯੰਤਰਾਂ ਦੀ ਜਾਂਚ- ਪੜਤਾਲ ਅਤੇ ਟੈੱਸਟਿੱਗ ਦੇ ਮੰਤਵ ਲਈ ਪ੍ਰਵੇਸ਼ ਕਰ ਸਕਦਾ ਹੈ।

39.3 ਜਿਥੇ ਖਪਤਕਾਰ ਜਾਂ ਕੋਈ ਵਿਅਕਤੀ ਉਕਤ ਦੱਸੇ ਗਏ ਅਨੁਸਾਰ ਅਧਿਕਾਰਿਤ ਕੀਤੇ ਗਏ ਲਾਇਸੈਂਸੀ ਜਾਂ ਕਿਸੇ ਵਿਅਕਤੀ ਨੂੰ ਵਿਨਿਯਮ 39.1 ਜਾਂ 39.2 ਦੇ ਉਪਬੰਧਾਂ ਦੀ ਪਾਲਣਾ ਵਿੱਚ ਆਪਣੇ ਅਹਾਤੇ ਜਾਂ ਜਮੀਨ ਵਿੱਚ ਪ੍ਰਵੇਸ਼ ਕਰਨ ਵਾਸਤੇ ਇਜਾਜ਼ਤ ਦੇਣ ਤੋਂ ਇਨਕਾਰ ਕਰਦਾ ਹੈ, ਜਾਂ ਜਦੋਂ ਅਜਿਹਾ ਲਾਇਸੈਂਸੀ ਜਾਂ ਵਿਅਕਤੀ ਜੋ ਇਸ ਤਰ੍ਹਾਂ ਦਾਖਲ ਹੋ ਗਿਆ ਹੈ ਪਰੰਤੂ ਕੋਈ ਕਾਰਵਾਈ, ਜਿਸ ਨੂੰ ਨਿਭਾਉਣ ਲਈ ਉਹਨਾਂ ਵਿਨਿਯਮਾਂ ਦੁਆਰਾ ਉਸ ਨੂੰ ਅਧਿਕਾਰਿਤ ਕੀਤਾ ਗਿਆ ਹੈ, ਨਿਭਾਉਣ ਵਾਸਤੇ ਇਜਾਜ਼ਤ ਦੇਣ ਤੋਂ ਇਨਕਾਰ ਕਰਦਾ ਹੈ ਅਤੇ ਅਜਿਹੇ ਪ੍ਰਵੇਸ਼ ਜਾਂ ਕਾਰਜਕੁਸ਼ਲਤਾ ਲਈ ਉਚਿਤ ਸਹੂਲਤਾਂ ਦੇਣ ਵਾਸਤੇ ਅਸਫਲ ਰਹਿੰਦਾ ਹੈ ਤਾਂ ਲਾਇਸੈਂਸੀ ਖਪਤਕਾਰ ਨੂੰ ਲਿਖਤੀ ਰੂਪ ਵਿੱਚ ਨੋਟਿਸ ਦੇਣ ਤੋਂ ਚੌਵੀ (24) ਘੰਟਿਆਂ ਦੇ ਲੰਘਣ ਮਗਰੋਂ ਉਨੇ ਸਮੇਂ ਲਈ ਖਪਤਕਾਰ ਦੀ ਸਪਲਾਈ ਕੱਟ ਸਕਦਾ ਹੈ ਜਿੰਨੇ ਸਮੇਂ ਲਈ ਅਜਿਹਾ ਇਨਕਾਰ ਜਾਂ ਅਸਫਲਤਾ ਜਾਰੀ ਰਹਿੰਦੀ ਹੈ ਪਰ ਉਸ ਤੋਂ ਜ਼ਿਆਦਾ ਨਹੀਂ।

**40 ਬਿਜਲੀ ਦਾ ਵਿਚਲਣ (diversion), ਬਿਜਲੀ ਦੀ ਚੋਰੀ ਜਾਂ ਅਣ-ਅਧਿਕਾਰਿਤ ਵਰਤੋਂ ਜਾਂ ਬਿਜਲਈ ਪਲਾਂਟ, ਬਿਜਲੀ ਦੀਆਂ ਲਾਈਨਾਂ ਜਾਂ ਮੀਟਰ ਦੀ ਬਦਹਾਲੀ ( distress ) ਜਾਂ ਨੁਕਸਾਨ ਪਹੁੰਚਾਉਣ ਤੋਂ ਰੋਕਣ ਲਈ ਉਪਾਅ**

40.1 ਬਿਜਲੀ ਦੀ ਚੋਰੀ ਜਾਂ ਅਣ-ਅਧਿਕਾਰਿਤ ਵਰਤੋਂ ਜਾਂ ਬਿਜਲਈ ਪਲਾਂਟ, ਬਿਜਲੀ ਦੀਆਂ ਲਾਈਨਾਂ ਜਾਂ ਮੀਟਰ ਦੀ ਬਦਹਾਲੀ ( distress ) ਜਾਂ ਨੁਕਸਾਨ ਪਹੁੰਚਾਉਣ ਤੋਂ ਰੋਕਣ ਨੂੰ ਮੱਦੇ ਨਜ਼ਰ ਰੱਖਦੇ ਹੋਏ, ਵੰਡ ਲਾਇਸੈਂਸੀ ਹੋਰਨਾਂ ਗੱਲਾਂ ਦੇ ਨਾਲ ਨਾਲ ਇਹਤਿਆਤੀ ਉਪਾਅ ਸ਼ੁਰੂ ਕਰੇਗਾ ਜਿਵੇਂ ਕਿ: -

(ੳ) ਉਸ ਦੇ ਸੰਚਾਲਣ ਦੇ ਖੇਤਰ ਵਿੱਚ ਕੁੱਲ ਕੁਨੈਕਸ਼ਨਾਂ ਦਾ ਘੱਟੋ ਘੱਟ 20% ਦਾ ਮੀਟਰਾਂ ਦਾ ਸਾਲਾਨਾ ਨਿਰੀਖਣ, ਟੈੱਸਟਿੰਗ ਅਤੇ ਸਰਟੀਫਿਕੇਸ਼ਨ ਦਾ ਪ੍ਰਬੰਧ ;

(ਅ) ਮੌਜੂਦਾ ਕੁਨੈਕਸ਼ਨਾਂ ਦਾ ਘੱਟ ਤੋਂ ਘੱਟ 20% ਉਤੇ ਉਦੋਂ ਤੱਕ ਹੇਰਾ-ਫੇਰੀ ਪਰੂਫ ਮੀਟਰ ਬਕਸੇ ਦਾ ਸਾਲਾਨਾ ਸਥਾਪਨ ਜਦੋਂ ਤੱਕ ਉਕਤ ਮੀਟਰ ਬਕਸੇ ਸਾਰੇ ਕੁਨੈਕਸ਼ਨਾਂ ਉਤੇ ਸੰਸਥਾਪਿਤ ਨਹੀਂ ਕਰ ਦਿੱਤੇ ਜਾਂਦੇ।

(ੲ) ਸਰਵਿਸ ਲਾਈਨਾਂ ਦਾ ਨਿਯਤਕਾਲੀ ਨਿਰੀਖਣ ਅਤੇ ਜਿਥੇ ਕਿਤੇ ਲੋੜ ਹੋਵੇ, ਬਦਲਾਈ (replacement) ਯਕੀਨੀ ਬਣਾਉਣਾ ;

(ਸ) ਮੌਜੂਦਾ ਖਪਤਕਾਰਾਂ ਦੇ ਮੀਟਰਾਂ ਨੂੰ ਇਸ ਦੀ ਲਾਗਤ ’ਤੇ ਉਚਿਤ ਸਥਾਨ ਉਤੇ ਮੁੜ ਸਥਾਪਿਤ ਕਰਨਾ ਤਾਂ ਕਿ ਇਹ ਪੜਤ, ਨਿਰੀਖਣ / ਟੈੱਸਟਿੰਗ ਆਦਿ ਲਈ ਆਸਾਨੀ ਨਾਲ ਪਹੁੰਚ ਯੋਗ ਹੋਣ;

(ਹ) ਖਪਤਕਾਰਾਂ ਜਿਹਨਾਂ ਦੇ ਮੀਟਰ ਖਪਤਕਾਰਾਂ ਦੇ ਅਹਾਤਿਆਂ ਦੇ ਬਾਹਰ ਸੰਸਥਾਪਿਤ ਕੀਤੇ ਗਏ ਹਨ, ਦੇ ਕੇਸ ਵਿੱਚ, ਮੀਟਰ ਬਕਸਿਆਂ / ਥੰਮਲਾ ਬਕਸਿਆਂ ਨੂੰ ਸੀਲ / ਤਾਲਾ ਲਗਾਉਣਾ ; ਅਤੇ

(ਕ) ਵਣਜੀ ਹਾਨੀਆਂ ਨੂੰ ਘਟਾਉਣ ਦੀ ਸੰਭਾਵਨਾ ਦੀ ਜਾਗਰੂਕਤਾ ਵਧਾਉਣ ਲਈ ਅਤੇ ਖਪਤਕਾਰਾਂ ਨੂੰ ਉਸ ਦੇ ਸੰਭਾਵਿਤ ਸਿਟਿਆਂ ਦੇ ਪ੍ਰਚਾਰ ਕਰਨ ਦਾ ਪ੍ਰਬੰਧ ਕਰਨਾ।

**40.2 ਚੋਰੀ ਨੂੰ ਰੋਕਥਾਮ ਲਈ ਆਰੰਭਕ ਕਦਮ :**

(ੳ) ਓਵਰਹੈੱਡ ਬੇਅਰ ਕੰਡਕਟਰ ਨੂੰ ਕੇਬਲਾਂ ਨਾਲ ਬਦਲਣਾ ;

(ਅ) ਉਚ ਵੋਲਟਤਾ ਵੰਡ ਸਿਸਟਮ ਦਾ ਉਪਬੰਧ ;

(ੲ) ਵਣਜੀ / ਤਕਨੀਕੀ ਹਾਨੀਆਂ ਨੂੰ ਘਟਾਉਣ ਲਈ ਸਾਲਾਨਾ ਯੋਜਨਾ ਬਣਾਉਣਾ ;

(ਸ) ਖਪਤ ਦੀ ਮੋਨੀਟਰਿੰਗ ਅਤੇ ਬਿਜਲੀ ਦੀ ਚੋਰੀ ਦੀ ਰੋਕਥਾਮ ਦੇ ਮੰਤਵ ਲਈ ਅਗੇਤਤਾ ਆਧਾਰ ਉਤੇ ਸਾਰੇ ਐਚ. ਟੀ. / ਈ. ਐਚ. ਟੀ. ਕੁਨੈਕਸ਼ਨਾਂ ਉਤੇ ਰਿਮੋਟ ਮੀਟਰਿੰਗ ਯੰਤਰਾਂ ਦੀ ਸੰਸਥਾਪਨਾ ;

(ਹ) ਅਗਲੇ ਛੇ (6) ਮਹੀਨਿਆਂ ਵਿੱਚ ਸਾਰੇ 66 ਕੇ. ਵੀ., 33 ਕੇ. ਵੀ. ਅਤੇ 11 ਕੇ. ਵੀ. ਫੀਡਰਾਂ ਲਈ ਫੀਡਰ ਵਾਰ ਹਾਨੀਆਂ ਅਤੇ ਇਕ ਸਾਲ ਦੇ ਅੰਦਰ ਅੰਦਰ ਪੂਰੇ ਰਾਜ ਲਈ ਕੁੱਲ ਵੋਲਟੇਜ ਵਾਰ ਹਾਨੀਆਂ ਕੱਢਣਾ ; ਅਤੇ

(ਕ) ਵੰਡ ਲਾਇਸੈਂਸੀ ਦੁਆਰਾ ਸਾਲਾਨਾ ਊਰਜਾ ਲੇਖਾ- ਪੜਤਾਲ ਰਿਪੋਰਟਾਂ ਹਰੇਕ ਸਾਲ ਦੇ ਅਪ੍ਰੈਲ ਦੇ ਅੰਤ ਤੱਕ ਕਮਿਸ਼ਨ ਨੂੰ ਪੇਸ਼ ਕੀਤੀਆਂ ਜਾਣਗੀਆਂ।

## 41 ਊਰਜਾ ਪ੍ਰਤਿਪਾਲਣ

41.1 ਵੰਡ ਲਾਇਸੈਂਸੀ ਸਪਲਾਈ ਦੇ ਆਪਣੇ ਖੇਤਰ ਵਿੱਚ ਊਰਜਾ ਪ੍ਰਤਿਪਾਲਣ ਨੂੰ ਪ੍ਰੋਤਸਾਹਨ ਕਰਨ ਲਈ ਅਤੇ ਖਪਤਕਾਰਾਂ ਨੂੰ ਆਪਣੇ ਅਹਾਤਿਆਂ ਵਿੱਚ ਮੁਨਾਸਬ ਪ੍ਰਤਿਪਾਲਣ ਅਮਲ ਅਪਣਾਉਣ ਲਈ ਉਤਸ਼ਾਹਿਤ / ਪ੍ਰੇਣਾਤਮਕ ਸਾਰੇ ਲੋੜੀਂਦੇ ਉਪਾਅ ਕਰੇਗਾ।

41.2 ਵੰਡ ਲਾਇਸੈਂਸੀ ਇਸ ਮੰਤਵ ਲਈ ਪੰ. ਰਾ. ਬਿ. ਰੈ. ਕ. ( ਮੰਗ ਪੱਖ ਮੈਨੇਜਮੈਂਟ ) ਵਿਨਿਯਮ, 2012 ਦੇ ਵੱਖ ਵੱਖ ਉਪਬੰਧਾਂ ਨੂੰ ਲਾਗੂ ਕਰੇਗਾ ਅਤੇ ਕਮਿਸ਼ਨ ਦੁਆਰਾ ਨਿਸ਼ਚਿਤ ਕੀਤੇ ਊਰਜਾ ਬਚਾਓ ਟੀਚੇ ਨੂੰ ਪ੍ਰਾਪਤ ਕਰੇਗਾ।

# ਅਧਿਆਇ – IX

## ਫੁਟਕਲ

### 42. ਨੋਟਿਸ ਦੇਣਾ

42.1 ਵੰਡ ਲਾਇਸੈਂਸੀ ਦੁਆਰਾ ਕਿਸੇ ਵਿਅਕਤੀ/ ਖਪਤਕਾਰ ਨੂੰ ਕੋਈ ਆਦੇਸ਼/ ਨੋਟਿਸ, ਇਸ ਵਿੱਚ ਐਕਟ ਦੀ ਧਾਰਾ 56 ਅਧੀਨ ਨੋਟਿਸ ਵੀ ਸ਼ਾਮਲ ਹੈ, ਨੂੰ ਵੰਡ ਲਾਇਸੈਂਸੀ ਦੁਆਰਾ ਵਿਧੀ ਪੂਰਵਕ ਭੇਜਿਆ ਜਾਣਾ ਸਮਝਿਆ ਜਾਵੇਗਾ ਜੇਕਰ ਇਹ : –

(ੳ) ਰਜਿਸਟਰਡ ਡਾਕ, ਸਪੀਡ ਪੋਸਟ ਦੁਆਰਾ, ਡਾਕ ਦੇ ਸਰਟੀਫਿਕੇਟ ਅਧੀਨ ਜਾਂ ਕੋਰੀਅਰ ਰਾਹੀਂ ਜਾਂ ਖਪਤਕਾਰ ਦੀ ਰਿਜਸਟਰਡ ਮੇਲ ਆਈ. ਡੀ. 'ਤੇ ਈ– ਮੇਲ ਰਾਹੀਂ ਭੇਜਿਆ ਗਿਆ ਹੋਵੇ।

(ਅ) ਖਪਤਕਾਰ / ਵਿਅਕਤੀ ਨੂੰ ਦਸਤੀ ਪਹੁੰਚਾਇਆ ਗਿਆ ਹੋਵੇ ਅਤੇ ਅਹਾਤੇ ਵਿੱਚ ਕਿਸੇ ਵੀ ਵਿਅਕਤੀ ਤੋਂ ਪਹੁੰਚ ਰਸੀਦ ਲਈ ਗਈ ਹੋਵੇ ; ਅਤੇ

(ੲ) ਜੇਕਰ ਅਹਾਤੇ ਵਿੱਚ ਕੋਈ ਵਿਅਕਤੀ, ਜਿਸ ਨੂੰ ਇਹ ਆਦੇਸ਼ / ਨੋਟਿਸ ਉਚਿਤ ਉੱਦਮ ਨਾਲ ਦਿੱਤਾ ਜਾ ਸਕਦਾ ਹੈ, ਨਾ ਮਿਲੇ ਤਾਂ ਅਜਿਹੇ ਅਹਾਤੇ ਦੇ ਆਕਰਸ਼ਕ ਹਿੱਸੇ 'ਤੇ ਚਿਪਕਾਇਆ ਗਿਆ ਹੋਵੇ।

42.2 ਖਪਤਕਾਰ ਦੁਆਰਾ ਵੰਡ ਲਾਇਸੈਂਸੀ ਨੂੰ ਕੋਈ ਵੀ ਨੋਟਿਸ ਵਿਧੀ ਪੂਰਵਕ ਦਿੱਤਾ ਜਾਣਾ ਸਮਝਿਆ ਜਾਵੇਗਾ, ਜੇਕਰ ਇਹ ਸਬੰਧਤ ਅਫਸਰ ਇੰਚਾਰਜ ਨੂੰ ਲਿਖਤੀ ਰੂਪ ਵਿੱਚ ਦਿੱਤਾ ਗਿਆ ਹੋਵੇ ਅਤੇ ਦਸਤੀ ਦਿਤਾ ਗਿਆ ਹੋਵੇ ਜਾਂ ਰਜਿਸਟਰਡ ਡਾਕ ਦੁਆਰਾ ਜਾਂ ਕੋਰੀਅਰ ਰਾਹੀਂ ਭੇਜਿਆ ਗਿਆ ਹੋਵੇ।

### 43. ਸਟੇਟ ਟ੍ਰਾਂਸਮੀਸ਼ਨ ਯੂਟੀਲਿਟੀ / ਸੰਚਾਰਨ ਲਾਇਸੈਂਸੀ ( ਸੀਆਂ ) ਦੀ ਜ਼ਿੰਮੇਵਾਰੀ

ਰਾਜ ਵਿੱਚ ਸੰਚਾਰਨ ਕਰ ਰਿਹਾ ਸਟੇਟ ਟ੍ਰਾਂਸਮੀਸ਼ਨ ਯੂਟੀਲਿਟੀ ਅਤੇ/ ਜਾਂ ਕੋਈ ਹੋਰ ਦੂਜਾ ਸੰਚਾਰਨ ਲਾਇਸੈਂਸੀ ਇਹਨਾਂ ਵਿਨਿਯਮਾਂ ਦੇ ਅਨੁਸਾਰ ਇਕ ਬਿਨੈਕਾਰ ਨੂੰ ਨਵਾਂ ਕੁਨੈਕਸ਼ਨ ਜਾਂ ਅਤਿਰਿਕਤ ਲੋਡ / ਮੰਗ ਜਾਰੀ ਕਰਨ ਵਾਸਤੇ ਵੰਡ ਲਾਇਸੈਂਸੀ ਨੂੰ ਸਮਰੱਥ ਬਣਾਉਣ ਲਈ ਜਿਥੇ ਆਵੱਸ਼ਕ ਹੋਵੇ ਸਾਰੇ ਉਚਿਤ ਸਹਿਯੋਗ ਦੇਵੇਗਾ।

### 44. ਵਿਆਖਿਆ

44.1 ਇਹ ਵਿਨਿਯਮ ਐਕਟ ਦੇ ਉਪਬੰਧਾਂ, ਐਕਟ ਅਧੀਨ ਬਣਾਏ ਗਏ ਨਿਯਮਾਂ ਜਾਂ ਵਿਨਿਯਮਾਂ ਅਤੇ ਇਸ ਸਮੇਂ 'ਤੇ ਲਾਗੂ ਕਿਸੇ ਵੀ ਹੋਰ ਕਾਨੂੰਨ ਦੇ ਉਪਬੰਧਾਂ ਦੀ ਸ਼ਰਤ ਅਧੀਨ ਹੋਣ ਕਰਕੇ ਸਾਰੇ ਪੱਖਾਂ ਤੋਂ ਪੜੇ ਜਾਣਗੇ ਅਤੇ ਅਰਥ ਕੱਢੇ ਜਾਣਗੇ।

44.2 ਇਹਨਾਂ ਵਿਨਿਯਮਾਂ ਵਿੱਚ ਕੁਝ ਵੀ ਅਜਿਹਾ ਨਹੀਂ ਜੋ ਐਕਟ ਅਧੀਨ ਜਾਂ ਉਸ ਅਧੀਨ ਬਣਾਏ ਗਏ ਕਿਸੇ ਨਿਯਮਾਂ ਜਾਂ ਵਿਨਿਯਮਾਂ ਤਹਿਤ ਵੰਡ ਲਾਇਸੈਂਸੀ ਅਤੇ ਖਪਤਕਾਰ ਦੇ ਅਧਿਕਾਰਾਂ ਤੋਂ ਵੰਚਿਤ ਜਾਂ ਪੱਖ–ਪਾਤ ਕਰੇਗਾ।

44.3 ਸਪਲਾਈ ਕੋਡ ਦੀ ਵਿਆਖਿਆ ਦੇ ਸਬੰਧ ਵਿੱਚ ਵੰਡ ਲਾਇਸੈਂਸੀ ਅਤੇ ਖਪਤਕਾਰ ਵਿਚਕਾਰ ਕੋਈ ਵੀ ਖੜਾ ਹੋਇਆ ਝਗੜਾ / ਵਿਵਾਦ ਕਮਿਸ਼ਨ ਨੂੰ ਭੇਜਿਆ ਜਾਵੇਗਾ।

## 45. ਆਦੇਸ਼ਾਂ ਦਾ ਜਾਰੀ ਕਰਨ ਅਤੇ ਹਦਾਇਤਾਂ ਦਾ ਅਮਲ

ਐਕਟ ਦੇ ਉਪਬੰਧਾਂ ਅਤੇ ਇਹਨਾਂ ਵਿਨਿਯਮਾਂ ਦੀ ਸ਼ਰਤ ਅਧੀਨ, ਕਮਿਸ਼ਨ ਸਮੇਂ ਸਮੇਂ ’ਤੇ ਇਹਨਾਂ ਵਿਨਿਯਮਾਂ ਅਤੇ ਉਹਨਾਂ ਦੇ ਪ੍ਰਸੰਗਕ ਜਾਂ ਸਹਾਇਕ ਮਾਮਲਿਆਂ ਨੂੰ ਲਾਗੂ ਕਰਨ ਦੇ ਸਬੰਧ ਵਿੱਚ ਆਦੇਸ਼ ਅਤੇ ਹਦਾਇਤਾਂ ਜਾਰੀ ਕਰ ਸਕਦਾ ਹੈ।

## 46. ਮੁਸ਼ਕਲਾਂ ਨੂੰ ਦੂਰ ਕਰਨ ਲਈ ਅਖਤਿਆਰ

ਇਹਨਾਂ ਵਿਨਿਯਮਾਂ ਦੇ ਕਿਸੇ ਵੀ ਉਪਬੰਧਾਂ ਨੂੰ ਲਾਗੂ ਕਰਨ ਵਿੱਚ ਜੇਕਰ ਕੋਈ ਮੁਸ਼ਕਲ ਪੇਸ਼ ਆਉਂਦੀ ਹੈ ਤਾਂ ਕਮਿਸ਼ਨ ਚੀਜਾਂ ਨੂੰ ਕਰ ਸਕਦਾ ਹੈ ਜਾਂ ਹੱਥ ਵਿੱਚ ਲੈ ਸਕਦਾ ਹੈ ਜਾਂ ਜਨਰਲ ਜਾਂ ਵਿਸ਼ੇਸ਼ ਆਦੇਸ਼ ਦੁਆਰਾ ਵੰਡ ਲਾਇਸੈਂਸੀ ਨੂੰ ਐਕਟ ਦੇ ਪ੍ਰਤਿਕੂਲ ਨਾ ਹੋਣ ਕਰਕੇ, ਜਿਹੜੀਆਂ ਕਮਿਸ਼ਨ ਨੂੰ ਮੁਸ਼ਕਲਾਂ ਦੂਰ ਕਰਨ ਦੇ ਮੰਤਵ ਲਈ ਜ਼ਰੂਰੀ ਜਾਂ ਉਚਿਤ ਲੱਗਣ ਮੁਨਾਸਬ ਕਾਰਵਾਈਆਂ ਕਰਨ ਲਈ ਹਦਾਇਤ ਕਰ ਸਕਦਾ ਹੈ।

## 47. ਸੋਧਣ ਦੇ ਅਖਤਿਆਰ

47.1 ਕਮਿਸ਼ਨ ਕਿਸੇ ਵੀ ਸਮੇਂ ਇਹਨਾਂ ਵਿਨਿਯਮਾਂ ਦੇ ਕਿਸੇ ਵੀ ਉਪਬੰਧ ਦਾ ਵਾਧਾ ਜਾਂ ਉਸ ਨੂੰ ਸੋਧ ਸਕਦਾ ਹੈ।

47.2 ਇਹਨਾਂ ਵਿਨਿਯਮਾਂ ਵਿੱਚ ਅਜਿਹਾ ਕੁਝ ਵੀ ਨਹੀਂ ਸਮਝਿਆ ਜਾਵੇਗਾ ਜੋ ਕਮਿਸ਼ਨ ਨੂੰ ਅਜਿਹੇ ਆਦੇਸ਼, ਜਿਵੇਂ ਕਿ ਵਡੇ ਪੈਮਾਨੇ ’ਤੇ ਖਪਤਕਾਰਾਂ ਨੂੰ ਇਨਸਾਫ ਦੇਣ ਦੇ ਉਦੇਸ਼ ਨੂੰ ਪੂਰਾ ਕਰਨ ਵਾਸਤੇ ਜ਼ਰੂਰੀ ਹੋਣ, ਦੇਣ ਲਈ ਅੰਤਰ ਨਿਹਿਤ ਅਖਤਿਆਰ ਨੂੰ ਸੀਮਤ ਜਾਂ ਹੋਰ ਤਰ੍ਹਾਂ ਪ੍ਰਤਿਬੱਧ ਕਰ ਸਕੇ।

## 48. ਮਨਸੂਖੀ ਅਤੇ ਬਚਾਓ

48.1 ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ ( ਬਿਜਲੀ ਸਪਲਾਈ ਕੋਡ ਅਤੇ ਸਬੰਧਤ ਮਾਮਲੇ ) ਵਿਨਿਯਮ,2007, ਸਮੇਂ ਸਮੇਂ ’ਤੇ ਸੋਧੇ ਗਏ ਅਨੁਸਾਰ, ਇਹਨਾਂ ਵਿਨਿਯਮਾਂ ਦੇ ਸ਼ੁਰੂ ਹੋਣ ਦੀ ਮਿਤੀ ਤੋਂ ਮਨਸੂਖ ਹੋ ਜਾਣਗੇ।

48.2 ਅਜਿਹੀ ਮਨਸੂਖੀ ਦੇ ਬਾਵਜੂਦ ਵੀ, ਮਨਸੂਖ ਕੀਤੇ ਵਿਨਿਯਮਾਂ ਤਹਿਤ ਕੁਝ ਵੀ ਕੀਤਾ ਗਿਆ ਜਾਂ ਕੀਤਾ ਗਿਆ ਪ੍ਰਤੀਤ ਹੋਇਆ ਤਾਂ ਇਹਨਾਂ ਵਿਨਿਯਮਾਂ ਅਧੀਨ ਕੀਤਾ ਗਿਆ ਜਾਂ ਕੀਤਾ ਗਿਆ ਪ੍ਰਤੀਤ ਹੋਇਆ ਸਮਝਿਆ ਜਾਵੇਗਾ।

48.3 ਪੰ. ਰਾ. ਬਿ. ਰੈ. ਕ. ( ਬਿਜਲੀ ਸਪਲਾਈ ਕੋਡ ਅਤੇ ਸਬੰਧਤ ਮਾਮਲੇ ) ਵਿਨਿਯਮ, 2007 ਦੇ ਵਿਨਿਯਮ 3.2 ਅਧੀਨ ਮੀਮੋ ਨੰ: 7725 / 26 / **PSERC** / **DTJ-** 49 ਮਿਤੀ 25.2.2010 ਰਾਹੀਂ ਪ੍ਰਵਾਨ ਕੀਤੀਆਂ ਗਈਆਂ “ਸਪਲਾਈ ਦੀਆਂ ਸ਼ਰਤਾਂ” ਅਤੇ ਸਾਰੀਆਂ ਬਾਅਦ ਦੀਆਂ ਸੋਧਾਂ ਜੋ ਕਮਿਸ਼ਨ ਦੀ ਪ੍ਰਵਾਨਗੀ / ਆਦੇਸ਼ਾਂ ਨਾਲ ਸਮੇਂ ਸਮੇਂ ’ਤੇ ਕੀਤੀਆਂ ਗਈਆਂ ਹਨ, ਵੀ ਇਹਨਾਂ ਵਿਨਿਯਮਾਂ ਦੇ ਸ਼ੁਰੂ ਹੋਣ ਦੀ ਤਾਰੀਖ ਤੋਂ ਮਨਸੂਖ ਹੋ ਜਾਣਗੀਆਂ।

48.4 “ਸਪਲਾਈ ਦੀਆਂ ਸ਼ਰਤਾਂ” ਦੀ ਅਜਿਹੀ ਮਨਸੂਖੀ ਦੇ ਬਾਵਜੂਦ ਵੀ, ਮਨਸੂਖ ਕੀਤੀਆਂ ਗਈਆਂ “ਸਪਲਾਈ ਦੀਆਂ ਸ਼ਰਤਾਂ” ਤਹਿਤ ਕੁਝ ਵੀ ਕੀਤਾ ਗਿਆ ਜਾਂ ਕੀਤਾ ਗਿਆ ਪ੍ਰਤੀਤ ਹੋਇਆ ਤਾਂ ਕਮਿਸ਼ਨ ਦੀ ਪ੍ਰਵਾਨਗੀ ਅਤੇ ਆਦੇਸ਼ਾਂ ਨਾਲ ਕੀਤਾ ਗਿਆ ਜਾਂ ਕੀਤਾ ਗਿਆ ਪ੍ਰਤੀਤ ਹੋਇਆ ਸਮਝਿਆ ਜਾਵੇਗਾ ਬਸ਼ਰਤੇ ਕਿ ਇਹ ਐਕਟ ਦੇ ਉਪਬੰਧਾਂ ਅਤੇ ਸਪਲਾਈ ਕੋਡ ਦੀ ਸਮਰੂਪਤਾ ਵਿੱਚ ਹੋਵੇ।

48.5 ਅਧਿਸੂਚਨਾ ਨੰ: ਪੀ. ਐਸ. ਈ. ਆਰ. ਸੀ. / ਸਕੱਤਰ / ਰੈਗੂ. 66 ਮਿਤੀ 30.3.2012 ਅਤੇ ਅਧਿਸੂਚਨਾ ਨੰ: ਪੀ. ਐਸ. ਈ. ਆਰ. ਸੀ. / ਸਕੱਤਰ/ ਰੈਗੂ. 73 ਮਿਤੀ 28.8.2012 ਰਾਹੀਂ ਸੋਧੇ ਗਏ ਅਨੁਸਾਰ ਕਾਰਜਕੁਸ਼ਲਤਾ ਦੇ ਮਿਆਰਾਂ ਨੂੰ ਪੂਰਨ ਲਈ ਵੰਡ ਲਾਇਸੈਂਸੀ ਦੀ ਤਰਫੋਂ ਅਸਫਲ ਰਹਿਣ ਦੀ ਸੂਰਤ ਵਿੱਚ ਮੁਆਵਜ਼ੇ ਦੀ ਅਦਾਇਗੀ ਸਬੰਧੀ ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ ਦੀ ਅਧਿਸੂਚਨਾ ਨੰ: ਪੀ. ਐਸ. ਈ. ਆਰ. ਸੀ. / ਸਕੱਤਰ / ਰੈਗੂ. 61 ਮਿਤੀ 02.12.2011 ਇਹਨਾਂ ਵਿਨਿਯਮਾਂ ਦੇ ਸ਼ੁਰੂ ਹੋਣ ਦੀ ਮਿਤੀ ਤੋਂ ਮਨਸੂਖ ਹੋ ਜਾਵੇਗੀ। ਅਜਿਹੀ ਮਨਸੂਖੀ ਦੇ ਬਾਵਜੂਦ ਵੀ, ਉਕਤ ਦੱਸੀ ਗਈ ਮਨਸੂਖ ਕੀਤੀ ਅਧਿਸੂਚਨਾ ਤਹਿਤ ਕੁਝ ਵੀ ਕੀਤਾ ਗਿਆ ਜਾਂ ਕੀਤਾ ਗਿਆ ਪ੍ਰਤੀਤ ਹੋਇਆ ਤਾਂ ਇਹਨਾਂ ਵਿਨਿਯਮਾਂ ਅਧੀਨ ਕੀਤਾ ਗਿਆ ਜਾਂ ਕੀਤਾ ਗਿਆ ਪ੍ਰਤੀਤ ਹੋਇਆ ਸਮਝਿਆ ਜਾਵੇਗਾ।

**ਕਮਿਸ਼ਨ ਦੇ ਆਦੇਸ਼ਾਂ ਦੁਆਰਾ**

**ਸਹੀ–/**
**ਕਮਿਸ਼ਨ ਦਾ ਸਕੱਤਰ**

ਅਨੁਲਗ -1

# ਕਾਰਜਕੁਸ਼ਲਤਾ ਦੇ ਨਿਊਨਤਮ ਮਿਆਰ

(ਵਿਨਿਯਮ- 22 ਵੇਖੋ)

## 1. ਸਪਲਾਈ ਦੀ ਬਹਾਲੀ

### 1.1 ਸਾਧਾਰਣ ਫਿਊਜ਼ ਉਡਣ ( ਆਫ ) 'ਤੇ ਸੱਦਾ

ਵੰਡ ਲਾਇਸੈਂਸੀ ਸਾਧਾਰਣ ਫਿਊਜ਼ ਉਡਣ ਦੇ ਸੱਦੇ ( fuse off call ) ਦੇ ਕੇਸ ਵਿੱਚ ਸ਼ਹਿਰੀ ਖੇਤਰਾਂ ਵਿੱਚ ਸ਼ਿਕਾਇਤ ਦੀ ਪ੍ਰਾਪਤੀ ਤੋਂ 4 ਘੰਟਿਆਂ ਦੇ ਅੰਦਰ ਅੰਦਰ ਅਤੇ ਦਿਹਾਤੀ ਖੇਤਰਾਂ ਵਿੱਚ 8 ਘੰਟਿਆਂ ਦੇ ਅੰਦਰ ਅੰਦਰ ਬਿਜਲੀ ਦੀ ਸਪਲਾਈ ਬਹਾਲ ਕਰੇਗਾ। ਪਰੰਤੂ ਜਦੋਂ ਨੁਕਸ ਅਜਿਹੀ ਕਿਸਮ ਦਾ ਹੈ ਕਿ ਇਹ ਦੂਜੇ ਹੋਰਨਾਂ ਖਪਤਕਾਰ (ਰਾਂ) ਦੀ ਬਿਜਲੀ ਬੰਦ ਕਰਨ ਦੀ ਮੰਗ ਕਰਦਾ ਹੈ ਤਾਂ ਅਜਿਹੇ ਸੱਦਿਆਂ ਉਤੇ ਕਾਰਜ ਨੂੰ ਆਵੱਸ਼ਕ ਸੇਵਾਵਾਂ ਦੇ ਕੇਸ ਵਿੱਚ ਤੋਂ ਛੁੱਟ ਸ਼ਾਮ 10 ਵਜੇ ਤੋਂ ਸਵੇਰੇ 6 ਵਜੇ ਤੱਕ ਦੇ ਵਿਚਕਾਰ ਹੱਥ ਵਿੱਚ ਨਹੀਂ ਲਿਆ ਜਾ ਸਕਦਾ। ਸਾਧਾਰਣ ਫਿਊਜ਼ ਉਡਣ ਵਿੱਚ ਇਹਨਾਂ ਮੰਤਵਾਂ ਲਈ ਵੰਡ ਟ੍ਰਾਂਸਫਾਰਮਰ ਦਾ ਐਚ. ਟੀ. / ਐਲ. ਟੀ. ਫਿਊਜ਼ ਦਾ ਪਟਾਕਾ ਮਾਰਨਾ ( blowing off ) , ਛੋਟੇ ਸਰਕਟ ਬਰੇਕਰ ( MCB ) ਟਰਿਪਿੰਗ ਜਾਂ ਮੀਟਰ ਜਾਂ ਸਰਵਿਸ ਲਾਈਨ 'ਤੇ ਢਿੱਲੇ ਕੁਨੈਕਸ਼ਨ ਦੇ ਕਾਰਨ ਕਰਕੇ ਸਪਲਾਈ ਦਾ ਵਿਘਨ ਸ਼ਾਮਲ ਹੋਣਗੇ।

### 1.2 ਓਵਰਹੈੱਡ ਲਾਈਨਾਂ ਦਾ ਭੰਗ ਹੋਣਾ ( **break down** )

ਐਲ. ਟੀ. / ਐਚ. ਟੀ. ਲਾਈਨ ਦੇ ਬਰੇਕ ਡਾਊਨ ਹੋਣ ( ਇਸ ਵਿੱਚ ਪੋਲਾਂ ਦੇ ਟੁੱਟਣਾ / ਉਖੜਨਾ ਸ਼ਾਮਲ ਨਹੀਂ ਹੈ ) ਦੇ ਕਾਰਨ ਬਿਜਲੀ ਦੀ ਸਪਲਾਈ ਫੇਲ੍ਹ ਹੋਣ ਜਾਂ ਸਰਵਿਸ ਮੇਨ ਤੋਂ ਸਪਲਾਈ ਦੇ ਫੇਲ੍ਹ ਹੋਣ ਦੇ ਕੇਸ ਵਿੱਚ, ਵੰਡ ਲਾਇਸੈਂਸੀ ਸ਼ਹਿਰੀ ਖੇਤਰਾਂ ਵਿੱਚ ਸ਼ਿਕਾਇਤ ਪ੍ਰਾਪਤ ਹੋਣ ਤੋਂ 8 ਘੰਟਿਆਂ ਦੇ ਅੰਦਰ ਅੰਦਰ ਅਤੇ ਦਿਹਾਤੀ ਖੇਤਰਾਂ ਵਿੱਚ 12 ਘੰਟਿਆਂ ਦੀ ਅੰਦਰ ਅੰਦਰ ਸਪਲਾਈ ਬਹਾਲ ਕਰੇਗਾ। ਜਿਥੇ ਖੰਬਿਆਂ (ਪੋਲਾਂ) ਦੇ ਟੁੱਟਣ / ਉਖੜਨ ਕਰਕੇ ਸਪਲਾਈ ਵਿੱਚ ਵਿਘਨ ਪਿਆ ਹੈ, ਬਿਜਲੀ ਦੀ ਸਪਲਾਈ ਦੀ ਬਹਾਲੀ ਸ਼ਹਿਰੀ ਖੇਤਰਾਂ ਵਿੱਚ 12 ਘੰਟਿਆਂ ਦੇ ਅੰਦਰ ਅੰਦਰ ਅਤੇ ਦਿਹਾਤੀ ਖੇਤਰਾਂ ਵਿੱਚ 24 ਘੰਟਿਆਂ ਦੀ ਅੰਦਰ ਅੰਦਰ ਕੀਤੀ ਜਾਵੇਗੀ। ਵੰਡ ਲਾਇਸੈਂਸੀ, ਜਿਥੇ ਕਿਤੇ ਤਕਨੀਕੀ ਤੌਰ 'ਤੇ ਸੰਭਵ ਹੋਵੇ, ਐਲ. ਟੀ. ਸਪਲਾਈ ਦੇ ਕੇਸ ਵਿੱਚ 2 ਘੰਟਿਆਂ ਦੇ ਅੰਦਰ ਅੰਦਰ ਅਤੇ ਐਚ. ਟੀ. ਸਪਲਾਈ ਦੇ ਕੇਸ ਵਿੱਚ 4 ਘੰਟਿਆਂ ਦੇ ਅੰਦਰ ਅੰਦਰ ਬਦਲਵੇਂ ਸਾਧਨਾਂ ਤੋਂ ਬਿਜਲੀ ਦੇਣ ਦਾ ਪ੍ਰਬੰਧ ਕਰੇਗਾ।

ਪਰੰਤੂ, 66 / 132 / 220 / 400 ਕੇ.ਵੀ. ਦੀ ਲਾਈਨ ਦੇ ਬਰੇਕ ਡਾਊਨ ਹੋਣ ਦੇ ਕਾਰਨ ਸਪਲਾਈ ਦੇ ਫੇਲ੍ਹ ਹੋਣ ਦੇ ਕੇਸ ਵਿੱਚ, ਲਾਇਸੈਂਸੀ ਹੇਠ ਦਿੱਤੇ ਗਏ ਸਮੇਂ ਅਨੁਸਾਰ ਸਪਲਾਈ ਬਹਾਲ ਕਰੇਗਾ : -

(ੳ) ਸਾਧਾਰਣ ਨੁਕਸ ਜਿਵੇਂ ਕਿ ਡਿਸਕ ਇੰਸੂਲੇਟਰ ਦਾ ਫੇਲ੍ਹ ਹੋਣਾ ਆਦਿ ਦੇ ਕੇਸ ਵਿੱਚ 12 ਘੰਟਿਆਂ ਦੇ ਅੰਦਰ ਅੰਦਰ।

(ਅ) ਮੁੱਖ ਨੁਕਸ ਅਰਥਾਤ ਕੰਡਕਟਰ ਬਰੇਕ ਡਾਊਨ ਆਦਿ ਦੇ ਕੇਸ ਵਿੱਚ 24 ਘੰਟਿਆਂ ਦੇ ਅੰਦਰ ਅੰਦਰ।

### 1.3 ਜ਼ਮੀਨਦੋਜ਼ ( **under ground** ) ਕੇਬਲਾਂ ਦਾ ਬਰੇਕ ਡਾਊਨ

ਜਮੀਨਦੋਜ਼ ਕੇਬਲ ਵਿੱਚ ਕੋਈ ਨੁਕਸ ਪੈ ਜਾਣ ਦੇ ਕਾਰਨ ਸਪਲਾਈ ਵਿੱਚ ਵਿਘਨ ਪੈ ਜਾਣ ਦੇ ਕੇਸ ਵਿੱਚ, ਵੰਡ ਲਾਇਸੈਂਸੀ ਇਸ ਨੂੰ ਸ਼ਿਕਾਇਤ / ਸੂਚਨਾ ਦੀ ਪ੍ਰਾਪਤੀ ਤੋਂ 48 ਘੰਟਿਆਂ ਦੇ ਅੰਦਰ ਅੰਦਰ ਠੀਕ ਕਰੇਗਾ। ਜਿਥੇ ਜਮੀਨਦੋਜ਼ ਕੇਬਲਾਂ ਤੱਕ ਪਹੁੰਚ ਹੋਰਨਾਂ ਵਿਭਾਗਾਂ / ਅਥਾਰਟੀਆਂ ਦੀ ਅਨੁਮਤੀ ਦੀ ਮੰਗ ਕਰਦੀ ਹੈ ਤਾਂ 48 ਘੰਟਿਆਂ ਦਾ ਉਪਰੋਕਤ ਸਮਾਂ ਵੰਡ ਲਾਇਸੈਂਸੀ ਦੇ ਸਬੰਧਤ

ਵਿਭਾਗਾਂ / ਅਥਾਰਟੀਆਂ ਤੋਂ ਅਜਿਹੀ ਅਨੁਮਤੀ ਪ੍ਰਾਪਤ ਕਰਨ ਤੋਂ ਗਿਣਿਆ ਜਾਵੇਗਾ। ਪਰੰਤੂ ਵੰਡ ਲਾਇਸੈਂਸੀ ਇਹ ਯਕੀਨੀ ਬਣਾਏਗਾ ਕਿ ਅਨੁਮਤੀ ਦੀ ਮੰਗ ਕਰ ਰਿਹਾ ਬਿਨੈ-ਪੱਤਰ ਸ਼ਿਕਾਇਤ ਦੀ ਪ੍ਰਾਪਤੀ ਤੋਂ 16 ਘੰਟਿਆ ਦੇ ਅੰਦਰ ਅੰਦਰ ਸਮਰੱਥ ਅਥਾਰਟੀਆਂ ਨੂੰ ਭੇਜਿਆ ਜਾਵੇਗਾ। ਵੰਡ ਲਾਇਸੈਂਸੀ, ਜਿਥੇ ਕਿਤੇ ਤਕਨੀਕੀ ਤੌਰ 'ਤੇ ਸੰਭਵ ਹੋਵੇ, ਐਲ. ਟੀ. ਸਪਲਾਈ ਦੇ ਕੇਸ ਵਿੱਚ 2 ਘੰਟਿਆਂ ਦੇ ਅੰਦਰ ਅੰਦਰ ਅਤੇ ਐਚ. ਟੀ. ਸਪਲਾਈ ਦੇ ਕੇਸ ਵਿੱਚ 4 ਘੰਟਿਆਂ ਦੇ ਅੰਦਰ ਅੰਦਰ ਬਦਲਵੇਂ ਸਾਧਨਾਂ ਤੋਂ ਬਿਜਲੀ ਦੇਣ ਦਾ ਪ੍ਰਬੰਧ ਕਰੇਗਾ।

### 1.4 ਵੰਡ ਟ੍ਰਾਂਸਫਾਰਮਰ ਦਾ ਫੇਲ੍ਹ ਹੋਣਾ

ਵੰਡ ਟ੍ਰਾਂਸਫਾਰਮਰ ਦੇ ਫੇਲ੍ਹ ਹੋ ਜਾਣ ਦੇ ਕੇਸ ਵਿੱਚ, ਵੰਡ ਲਾਇਸੈਂਸੀ ਸ਼ਿਕਾਇਤ ਪ੍ਰਾਪਤ ਹੋਣ ਤੋਂ ਸ਼ਹਿਰੀ ਖੇਤਰਾਂ ਵਿੱਚ 24 ਘੰਟਿਆਂ ਦੇ ਅੰਦਰ ਅੰਦਰ ਅਤੇ ਦਿਹਾਤੀ ਖੇਤਰਾਂ ਵਿੱਚ 48 ਘੰਟਿਆਂ ਦੀ ਅੰਦਰ ਅੰਦਰ ਟ੍ਰਾਂਸਫਾਰਮਰ ਦੀ ਬਦਲਾਈ ਯਕੀਨੀ ਬਣਾਏਗਾ।

ਪਰੰਤੂ, ਵੰਡ ਲਾਇਸੈਂਸੀ ਜਿਥੇ ਕਿਤੇ ਤਕਨੀਕੀ ਤੌਰ 'ਤੇ ਸੰਭਵ ਹੋਵੇ, 4 ਘੰਟਿਆਂ ਦੇ ਅੰਦਰ ਅੰਦਰ ਬਦਲਵੇਂ ਸਾਧਨਾਂ ਤੋਂ ਸਪਲਾਈ ਦੇਣ ਦਾ ਪ੍ਰਬੰਧ ਕਰੇਗਾ।

### 1.5 ਪਾਵਰ ਟ੍ਰਾਂਸਫਾਰਮਰ ਦਾ ਫੇਲ੍ਹ ਹੋਣਾ

66000 ਵੋਲਟਾਂ ਤੱਕ ਪ੍ਰਾਇਮਰੀ ਵੋਲਟੇਜ਼ ਵਾਲੇ ਪਾਵਰ ਟ੍ਰਾਂਸਫਰਮਰ ਜਾਂ ਸਹਾਇਕ ਸਵਿਚ ਗੀਅਰ ਦੇ ਫੇਲ੍ਹ ਹੋਣ ਦੇ ਕੇਸ ਵਿੱਚ, ਵੰਡ ਲਾਇਸੈਂਸੀ ਸ਼ਿਕਾਇਤ / ਸੂਚਨਾ ਦੀ ਪ੍ਰਾਪਤੀ ਤੋਂ ਪੰਦਰਾਂ (15) ਦਿਨਾਂ ਦੇ ਅੰਦਰ ਅੰਦਰ ਇਹਨਾਂ ਨੂੰ ਬਦਲ / ਮੁਰੰਮਤ ਕਰ ਦੇਵੇਗਾ। ਪਰੰਤੂ, ਵੰਡ ਲਾਇਸੈਂਸੀ ਜਿਥੇ ਕਿਤੇ ਅਜਿਹੇ ਪ੍ਰਬੰਧ ਤਕਨੀਕੀ ਤੌਰ ਤੇ ਸੰਭਵ ਹੋਣ, ਬਦਲਵੇਂ ਸਾਧਨਾਂ ਤੋਂ 24 ਘੰਟਿਆਂ ਦੇ ਅੰਦਰ ਅੰਦਰ ਬਿਜਲੀ ਦੀ ਸਪਲਾਈ ਬਹਾਲ ਕਰੇਗਾ।

### 1.6 ਗਲੀ ਬੱਤੀ ( Street Light ) ਦਾ ਨੁਕਸ

(ੳ) ਵੰਡ ਲਾਇਸੈਂਸੀ ਸ਼ਿਕਾਇਤ ਦੀ ਪ੍ਰਾਪਤੀ ਜਾਂ ਪਤਾ ਲਗਣ, ਜਿਹੜਾ ਵੀ ਪਹਿਲਾਂ ਹੋਵੇ, 'ਤੇ 4 ਘੰਟਿਆਂ ਦੇ ਅੰਦਰ ਅੰਦਰ ਲਾਈਨ ਦਾ ਨੁਕਸ ਦੂਰ ਕਰੇਗਾ ਅਤੇ ਗਲੀਆਂ ਦੀਆਂ ਲਾਈਟਾਂ ਬਹਾਲ ਕਰੇਗਾ।

(ਅ) ਜਿਥੇ ਵੰਡ ਲਾਇਸੈਂਸੀ ਅਤੇ ਸਬੰਧਤ ਸਥਾਨਕ ਸੰਸਥਾ ਵਿਚਕਾਰ ਹੋਏ ਇਕਰਾਰਨਾਮੇ ਵਿੱਚ ਇਹ ਚਿੰਤਨ ਕੀਤਾ ਗਿਆ ਹੈ ਕਿ ਗਲੀ ਪ੍ਰਕਾਸ਼ ਦੀ ਸਾਂਭ-ਸੰਭਾਲ ਕਰਨ ਦੀ ਜਿੰਮੇਵਾਰੀ ਪਹਿਲੇ ਦੀ ਹੈ ਤਾਂ ਵੰਡ ਲਾਇਸੈਂਸੀ ਫਿਊਜ਼ ਹੋਈ ਲਾਈਟ ਜਾਂ ਨੁਕਸਦਾਰ ਯੂਨਿਟ ਨੂੰ ਸ਼ਿਕਾਇਤ ਦੀ ਪ੍ਰਾਪਤੀ ਤੋਂ ਜਾਂ ਪਤਾ ਲੱਗਣ, ਜਿਹੜੀ ਵੀ ਪਹਿਲਾਂ ਹੋਵੇ, ਤੋਂ 24 ਘੰਟਿਆਂ ਦੇ ਅੰਦਰ ਅੰਦਰ ਲਾਈਟ ਨੂੰ ਬਦਲੇਗਾ ਜਾਂ ਯੂਨਿਟ ਦੀ ਮੁਰੰਮਤ ਕਰੇਗਾ / ਬਦਲੇਗਾ।

1.7 ਸ਼ਿਕਾਇਤ ਦੀ ਪ੍ਰਾਪਤੀ ਤੋਂ ਇਕ ਘੰਟੇ ਦੇ ਅੰਦਰ ਅੰਦਰ, ਵੰਡ ਲਾਇਸੈਂਸੀ ਇਹ ਪਤਾ ਲਗਾਏਗਾ ਕਿ ਕੀ ਸਪਲਾਈ ਵਿੱਚ ਵਿਘਨ ਲਾਈਨ / ਕੇਬਲ ਵਿੱਚ ਨੁਕਸ ਜਾਂ ਵੰਡ / ਪਾਵਰ ਟ੍ਰਾਂਸਫਾਰਮਰ ਦੇ ਫੇਲ੍ਹ ਹੋਣ ਅਤੇ / ਜਾਂ ਸਵਿਚ ਗੀਅਰ ਦੇ ਫੇਲ੍ਹ ਹੋਣ ਦੇ ਕਾਰਨ ਪਿਆ ਹੈ। ਇਸੇ ਨੁਕਸ ਨਾਲ ਲਿੰਕ ਕਰਦੀ ਬਾਦ ਦੀ ਸ਼ਿਕਾਇਤ ਲਈ, ਵੰਡ ਲਾਇਸੈਂਸੀ ਇਸ ਦੇ ਤੱਥ ਅਤੇ ਸਮਾਂ, ਜਿਸ ਵਿੱਚ ਸਪਲਾਈ ਬਹਾਲ ਹੋਣ ਦੀ ਸੰਭਾਵਨਾ ਹੈ, ਬਾਰੇ ਖਪਤਕਾਰ ਨੂੰ ਸੂਚਿਤ ਕਰੇਗਾ ।

1.8 ਉਹ ਸਮਾਂ ਜਿਸ ਵਿੱਚ ਸਪਲਾਈ ਉਪਰੋਕਤ ਉਪ ਪੈਰਾ 1.1 ਤੋਂ 1.6 ਤੱਕ ਵਿੱਚ ਨਿਰਧਾਰਤ ਕੀਤੇ ਗਏ ਅਨੁਸਾਰ ਬਹਾਲ ਕੀਤੀ ਜਾਣੀ ਹੈ, ਉਹਨਾਂ ਕੇਸਾਂ ਵਿੱਚ ਲਾਗੂ ਨਹੀਂ ਹੁੰਦਾ ਜਿਥੇ ਵਿਘਨ ਵਸੋਂ ਬਾਹਰੀਆਂ ਪਰਿਸਥਿਤੀਆਂ ਦੇ ਕਾਰਨ ਕਰਕੇ ਪਿਆ ਹੋਵੇ। ਝਗੜੇ ਦੇ ਸਬੰਧ ਵਿੱਚ ਚਾਹੇ ਅਜਿਹੇ ਹਾਲਾਤ ਮੌਜੂਦ ਹੋਣ ਜਾਂ ਨਾ, ਕਮਿਸ਼ਨ ਦਾ ਫੈਸਲਾ ਅੰਤਮ ਹੋਵੇਗਾ।

### 1.9 ਅਨੁਸੂਚਿਤ ( scheduled ) ਬਿਜਲੀ ਦੀ ਅਣਉਪਯੋਗਤਾ ( outages ) ਦਾ ਸਮਾਂ

ਅਨੁਸੂਚਿਤ ਅਣਉਪਯੋਗਤਾ ( outages ) ਦੇ ਕਾਰਨ ਸਪਲਾਈ ਵਿੱਚ ਵਿਘਨ ਨੂੰ ਵੰਡ ਲਾਇਸੈਂਸ ਦੁਆਰਾ ਘੱਟ ਤੋਂ ਘੱਟ 24 ਘੰਟੇ ਅਗਾਊਂ ਅਧਿਸੂਚਿਤ ਕੀਤਾ ਜਾਵੇਗਾ ਅਤੇ ਇਹ ( ਆਊਟੇਜ਼ ) ਅਪ੍ਰੈਲ ਤੋਂ ਅਕਤੂਬਰ ਤੱਕ ਦੇ ਮਹੀਨਿਆਂ ਦੌਰਾਨ ਇਕ ਦਿਨ ਵਿੱਚ 6 ਘੰਟਿਆਂ ਤੋਂ ਵੱਧ ਨਹੀਂ ਹੋਵੇਗੀ ਅਤੇ ਨਵੰਬਰ ਤੋਂ ਮਾਰਚ ਤੱਕ ਦੇ ਸਮੇਂ ਦੌਰਾਨ ਇਕ ਦਿਨ ਵਿੱਚ 10 ਘੰਟਿਆਂ ਤੋਂ ਵੱਧ ਨਹੀਂ ਹੋਵੇਗੀ। ਦੋਹਾਂ ਵਿੱਚੋ ਕਿਸੇ ਵੀ ਮੌਕੇ ’ਤੇ ਵੰਡ ਲਾਇਸੈਂਸੀ ਇਹ ਯਕੀਨੀ ਬਣਾਏਗਾ ਕਿ ਸਪਲਾਈ ਸ਼ਾਮ ਨੂੰ 6.00 ਵਜੇ ਤੱਕ ਬਹਾਲ ਕਰ ਦਿੱਤੀ ਜਾਂਦੀ ਹੈ। ਵੰਡ ਲਾਇਸੈਂਸੀ ਅਨੁਸੂਚਿਤ ਆਊਟੇਜ਼ ਦੇ ਹਰੇਕ ਸਮੇਂ ਦਾ ਅਸਰਦਾਰ ਅਗਾਊਂ ਪ੍ਰਚਾਰ ਵੀ ਯਕੀਨੀ ਬਣਾਏਗਾ।

1.10 ਅਸਥਾਈ ਪ੍ਰਬੰਧਾਂ ਰਾਹੀਂ ਬਹਾਲ ਕੀਤੀ ਜਾ ਰਹੀ ਸਪਲਾਈ ਦੀ ਸੂਰਤ ਵਿੱਚ, ਸੁਰੱਖਿਆ ਮਿਆਰਾਂ ਨਾਲ ਕਿਸੇ ਵੀ ਤਰੀਕੇ ਸਮਝੋਤਾ ਨਾ ਕਰਨ ਨੂੰ ਯਕੀਨੀ ਬਣਾਉਣਾ ਇਹ ਵੰਡ ਲਾਇਸੈਂਸੀ ਦੀ ਜਿੰਮੇਵਾਰੀ ਹੋਵੇਗੀ।

1.11 ਉਪਰੋਕਤ ਸੂਚੀਬੱਧ ਕੀਤੀਆਂ ਸ਼ਿਕਾਇਤਾਂ ਦੀ ਪ੍ਰਾਪਤੀ ਅਤੇ ਨਿਪਟਾਰੇ ਦੇ ਸਬੰਧ ਵਿੱਚ ਸੂਚਨਾ ਨੂੰ ਅਨੁਲਗ - 3 (ੳ) ’ਤੇ ਦਿੱਤੇ ਗਏ ਪ੍ਰਫਾਰਮੇ ਦੇ ਅਨੁਸਾਰ ਵੰਡ ਲਾਇਸੈਂਸੀ ਦੇ ਸ਼ਿਕਾਇਤ ਕੇਂਦਰਾਂ ’ਤੇ ਸੰਭਾਲਿਆ (ਮੇਨਟੇਨ ਕੀਤਾ) ਜਾਵੇਗਾ।

## 2. ਸਪਲਾਈ ਦੀ ਗੁਣਤਾ ( ਕੁਆਲਟੀ )

### 2.1 ਖਪਤਕਾਰਾਂ ਨੂੰ ਸਪਲਾਈ ਦੀ ਐਲਾਨੀ ਵੋਲਟਤਾ

(ੳ) ਵੰਡ ਲਾਇਸੈਂਸੀ ਐਲਾਨੀ ਗਈ ਵੋਲਟਤਾ ਦੇ ਹਵਾਲੇ ਵਿੱਚ, ਇਥੇ ਹੇਠ ਦਿੱਤੀਆਂ ਗਈਆਂ ਸੀਮਾਵਾਂ ਦੇ ਅੰਦਰ ਅੰਦਰ ਖਪਤਕਾਰ ਨੂੰ ਸਪਲਾਈ ਦੇ ਸ਼ੁਰੂਆਤੀ ਪੁਆਇੰਟ ’ਤੇ ਵੋਲਟਤਾ ਕਾਇਮ (ਮੇਨਟੇਨ) ਰੱਖੇਗਾ : -

(i) ਐਲ. ਟੀ. ਸਪਲਾਈ ਦੇ ਕੇਸ ਵਿੱਚ : ± 6%
(ii) ਐਚ. ਟੀ. ਸਪਲਾਈ ਦੇ ਕੇਸ ਵਿੱਚ : +6% ਅਤੇ −9% ; ਅਤੇ
(iii) ਈ. ਐਚ. ਟੀ. ਸਪਲਾਈ ਦੇ ਕੇਸ ਵਿੱਚ : +10% ਅਤੇ −12.5%

(ਅ) ਵੋਲਟਤਾ ਅਸਥਿਤਰਾ ( fluctuation ) ਦੀ ਸ਼ਿਕਾਇਤ ਪ੍ਰਾਪਤ ਹੋਣ ਉਤੇ, ਵੰਡ ਲਾਇਸੈਂਸੀ ਇਹ ਜਾਂਚ ( verify ) ਕਰੇਗਾ ਕਿ ਜੇਕਰ ਵੋਲਟਤਾ ਅਸਥਿਰਤਾ ਉਪਰੋਕਤ ਉਪ ਪੈਰਾ (ੳ) ਵਿੱਚ ਸੁਨਿਸ਼ਚਿਤ ਕੀਤੀ ਗਈ ਸੀਮਾ ਤੋਂ ਵੱਧ ਜਾਂਦੀ ਹੈ ਅਤੇ ਇਹ ਪੁਸ਼ਟੀ ਹੋ ਜਾਵੇ ਤਾਂ ਵੰਡ ਲਾਇਸੈਂਸੀ : -

(i) ਢਿੱਲੇ ਜੋੜਾਂ ( loose joints ) ਦੇ ਕੇਸ ਵਿੱਚ, ਇਸ ਸਮੱਸਿਆ ਨੂੰ ਚਾਰ ਘੰਟਿਆਂ ਦੇ ਅੰਦਰ ਅੰਦਰ ਦੂਰ ਕਰੇਗਾ।

(ii) ਇਹ ਯਕੀਨੀ ਬਣਾਏਗਾ ਕਿ ਜੇਕਰ ਨੈੱਟਵਰਕ ਦਾ ਵਿਸਤਾਰ / ਵਾਧਾ ਸੰਮਿਲਤ ਨਹੀਂ ਹੈ ਤਾਂ ਮੂਲ ਸ਼ਿਕਾਇਤ ਤੋਂ 2 ਕਾਰਜੀ ਦਿਨਾਂ ਦੇ ਅੰਦਰ ਅੰਦਰ ਵੋਲਟਤਾ ਨੂੰ ਉਕਤ ਸੀਮਾਵਾਂ ਦੇ ਅੰਦਰ ਅੰਦਰ ਲਿਆਂਦਾ ਗਿਆ ਹੈ ; ਅਤੇ

(iii) ਜੇਕਰ ਵੰਡ ਸਿਸਟਮ ਦੇ ਅਪ-ਗਰੇਡਸ਼ਨ ਦੀ ਲੋੜ ਹੈ ਤਾਂ 30 ਦਿਨਾਂ ਦੇ ਅੰਦਰ ਅੰਦਰ ਸ਼ਿਕਾਇਤ ਨੂੰ ਦੂਰ ਕਰੇਗਾ।

## 3. ਮਾਮਲਿਆਂ ਸਬੰਧੀ ਸ਼ਿਕਾਇਤਾਂ

3.1 ਵੰਡ ਲਾਇਸੈਂਸੀ ਇਸ ਦੇ ਅਧਿਕਾਰਿਤ ਅਫਸਰ/ ਕਰਮਚਾਰੀ/ ਪ੍ਰਤਿਨਿਧ ਦੁਆਰਾ ਸ਼ਿਕਾਇਤ ਜਾਂ ਰਿਪੋਰਟ ਦੀ ਪ੍ਰਾਪਤੀ ਤੋਂ ਸੱਤ (7) ਕਾਰਜੀ ਦਿਨਾਂ ਦੇ ਅੰਦਰ ਅੰਦਰ ਮੀਟਰ ਦੀ ਦਰੁਸਤੀ ਚੈੱਕ

ਕਰੇਗਾ। ਜੇਕਰ ਮੀਟਰ ਨੁਕਸਦਾਰ (ਅਰਥਾਤ ਰੁਕਿਆ ਹੋਇਆ, ਹੌਲੀ, ਤੇਜ਼ ਜਾਂ ਰੀਂਗ ਕੇ ਚਲ ਰਿਹਾ ਹੈ ) ਹੈ, ਤਾਂ ਵੰਡ ਲਾਇਸੈਂਸੀ ਸ਼ਿਕਾਇਤ ਦੀ ਪ੍ਰਾਪਤੀ ਤੋਂ ਦਸ ਕਾਰਜੀ ਦਿਨਾਂ ਦੇ ਅੰਦਰ ਅੰਦਰ ਮੀਟਰ ਨੂੰ ਬਦਲ ਦੇਵੇਗਾ।

3.2 ਵੰਡ ਲਾਇਸੈਂਸੀ ਸੜੇ ਹੋਏ ਮੀਟਰ ਨੂੰ ਸ਼ਿਕਾਇਤ ਦੀ ਪ੍ਰਾਪਤੀ ਤੋਂ ਪੰਜ ਕਾਰਜੀ ਦਿਨਾਂ ਦੇ ਅੰਦਰ ਅੰਦਰ ਬਦਲ ਦੇਵੇਗਾ। ਪਰੰਤੂ ਖਪਤਕਾਰ ਨੂੰ ਸਪਲਾਈ ਜਦੋਂ ਤੱਕ ਨਵਾਂ ਮੀਟਰ ਸੰਸਥਾਪਤ ਨਹੀਂ ਹੋ ਜਾਂਦਾ ਤੱਦ ਤੱਕ ਦੇ ਸਮੇਂ ਲਈ ਇਥੋਂ ਤੱਕ ਕੇ ਮੀਟਰ ਨੂੰ ਬਾਈਪਾਸ ਕਰਦਿਆਂ ਤੁਰੰਤ ਬਹਾਲ ਕਰ ਦਿੱਤੀ ਜਾਵੇਗੀ।

## 4. ਨਵੇਂ ਕੁਨੈਕਸ਼ਨ, ਅਤਿਰਿਕਤ ਲੋਡ / ਮੰਗ ਲਈ ਬਿਨੈ-ਪੱਤਰ

ਵੰਡ ਲਾਇਸੈਂਸੀ ਨਵੇਂ ਕੁਨੈਕਸ਼ਨਾਂ, ਅਤਿਰਿਕਤ ਲੋਡ / ਮੰਗ ਨੂੰ ਵਿਨਿਯਮ 8 ਵਿੱਚ ਸੁਨਿਸ਼ਚਿਤ ਕੀਤੀ ਗਈ ਸੀਮਾਂ ਦੇ ਅੰਦਰ ਅੰਦਰ ਜਾਰੀ ਕਰਨਾ ਯਕੀਨੀ ਬਣਾਏਗਾ।

## 5. ਮਾਲਕੀ ਦੀ ਤਬਦੀਲੀ ਅਤੇ ਹੋਰ ਦੂਜੀਆਂ ਸੇਵਾਵਾਂ ਦਾ ਉਪਬੰਧ

ਵੰਡ ਲਾਇਸੈਂਸੀ ਵਿਨਿਯਮ 11 ਵਿੱਚ ਸੁਨਿਸ਼ਚਿਤ ਕੀਤੀ ਗਈ ਸਮਾਂ ਸੀਮਾਂ ਦੇ ਅੰਦਰ ਅੰਦਰ ਮਾਲਕੀ ਦੀ ਤਬਦੀਲੀ, ਕੈਟਾਗਰੀ ਦੀ ਬਦਲੀ ਅਤੇ ਮੌਜੂਦਾ ਸੇਵਾਵਾਂ ਦਾ ਪਰਿਵਰਤਨ ਕਰੇਗਾ।

## 6. ਮੀਟਰ / ਸਰਵਿਸ ਕੁਨੈਕਸ਼ਨ ਜਾਂ ਐਲ. ਟੀ. / ਐਚ. ਟੀ. ਲਾਈਨਾਂ ਅਤੇ ਵੰਡ ਟ੍ਰਾਂਸਫਾਰਮਰ ਨੂੰ ਬਦਲਣਾ ( shifting )

ਵੰਡ ਲਾਇਸੈਂਸੀ ਵਿਨਿਯਮ 11 ਵਿੱਚ ਸੁਨਿਸ਼ਚਿਤ ਕੀਤੀ ਗਈ ਸਮਾਂ ਸੀਮਾਂ ਦੇ ਅੰਦਰ ਅੰਦਰ ਮੀਟਰ / ਸਰਵਿਸ ਕੁਨੈਕਸ਼ਨ ਅਤੇ ਦਿੱਤੀਆਂ ਗਈਆਂ ਹੋਰ ਸੇਵਾਵਾਂ ਨੂੰ ਬਦਲੇਗਾ।

## 7. ਖਪਕਾਰਾਂ ਦੇ ਬਿਲਾਂ ਬਾਰੇ ਸ਼ਿਕਾਇਤਾਂ ਅਤੇ ਬਿਜਲੀ ਦੀ ਬਹਾਲੀ

(ੳ) ਵੰਡ ਲਾਇਸੈਂਸੀ ਵਿਨਿਯਮ 35 ਵਿੱਚ ਸੁਨਿਸ਼ਚਿਤ ਕੀਤੀ ਗਈ ਸਮਾਂ ਸੀਮਾਂ ਦੇ ਅੰਦਰ ਅੰਦਰ ਗਲਤ ਬਿਲਾਂ ਸਬੰਧੀ ਝਗੜਿਆਂ ਦਾ ਫੈਸਲਾ ਕਰੇਗਾ।

(ਅ) ਵੰਡ ਲਾਇਸੈਂਸੀ ਵਿਨਿਯਮ 34 ਵਿੱਚ ਸੁਨਿਸ਼ਚਿਤ ਕੀਤੀ ਗਈ ਸਮਾਂ ਸੀਮਾਂ ਦੇ ਅੰਦਰ ਅੰਦਰ ਬਿਜਲੀ ਦੇ ਬਿਲਾਂ ਦੀ ਅਦਾਇਗੀ ਨਾ ਕਰਨ ਕਰਕੇ ਕੱਟੇ ਗਏ ਕੁਨੈਕਸ਼ਨ ਦੀ ਸਪਲਾਈ ਨੂੰ ਬਹਾਲ ਕਰੇਗਾ।

8. ਉਪਰੋਕਤ ਪੈਰਾ- 2 ਤੋਂ 7 ਤੱਕ ਸੂਚੀਬੱਧ ਕੀਤੀਆਂ ਗਈਆਂ ਸ਼ਿਕਾਇਤਾਂ ਦੀ ਪ੍ਰਾਪਤੀ ਅਤੇ ਨਿਪਟਾਰੇ ਦੇ ਸਬੰਧ ਵਿੱਚ ਸੂਚਨਾ ਨੂੰ ਅਨੁਲਗ - 3 (ਅ) 'ਤੇ ਦਿੱਤੇ ਗਏ ਪ੍ਰੋਫਾਰਮੇ ਦੇ ਅਨੁਸਾਰ ਵੰਡ ਲਾਇਸੈਂਸੀ ਦੇ ਅਧਿਸੂਚਿਤ ( notified ) ਦਫਤਰਾਂ 'ਤੇ ਸੰਭਾਲਿਆ ( ਮੇਨਟੇਨ ਕੀਤਾ ) ਜਾਵੇਗਾ।

ਅਨੁਲਗ – 2

# ਕਾਰਜਕੁਸ਼ਲਤਾ ਦੇ ਸਮੁੱਚੇ ਮਿਆਰ

( ਵਿਨਿਯਮ 22 ਵੇਖੋ )

1. **ਵਿਸ਼ਵਾਸ਼ਯੋਗਤਾ ਸੂਚੀਆਂ ( Rliability Indices )**

(ੳ) ਵੰਡ ਲਾਇਸੈਂਸੀ ਸਪਲਾਈ ਕੋਡ ਦੇ ਵਿਨਿਯਮ 27 ਵਿੱਚ ਨਿਰਧਾਰਿਤ ਕੀਤੇ ਗਏ ਅਨੁਸਾਰ ਛਿਮਾਹੀ ਅਤੇ ਸਾਲਾਨਾ ਰਿਪੋਰਟ ਦਾ ਹਿਸਾਬ ਕਰੇਗਾ ਅਤੇ ਕਮਿਸ਼ਨ ਨੂੰ ਪੇਸ਼ ਕਰੇਗਾ। ਇਹਨਾਂ ਵਿੱਚ ਸਿਸਟਮ ਔਸਤ ਰੁਕਾਵਟ ਫਰੀਕੁਐਂਸੀ ਸੂਚੀ ( SAIFI ), ਸਿਸਟਮ ਔਸਤ ਵਿਘਨ ਸਮਾਂ ਸੂਚੀ ( SAIDI ) ਅਤੇ ਵਿਸ਼ਵਾਸ਼ਯੋਗਤਾ ਸੂਚੀ ( RI ) ਸ਼ਾਮਲ ਹਨ।

(ਅ) <u>ਵੰਡ ਸਿਸਟਮ ਵਿਸ਼ਵਾਸ਼ਯੋਗਤਾ ਸੂਚੀਆਂ ਗਣਨ ਦਾ ਢੰਗ :</u>

ਵੰਡ ਲਾਇਸੈਂਸੀ ਆਪਣੇ ਸਪਲਾਈ ਦੇ ਖੇਤਰ ਵਿੱਚ ਸਾਰੇ 11 ਕੇ ਵੀ. ਫੀਡਰਾਂ ਨੂੰ ਸ਼ਹਿਰੀ, ਦਿਹਾਤੀ ਅਤੇ ਖੇਤੀਬਾੜੀ ਟਿਊਬਵੈਲ ਕੈਟਾਗਰੀਆਂ ਵਿੱਚ ਵੱਖਰਾ ਵੱਖਰਾ ਕਰੇਗਾ। ਪਿਛਲੀ ਕੈਟਾਗਰੀ ਵਿੱਚ ਜਿਥੇ ਖੇਤੀਬਾੜੀ ਲੋਡ ਫੀਡਰ ਉਤੇ ਕੁੱਲ ਲੋਡ ਦਾ 80% ਤੋਂ ਵੱਧ ਜਾਂਦਾ ਹੈ ਤਾਂ ਉਹ ਸਾਰੇ ਫੀਡਰ ਸੰਮਿਲਿਤ ਹੋਣਗੇ। ਤਦ ਸੂਚੀ ਨਿਮਨ ਅਨੁਸਾਰ ਵੱਖਰੀ ਵੱਖਰੀ ਫੀਡਰਾਂ ਦੀ ਹਰੇਕ ਕੈਟਾਗਰੀ ਲਈ ਗਿਣੀ ਜਾਵੇਗੀ।

| ਲੜੀ ਨੰ: | ਫੀਡਰ ਦਾ ਨਾਂ | ਵਿਚਾਰ ਅਧੀਨ ਸਾਲ ਵਿੱਚ ਫੀਡਰਾਂ ਉਤੇ ਵਿਘਨਾਂ ਦੀ ਗਿਣਤੀ | ਪਹਿਲੇ ਖਾਨੇ ਦੇ ਵੱਖ ਵੱਖ ਵਿਘਨਾਂ ਦੀ ਅਵਧੀ (ਮਿੰਟਾਂ ਵਿੱਚ) | ਸਾਲ ਵਿੱਚ ਕੁੱਲ ਵਿਘਨਾਂ ਦੀ ਅਵਧੀ (ਮਿੰਟਾਂ ਵਿੱਚ) (ਖਾਨਾ 4 ਦਾ ਜੋੜ ) | ਫੀਡਰ ਨਾਲ ਜੋੜੇ ਗਏ ਖਪਤਕਾਰਾਂ ਦੀ ਕੁੱਲ ਗਿਣਤੀ | ਸਾਲ ਵਿੱਚ ਖਪਤਕਾਰਾਂ ਦੇ ਵਿਘਨਾਂ ਦੀ ਕੁਲ ਅਵਧੀ |
|---|---|---|---|---|---|---|
| 1 | 2 | 3 | 4 | 5 | 6 | **7=5x6** |
| 1. | $f_1$ | $N_1$ | $D_{11} + D_{12} + ....D_{1n}$ | $D_1$ | $C_1$ | $D_1 \times C_1$ |
| 2. | $f_2$ | $N_2$ | $D_{21} + D_{22} + ....D_{2n}$ | $D_2$ | $C_2$ | $D_2 \times C_2$ |
| 3. | | | | | | |
| n | $f_n$ | $N_n$ | $D_{n1} + D_{n2} + .... D_{nn}$ | $D_n$ | $C_n$ | $D_n \times C_n$ |

**ਫੀਡਰ ਲਈ ਵਿਸ਼ਵਾਸ਼ਯੋਗਤਾ ਸੂਚੀ**

SAIFI = $\frac{\text{ਫੀਡਰ ਦੇ ਵਿਘਨ ਦੀ ਕੁੱਲ ਗਿਣਤੀ}}{\text{ਫੀਡਰਾਂ ਦੀ ਗਿਣਤੀ}} = \frac{N_1 + N_2 + N_3 .........+ N_n}{n}$

SAIDI = $\frac{\text{ਫੀਡਰਾਂ ਦੇ ਅਣਉਪਯੋਗਤਾ ਦੀ ਕੁੱਲ ਅਵਧੀ}}{\text{ਫੀਡਰਾਂ ਦੀ ਗਿਣਤੀ}} = \frac{D_1 + D_2 + D_3 .........+ D_n}{n}$

$$\text{ਫੀਡਰਾਂ ਲਈ ਵਿਸ਼ਵਾਸ਼ਯੋਗਤਾ ਸੂਚੀ (ਸਾਲਾਨਾ)} = 1 - \frac{\text{ਫੀਡਰ ਲਈ SAIDI} \times 100}{(24 \times 365 \times 60)}$$

## ਖਪਤਕਾਰ ਲਈ ਵਿਸ਼ਵਾਸ਼ਯੋਗਤਾ ਸੂਚੀ

$$\text{SAIDI} = \frac{\text{ਖਪਤਕਾਰਾਂ ਵਿਘਨ ਦੀ ਕੁੱਲ ਅਵਧੀ}}{\text{ਖਪਤਕਾਰਾਂ ਦੀ ਕੁਲ ਗਿਣਤੀ}} = \frac{D_1 C_1 + D_2 C_2 + \ldots + D_n C_n}{C_1 + C_2 + \ldots C_n}$$

$$\text{ਖਪਤਕਾਰਾਂ ਲਈ ਵਿਸ਼ਵਾਸ਼ਯੋਗਤਾ ਸੂਚੀ (ਸਾਲਾਨਾ)} = 1 - \frac{\text{ਖਪਤਕਾਰਾਂ ਲਈ SAIDI} \times 100}{(24 \times 365 \times 60)}$$

(ੲ) ਵੰਡ ਲਾਇਸੈਂਸੀ ਹਰ ਛਿਮਾਹੀ ਲਈ ਫੀਡਰਾਂ ਦੀਆਂ ਸਾਰੀਆਂ ਕੈਟਾਗਰੀਆਂ ਲਈ ਇਹਨਾਂ ਸੂਚੀਆਂ ਦੇ ਮਾਸਿਕ ਮੁੱਲ ਦੀ ਵੱਖਰੀ ਰਿਪੋਰਟ ਕਰੇਗਾ।

(ਸ) ਕਮਿਸ਼ਨ ਲਾਇਸੈਂਸੀ ਦੁਆਰਾ ਪ੍ਰਾਪਤ ਕੀਤੇ ਜਾਣ ਵਾਲੇ ਇਹਨਾਂ ਸੂਚੀਆਂ ਦੇ ਟੀਚਾ ਲੈਵਲ ਨੂੰ ਸਾਲਾਨਾ ਤੌਰ ਤੇ ਅਧਿਸੂਚਿਤ ਕਰੇਗਾ।

(ਹ) ਜੇਕਰ ਵੰਡ ਲਾਇਸੈਂਸੀ ਆਪਣੀ ਕਾਰਜਕੁਸ਼ਲਤਾ ਸੁਧਾਰਨ ਵਿੱਚ ਲਗਾਤਾਰ ਅਸਫਲ ਰਹਿੰਦਾ ਹੈ ਤਾਂ ਕਮਿਸ਼ਨ ਐਕਟ ਦੀ ਧਾਰਾ 24 ਅਧੀਨ ਵੰਡ ਲਾਇਸੈਂਸੀ ਵਿਰੁੱਧ ਕਾਰਵਾਈ ਕਰ ਸਕਦਾ ਹੈ।

### 2. ਆਵ੍ਰਿਤੀ ( Frequency ) ਵਿਭਿੰਨਤਾ :

ਵੰਡ ਲਾਇਸੈਂਸੀ ਸਪਲਾਈ ਆਵ੍ਰਿਤੀ ਦੀ ਘੰਟੇ ਬਾਦ ਪੈਮਾਇਸ਼ ਕਰੇਗਾ ਅਤੇ ਕਮਿਸ਼ਨ ਨੂੰ ਨਿਰਧਾਰਿਤ ਸੀਮਾ ਤੋਂ ਵੱਧ ਸਪਲਾਈ ਆਵ੍ਰਿਤੀ (ਫਰੀਕੁਐਂਸੀ) ਦੀ ਗਿਣਤੀ ਅਤੇ ਸਮਾਂ ਅਵਧੀ ਦੀ ਛਿਮਾਹੀ ਆਧਾਰ 'ਤੇ ਰਿਪੋਰਟ ਕਰੇਗਾ।

### 3. ਬਿਲ ਬਣਾਉਣ ਵਿੱਚ ਗਲਤੀਆਂ :

ਵੰਡ ਲਾਇਸੈਂਸੀ ਇਸ ਯਕੀਨੀ ਬਣਾਏਗਾ ਕਿ ਜਾਰੀ ਕੀਤੇ ਬਿਲਾਂ ਦੀ ਕੁਲ ਗਿਣਤੀ 0.1% ਤੋਂ ਵੱਧ ਨੂੰ ਸੋਧਣ ਦੀ ਲੋੜ ਨਾ ਹੋਵੇ।

### 4. ਨੁਕਸਦਾਰ ਮੀਟਰ :

ਵੰਡ ਲਾਇਸੈਂਸੀ ਇਹ ਯਕੀਨੀ ਬਣਾਏਗਾ ਕਿ ਮੀਟਰਾਂ ਦੀ ਕੁੱਲ ਗਿਣਤੀ ਦਾ 1% ਤੋਂ ਵੱਧ ਕਿਸੇ ਇੱਕੋ ਸਮੇਂ 'ਤੇ ਨੁਕਸਦਾਰ ਮੀਟਰ ਨਾ ਹੋਣ।

ਅਨੁਲਗ – 3 (ੳ)

# ਸਪਲਾਈ ਦੀ ਬਹਾਲੀ ਸਬੰਧੀ ਸ਼ਿਕਾਇਤ ਕੇਂਦਰਾਂ ’ਤੇ ਸਿਕਾਇਤਾਂ ਨੂੰ ਰਜਿਸਟਰ ਕਰਨ ਲਈ ਫਾਰਮੇਟ

(ਵਿਨਿਯਮ 25 ਅਤੇ ਅਨੁਲਗ–1 ਪੈਰਾ –1 ਵੇਖੋ)

ਦਫਤਰ ਦਾ ਨਾਂ ________________________________

| ਲੜੀ ਨੰ: | ਸ਼ਿਕਾਇਤ ਦੀ ਪ੍ਰਾਪਤੀ ਦੀ ਮਿਤੀ ਅਤੇ ਸਮਾਂ | ਸ਼ਿਕਾਇਤਕਰਤਾ ਦਾ ਨਾਂ, ਪਤਾ ਅਤੇ ਲੇਖਾ ਨੰ: | ਸ਼ਿਕਾਇਤਾਂ ਦੀ ਗਿਣਤੀ | ਸ਼ਿਕਾਇਤਾਂ ਦਾ ਵਰਗੀਕਰਣ | | ਦੂਰ ਕਰਨ ਦੀ ਮਿਤੀ ਅਤੇ ਸਮਾਂ | ਲੱਗਿਆ ਸਮਾਂ (ਘੰਟਿਆਂ/ ਮਿੰਟਾਂ ਵਿੱਚ) | ਕੀ ਕਾਰਜ–ਕੁਸ਼ਲਤਾ ਦੇ ਮਿਆਰਾਂ ਅਨੁਸਾਰ ਨਿਰਧਾਰਿਤ ਸਮੇਂ ਦੇ ਅੰਦਰ ਅੰਦਰ ਨਿਵਾਰਨ ਕੀਤੀ ਹਾਂ/ ਨਾਂ |
|---|---|---|---|---|---|---|---|---|
| | | | | ਸ਼ਿਕਾਇਤ ਦੀ ਕਿਸਮ | ਸ਼ਿਕਾਇਤ ਦੀ ਸ਼੍ਰੇਣੀ ਅਤੇ ਇਸ ਦਾ ਨੰ: | | | |
| 1 | 2 | 3 | 4 | 5 | 6 | 7 | 8 | 9 |
| | | | | | | | | |

ਸ਼ਿਕਾਇਤਾਂ ਦਾ ਵਰਗੀਕਰਣ : –

(ੳ) ਸਪਲਾਈ ਵਿੱਚ ਵਿਘਨ ਦੇ ਕਾਰਨ :

(i) ਸਾਧਾਰਣ ਫਿਊਜ਼ ਉਡਣਾ
(ii) ਓਵਰਹੈੱਡ ਲਾਈਨ ਦਾ ਬਰੇਕਡਾਊਨ
(iii) ਜਮੀਨਦੋਜ਼ ਕੇਬਲ ਦਾ ਬਰੇਕ ਡਾਊਨ
(iv) ਵੰਡ ਟ੍ਰਾਂਸਫਾਰਮਰ ਦਾ ਫੇਲ੍ਹ ਹੋਣਾ
(v) ਪਾਵਰ ਟ੍ਰਾਂਸਫਾਰਮਰ ਦਾ ਫੇਲ੍ਹ ਹੋਣਾ
(vi) ਅਣ–ਅਨੁਸੂਚਿਤ ਆਊਟੇਜ਼/ ਵਧੀਕ ਆਊਟੇਜ਼

ਅਨੁਲਗ – 3 (ਅ)

# ਲਾਇਸੈਂਸੀ ਦੇ ਅਧਿਸੂਚਿਤ ਕੀਤੇ ਦਫਤਰਾਂ ’ਤੇ ਸ਼ਿਕਾਇਤਾਂ ਦੀ ਰਜਿਸਟ੍ਰੇਸ਼ਨ ਲਈ ਫਾਰਮੇਟ

( ਵਿਨਿਯਮ 25 ਅਤੇ ਅਨੁਲਗ–1 ਪੈਰਾ– 2 ਤੋਂ 7 ਵੇਖੋ )

**ਦਫਤਰ ਦਾ ਨਾਂ ....................................**

| ਲੜੀ ਨੰ: | ਸ਼ਿਕਾਇਤ ਦੀ ਪ੍ਰਾਪਤੀ ਦੀ ਮਿਤੀ ਅਤੇ ਸਮਾਂ | ਸ਼ਿਕਾਇਤਕਰਤਾ ਦਾ ਨਾਂ, ਪਤਾ ਅਤੇ ਲੇਖਾ ਨੰ: | ਸ਼ਿਕਾਇਤਾਂ ਦੀ ਗਿਣਤੀ | ਸ਼ਿਕਾਇਤਾਂ ਦਾ ਵਰਗੀਕਰਣ | | ਸ਼ਿਕਵੇ–ਸ਼ਿਕਾਇਤਾਂ ਦੂਰ ਕਰਨ ਦੀ ਮਿਤੀ | ਲੱਗਿਆ ਸਮਾਂ (ਘੰਟਿਆਂ / ਮਿੰਟਾਂ ਵਿੱਚ) | ਕੀ ਕਾਰਜ–ਕੁਸ਼ਲਤਾ ਦੇ ਮਿਆਰਾਂ ਅਨੁਸਾਰ ਨਿਰਧਾਰਿਤ ਸਮੇਂ ਦੇ ਅੰਦਰ ਅੰਦਰ ਨਿਵਾਰਨ ਕੀਤੀ ਹਾਂ/ ਨਾਂ |
|---|---|---|---|---|---|---|---|---|
| | | | | ਸ਼ਿਕਾਇਤ ਦੀ ਕਿਸਮ | ਸ਼ਿਕਾਇਤ ਦੀ ਸ਼੍ਰੇਣੀ ਅਤੇ ਇਸ ਦਾ ਨੰ: | | | |
| 1 | 2 | 3 | 4 | 5 | 6 | 7 | 8 | 9 |
| | | | | | | | | |

**ਸ਼ਿਕਾਇਤਾਂ ਦਾ ਵਰਗੀਕਰਣ**

**(ਅ) ਵੋਲਟਤਾ ਅਸਥਿਰਤਾ :**

(i) ਢਿੱਲੇ ਜੋੜ
(ii) ਸਾਧਾਰਣ ਕੇਸ ਜਿਸ ਵਿੱਚ ਕਿਸੇ ਵਰਧਨ ( augmentation ) ਦੀ ਲੋੜ ਨਹੀਂ ਹੈ
(iii) ਜਿਥੇ ਵਰਧਨ ਦੀ ਜ਼ਰੂਰਤ ਹੈ

**(ੲ) ਮੀਟਰ**

(i) ਨੁਕਸਦਾਰ ਮੀਟਰ
(ii) ਸੜੇ ਮੀਟਰ

**(ਸ) ਨਵੇਂ ਕੁਨੈਕਸ਼ਨਾਂ / ਅਤਿਰਿਕਤ ਲੋਡ ਦਾ ਜਾਰੀ ਕਰਨ**

(i) ਜਿਥੇ ਮੇਨ ਦੇ ਵਿਸਤਾਰ ਦੀ ਲੋੜ ਨਹੀਂ ਹੈ
(ii) ਜਿਥੇ ਮੇਨ ਦੇ ਵਿਸਤਾਰ ਦੀ ਲੋੜ ਹੈ

**(ਹ) ਬਿਲ**

(i) ਜਿਥੇ ਕੋਈ ਅਤਿਰਿਕਤ ਜਾਣਕਾਰੀ ਦੀ ਲੋੜ ਨਹੀਂ ਹੈ
(ii) ਜਿਥੇ ਰੀਡਿੰਗ ਦੀ ਦਰੁਸਤੀ ਆਦਿ ਸਬੰਧੀ ਕੋਈ ਅਤਿਰਿਕਤ ਜਾਣਕਾਰੀ ਦੀ ਲੋੜ ਹੈ

**(ਕ) ਮੀਟਰਾਂ/ ਸਰਵਿਸ ਕੁਨੈਕਸ਼ਨਾਂ ਦੀ ਬਦਲੀ ( shifting )**

(i) ਮੀਟਰ
(ii) ਐਲ. ਟੀ. / ਐਚ. ਟੀ. ਲਾਈਨਾਂ
(iii) ਟ੍ਰਾਂਸਫਾਰਮਰ
(iv) ਸਰਵਿਸ ਕੁਨੈਕਸ਼ਨ

**(ਖ) ਅਦਾਇਗੀ ਨਾ ਕਰਨ ਕਰਕੇ ਕੱਟੇ ਗਏ ਕੁਨੈਕਸ਼ਨਾਂ ਦੀ ਸਪਲਾਈ ਨੂੰ ਮੁੜ ਜੋੜਨਾ**

**(ਗ) ਹੋਰ**

ਅਨੁਲਗ – 4

## ਵਰਗੀਕਰਣ ਵਾਰ ਸ਼ਿਕਾਇਤਾਂ ਦੇ ਸੰਕਲਨ ਲਈ ਰਜਿਸਟਰ

( ਵਿਨਿਯਮ 25 ਅਤੇ ਅਨੁਲਗ 3 (ੳ) / 3 (ਅ) ਵੇਖੋ )

ਮਹੀਨਾ ______________________

ਦਫਤਰਾ ਦਾ ਨਾਂ ____________________________

| ਸ਼੍ਰੇਣੀ | ਪਹਿਲੇ ਮਹੀਨੇ ਦੀਆਂ ਅਣਨਿਪਟਾਈਆਂ ਪਈਆਂ ਸ਼ਿਕਾਇਤਾਂ | ਮਹੀਨੇ ਦੌਰਾਨ ਪ੍ਰਾਪਤ ਕੀਤੀਆਂ ਗਈਆਂ ਸ਼ਿਕਾਇਤਾਂ | ਕੁੱਲ ਸ਼ਿਕਾਇਤਾਂ | ਮਹੀਨੇ ਦੌਰਾਨ ਦੂਰ ਕੀਤੀਆਂ ਸ਼ਿਕਾਇਤਾਂ ਦੀ ਗਿਣਤੀ | | ਦੂਰ ਕਰਨ ਵਾਲੀਆਂ ਸ਼ਿਕਾਇਤਾਂ ਦਾ ਬਕਾਇਆ (4)–(5)–(6) |
|---|---|---|---|---|---|---|
| | | | | ਨਿਰਧਾਰਿਤ ਸਮਾਂ ਸੀਮਾਂ ਦੇ ਅੰਦਰ ਅੰਦਰ | ਨਿਰਧਾਰਿਤ ਸਮਾਂ ਸੀਮਾ ਤੋਂ ਬਾਅਦ | |
| 1 | 2 | 3 | 4 | 5 | 6 | 7 |
| 1 | | | | | | |
| ੳ (i) | | | | | | |
| ੳ (ii) | | | | | | |
| ੳ (iii) | | | | | | |
| ੳ (iv) | | | | | | |
| ੳ (v) | | | | | | |
| ੳ (vi) | | | | | | |
| ਅ (i) | | | | | | |
| ਅ (ii) | | | | | | |
| ਅ (iii) | | | | | | |
| ੲ (i) | | | | | | |
| ੲ (ii) | | | | | | |
| ਸ (i) | | | | | | |
| ਸ (ii) | | | | | | |
| ਹ (i) | | | | | | |
| ਹ (ii) | | | | | | |
| ਕ (i) | | | | | | |
| ਕ (ii) | | | | | | |
| ਕ (iii) | | | | | | |
| ਖ | | | | | | |
| ਗ | | | | | | |

**ਨੋਟ : –** ਡੈਟੇ ਦਾ ਸੰਕਲਨ ਹਰੇਕ ਮਹੀਨੇ ਕੀਤਾ ਜਾਵੇਗਾ ।

ਅਨੁਲਗ – 5

# ਕਾਰਜਕੁਸ਼ਲਤਾ ਦੇ ਘੱਟੋ ਘੱਟ ਮਿਆਰਾਂ ਦੀ ਉਲੰਘਣਾ ਦੇ ਕੇਸ ਵਿੱਚ ਖਪਤਕਾਰਾਂ ਨੂੰ ਅਦਾਇਗੀਯੋਗ ਮੁਆਵਜ਼ਾ

( ਵਿਨਿਯਮ- 26 ਵੇਖੋ )

| ਹਵਾਲਾ ਨੰ: | ਸ਼ਿਕਾਇਤ ਦਾ ਵਰਗੀਕਰਨ | ਮਿਆਰ | ਮਿਆਰ ਦੀ ਉਲੰਘਣਾ ਕਰਨ ਦੇ ਕੇਸ ਵਿੱਚ ਅਦਾਇਗੀ ਯੋਗ ਮੁਆਵਜ਼ਾ | | ਸਰਵਿਸ ਦੇਣ ਲਈ ਉਪਾਧਿਤ ਕੀਤਾ ਗਿਆ ਕਰਮਚਾਰੀ |
|---|---|---|---|---|---|
| | | | ਜੇਕਰ ਵਾਕਿਆ ਇਕੱਲੇ ਖਪਤਕਾਰ ਨੂੰ ਪ੍ਰਭਾਵਿਤ ਕਰਦੀ ਹੈ ਤਾਂ ਵਿਅਕਤੀਗਤ ਨੂੰ ਅਦਾਇਗੀ ਯੋਗ ਮੁਆਵਜ਼ਾ | ਜੇਕਰ ਵਾਕਿਆ ਇਕ ਤੋਂ ਜ਼ਿਆਦਾ ਖਪਤਕਾਰਾਂ ਨੂੰ ਪ੍ਰਭਾਵਿਤ ਕਰਦਾ ਹੈ ਤਾਂ ਹਰੇਕ ਨੂੰ ਅਦਾਇਗੀਯੋਗ ਮੁਆਵਜ਼ਾ | |
| 1.1 | **ਸਾਧਾਰਣ ਫਿਊਜ਼ ਉਡਣ ਦਾ ਸੱਦਾ/ ਸ਼ਿਕਾਇਤ** | | | | |
| (ੳ) | ਸ਼ਹਿਰ ਅਤੇ ਕਸਬੇ/ ਅਰਬਨ ਖੇਤਰ | 4 ਘੰਟਿਆਂ ਦੇ ਅੰਦਰ ਅੰਦਰ | 4/8 ਘੰਟਿਆਂ ਦੇ ਹਰੇਕ ਬਲਾਕ ਵਿੱਚ 50 ਰੁ. | 25/- ਰੁ. | ਸਬੰਧਤ ਲਾਈਨਮੈਨ |
| (ਅ) | ਦਿਹਾਤੀ ਖੇਤਰ | 8 ਘੰਟਿਆਂ ਦੇ ਅੰਦਰ ਅੰਦਰ | | | |
| 1.2 | **ਓਵਰ ਹੈੱਡ ਲਾਈਨ ਦਾ ਬ੍ਰੇਕ ਡਾਊਨ** | | | | |
| | **ਐਲ. ਟੀ. / ਐਚ. ਟੀ. ਲਾਈਨ** | | | | |
| (ੳ) | ਸ਼ਹਿਰ ਅਤੇ ਕਸਬੇ/ ਅਰਬਨ ਖੇਤਰ | 8 ਘੰਟਿਆਂ ਦੇ ਅੰਦਰ ਅੰਦਰ | 8/12 ਘੰਟਿਆਂ ਦੇ ਹਰੇਕ ਬਲਾਕ ਵਿੱਚ 50 ਰੁ. | 25/- ਰੁ. | ਜੂ. ਇੰ. / ਖੇਤਰ ਦਾ ਇੰਚਾਰਜ |
| (ਅ) | ਦਿਹਾਤੀ ਖੇਤਰ | 12 ਘੰਟਿਆਂ ਦੇ ਅੰਦਰ ਅੰਦਰ | | | |
| | **ਈ. ਐਚ. ਟੀ. ਲਾਈਨ** | | | | |
| (ੲ) | ਸਾਧਾਰਣ ਨੁਕਸ ਜਿਵੇਂ ਕਿ ਡਿਸਕ ਇੰਸੂਲੇਦਰ ਦਾ ਫੇਲ੍ਹ ਹੋਣਾ | 12 ਘੰਟਿਆਂ ਦੇ ਅੰਦਰ ਅੰਦਰ | 12/24 ਘੰਟਿਆਂ ਦੇ ਹਰੇਕ ਬਲਾਕ ਵਿੱਚ 50 ਰੁ. | 25/- ਰੁ. | ਸਹਾ. ਇੰ. / ਸਹਾ. ਕਾ. ਕਾਂ. ਇੰ. ਲਾਈਨ ਦਾ ਇੰਚਾਰਜ |
| (ਸ) | ਮੁੱਖ ਨੁਕਸ ਜਿਵੇਂ ਕਿ ਕੰਡਕਟਰ ਬ੍ਰੇਕ ਡਾਊਨ | 24 ਘੰਟਿਆਂ ਦੇ ਅੰਦਰ ਅੰਦਰ | | | |
| | **ਪੋਲਾਂ ਦੇ ਟੁੱਟਣ ਕਰਕੇ ਬ੍ਰੇਕ ਡਾਊਨ** | | | | |
| (ਹ) | ਸ਼ਹਿਰ ਅਤੇ ਕਸਬੇ/ ਅਰਬਨ ਖੇਤਰ | 12 ਘੰਟਿਆਂ ਦੇ ਅੰਦਰ ਅੰਦਰ | 12/24 ਘੰਟਿਆਂ ਦੇ ਹਰੇਕ ਬਲਾਕ ਵਿੱਚ 50 ਰੁ. | 25/- ਰੁ. | ਜੂ. ਇੰ./ ਖੇਤਰ ਦਾ ਇੰਚਾਰਜ |
| (ਕ) | ਦਿਹਾਤੀ ਖੇਤਰ | 24 ਘੰਟਿਆਂ ਦੇ ਅੰਦਰ ਅੰਦਰ | | | |
| 1.3 | **ਜਮੀਨਦੋਜ਼ ਕੇਬਲ ਦਾ ਬ੍ਰੇਕ ਡਾਊਨ** | | | | |
| | ਸ਼ਹਿਰ ਅਤੇ ਕਸਬੇ / ਅਰਬਨ ਖੇਤਰ | 48 ਘੰਟਿਆਂ ਦੇ ਅੰਦਰ ਅੰਦਰ | 48 ਘੰਟਿਆਂ ਦੇ ਹਰੇਕ ਬਲਾਕ ਵਿੱਚ 50 ਰੁ. | 25/- ਰੁ. | ਜੂ. ਇੰ. / ਖੇਤਰ ਦਾ ਇੰਚਾਰਜ |
| 1.4 | **ਵੰਡ ਟ੍ਰਾਂਸਫਾਰਮਰ ਦਾ ਫੇਲ੍ਹ ਹੋਣਾ** | | | | |
| (ੳ) | ਸ਼ਹਿਰ ਅਤੇ ਕਸਬੇ / ਅਰਬਨ ਖੇਤਰ | 24 ਘੰਟਿਆਂ ਦੇ ਅੰਦਰ ਅੰਦਰ | 24/48 ਘੰਟਿਆਂ ਦੇ ਹਰੇਕ ਬਲਾਕ ਵਿੱਚ 100 ਰੁ. | 50/- ਰੁ. | ਜੂ. ਇੰ. / ਖੇਤਰ ਦਾ ਇੰਚਾਰਜ |
| (ਅ) | ਦਿਹਾਤੀ ਖੇਤਰ | 48 ਘੰਟਿਆਂ ਦੇ ਅੰਦਰ ਅੰਦਰ | | | |
| 1.5 | **ਪਾਵਰ ਟ੍ਰਾਂਸਫਾਰਮਰ ਦਾ ਫੇਲ੍ਹ ਹੋਣਾ (66000 ਵੋਲਟਾਂ ਤੱਕ ਪ੍ਰਾਇਮਰੀ ਵੋਲਟੇਜ ਨਾਲ)** | 15 ਦਿਨਾਂ ਦੇ ਅੰਦਰ ਅੰਦਰ | ਨੁਕਸ ਦੇ ਹਰੇਕ ਦਿਨ ਲਈ 2000/- ਰੁ. | ਨੁਕਸ ਦੇ ਹਰੇਕ ਦਿਨ ਲਈ 1000/- ਰੁ. | ਸੀਨੀ. ਕਾ. ਕਾ. ਇੰ. / ਗਰਿਡ ਉਸਾਰੀ |

| | | | | | |
|---|---|---|---|---|---|
| 1.6 | **ਸਟਰੀਟ ਲਾਈਟ ਨੁਕਸ** | i) 4 ਘੰਟੇ ਦੇ ਅੰਦਰ ਅੰਦਰ ਲਾਈਨ ਦਾ ਨੁਕਸ ਠੀਕ ਕਰਨਾ<br>ii) 24 ਘੰਟੇ ਦੇ ਅੰਦਰ ਅੰਦਰ ਨੁਕਸਦਾਰ ਯੂਨਿਟ ਦੀ ਬਦਲਾਈ | ਨੁਕਸ ਦੇ ਹਰੇਕ ਦਿਨ ਲਈ 100/- ਰੁ. | -- | ਜੂ. ਇੰ. / ਖੇਤਰ ਦਾ ਇੰਚਾਰਜ |
| 1.9 | **ਅਨੁਸੂਚਿਤ ( scheduled ) ਆਊਟੇਜ਼ ਦਾ ਸਮਾਂ** | | | | |
| (ੳ) | ਇਕਹਿਰੇ ਖਿਚਾਅ ਵਿੱਚ ਵੱਧ ਤੋਂ ਵੱਧ ਅਵਧੀ | ਅਪ੍ਰੈਲ ਤੋਂ ਅਕਤੂਬਰ ਦੇ ਮਹੀਨਿਆਂ ਦੌਰਾਨ ਦਿਨ ਵਿੱਚ 6 ਘੰਟਿਆਂ ਤੋਂ ਵਧੀਕ ਨਹੀਂ ਅਤੇ ਨਵੰਬਰ ਤੋਂ ਮਾਰਚ ਦੇ ਮਹੀਨਿਆਂ ਦੌਰਾਨ ਇਕ ਦਿਨ ਵਿੱਚ 10 ਘੰਟਿਆਂ ਤੋਂ ਵਧੀਕ ਨਹੀਂ | ਨੁਕਸ ਦੇ ਹਰੇਕ ਕੇਸ ਲਈ 100/- ਰੁ. | 50/- ਰੁ. | ਜੂ. ਇੰ. / ਖੇਤਰ ਦਾ ਇੰਚਾਰਜ |
| (ਅ) | ਸਪਲਾਈ ਦੀ ਬਹਾਲੀ | ਸ਼ਾਮ 6.00 ਵਜੇ ਤੋਂ ਬਾਦ ਨਹੀਂ | | | |
| 2.1 | **ਵੋਲਟੇਜ਼ ਫਲੱਕਚੂਏਸ਼ਨ** | | | | |
| (ੳ) | ਢਿੱਲੇ ਜੋੜਾਂ ਕਰਕੇ | 4 ਘੰਟਿਆਂ ਦੇ ਅੰਦਰ ਅੰਦਰ | 4 ਘੰਟਿਆਂ ਦੇ ਹਰੇਕ ਬਲਾਕ ਲਈ 100 ਰੁ. | 50/- ਰੁ. | ਜੂ. ਇੰ. / ਖੇਤਰ ਦਾ ਇੰਚਾਰਜ |
| ਅ) | ਨੈੱਟਵਰਕ ਦਾ ਕੋਈ ਵਿਸਤਾਰ / ਵਾਧਾ ਸ਼ਾਮਲ ਨਾ ਹੋਵੇ | 2 ਕਾਰਜੀ ਦਿਨਾਂ ਦੇ ਅੰਦਰ ਅੰਦਰ | ਨੁਕਸ ਦੇ ਹਰੇਕ ਦਿਨ ਲਈ 100/- ਰੁ. | 50/- ਰੁ. | ਜੂ. ਇੰ. / ਖੇਤਰ ਦਾ ਇੰਚਾਰਜ |
| (ੲ) | ਵੰਡ ਸਿਸਟਮ ਦਾ ਅਪ- ਗ੍ਰੇਡੇਸ਼ਨ ਲੋੜੀਂਦਾ | 30 ਦਿਨਾਂ ਦੇ ਅੰਦਰ ਅੰਦਰ | ਨੁਕਸ ਦੇ ਹਰੇਕ ਦਿਨ ਲਈ 250/- ਰੁ. | 125/- ਰੁ. | ਸਹਾ. ਇੰ. / ਸਹਾ. ਕਾ. ਕਾ. ਇੰ. ਖੇਤਰ / ਕਾਰਜ ਦਾ ਇੰਚਾਰਜ |
| 3. | **ਮੀਟਰ ਦੀਆਂ ਸ਼ਿਕਾਇਤਾਂ** | | | | |
| 3.1 | ਹੌਲੀ, ਤੇਜ਼ / ਰੀਂਗ ਕੇ ਜਾਂ ਰੁਕੇ ਹੋਏ ਮੀਟਰਾਂ ਦਾ ਨਿਰੀਖਣ ਅਤੇ ਬਦਲਾਈ | ਸ਼ਿਕਾਇਤ ਦੀ ਪ੍ਰਾਪਤੀ ਤੋਂ ਨਿਰੀਖਣ 7 ਕਾਰਜੀ ਦਿਨਾਂ ਦੇ ਅੰਦਰ ਅੰਦਰ ਅਤੇ ਬਦਲਾਈ 10 ਕਾਰਜੀ ਦਿਨਾਂ ਦੇ ਅੰਦਰ ਅੰਦਰ | ਨੁਕਸ ਦੇ ਹਰੇਕ ਦਿਨ ਲਈ 50/- ਰੁ. | ਲਾਗੂ ਹੋਣ ਯੋਗ ਨਹੀਂ | ਜੂ. ਇੰ. / ਖੇਤਰ ਦਾ ਇੰਚਾਰਜ |
| 3.2 | ਸੜੇ ਹੋਏ ਮੀਟਰਾਂ ਦੀ ਬਦਲਾਈ | 5 ਕਾਰਜੀ ਦਿਨਾਂ ਦੇ ਅੰਦਰ ਅੰਦਰ | ਨੁਕਸ ਦੇ ਹਰੇਕ ਦਿਨ ਲਈ 100/- ਰੁ. | ਲਾਗੂ ਹੋਣ ਯੋਗ ਨਹੀਂ | ਜੂ. ਇੰ. / ਖੇਤਰ ਦਾ ਇੰਚਾਰਜ |
| 4. | **ਮੌਜੂਦਾ ਨੈੱਟਵਰਕ ਤੋਂ ਸੰਭਵ ਨਵਾਂ ਕੁਨੈਕਸ਼ਨ/ ਅਤਿਰਿਕਤ ਲੋਡ / ਮੰਗ ਦਾ ਜਾਰੀ ਕਰਨ** | | | | |
| (ੳ) | ਸਪਲਾਈ ਦਾ ਜਾਰੀ ਕਰਨ | 30 ਦਿਨਾਂ ਦੇ ਅੰਦਰ ਅੰਦਰ | ਨੁਕਸ ਦੇ ਹਰੇਕ ਦਿਨ ਲਈ 100/- ਰੁ. | ਲਾਗੂ ਹੋਣ ਯੋਗ ਨਹੀਂ | ਸਹਾ. ਇੰ. / ਸਹਾ. ਕਾ. ਕਾ. ਇੰ. ਖੇਤਰ / ਕਾਰਜ ਦਾ ਇੰਚਾਰਜ |
| | **ਸਪਲਾਈ ਜਾਰੀ ਕਰਨ ਲਈ ਲੋੜੀਂਦੇ ਨੈੱਟਵਰਕ ਦਾ ਵਿਸਤਾਰ / ਵਾਧਾ** | | | | |
| (ਅ) | ਘੱਟ ਟੈਨਸ਼ਨ - ਸਪਲਾਈ ਦਾ ਜਾਰੀ ਕਰਨ | 45 ਦਿਨਾਂ ਦੇ ਅੰਦਰ ਅੰਦਰ | ਨੁਕਸ ਦੇ ਹਰੇਕ ਦਿਨ ਲਈ 200/- ਰੁ. | ਲਾਗੂ ਹੋਣ ਯੋਗ ਨਹੀਂ | ਸਹਾ. ਇੰ. / ਸਹਾ. ਕਾ. ਕਾ. ਇੰ. ਖੇਤਰ / ਕਾਰਜ ਦਾ ਇੰਚਾਰਜ |
| (ੲ) | ਹਾਈ ਟੈਨਸ਼ਨ 11000 ਵੋਲਟ - ਸਪਲਾਈ ਦਾ ਜਾਰੀ ਕਰਨ | 60 ਦਿਨਾਂ ਦੇ ਅੰਦਰ ਅੰਦਰ | ਨੁਕਸ ਦੇ ਹਰੇਕ ਦਿਨ ਲਈ 1000/- ਰੁ. | ਲਾਗੂ ਹੋਣ ਯੋਗ ਨਹੀਂ | |
| (ਸ) | ਹਾਈ ਟੈਨਸ਼ਨ 33000 ਵੋਲਟ - ਸਪਲਾਈ ਦਾ | 90 ਦਿਨਾਂ ਦੇ ਅੰਦਰ ਅੰਦਰ | | | |

| | | | | | |
|---|---|---|---|---|---|
| | ਜਾਰੀ ਕਰਨ | | | | |
| (ਹ) | ਵਾਧੂ ਹਾਈ ਟੈਨਸ਼ਨ – ਸਪਲਾਈ ਦਾ ਜਾਰੀ ਕਰਨ | 120 ਦਿਨਾਂ ਦੇ ਅੰਦਰ ਅੰਦਰ | | | |
| (ਕ) | ਸਪਲਾਈ ਜਾਰੀ ਕਰਨ ਲਈ ਲੋੜੀਂਦੇ ਸਬ-ਸਟੇਸ਼ਨ ਦੀ ਉਸਾਰੀ | ਕਮਿਸ਼ਨ ਦੁਆਰਾ ਪ੍ਰਵਾਨਤ ਸਮੇਂ ਦੇ ਅੰਦਰ ਅੰਦਰ | ਨੁਕਸ ਦੇ ਹਰੇਕ ਦਿ ਲਈ 1000/- ਰੁ | | |
| **5.** | **ਮਾਲਕੀ ਦੀ ਤਬਦੀਲੀ ਅਤੇ ਸੇਵਾਵਾਂ ਦਾ ਪਰਿਵਰਤਨ** | | | | |
| (ੳ) | ਮਾਲਕੀ ਦੀ ਤਬਦੀਲੀ ਅਤੇ / ਜਾਂ ਕੈਟਾਗਰੀ ਦੀ ਬਦਲੀ | ਐਲ. ਟੀ. ਖਪਤਕਾਰਾਂ ਦੇ ਕੇਸ ਵਿੱਚ 7 ਕਾਰਜੀ ਦਿਨਾਂ ਦੇ ਅੰਦਰ ਅੰਦਰ ਅਤੇ ਐਚ. ਟੀ. / ਈ. ਐਚ. ਟੀ. ਖਪਤਕਾਰਾਂ ਦੇ ਕੇਸ ਵਿੱਚ 14 ਦਿਨਾਂ ਦੇ ਅੰਦਰ ਅੰਦਰ | ਨੁਕਸ ਦੇ ਹਰੇਕ ਦਿਨ ਲਈ 500/- ਰੁ. | ਲਾਗੂ ਹੋਣ ਯੋਗ ਨਹੀਂ | ਸਹਾ. ਇੰ. / ਸਹਾ. ਕਾ. ਕਾ. ਇੰ. ਖੇਤਰ / ਕਾਰਜ ਦਾ ਇੰਚਾਰਜ |
| (ਅ) | ਐਲ. ਟੀ. ਇਕਹਿਰੇ ਫੇਜ਼ ਤੋਂ ਐਲ. ਟੀ. ਤਿੰਨ ਫੇਜ਼ ਵਿੱਚ ਪਰਿਵਰਤਨ ਜਾਂ ਇਸ ਦੇ ਉਲਟ | 30 ਦਿਨਾਂ ਦੇ ਅੰਦਰ ਅੰਦਰ | ਨੁਕਸ ਦੇ ਹਰੇਕ ਦਿਨ ਲਈ 100/- ਰੁ. | | |
| **6.** | **ਮੀਟਰਾਂ ਨੂੰ ਬਦਲਣਾ / ਸਰਵਿਸ ਕੁਨੈਕਸ਼ਨ ਅਤੇ ਹੋਰ ਸਰਵਿਸਾਂ** | | | | |
| (ੳ) | ਅਹਾਤੇ ਦੇ ਅੰਦਰ ਅੰਦਰ ਮੀਟਰ ਦੀ ਬਦਲੀ | 3 ਕਾਰਜੀ ਦਿਨਾਂ ਦੇ ਅੰਦਰ ਅੰਦਰ | ਨੁਕਸ ਦੇ ਹਰੇਕ ਦਿਨ ਲਈ 100/- ਰੁ. | ਲਾਗੂ ਹੋਣ ਯੋਗ ਨਹੀਂ | ਸਹਾ. ਇੰ. / ਸਹਾ. ਕਾ. ਕਾ. ਇੰ. ਖੇਤਰ / ਕਾਰਜ ਦਾ ਇੰਚਾਰਜ |
| (ਅ) | ਸਰਵਿਸ ਕੁਨੈਕਸ਼ਨ ਦੀ ਬਦਲੀ<br>ਐਲ. ਟੀ. ਕੁਨੈਕਸ਼ਨ<br>ਐਚ. ਟੀ. ਕੁਨੈਕਸ਼ਲ | 10 ਕਾਰਜੀ ਦਿਨ<br>20 ਦਿਨ | | | |
| (ੲ) | 11 ਕੇ. ਵੀ. ਤੱਕ ਐਲ. ਟੀ. / ਐਚ. ਟੀ. ਲਾਈਨਾਂ ਦੀ ਬਦਲੀ | 20 ਦਿਨਾਂ ਦੇ ਅੰਦਰ ਅੰਦਰ | | | |
| (ਸ) | 11 ਕੇ. ਵੀ. ਤੋਂ ਉਪਰ ਐਚ. ਟੀ. ਲਾਈਨਾਂ ਦੀ ਬਦਲੀ | 30 ਦਿਨਾਂ ਦੇ ਅੰਦਰ ਅੰਦਰ | | | |
| (ਹ) | ਵੰਡ ਟ੍ਰਾਂਸਫਾਰਮਰ ਦੀ ਬਦਲੀ | 30 ਦਿਨਾਂ ਦੇ ਅੰਦਰ ਅੰਦਰ | | | |
| **7.** | **ਖਪਤਕਾਰਾਂ ਦੇ ਬਿਲਾਂ ਬਾਰੇ ਸ਼ਿਕਾਇਤਾਂ ਅਤੇ ਸਪਲਾਈ ਦੀ ਬਹਾਲੀ** | | | | |
| (ੳ) | ਵਿਵਾਦ ਵਾਲੇ ਬਿਜਲੀ ਦੇ ਬਿਲਾਂ ਉਤੇ ਸ਼ਿਕਾਇਤਾਂ ਦਾ ਹੱਲ | i)ਜੇਕਰ ਕੋਈ ਅਤਿਰਿਕਤ ਜਾਣਕਾਰੀ ਲੋੜੀਂਦੀ ਨਹੀਂ ਹੈ ਤਾਂ 24 ਘੰਟਿਆਂ ਦੇ ਅੰਦਰ ਅੰਦਰ<br>ii)ਜੇਕਰ ਕੋਈ ਅਤਿਰਿਕਤ ਜਾਣਕਾਰੀ ਲੋੜੀਂਦੀ ਹੈ ਤਾਂ 7 ਕਾਰਜੀ ਦਿਨਾਂ ਦੇ ਅੰਦਰ ਅੰਦਰ | ਨੁਕਸ ਦੇ ਹਰੇਕ ਦਿਨ ਲਈ 100/- ਰੁ. | ਲਾਗੂ ਹੋਣ ਯੋਗ ਨਹੀਂ | ਏ. ਆਰ. ਏ. / ਆਰ. ਏ. |
| (ਅ) | ਬਿਲਾਂ ਦੀ ਅਦਾਇਗੀ ਨਾ ਕਰਨ ਕਰਕੇ ਕੱਟ ਗਏ ਕੁਨੈਕਸ਼ਨਾਂ ਦੀ ਸਪਲਾਈ ਨੂੰ ਮੁੜ ਜੋੜਨਾ | 24 ਘੰਟਿਆਂ ਦੇ ਅੰਦਰ ਅੰਦਰ | ਨੁਕਸ ਦੇ ਹਰੇਕ ਦਿਨ ਲਈ 200/- ਰੁ. | ਲਾਗੂ ਹੋਣ ਯੋਗ ਨਹੀਂ | ਖੇਤਰ ਦਾ ਇੰਚਾਰਜ ਜੂ. ਇੰ. |

ਅਨੁਲਗ – 6 (ੳ)

# ਵੰਡ ਲਾਇਸੈਂਸੀ ਦੁਆਰਾ ਪ੍ਰਾਪਤ ਕੀਤੇ ਗਏ ਘੱਟ ਤੋਂ ਘੱਟ ਮਿਆਰਾਂ ਦੀ ਕਾਰਜਕੁਸਲਤਾ ਦੇ ਪੱਧਰਾਂ ਉਤੇ ਸਥਿਤੀ ਰਿਪੋਰਟ

**1 ਅਪ੍ਰੈਲ ਤੋਂ 30 ਸਤੰਬਰ ..............**

**ਜਾਂ 1 ਅਪ੍ਰੈਲ ਤੋਂ 31 ਮਾਰਚ ............**

( ਵਿਨਿਯਮ 27.1 (ੳ) ਵੇਖੋ )

| ਲੜੀ ਨੰ: | ਸ਼ਿਕਾਇਤ ਦੀ ਸ਼੍ਰੇਣੀ / ਵਰਗੀਕਰਣ | ਕਮਿਸ਼ਨ ਦੁਆਰਾ ਸੁਨਿਸ਼ਚਿਤ ਕੀਤੇ ਗਏ ਮਿਆਰ | ਪ੍ਰਾਪਤ ਕੀਤੀਆਂ ਗਈਆਂ ਸ਼ਿਕਾਇਤਾਂ ਦੀ ਗਿਣਤੀ | ਸੁਨਿਸ਼ਚਿਤ ਕੀਤੇ ਗਏ ਮਿਆਰਾਂ ਦੇ ਅੰਦਰ ਅੰਦਰ ਦੂਰ ਕੀਤੀਆਂ ਸ਼ਿਕਾਇਤਾਂ ਦੀ ਗਿਣਤੀ | ਸ਼ਿਕਾਇਤਾਂ ਦੂਰ ਕਰਨ ਵਿੱਚ ਪ੍ਰਾਪਤ ਕੀਤੀ ਗਈ ਪ੍ਰਤਿਸ਼ਤਤਾ |
|---|---|---|---|---|---|
| 1 | 2 | 3 | 4 | 5 | 6 |
| | | | | | |

ਅਨੁਲਗ – 6 (ਅ)

# ਕਾਰਜਕੁਸ਼ਲਤਾ ਦੇ ਮਿਆਰਾਂ ਨੂੰ ਪੂਰਾ ਕਰਨ ਵਿੱਚ ਅਸਫਲ ਵੰਡ ਲਾਇਸੈਂਸੀ ਉਤੇ ਖਪਤਕਾਰਾਂ ਦੁਆਰਾ ਤਰਜੀਹ ਕੀਤੇ ਕਲੇਮਾਂ ਉਤੇ ਸਥਿਤੀ ਦੀ ਰਿਪੋਰਟ ਅਤੇ ਸਬੰਧਤ ਸੂਚਨਾ

**1 ਅਪ੍ਰੈਲ ਤੋਂ 30 ਸਤੰਬਰ .............**

**ਜਾਂ 1 ਅਪ੍ਰੈਲ ਤੋਂ 31 ਮਾਰਚ ............**

( ਵਿਨਿਯਮ 27.1 (ੲ) ਵੇਖੋ )

| ਲੜੀ ਨੰ: | ਸ਼ਿਕਾਇਤ ਦੀ ਸ਼੍ਰੇਣੀ / ਵਰਗੀਕਰਣ | ਕਮਿਸ਼ਨ ਦੁਆਰਾ ਸੁਨਿਸ਼ਚਿਤ ਕੀਤੇ ਗਏ ਮਿਆਰ | ਖਪਤਕਾਰਾਂ ਦੁਆਰਾ ਤਰਜੀਹ ਕੀਤੇ ਕਲੇਮਾਂ ਦੀ ਗਿਣਤੀ | ਲਾਇਸੈਂਸੀ ਦੁਆਰਾ ਨਜਿੱਠੇ ਗਏ ਕਲੇਮਾਂ ਦੀ ਗਿਣਤੀ | ਲਾਇਸੈਂਸੀ ਦੁਆਰਾ ਰੱਦ ਕੀਤੇ ਗਏ ਕਲੇਮਾਂ ਦੀ ਗਿਣਤੀ | ਅਦਾ ਕੀਤੀ ਗਈ ਮੁਆਵਜ਼ੇ ਦੀ ਰਕਮ | ਅਜੇ ਅਦਾ ਕੀਤੀ ਜਾਣ ਵਾਲੀ ਮੁਆਵਜ਼ੇ ਦੀ ਰਕਮ | ਵਿਸ਼ੇਸ਼ ਕਥਨ |
|---|---|---|---|---|---|---|---|---|
| 1 | 2 | 3 | 4 | 5 | 6 | 7 | 8 | 9 |
| | | | | | | | | |

**ਨੋਟ : – ਅਦਾਇਗੀ ਵਿੱਚ ਦੇਰੀ ਜਾਂ ਅਦਾਇਗੀ ਨਾ ਕਰਨ ਦੇ ਕਾਰਨ ਵੱਖਰੇ ਤੌਰ ਤੇ ਪੇਸ਼ ਕੀਤੇ ਜਾਣ।**

# ਬਿਲਾਂ ਵਿੱਚ ਸ਼ਾਮਲ ਕੀਤੇ ਜਾਣ ਵਾਲੇ ਵੇਰਵੇ

( ਵਿਨਿਯਮ 30 ਵੇਖੋ )

ੳ) ਬਿਲ ਨੰਬਰ

ਅ) ਬਿਲ ਦੀ ਮਿਤੀ

ੲ) ਉਪ ਮੰਡਲ / ਮੰਡਲ ਦਾ ਨਾਂ

ਸ) ਖਪਤਕਾਰ ਦਾ ਲੇਖਾ ਨੰ:, ਨਾਂ ਅਤੇ ਪਤਾ

ਹ) ਮੰਨਜ਼ੂਰਸ਼ੁਦਾ ਲੋਡ / ਮੁਆਇਦਾ ਮੰਗ

ਕ) ਖਪਤਕਾਰਾਂ ਦੀ ਕੈਟਾਗਰੀ ( ਅਰਥਾਤ ਘ. ਸ., ਗੈ. ਰਿ. ਸ. ਆਦਿ )

ਖ) ਮੀਟਰ ਦੀ ਸਥਿਤੀ ( ਠੀਕ / ਨੁਕਸਦਾਰ / ਗੁੰਮ / ਤਾਲਾ ਲਗਿਆ ਆਦਿ )

ਗ) ਮੀਟਰ ਨੰ: -- ਜੇਕਰ ਬਿਲਿੰਗ ਸਮੇਂ ਦੌਰਾਨ ਊਰਜਾ ਮੀਟਰ ਦੀ ਬਦਲਾਈ ਸ਼ਾਮਲ ਹੈ ਤਾਂ ਨਵੇਂ ਮੀਟਰ ਦਾ ਮੀਟਰ ਨੰਬਰ ਅਤੇ ਪੁਰਾਣੇ ਮੀਟਰ ਦੁਆਰਾ ਰਿਕਾਰਡ ਕੀਤੀ ਗਈ ਖਪਤ ਵੀ ਬਿਲ ਉਪਰ ਦਰਸਾਈ ਜਾਵੇਗੀ

ਘ) ਮੀਟਰ ਰੀਡਿੰਗ ਦੀ ਮਿਤੀ

ਙ) ਮਿਤੀ ਸਹਿਤ ਬਿਲਿੰਗ ਸਮੇਂ / ਸਾਈਕਲ ਦੀ ਮੁੱਢਲੀ ਮੀਟਰ ਰੀਡਿੰਗ

ਚ) ਮਿਤੀ ਸਹਿਤ ਬਿਲਿੰਗ ਸਮੇਂ / ਸਾਈਕਲ ਦੀ ਅੰਤਮ ਮੀਟਰ ਰੀਡਿੰਗ

ਛ) 1) ਮੀਟਰ ਦਾ ਗੁਣਕ ਫੈਕਟਰ
   2) ਸੀ. ਟੀ. ਅਤੇ ਪੀ. ਟੀ. ਅਨੁਪਾਤ ਅਤੇ ਗੁਣਨ ਫੈਕਟਰ, ਜੇਕਰ ਕੋਈ ਹੋਵੇ

ਜ) ਬਿਲਿੰਗ ਸਮੇਂ ਦੌਰਾਨ ਖਪਤ ( ਕਿ. ਵਾ. ਘੰ. / ਕੇ. ਵੀ. ਏ. ਘੰ. )

ਝ) ਬਿਲਿੰਗ ਵੇਰਵੇ : – ਚਲੰਤ ਮਹੀਨੇ ਦੀ ਮੰਗ ਅਤੇ ਬਕਾਇਆਂ ਲਈ ਨਿਮਨ ਦਰਜ ਵੇਰਵੇ ਬਿਲ ਵਿੱਚ ਦਿੱਤੇ ਜਾਣਗੇ : –

1) ਬਿਜਲੀ / ਮਾਸਿਕ ਨਿਊਨਤਮ ਚਾਰਜਿਜ਼
2) ਮੰਗ / ਨਿਸ਼ਚਿਤ ਚਾਰਜਿਜ਼
   (i) ਮਹੀਨੇ ਦੌਰਾਨ ਰਿਕਾਰਡ ਕੀਤੀ ਗਈ ਵੱਧ ਤੋਂ ਵੱਧ ਮੰਗ
   (ii) ਡੀਮਾਂਡ ਸਰਚਾਰਜ, ਜੇਕਰ ਕੋਈ ਹੋਵੇ
3) (i) ਬਿਜਲੀ ਕਰ
   (ii) ਚੂੰਗੀ
4) ਈਂਧਣ ਲਾਗਤ ਸਮਾਧਾਨ ਚਾਰਜਿਜ਼
5) ਘੱਟ ਪਾਵਰ ਫੈਕਟਰ ਲਈ ਸਰਚਾਰਜ ਜਾਂ ਉਚ ਪਾਵਰ ਫੈਕਟਰ ਪ੍ਰੋਤਸਾਹਨ
6) ਵੋਲਟੇਜ਼ ਸਰਚਾਰਜ ਜਾਂ ਪ੍ਰੋਤਸਾਹਨ
7) (i) ਮੀਟਰ / ਐਮ. ਸੀ. ਬੀ. ਕਿਰਾਇਆ
   (ii) ਸਰਵਿਸ ਕਿਰਾਇਆ
8) ਦੇਰੀ ਨਾਲ ਅਦਾਇਗੀ ਦਾ ਸਰਚਾਰਜ
9) ਸਿਕਿਉਰਟੀ ਉਤੇ ਘੱਟ ਵਿਆਜ
10) ਕੁੱਲ ਚਲੰਤ ਮਾਸਿਕ ਚਾਰਜਿਜ਼
11) ਬਕਾਏ -- (i) ਪੂਰਵਵਰਤੀ ਵਿਤੀ ਸਾਲ
   (ii) ਚਲੰਤ ਵਿਤੀ ਸਾਲ
12) ਹੋਰ
13) ਕੁਲ ਬਣਦੀ ਰਕਮ
14) ਸਮਾਧਾਨ
   ( ਕਾਰਨ ਅਤੇ ਸਮਾਧਾਨ ਦਾ ਸਮਾਂ ਵੀ ਦਰਸਾਇਆ ਜਾਵੇ )
15) ਅਦਾਇਗੀ ਦੀ ਨਿਯਤ ਮਿਤੀ
   1) ਕੈਸ਼ / ਨੈੱਟ ਬੈਂਕਿੰਗ

2) ਬਰਾਬਰ ਮੁੱਲ 'ਤੇ ਅਦਾਇਗੀ ਯੋਗ ਚੈਕ / ਡੀਮਾਂਡ ਡਰਾਫਟ / ਕਰੈਡਿਟ ਕਾਰਡ / ਡੈਬਿਟ ਕਾਰਡ

16) ਨਿਯਤ ਤਾਰੀਖ ਤੱਕ ਅਦਾਇਗੀ ਯੋਗ ਰਕਮ

17) ਨਿਯਤ ਤਾਰੀਖ ਤੋਂ ਬਾਅਦ ਅਦਾਇਗੀ ਯੋਗ ਰਕਮ

ਞ) ਅਦਾਇਗੀ ਦਾ ਤਰੀਕਾ

ਟ) ਚੈੱਕ ਅਤੇ ਬੈਂਕ ਡਰਾਫਟ ਦੇ ਕੇਸ ਵਿੱਚ ਪ੍ਰਾਪਤ ਕਰਤਾ ਅਥਾਰਟੀ ਜਿਸ ਦੇ ਹਿਤ ਵਿੱਚ ਚੈੱਕ ਡਰਾਫਟ ਕੱਢਵਾਇਆ ਜਾਣਾ ਚਾਹੀਦਾ ਹੈ।

ਠ) ਸਥਾਨਕ ਉਗਰਾਹੀ ਕੇਂਦਰਾਂ ਅਤੇ ਵੰਡ ਲਾਇਸੈਂਸੀ ਦੇ ਅਧਿਸੂਚਿਤ ਦਫਤਰਾਂ ਜਾਂ ਵੰਡ ਲਾਇਸੈਂਸੀ ਦੁਆਰਾ ਅਧਿਸੂਚਿਤ ਅਜਿਹੀ ਹੋਰ ਦੂਜੀ ਸਹੂਲਤ, ਜਿਥੇ ਬਿਜਲੀ ਬਿਲਾਂ ਦੀ ਅਦਾਇਗੀ ਕੀਤੀ ਜਾਣੀ ਹੈ, ਦਾ ਪਤਾ / ਵੇਰਵੇ ਅਤੇ ਕਾਰਜੀ ਘੰਟੇ।

ਡ) ਉਹਨਾਂ ਅਥਾਰਟੀਆਂ ਦਾ ਅਹੁਦਾ ਅਤੇ ਪਤਾ ਜਿਹਨਾਂ ਕੋਲ ਸ਼ਿਕਾਇਤਾਂ ਜਾਂ ਗਿਲੇ- ਸ਼ਿਕਵੇ ਦਾਇਰ ਕੀਤੇ ਜਾ ਸਕਦੇ ਹਨ ਅਤੇ ਐਕਟ ਦੀ ਧਾਰਾ 42 ਅਧੀਨ ਸਥਾਪਤ ਕੀਤਾ ਗਿਆ ਫੋਰਮ ਅਤੇ ਲੋਕਪਾਲ ਦੇ ਪਤੇ ਅਤੇ ਟੈਲੀਫੂਨ ਨੰਬਰ।

ਢ) ਸ਼ਿਕਾਇਤ ਕੇਂਦਰ ਅਤੇ ਅਧਿਸੂਚਿਤ ਦਫਤਰ ਦਾ ਟੈਲੀਫੂਨ ਨੰਬਰ

ਣ) ਟੈਰਿਫ ਦਰ

ਤ) ਪਿਛਲੇ 6 ਮਹੀਨਿਆਂ ਅਤੇ ਪੂਰਵਲੇ ਸਾਲ ਦੇ ਅਨੁਸਾਰੀ ਮਹੀਨੇ ਦੀ ਖਪਤ

ਥ) ਪ੍ਰਾਪਤ ਕੀਤੀ ਆਖਰੀ ਅਦਾਇਗੀ

ਦ) ਖਪਤਕਾਰ ਦੁਆਰਾ ਜਮ੍ਹਾਂ ਕਰਵਾਈ ਗਈ ਸਿਕਿਉਰਟੀ ( ਖਪਤ ) ਅਤੇ ਸਿਕਿਉਰਟੀ (ਮੀਟਰ )

# ਅਣ–ਅਧਿਕਾਰਿਤ ਵਰਤੋਂ / ਚੋਰੀ ਦੇ ਕੇਸ ਵਿੱਚ ਬਿਜਲੀ ਚਾਰਜਿਜ਼ ਦਾ ਨਿਰਧਾਰਣ

( ਵਿਨਿਯਮ 36 ਅਤੇ 37 ਵੇਖੋ )

(1) **ਐਕਟ ਦੀ ਧਾਰਾ 126 ਅਧੀਨ ਬਿਜਲੀ ਦੀ ਅਣ–ਅਧਿਕਾਰਿਤ ਵਰਤੋਂ / ਚੋਰੀ ਦੇ ਕੇਸ ਵਿੱਚ ਬਿਜਲੀ ਚਾਰਜਿਜ਼ ਦਾ ਨਿਰਧਾਰਣ :**

(ੳ) ਜਿਥੇ ਇਹ ਸਿੱਟਾ ਕੱਢਿਆ ਗਿਆ ਹੈ ਕਿ ਬਿਜਲੀ ਦੀ ਅਣ–ਅਧਿਕਾਰਿਤ ਵਰਤੋਂ ਕੀਤੀ ਗਈ ਹੈ ਤਾਂ ਉਸ ਸਾਰੇ ਸਮੇਂ ਦਾ ਜਿਸ ਦੌਰਾਨ ਅਜਿਹੀ ਅਣ–ਅਧਿਕਾਰਿਤ ਵਰਤੋਂ ਕੀਤੀ ਗਈ ਹੈ, ਲਈ ਨਿਰਧਾਰਣ ਕੀਤਾ ਜਾਵੇਗਾ। ਪਰੰਤੂ ਜੇਕਰ ਉਸ ਸਮੇਂ, ਜਿਸ ਦੌਰਾਨ ਬਿਜਲੀ ਦੀ ਅਣ–ਅਧਿਕਾਰਿਤ ਵਰਤੋਂ ਕੀਤੀ ਗਈ ਹੈ, ਦਾ ਪਤਾ ਨਹੀਂ ਲਗਾਇਆ ਜਾ ਸਕਦਾ ਤਾਂ ਅਜਿਹੇ ਸਮੇਂ ਨੂੰ ਨਿਰੀਖਣ ਦੀ ਮਿਤੀ ਤੋਂ ਤੁਰੰਤ ਪੂਰਵਵਰਤੀ 12 ਮਹੀਨਿਆਂ ਦੇ ਸਮੇਂ ਲਈ ਸੀਮਿਤ ਕੀਤਾ ਜਾਵੇਗਾ।

(i) ਅਜਿਹੇ ਕੇਸ ਵਿੱਚ ਬਿਜਲੀ ਦੀ ਖਪਤ ਨੂੰ ਮੀਟਰ ਦੀ ਪੜਤ ( ਰੀਡਿੰਗ ) ਦੇ ਆਧਾਰ ਉਤੇ ਗਿਣਿਆ ਜਾਵੇਗਾ। ਪਰੰਤੂ ਜੇਕਰ ਜਿਥੇ ਬਿਜਲੀ ਨੂੰ ਜਿਸ ਮੰਤਵ ਲਈ ਬਿਜਲੀ ਦੀ ਵਰਤੋਂ ਅਧਿਕਾਰਿਤ ਸੀ ਤੋਂ ਹੋਰਵੇਂ ਮੰਤਵ ਲਈ ਵਰਤਿਆ ਜਾਂਦਾ ਹੈ (ਐਕਟ ਦੀ ਧਾਰਾ 126 (6) (b) (iv) ਅਧੀਨ ) ਤਦ ਨਿਰਧਾਰਣ ਕੁੱਲ ਲੋਡ ਵਿਚੋਂ ਦੂਜੇ ਮੰਤਵ ਲਈ ਵਰਤੇ ਗਏ ਲੋਡ ਦੇ ਅਨੁਪਾਤ ਵਿੱਚ ਕੀਤਾ ਜਾਵੇਗਾ। ਜੇਕਰ ਜਿਥੇ ਬਿਜਲੀ ਉਹਨਾਂ ਅਹਾਤਿਆਂ ਜਾਂ ਖੇਤਰਾਂ, ਜਿਹਨਾਂ ਲਈ ਬਿਜਲੀ ਦੀ ਸਪਲਾਈ ਅਧਿਕਾਰਿਤ ਸੀ, ਲਈ ਤੋਂ ਹੋਰਵੇਂ ਲਈ ਵਰਤੀ ਜਾਂਦੀ ਹੈ ( ਐਕਟ ਦੀ ਧਾਰਾ 126 (6) (b) (v) ਅਧੀਨ ) ਤਦ ਨਿਰਧਾਰਣ ਕੁੱਲ ਲੋਡ ਸਮੇਤ ਵਧਾਏ ਗਏ ਲੋਡ ਵਿਚੋਂ ਦੂਸਰੇ ਅਹਾਤੇ ਜਾਂ ਖੇਤਰ ਨੂੰ ਵਿਸਤਾਰ ਕੀਤੇ ਗਏ ਲੋਡ ਦੇ ਅਨੁਪਾਤ ਵਿੱਚ ਕੀਤਾ ਜਾਵੇਗਾ।

(ii) ਜੇਕਰ, ਬਿਜਲੀ ਦੀ ਖਪਤ ਮੀਟਰ ਦੀ ਰੀਡਿੰਗ ਦੇ ਆਧਾਰ ਉਤੇ ਗਿਣੀ ਨਹੀਂ ਜਾ ਸਕਦੀ, ਤਦ ਇਸ ਨੂੰ ਹੇਠਾਂ ਦਿੱਤੇ ਗਏ ਪੈਰਾ 4 ਵਿੱਚ ਵਿਸਤ੍ਰਿਤ ਕੀਤੇ ਗਏ ਅਨੁਸਾਰ LDHF ਫਾਰਮੂਲੇ ਦੇ ਆਧਾਰ ਉਤੇ ਗਿਣਿਆ ਜਾਵੇਗਾ। ਪਰੰਤੂ ਜਿਥੇ ਬਿਜਲੀ ਨੂੰ ਜਿਸ ਮੰਤਵ ਲਈ ਬਿਜਲੀ ਦੀ ਵਰਤੋਂ ਅਧਿਕਾਰਿਤ ਸੀ ਤੋਂ ਹੋਰਵੇਂ ਮੰਤਵ ਲਈ ਵਰਤਿਆ ਜਾਂਦਾ ਹੈ ਜਾਂ ਉਹਨਾਂ ਅਹਾਤਿਆਂ ਜਾਂ ਖੇਤਰਾਂ, ਜਿਹਨਾਂ ਲਈ ਬਿਜਲੀ ਦੀ ਸਪਲਾਈ ਅਧਿਕਾਰਿਤ ਸੀ, ਲਈ ਤੋਂ ਹੋਰਵੇਂ ਲਈ ਵਰਤੀ ਜਾਂਦੀ ਹੈ ਤਦ ਅਜਿਹੇ ਕੇਸਾਂ ਵਿੱਚ LDHF ਫਾਰਮੂਲੇ ਵਿੱਚ ‘L’ ਨੂੰ ਨਿਰਧਾਰਣ ਲਈ ਹੋਰ ਦੂਜੇ ਮੰਤਵਾਂ ਵਾਸਤੇ ਵਰਤੇ ਗਏ ਲੋਡ ਵਜੋਂ ਜਾਂ ਹੋਰ ਦੂਜੇ ਅਹਾਤਿਆਂ ਜਾਂ ਖੇਤਰਾਂ ਨੂੰ ਵਿਸਤਾਰ ਕੀਤੇ ਗਏ ਲੋਡ ਵਜੋਂ, ਜਿਵੇਂ ਵੀ ਕੇਸ ਹੋਵੇ, ਸਮਝਿਆ ਜਾਵੇਗਾ

(ਅ) ਉਪਰੋਕਤ ਅਨੁਸਾਰ ਗਿਣੀ ਗਈ ਬਿਜਲੀ ਦੀ ਖਪਤ ਦੇ ਆਧਾਰ ਉਤੇ ਖਪਤਕਾਰ ਨੂੰ ਸਬੰਧਤ ਕੈਟਾਗਰੀ, ਜਿਸ ਵਿੱਚ ਸਰਵਿਸ ਨੂੰ ਵਰਗੀਕ੍ਰਿਤ ਕੀਤਾ ਹੋਣਾ ਚਾਹੀਦਾ ਸੀ, ਲਈ ਲਾਗੂ ਹੋਣ ਯੋਗ ਟੈਰਿਫ ਦੇ ਦੁਗਣੇ ਦੇ ਬਰਾਬਰ ਦਰ ’ਤੇ ਬਿਜਲੀ ਦੇ ਚਾਰਜਿਜ਼ ਅਦਾ ਕਰਨ ਯੋਗ ਹੋਣਗੇ।

(ੲ) ਬਿਜਲੀ ਦੀ ਅਣ–ਅਧਿਕਾਰਿਤ ਵਰਤੋਂ ਦੇ ਸਾਰੇ ਕੇਸਾਂ ਵਿੱਚ ਬਿਜਲੀ ਚਾਰਜਿਜ਼ ਉਪਰੋਕਤ ਉਪ ਪੈਰਾ (ਅ) ਵਿੱਚ ਦਿੱਤੇ ਗਏ ਅਨੁਸਾਰ ਉਦੋਂ ਤੱਕ ਲਾਏ ਜਾਣੇ ਜਾਰੀ ਰਹਿਣਗੇ ਜਦੋਂ ਤੱਕ ਕਿ ਬਿਜਲੀ ਦੀ ਅਣ–ਅਧਿਕਾਰਿਤ ਵਰਤੋਂ ਦਾ ਕਾਰਨ ਦੂਰ ਨਹੀਂ ਕਰ ਦਿੱਤਾ ਜਾਂਦਾ।

(2) **ਐਕਟ ਦੀ ਧਾਰਾ 135 ਅਨੁਸਾਰ ਬਿਜਲੀ ਦੀ ਚੋਰੀ ਦੇ ਕੇਸਾਂ ਵਿੱਚ ਬਿਜਲੀ ਦੇ ਚਾਰਜਿਜ਼ ਦਾ ਨਿਰਧਾਰਣ :**

(ੳ) ਜਿਥੇ ਇਹ ਪਹਿਲੀ ਨਜ਼ਰੇ ਸਥਾਪਿਤ ਹੋ ਜਾਂਦਾ ਹੈ ਕਿ ਬਿਜਲੀ ਦੀ ਚੋਰੀ ਕੀਤੀ ਗਈ ਹੈ ਤਾਂ ਬਿਜਲੀ ਦੀ ਖਪਤ ਨੂੰ ਹੇਠਾਂ ਦਿੱਤੇ ਗਏ ਪੈਰਾ 4 ਵਿੱਚ ਵਿਸਤ੍ਰਿਤ ਕੀਤੇ ਗਏ ਅਨੁਸਾਰ LDHF ਫਾਰਮੂਲੇ ਦੇ ਆਧਾਰ ਉਤੇ ਗਿਣਿਆ ਜਾਵੇਗਾ।

(ਅ) ਇਸ ਤਰ੍ਹਾਂ ਗਿਣੀ ਗਈ ਬਿਜਲੀ ਦੀ ਖਪਤ ਨੂੰ ਚੋਰੀ ਦੇ ਪਤਾ ਲੱਗਣ ਦੀ ਤਾਰੀਖ ਤੋਂ ਪੂਰਵਵਰਤੀ 12 ਮਹੀਨਿਆਂ ਦੇ ਅਨੁਮਾਨੇ ਗਏ ਸਮੇਂ ਲਈ ਸਾਧਾਰਨ ਟੈਰਿਫ ਦੇ ਦਰ ਦਾ ਦੁਗਣਾ 'ਤੇ ਚਾਰਜ ਕੀਤਾ ਜਾਵੇਗਾ। ਪਰੰਤੂ 12 ਮਹੀਨਿਆਂ ਦਾ ਸਮਾਂ ਘਟਾਇਆ ਜਾ ਸਕਦਾ ਹੈ ਜੇਕਰ ਅਧਿਕਾਰਿਤ ਅਫਸਰ, ਲਿਖਤੀ ਰੂਪ ਵਿੱਚ ਰਿਕਾਰਡ ਕੀਤੇ ਜਾਣ ਵਾਲੇ ਕਾਰਨਾਂ ਤੋਂ ਸੰਤੁਸ਼ਟ ਹੋਵੇ ਕਿ ਬਿਜਲੀ ਦੀ ਚੋਰੀ ਵਾਸਤਵ ਵਿੱਚ ਘੱਟ ਸਮੇਂ ਲਈ ਹੋਈ ਹੈ।

(3) (ੳ) ਨਿਰਧਾਰਣ ਦੇ ਅਨੁਮਾਨੇ ਗਏ ਸਮੇਂ ਦੌਰਾਨ ਖਪਤ ਕੀਤੀ ਗਈ ਬਿਜਲੀ ਲਈ ਖਪਤਕਾਰ ਦੁਆਰਾ ਪਹਿਲਾਂ ਹੀ ਅਦਾ ਕੀਤੇ ਗਏ ਬਿਜਲੀ ਦੇ ਚਾਰਜਿਜ਼, ਜੇਕਰ ਕੋਈ ਹੋਣ, ਉਪਰੋਕਤ ਪੈਰਾ 1 ਅਤੇ 2 ਅਨੁਸਾਰ ਨਿਰਧਾਰਣ ਕੀਤੇ ਗਏ ਬਿਜਲੀ ਦੇ ਚਾਰਜਿਜ਼ ਵਿੱਚ ਸਮਾਧਾਨ ਕੀਤੇ ਜਾਣਗੇ। ਫਿਰ ਵੀ ਐਕਟ ਦੀ ਧਾਰਾ 126 (6) (b) (iv) ਅਤੇ ( v) ਦੇ ਅੰਤਰਗਤ ਆਉਂਦੇ ਬਿਜਲੀ ਦੀ ਅਣਅਧਿਕਾਰਿਤ ਵਰਤੋਂ ਅਤੇ ਉਪਰੋਕਤ ਪੈਰਾ 1 (ੳ) (i) ਜਾਂ ਪੈਰਾ 1 (ੳ) (ii) ਦੇ ਅਨੁਸਾਰ ਚਾਰਜ ਕੀਤੇ ਜਾਣ ਦੇ ਕੇਸ ਵਿੱਚ ਖਪਤਕਾਰ ਦੁਆਰਾ ਪਹਿਲਾਂ ਹੀ ਅਦਾ ਕੀਤੇ ਗਈ ਬਿਜਲੀ ਦੇ ਚਾਰਜਿਜ਼ ਨੂੰ ਨਿਰਧਾਰਣ ਸਮੇਂ ਲਈ ਹੋਰ ਦੂਜੇ ਮੰਤਵਾਂ ਲਈ ਵਰਤੇ ਗਏ ਲੋਡ ਵਾਸਤੇ ਖਪਤ ਕੀਤੀ ਗਈ ਬਿਜਲੀ ਲਈ ਜਾਂ ਹੋਰ ਦੂਜੇ ਅਹਾਤੇ ਨੂੰ ਵਿਸਤਾਰ ਕੀਤੀ ਗਈ ਬਿਜਲੀ ਲਈ ਅਨੁਪਾਤ ਦੇ ਆਧਾਰ ਉਤੇ ਗਿਣਿਆ ਜਾਵੇਗਾ ਅਤੇ ਉਪਰੋਕਤ ਪੈਰਾ 1 (ੳ) (i) ਅਤੇ (ii) ਦੇ ਅਨੁਸਾਰ ਨਿਰਧਾਰਣ ਕੀਤੇ ਗਏ ਬਿਜਲੀ ਦੇ ਚਾਰਜਿਜ਼ ਵਿੱਚ ਸਮਾਧਾਨ (adjust) ਕੀਤੇ ਜਾਣਗੇ।

(ਅ) ਉਪਰੋਕਤ ਪੈਰਾ 1 ਅਤੇ 2 ਦੇ ਅਨੁਸਾਰ ਅਦਾਇਗੀ ਯੋਗ ਬਿਜਲੀ ਦੇ ਚਾਰਜਿਜ਼ ਐਕਟ ਜਾਂ ਹੋਰ ਦੂਜੇ ਕਾਨੂੰਨ/ ਵਿਨਿਯਮ ਜਾਂ ਸਪਲਾਈ ਕੋਡ ਦੇ ਉਪਬੰਧਾਂ ਅਧੀਨ ਕਿਸੇ ਹੋਰ ਦੂਜੀ ਦੇਣਦਾਰੀ ਦਾ ਪੱਖ- ਪਾਤ ਕੀਤੇ ਬਿਨਾਂ ਹੋਣਗੇ।

4. **ਬਿਜਲੀ ਦੀ ਖਪਤ ਦੇ ਨਿਰਧਾਰਣ ਕਰਨ ਲਈ LDHF ਫਾਰਮੂਲਾ**

**ਨਿਰਧਾਰਣ ਕੀਤੇ ਗਏ ਯੂਨਿਟ = L x D x H x F, ਜਿਥੇ**

**L ਨਿਰੀਖਣ ਦੇ ਸਮੇਂ ਦੌਰਾਨ ਕੁਨੈਕਟ ਕੀਤੇ ਪਾਏ ਗਏ ਲੋਡ ਕਿ. ਵਾ. ਵਿੱਚ ਹੈ।**

**D ਕਾਰਜੀ ਦਿਨ ਪ੍ਰਤਿ ਮਹੀਨਾ ਦੀ ਗਿਣਤੀ ਹੈ,** ਜਿਸ ਦੌਰਾਨ ਅਣ-ਅਧਿਕਾਰਿਤ ਵਰਤੋਂ / ਚੋਰੀ ਸੰਦੇਹਜਨਕ ਹੈ ਅਤੇ ਨਿਮਨ ਅਨੁਸਾਰ ਵਰਤੋਂ ਦੀਆਂ ਵੱਖ ਵੱਖ ਕੈਟਾਗਰੀਆਂ ਲਈ ਲਿਆ ਜਾਵੇਗਾ:

| | | |
|---|---|---|
| ੳ) | ਲਗਾਤਾਰ ਚਲਣ ਵਾਲੇ ( continuous ) ਉਦਯੋਗ | 30 ਦਿਨ |
| ਅ) | ਲਗਾਤਾਰ ਨਾ ਚਲਣ ਵਾਲੇ ਉਦਯੋਗ | 25 ਦਿਨ |
| ੲ) | ਘਰੇਲੂ ਵਰਤੋਂ | 30 ਦਿਨ |
| ਸ) | ਖੇਤੀਬਾੜੀ | 30 ਦਿਨ |
| ਹ) | ਗੈਰ- ਰਿਹਾਇਸ਼ੀ ( ਲਗਾਤਾਰ ਚਲਣ ਵਾਲੇ ) ਅਰਥਾਤ ਹਸਪਤਾਲ, ਹੋਟਲ, ਰੈਸਟੂਰੈਂਟਸ, ਗੈੱਸਟ ਹਾਊਸ, ਨਰਸਿੰਗ ਹੋਮਜ਼, ਪੈਟਰੋਲ ਪੰਪ ਅਤੇ ਟੈਲੀ ਕਮਿਊਨੀਕੇਸ਼ਨ ਟਾਵਰਜ਼ | 30 ਦਿਨ |
| ਕ) | ਗੈਰ ਰਿਹਾਇਸ਼ੀ ( ਜਨਰਲ ) ਅਰਥਾਤ (ਹ) ਤੋਂ ਹੋਰਵੇਂ | 25 ਦਿਨ |

| | | |
|---|---|---|
| ਖ) | ਵਾਟਰ ਵਰਕਸ ਅਤੇ ਸਟਰੀਟ ਲਾਈਟਾਂ | 30 ਦਿਨ |
| ਗ) | ਹੋਰ ਕੈਟਾਗਰੀਆਂ | 30 ਦਿਨ |

H ਸਪਲਾਈ ਦੀ ਵਰਤੋਂ ਘੰਟੇ ਪ੍ਰਤਿ ਦਿਨ ਲਈ ਹੈ, ਜਿਹੜਾ ਕਿ ਨਿਮਨ ਅਨੁਸਾਰ ਵਰਤੋਂ ਦੀਆਂ ਕੈਟਾਗਰੀਆਂ ਲਈ ਲਿਆ ਜਾਵੇਗਾ।

| | |
|---|---|
| ੳ) ਇਕਹਿਰਾ ਸ਼ਿਫਟ ਵਾਲੇ ਉਦਯੋਗ ( ਕੇਵਲ ਦਿਨ / ਰਾਤ ) | 08 ਘੰਟੇ |
| ਅ) ਅਨਿਰੰਤਰ ਪ੍ਰਕਿਰਿਆ ਵਾਲੇ ਉਦਯੋਗ ( ਦਿਨ ਅਤੇ ਰਾਤ ) | 20 ਘੰਟੇ |
| ੲ) ਨਿਰੰਤਰ ਪ੍ਰਕਿਰਿਆ ਵਾਲੇ ਉਦਯੋਗ | 24 ਘੰਟੇ |
| ਸ)(i) ਗੈਰ ਰਿਹਾਇਸ਼ੀ ( ਜਨਰਲ ) ਇਸ ਵਿੱਚ ਰੈਸਟੂਰੈਂਟਸ ਸ਼ਾਮਲ ਹਨ | 12 ਘੰਟੇ |
| (ii) ਹੋਟਲ, ਹਸਪਤਾਲ, ਨਰਸਿੰਗ ਹੋਮ, ਗੈੱਸਟ ਹਾਊਸ, ਪੈਟਰੋਲ ਪੰਪ ਅਤੇ ਟੈਲੀ- ਕਮਿਊਨੀਕੇਸ਼ਨ ਟਾਵਰ ਵੀ ਸ਼ਾਮਲ ਹਨ | 20 ਘੰਟੇ |
| ਹ) ਘਰੇਲੂ ਵਰਤੋਂ | 08 ਘੰਟੇ |
| ਕ) ਖੇਤੀਬਾੜੀ | 06 ਘੰਟੇ |
| ਖ) ਵਾਟਰ ਵਰਕਸ | 08 ਘੰਟੇ |
| ਗ) ਸਟਰੀਟ ਲਾਈਟਾਂ | 08 ਘੰਟੇ |
| ਘ) ਹੋਰ ਕੈਟਾਗਰੀਆਂ | 12 ਘੰਟੇ |

F ਡੀਮਾਂਡ ਫੈਕਟਰ ਹੈ, ਜਿਹੜਾ ਹੇਠਾਂ ਦਿੱਤੇ ਗਏ ਅਨੁਸਾਰ ਵਰਤੋਂ ਦੀਆਂ ਵੱਖ ਵੱਖ ਕੈਟਾਗਰੀਆਂ ਲਈ ਲਿਆ ਗਿਆ ਹੈ : -

| | |
|---|---|
| ੳ) (i) ਉਦਯੋਗਕ ( ਜਨਰਲ ) | 60% |
| (ii) ਪਾਵਰ ਇਨਟੈਂਸਿਵ, ਆਰਕ ਫਰਨੈਸ | 75% |
| ਅ) ਗੈਰ ਰਿਹਾਇਸ਼ੀ | 40% |
| ੲ) ਘਰੇਲੂ | 30% |
| ਸ) ਖੇਤੀਬਾੜੀ | 100% |
| ਹ) ਅਸਥਾਈ ਸਪਲਾਈ ਸਮੇਤ ਹੋਰ ਕੈਟਾਗਰੀਆਂ | 100% |
| ਕ) ਕਿਸੇ ਵਿਅਕਤੀ ਦੁਆਰਾ ਕਿਸੇ ਵੀ ਵਰਤੋਂ ਲਈ ਸਿੱਧੀ ਸਪਲਾਈ | 100% |

# ਪੰਜਾਬ ਸਰਕਾਰ ਦੁਆਰਾ ਐਕਟ ਦੀ ਧਾਰਾ 126 ਅਤੇ 127 ਅਧੀਨ ਉਪਾਧਿਤ ਕੀਤੇ ਗਏ ਨਿਰਧਾਰਣ ਅਫਸਰ / ਅਪੀਲੀ ਅਥਾਰਟੀ

( ਵਿਨਿਯਮ ਨੰ: 36 ਵੇਖੋ )

1) **ਅਧਿਸੂਚਨਾ ਨੰ: 1/ 60/ 03- ਈ. ਬੀ. (ਪੀ. ਆਰ.)/ 1186 ਮਿਤੀ 27.12.04 ਰਾਹੀਂ ਪੰਜਾਬ ਸਰਕਾਰ ਦੁਆਰਾ ਐਕਟ ਦੀ ਧਾਰਾ 126 ਅਧੀਨ ਉਪਾਧਿਤ ਕੀਤੇ ਗਏ ਨਿਰਧਾਰਣ ਅਧਿਕਾਰੀ :**

| ਖਪਤਕਾਰਾਂ ਦੀ ਕੈਟਾਗਰੀ | | ਨਿਰਧਾਰਣ ਅਫਸਰ |
|---|---|---|
| 1 ਮੈ. ਵਾ. ਲੋਡ ਤੋਂ ਉਪਰ ਦੇ ਸਾਰੇ ਐਚ. ਟੀ. ਖਪਤਕਾਰ | : | ਸਬੰਧਤ ਜੋਨ ਦੇ ਮੁੱ. ਇੰ. / ਵੰਡ |
| 1 ਮੈ. ਵਾ. ਲੋਡ ਤੱਕ ਸਾਰੇ ਐਚ. ਟੀ. ਖਪਤਕਾਰ | : | ਸਬੰਧਤ ਸਰਕਲ ਦੇ ਨਿ. ਇੰ. / ਉਪ ਮੁੱ. ਇੰ. / ਵੰਡ |
| ਸਾਰੀ ਐਲ. ਟੀ. ਉਦਯੋਗਿਕ ਖਪਤਕਾਰ | : | ਸਬੰਧਤ ਮੰਡਲ ਦੇ ਸੀਨੀ. ਕਾਰਜਕਾਰੀ ਇੰਜੀਨੀਅਰ / ਵਧੀਕ ਨਿ. ਇੰ./ ਵੰਡ |
| ਸਾਰੇ ਹੋਰ ਐਲ. ਟੀ. ਖਪਤਕਾਰ | : | ਸਬੰਧਤ ਵੰਡ ਉਪ ਮੰਡਲ ਦੇ ਸਹਾਇਕ ਇੰਜੀਨੀਅਰ / ਸਹਾਇਕ ਕਾਰਜਕਾਰੀ ਇੰਜੀਨੀਅਰ / ਕਾਰਜਕਾਰੀ ਇੰਜੀਨੀਅਰ |

2) **ਅਧਿਸੂਚਨਾ ਨੰ: 1/ 13/ 04- ਈ. ਬੀ. (ਪੀ. ਆਰ) / 161 ਮਿਤੀ 9.3.2006 ਰਾਹੀਂ ਐਕਟ ਦੀ ਧਾਰਾ 127 ਅਧੀਨ ਅਪੀਲੀ ਅਥਾਰਟੀ ਵਜੋਂ ਉਪਾਧਿਤ ਕੀਤੇ ਗਏ ਪੰਜਾਬ ਸਰਕਾਰ ਦੇ ਅਧਿਕਾਰੀ :**

| ਖਪਤਕਾਰਾਂ ਦੀ ਕੈਟਾਗਰੀ | | ਅਪੀਲੀ ਅਥਾਰਟੀ |
|---|---|---|
| ਸਾਰੇ ਐਚ. ਟੀ. ਖਪਤਕਾਰਾਂ ਦੁਆਰਾ ਅਪੀਲਾਂ ਲਈ | : | ਮੰਡਲ ਕਮਿਸ਼ਨਰ ਜਿਸ ਦੇ ਅਧਿਕਾਰ ਖੇਤਰ ਵਿੱਚ ਸਬੰਧਤ ਅਹਾਤੇ ਸਥਿਤ ਹਨ। |
| ਸਾਰੇ ਐਲ. ਟੀ. ਉਦਯੋਗਿਕ ਖਪਤਕਾਰਾਂ ਦੁਆਰਾ ਅਪੀਲਾਂ ਲਈ | : | ਅਤਿਰਿਕਤ ਉਪ ਕਮਿਸ਼ਨਰ ( ਜਨਰਲ ) ਜਿਸ ਦੇ ਅਧਿਕਾਰ ਖੇਤਰ ਵਿੱਚ ਸਬੰਧਤ ਅਹਾਤਾ ਸਥਿਤ ਹੈ। |
| ਸਾਰੇ ਹੋਰ ਦੂਜੇ ਐਲ. ਟੀ. ਖਪਤਕਾਰਾਂ ਦੁਆਰਾ ਅਪੀਲਾਂ ਲਈ | : | ਉਪ ਮੰਡਲ ਮੈਜਿਸਟਰੇਟ ਜਿਸ ਦੇ ਅਧਿਕਾਰ ਖੇਤਰ ਵਿੱਚ ਸਬੰਧਤ ਅਹਾਤਾ ਸਥਿਤ ਹੈ। |

ਅਨੁਲਗ– 10

# ਅਪੀਲ ਦਾ ਫਾਰਮ

( ਵਿਨਿਯਮ ਨੰ: 36 ਵੇਖੋ )

## ਬਿਜਲੀ ਐਕਟ– 2003 ਦੀ ਧਾਰਾ 127 ਅਧੀਨ ਅਪੀਲੀ ਅਥਾਰਟੀ ਸਨਮੁੱਖ ਅਪੀਲ

(ਖਪਤਕਾਰ ਦਾ ਨਾਂ ਅਤੇ ਪਤਾ)............................... ਬਿਨੈਕਾਰ

ਅਤੇ

1. ( ਵੰਡ ਲਾਇਸੈਂਸੀ ਦਾ ਨਾਂ ਅਤੇ ਪਤਾ )
2.( ਨਿਰਧਾਰਣ ਅਫਸਰ ਦਾ ਨਾਂ ਅਤੇ ਪਤਾ ) ....................... ਮੁਦਾਲਾ / ਉਤਰਦਾਤਾ

ਵਿਚਕਾਰ

.......................... ਦੇ ਅੰਤਮ ਆਦੇਸ਼ ( ਐਫ. ਓ. ) ਨੰ: ......................ਦੇ ਵਿਰੁੱਧ ਅਪੀਲ

## ਬਿਜਲੀ ਐਕਟ, 2003 ਦੀ ਧਾਰਾ 127 ਅਧੀਨ ਅਪੀਲ

1. **ਬਿਨੈਕਾਰ ਦੇ ਵੇਰਵੇ :**

   ੳ) ਬਿਨੈਕਾਰ ਦਾ ਪੂਰਾ ਨਾਂ :
   ਅ) ਬਿਨੈਕਾਰ ਦਾ ਪੂਰਾ ਪਤਾ
   ੲ) ਸੰਪਰਕ ਵਿਅਕਤੀ ਦਾ ਨਾਂ, ਅਹੁਦਾ ਅਤੇ ਪਤਾ :
   ਸ) ਸੰਪਰਕ ਟੈਲੀਫੂਨ ਨੰ: / ਮੋਬਾਈਲ ਨੰ: :
   ਹ) ਫੈੱਕਸ ਨੰਬਰ :
   ਕ) ਈਮੇਲ ਆਈ. ਡੀ.

2. **ਵੰਡ ਲਾਇਸ਼ੈਸੀ ਦੇ ਵੇਰਵੇ :**

   ੳ) ਵੰਡ ਲਾਇਸੈਂਸੀ ਦਾ ਨਾਂ ਅਤੇ ਪਤਾ :
   ਅ) ਸਬੰਧਤ ਮੰਡਲ ਇੰਜੀਨੀਅਰ ਦਾ ਨਾ :
   ੲ) ਮੰਡਲ ਇੰਜੀਨੀਅਰ ਦੇ ਦਫਤਰ ਦਾ ਪਤਾ :

3. **ਨਿਰਧਾਰਣ ਅਫਸਰ ਦੇ ਵੇਰਵੇ :**
   ੳ) ਨਾ :
   ਅ) ਪਤਾ :
   ੲ) ਸੰਪਰਕ ਵੇਰਵੇ :

4. **ਬਿਜਲੀ ਐਕਟ– 2003 ਦੀ ਧਾਰਾ 126 ਅਧੀਨ ਨਿਰੀਖਣ ਕੀਤੇ ਗਏ ਅਹਾਤੇ ਦਾ ਵੇਰਵੇ :**
5. ਕੁਨੈਕਟਿਡ ਲੋਡ :
6. ਸੰਸਥਾਪਿਤ ਮੀਟਰ ਦਾ ਵਿਵਰਣ :
7. ਨਿਰੀਖਣ ਦੀ ਮਿਤੀ :
8. ਆਰਜ਼ੀ ਨਿਰਧਾਰਣ ਦੀ ਮਿਤੀ :
9. ਆਰਜ਼ੀ ਤੌਰ ’ਤੇ ਨਿਰਧਾਰਣ ਕੀਤੀ ਗਈ ਰਕਮ :
10. ਆਰਜ਼ੀ ਨਿਰਧਾਰਣ ਵਿਰੁੱਧ ਬਿਨੈਕਾਰ ਦੁਆਰਾ ਇਤਰਾਜ਼ ਦਾਇਰ ਕਰਨ ਦੀ ਮਿਤੀ :
11. ਨਿਰਧਾਰਣ ਅਫਸਰ ਦੁਆਰਾ ਇਤਰਾਜ਼ਾਂ ਦੀ ਸੁਣਵਾਈ ਦੀ ਮਿਤੀ :
12. ਅਣਅਧਿਕਾਰਿਤ ਵਰਤੋਂ ਦੇ ਆਰੋਪ ਦੀ ਕਿਸਮ :

13. ਬਿਜਲੀ ਐਕਟ, 2003 ਦੀ ਧਾਰਾ 126 ਅਧੀਨ ਨਿਰਧਾਰਣ ਦੇ ਅੰਤਮ ਆਦੇਸ਼ ਦਾ ਸੰਖੇਪ
14. ਕੀ ਮਸਲੇ ਵਿਚਲੇ ਸਮੇਂ ਦੇ ਸਬੰਧ ਵਿੱਚ ਕੋਈ ਨਿਰਧਾਰਿਤ ਕੀਤੀ ਗਈ ਰਕਮ ਦੀ ਅਦਾਇਗੀ ਜਮ੍ਹਾਂ ਕਰਵਾਈ ਹੈ ਜੇਕਰ ਇਸ ਤਰ੍ਹਾਂ ਹੈ ਤਾਂ ਉਸ ਦੇ ਵੇਰਵੇ
15. ਕੀ ਬਿਨੈਕਾਰ ਨੇ ਨਿਰਧਾਰਣ ਕੀਤੀ ਗਈ ਰਕਮ ਦੇ ਅੱਧ (1/2) ਦੀ ਅਦਾਇਗੀ ਕੀਤੀ ਹੈ ਜੇਕਰ ਕੀਤੀ ਹੈ ਤਾਂ ਉਸ ਦੇ ਵੇਰਵੇ
16. ਕੀ ਨਿਰਧਾਰਣ ਦੇ ਅੰਤਮ ਆਦੇਸ਼ ਵਿੱਚ ਬਿਨੈਕਾਰ ਦੀ ਕੋਈ ਸਹਿਮਤੀ ਸੀ
17. **ਅਪੀਲ ਦੇ ਆਧਾਰ :**
(ਕੇਸ ਦੇ ਆਧਾਰ ਦੱਸੇ ਜਾਣ ਜਿਹਨਾਂ ਉਤੇ ਅਪੀਲ ਦਾਇਰ ਕੀਤੀ ਗਈ ਹੈ ਅਤੇ ਕਾਰਨ ਕਿ ਕਿਉਂ ਅੰਤਮ ਆਦੇਸ਼ ਅਸਹਿ ਹਨ)

ਪ੍ਰਾਥਨਾਕਾਰ :

ਇਸ ਲਈ ਇਹ ਪ੍ਰਾਰਥਨਾ ਕੀਤੀ ਜਾਂਦੀ ਹੈ ਕਿ ..................................................................................................................................................

ਬਿਨੈਕਾਰ

## ਜਾਂਚ- ਪੜਤਾਲ

ਮੈਂ.................... (ਅਪੀਲਕਾਰ ਦਾ ਨਾਂ ਜੇਕਰ ਇਕੱਲਾ ਹੈ ਜਾਂ ਅਪੀਲਕਾਰ ਦਾ ਅਧਿਕਾਰਿਤ ਪ੍ਰਤਿਨਿਧ) ਐਲਾਨ ਕਰਦਾ ਹੈ ਕਿ ਉਪਰੋਕਤ ਅਪੀਲ ਦੇ ਮੈਮੋਰੈਂਡਮ ਵਿੱਚ ਦੱਸੇ ਗਏ ਤੱਥ ਮੇਰੇ ਗਿਆਨ ਅਨੁਸਾਰ ਸੱਚੇ ਹਨ ਜਾਂ .................... ਤੋਂ ਮਿਲੀ ਜਾਣਕਾਰੀ ਉਤੇ ਆਧਾਰਤ ਹਨ ਅਤੇ ਮੈਨੂੰ ਵਿਸ਼ਵਾਸ਼ ਹੈ ਕਿ ਇਹ ਬਿਲਕੁਲ ਠੀਕ ਹੋਣਗੇ, ਇਸ ਦਾ ਕੋਈ ਵੀ ਹਿੱਸਾ ਝੂਠਾ ਨਹੀਂ ਹੈ ਅਤੇ ਕੋਈ ਵੀ ਸਮੱਗਰੀ ਉਥੋਂ ਛੁਪਾਈ ਨਹੀਂ ਗਈ ਹੈ ।

ਤਸਦੀਕ ਕੀਤਾ ਜਾਂਦਾ ਹੈ ਕਿ ....................ਦੇ........... ਇਸ ਦਿਨ ............. ਨੂੰ

ਸਥਾਨ ....................

( ਹਸਤਾਖਰ )

ਨੋਟ : - ਜੇਕਰ ਥਾਂ ਥੋੜਾ ਹੈ ਤਾਂ ਜਦੋਂ ਜ਼ਰੂਰੀ ਹੋਵੇ ਵੱਖਰੀ ਸ਼ੀਟ ਲਾਈ ਜਾਵੇ।

ਅਨੁਲਗ – 11

## ਐਕਟ ਦੀ ਧਾਰਾ 135 ਅਤੇ 152 ਅਧੀਨ ਚੈਕਿੰਗ / ਨਿਰੀਖਣ ਕਰਨ ਲਈ ਖਪਤਕਾਰ ਦੇ ਅਹਾਤੇ ਵਿੱਚ ਪ੍ਰਵੇਸ਼ ਕਰਨ ਲਈ, ਰਾਜ਼ੀਨਾਮਾ ਫੀਸ ਪ੍ਰਵਾਨ ਕਰਨ ਵਾਸਤੇ, ਕੁਨੈਕਸ਼ਨ ਕੱਟਣ ਦਾ ਆਦੇਸ਼ ਦੇਣ ਵਾਸਤੇ ਅਧਿਕਾਰਿਤ ਅਫਸਰ ਅਤੇ ਰਾਜ਼ੀਨਾਮਾ ਚਾਰਜਿਜ਼ ਦੇ ਦਰ

( ਵਿਨਿਯਮ ਨੰ: 37 ਵੇਖੋ )

1) **ਅਧਿਸੂਚਨਾ ਨੰ: 1 / 13 / 04- ਈ. ਬੀ. ( ਪੀ ਆਰ ) / 23 ਮਿਤੀ 10.1.2005 ਰਾਂਹੀ ਪੰਜਾਬ ਸਰਕਾਰ ਦੁਆਰਾ ਐਕਟ ਦੀ ਧਾਰਾ 135 ਅਧੀਨ ਉਪਾਧਿਤ ਚੈਕਿੰਗ ਕਰਨ / ਨਿਰੀਖਣ ਕਰਨ ਲਈ ਖਪਤਕਾਰ ਦੇ ਅਹਾਤੇ ਵਿੱਚ ਪ੍ਰਵੇਸ਼ ਕਰਨ ਵਾਸਤੇ ਅਧਿਕਾਰਿਤ ਅਫਸਰ**

| ਕ੍ਰਮ ਨੰ: | ਕੁਨੈਕਸ਼ਨ ਦੀ ਕੈਟਾਗਰੀ | ਅਧਿਕਾਰਿਤ ਅਫਸਰ |
|---|---|---|
| **ੳ)** | **ਸੰਚਾਲਣ ਅਧਿਕਾਰੀ** | |
| i) | 500 ਕਿ. ਵਾ. ਤੱਕ ਲੋਡ ਵਾਲੇ ਸਾਰੇ ਘ. ਸ. / ਗੈ. ਰਿ. ਸ. / ਏ. ਪੀ./ ਐਸ. ਪੀ. ਅਤੇ ਦਰਮਿਆਨੀ / ਲਾਰਜ / ਬਲਕ ਸਪਲਾਈ | ਵੰਡ ਵਿੰਗ ਦਾ ਕੋਈ ਵੀ ਅਫਸਰ ਜੋ ਸਹਾਇਕ ਇੰ. ਦੇ ਰੈਂਕ ਤੋਂ ਘੱਟ ਨਹੀਂ ਹੋਵੇਗਾ ( ਉਸ ਦੇ ਅਧਿਕਾਰ ਖੇਤਰ ਦੇ ਅੰਦਰ ਅੰਦਰ ) |
| ii) | 500 ਕਿ. ਵਾ. ਤੋਂ ਉਪਰ ਦੇ ਲਾਰਜ ਸਪਲਾਈ ਅਤੇ ਬਲਕ ਸਪਲਾਈ ਅਤੇ ਰੇਲਵੇ ਟ੍ਰੈਕਸ਼ਨ ਸਪਲਾਈ | ਵੰਡ ਵਿੰਗ ਦਾ ਕੋਈ ਵੀ ਅਫਸਰ ਜੋ ਸੀਨੀ. ਕਾ. ਕਾ. ਇੰ. ਦੇ ਰੈਂਕ ਤੋਂ ਘੱਟ ਨਹੀਂ ਹੋਵੇਗਾ (ਉਸ ਦੇ ਅਧਿਕਾਰ ਖੇਤਰ ਦੇ ਅੰਦਰ ਅੰਦਰ ) |
| **ਅ)** | **ਇਨਫੋਰਸਮੈਂਟ ਅਫਸਰ** | |
| i) | 500 ਕਿ. ਵਾ. ਤੱਕ ਲੋਡ ਵਾਲੀਆਂ ਖਪਤਕਾਰਾਂ ਦੀਆਂ ਸਾਰੀਆਂ ਕੈਟਾਗਰੀਆਂ | ਇਨਫੋਰਸਮੈਂਟ ਵਿੰਗ ਦਾ ਕੋਈ ਵੀ ਅਧਿਕਾਰੀ ਜੋ ਸ. ਕਾ. ਕਾ. ਇੰ. ਦੇ ਰੈਂਕ ਤੋਂ ਘੱਟ ਦਾ ਨਹੀਂ ਹੋਵੇਗਾ ( ਉਸ ਦੇ ਅਧਿਕਾਰ ਖੇਤਰ ਦੇ ਅੰਦਰ ਅੰਦਰ ) |
| ii) | 500 ਕਿ. ਵਾ. ਉਪਰ ਦੇ ਖਪਤਕਾਰਾਂ ਦੀਆਂ ਸਾਰੀਆਂ ਕੈਟਾਗਰੀਆਂ | ਇਨਫੋਰਸਮੈਂਟ ਵਿੰਗ ਦਾ ਕੋਈ ਵੀ ਅਧਿਕਾਰੀ ਜੋ ਸੀਨੀ. ਕਾ. ਕਾ. ਇੰ. ਦੇ ਰੈਂਕ ਤੋਂ ਘੱਟ ਦਾ ਨਹੀਂ ਹੋਵੇਗਾ ( ਉਸ ਦੇ ਅਧਿਕਾਰ ਖੇਤਰ ਦੇ ਅੰਦਰ ਅੰਦਰ ) |
| **ੲ)** | **ਐਮ. ਐਮ. ਟੀ. ਐਸ. ਅਫਸਰ** | |
| | ਮੀਡੀਅਮ / ਲਾਰਜ ਸਪਲਾਈ ਅਤੇ ਬਲਕ ਸਪਲਾਈ | ਐਮ. ਐਮ. ਟੀ. ਐਸ. ਵਿੰਗ ਦਾ ਕੋਈ ਵੀ ਅਧਿਕਾਰੀ ਜੋ ਸੀਨੀ. ਕਾ. ਕਾ. ਇੰ. ਦੇ ਰੈਂਕ ਤੋਂ ਘੱਟ ਦਾ ਨਹੀਂ ਹੋਵੇਗਾ ( ਉਸ ਦੇ ਅਧਿਕਾਰ ਖੇਤਰ ਦੇ ਅੰਦਰ ਅੰਦਰ ) |

**2)** **ਅਧਿਸੂਚਨਾ ਨੰ: 1/ 27/ 05- ਈ. ਬੀ. ( ਪੀ ਆਰ ) / 204 ਮਿਤੀ 22.3.2006 ਰਾਂਹੀ ਪੰਜਾਬ ਸਰਕਾਰ ਦੁਆਰਾ ਉਪਾਧਿਤ ਐਕਟ ਦੀ ਧਾਰਾ 152 ਅਧੀਨ ਰਾਜ਼ੀਨਾਮਾ ਫੀਸ ਪ੍ਰਵਾਨ ਕਰਨ ਲਈ ਅਧਿਕਾਰਿਤ ਕੀਤਾ ਗਿਆ ਅਫਸਰ**

| | | |
|---|---|---|
| 1) | ਸਾਰੇ ਐਲ. ਟੀ. ਅਤੇ ਐਚ. ਟੀ. ਘਰੇਲੂ, ਬਲਕ ਸਪਲਾਈ, ਉਦਯੋਗਿਕ ਐਸ. ਪੀ., ਖੇਤੀਬਾੜੀ ਅਤੇ ਗੈਰ ਰਿ. ਸ. ਕੁਨੈਕਸ਼ਨ | ਸਬੰਧਤ ਜੋਨ ਦਾ ਨਿਗਰਾਨ ਇੰਜੀਨੀਅਰ / ਵੰਡ |
| 2) | ਸਾਰੇ ਲਾ. ਸ. ਅਤੇ ਮੀ. ਸ. ਉਦਯੋਗਿਕ ਕੁਨੈਕਸ਼ਨ | ਸਬੰਧਤ ਜੋਨ ਦਾ ਮੁੱਖ ਇੰਜੀਨੀਅਰ / ਵੰਡ |

**3) ਅਧਿਸੂਚਨਾ ਨੰ: 1/ 27/ 05– ਈ. ਬੀ. ( ਪੀ ਆਰ ) / 204 ਮਿਤੀ 22.3.2006 ਰਾਂਹੀ ਐਕਟ ਦੀ ਧਾਰਾ 152 ਅਧੀਨ ਪੰਜਾਬ ਸਰਕਾਰ ਦੁਆਰਾ ਅਧਿਸੂਚਿਤ ਕੀਤਾ ਗਿਆ ਰਾਜ਼ੀਨਾਮਾ ਚਾਰਜਿਜ਼**

| ਲੜੀ ਨੰ: | ਖਪਤਕਾਰਾਂ ਦੀ ਕੈਟਾਗਰੀ | ਦਰ ਜਿਹਨਾ 'ਤੇ ਰਾਜੀਨਾਮੇ ਦੀ ਰਕਮ ਵਸੂਲੀ ਜਾਣੀ ਹੈ : |
|---|---|---|
| 1. | **ਉਦਯੋਗਿਕ** | |
| | ੳ) ਸਮਾਲ ਪਾਵਰ | ਮੰਜੂਰਸ਼ੁਦਾ ਲੋਡ ਦਾ 10000/– ਰੁ. ਪ੍ਰਤਿ ਕਿ. ਵਾ. |
| | ਅ) ਮੀਡੀਅਮ ਸਪਲਾਈ | ---- ਉਹੀ ---- |
| | ੲ) ਲਾਰਜ ਸਪਲਾਈ – ਜਨਰਲ ਉਦਯੋਗ/ ਪਾਵਰ ਤੀਖਣ | ਮੰਜੂਰਸ਼ੁਦਾ ਲੋਡ ਦਾ 10000/– ਰੁ. ਪ੍ਰਤਿ ਕਿ. ਵਾ.<br>ਜਾਂ ਮੁਆਇਦਾ ਮੰਗ ਦਾ 10,000/–ਰੁ. ਪ੍ਰਤਿ ਕੇ. ਵੀ. ਏ., ਜਿਹੜਾ ਵੀ ਉਚੇਰਾ ਹੋਵੇ। |
| 2. | **ਵਣਜੀ / ਵਪਾਰਕ** | ਮੰਜੂਰਸ਼ੁਦਾ ਲੋਡ ਦਾ 5000/– ਰੁ. ਪ੍ਰਤਿ ਕਿ. ਵਾ. |
| 3. | ਖੇਤੀਬਾੜੀ ਸਪਲਾਈ | ਮੰਜੂਰਸ਼ੁਦਾ ਲੋਡ ਦਾ 2000/– ਰੁ. ਪ੍ਰਤਿ ਬੀ. ਐਚ. ਪੀ. |
| 4. | ਖਪਤਕਾਰਾਂ ਦੀਆਂ ਹੋਰ ਕੈਟਾਗਰੀਆਂ ਘਰੇਲੂ / ਬਲਕ ਸਪਲਾਈ / ਸਟਰੀਟ ਲਾਈਟ | ਮੰਜੂਰਸ਼ੁਦਾ ਲੋਡ ਦਾ 3000/– ਰੁ. ਪ੍ਰਤਿ ਕਿ. ਵਾ. |

4) **ਕਮਿਸ਼ਨ ਦੇ ਅਧਿਸੂਚਨਾ ਨੰ: PSERC /Secy. – 35 ਮਿਤੀ 27.11.2007 ਅਨੁਸਾਰ, ਜਿਥੇ ਬਿਜਲੀ ਦੀ ਚੋਰੀ ਪਹਿਲੀ ਨਜ਼ਰੇ ਹੀ ਸਥਾਪਤ ਹੋ ਜਾਂਦੀ ਹੈ, ਦਾ ਕੁਨੈਕਸ਼ਨ ਕੱਟਣ ਲਈ ਆਦੇਸ਼ ਜਾਰੀ ਕਰਨ ਲਈ ਅਧਿਕਾਰਿਤ ਅਫਸਰ**

| ਲੜੀ ਨੰ: | ਕੁਨੈਕਸ਼ਨ ਦੀ ਕੈਟਾਗਰੀ | ਅਧਿਕਾਰਿਤ ਅਫਸਰ |
|---|---|---|
| **ੳ)** | **ਸੰਚਾਲਣ ਅਫਸਰ** | |
| i) | 500 ਕਿ. ਵਾ. ਤੱਕ ਲੋਡ ਵਾਲੇ ਸਾਰੇ ਘ. ਸ. / ਗੈ. ਰਿ. ਸ. / ਏ. ਪੀ. / ਐਸ. ਪੀ. ਅਤੇ ਦਰਮਿਆਨੀ / ਲਾਰਜ / ਬਲਕ ਸਪਲਾਈ | ਵੰਡ ਵਿੰਗ ਦਾ ਕੋਈ ਵੀ ਅਫਸਰ ਜੋ ਸਹਾ. ਇੰ. ਦੇ ਰੈਂਕ ਤੋਂ ਘੱਟ ਨਹੀਂ ਹੋਵੇਗਾ ( ਉਸ ਦੇ ਅਧਿਕਾਰ ਖੇਤਰ ਦੇ ਅੰਦਰ ਅੰਦਰ ) |
| ii) | 500 ਕਿ. ਵਾ. ਤੋਂ ਉਪਰ ਦੇ ਲਾਰਜ ਸਪਲਾਈ ਅਤੇ ਬਲਕ ਸਪਲਾਈ ਅਤੇ ਰੇਲਵੇ ਟ੍ਰੈਕਸ਼ਨ ਸਪਲਾਈ | ਵੰਡ ਵਿੰਗ ਦਾ ਕੋਈ ਵੀ ਅਫਸਰ ਜੋ ਸੀਨੀ. ਕਾ. ਕਾ. ਇੰ. ਦੇ ਰੈਂਕ ਤੋਂ ਘੱਟ ਨਹੀਂ ਹੋਵੇਗਾ ( ਉਸ ਦੇ ਅਧਿਕਾਰ ਖੇਤਰ ਦੇ ਅੰਦਰ ਅੰਦਰ) |
| **ਅ)** | **ਇਨਫੋਰਸਮੈਂਟ ਅਫਸਰ** | |
| i) | 500 ਕਿ. ਵਾ. ਤੱਕ ਲੋਡ ਵਾਲੀਆਂ ਖਪਤਕਾਰਾਂ ਦੀਆਂ ਸਾਰੀਆਂ ਕੈਟਾਗਰੀਆਂ | ਇਨਫੋਰਸਮੈਂਟ ਵਿੰਗ ਦਾ ਕੋਈ ਵੀ ਅਧਿਕਾਰੀ ਜੋ ਸ. ਕਾ. ਕਾ. ਇੰ. ਦੇ ਰੈਂਕ ਤੋਂ ਘੱਟ ਦਾ ਨਹੀਂ ਹੋਵੇਗਾ ( ਉਸ ਦੇ ਅਧਿਕਾਰ ਖੇਤਰ ਦੇ ਅੰਦਰ ਅੰਦਰ ) |
| ii) | 500 ਕਿ. ਵਾ. ਉਪਰ ਦੇ ਖਪਤਕਾਰਾਂ ਦੀਆਂ ਸਾਰੀਆਂ ਕੈਟਾਗਰੀਆਂ | ਇਨਫੋਰਸਮੈਂਟ ਵਿੰਗ ਦਾ ਕੋਈ ਵੀ ਅਧਿਕਾਰੀ ਜੋ ਸੀਨੀ. ਕਾ. ਕਾ. ਇੰ. ਦੇ ਰੈਂਕ ਤੋਂ ਘੱਟ ਦਾ ਨਹੀਂ ਹੋਵੇਗਾ ( ਉਸ ਦੇ ਅਧਿਕਾਰ ਖੇਤਰ ਦੇ ਅੰਦਰ ਅੰਦਰ ) |

| | | |
|---|---|---|
| ਏ) | **ਐਮ. ਐਮ. ਟੀ. ਐਸ. ਅਫਸਰ**<br>ਮੀਡੀਅਮ / ਲਾਰਜ ਸਪਲਾਈ ਅਤੇ ਬਲਕ ਸਪਲਾਈ | ਐਮ. ਐਮ. ਟੀ. ਐਮ. ਵਿੰਗ ਦਾ ਕੋਈ ਵੀ ਅਧਿਕਾਰੀ ਜੋ ਸੀਨੀ. ਕਾ. ਕਾ. ਇੰ. ਦੇ ਰੈਂਕ ਤੋਂ ਘੱਟ ਦਾ ਨਹੀਂ ਹੋਵੇਗਾ ( ਉਸ ਦੇ ਅਧਿਕਾਰ ਖੇਤਰ ਦੇ ਅੰਦਰ ਅੰਦਰ ) |

**ਨੋਟ : –** ਜ਼ਰੂਰੀ ਸੇਵਾਵਾਂ ਜਿਥੇ ਬਹੁਤੀ ਜਨਤਾ ਕੁਨੈਕਸ਼ਨ ਕੱਟੇ ਜਾਣ ਤੋਂ ਪ੍ਰਭਾਵਿਤ ਹੁੰਦੀ ਹੈ, ਦੇ ਕੇਸ ਵਿੱਚ ਉਪਰੋਕਤ ਇਸ ਤਰ੍ਹਾਂ ਅਧਿਕਾਰਿਤ ਕੀਤਾ ਗਿਆ ਅਫਸਰ ਅਹਾਤੇ ਦੀ ਸਪਲਾਈ ਕੱਟਣ ਲਈ ਕਾ. ਕਾ. ਇੰ. / ਸਹਾ. ਕਾ. ਕਾ. ਇੰ. / ਸਹਾ. ਇੰ. / ( ਵੰਡ ) ਨੂੰ ਆਦੇਸ਼ ਦੇਣ ਤੋਂ ਪਹਿਲਾਂ ਉਸ ਤੋਂ ਉਪਰ ਦੇ ਅਗਲੇ ਅਫਸਰ ਦੀ ਪੂਰਵ ਪ੍ਰਵਾਨਗੀ ਪ੍ਰਾਪਤ ਕਰੇਗਾ।